# ਸਤਿਗੁਰ ਮਤਿ

ਇੰਦਰ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਤਿਗੁਰ ਮਤਿ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਤਿਗੁਰ ਮਤਿ

ਇੰਦਰ ਸਿੰਘ

Digitized by Panjab Digital Library | www.panjabdigilib.org

ਪਹਿਲੀ ਵਾਰ 1981

ਪ੍ਰਕਾਸ਼ਕ ਤੇ ਲੇਖਕ :
ਇੰਦਰ ਸਿੰਘ
10, ਨੈਸ਼ਨਲ ਪਾਰਕ, ਨਵੀਂ ਦਿਲੀ-110024

ਛਾਪਕ :
ਨੈਸ਼ਨਲ ਪ੍ਰੈਸ ਆਫ਼ ਇੰਡੀਆ
ਚਾਂਦਨੀ, ਚੌਂਕ, ਦਿਲੀ

**ਸਬਦੁ ਗੁਰੂ ਸਿਧਾਂਤ ਦੇ ਪਰਚਾਰ ਹਿਤ**
**ਸਾਧ ਸੰਗਤ ਦੀ ਭੇਟ ।**

Digitized by Panjab Digital Library | www.panjabdigilib.org

# ਸੂਚੀ


| | |
|---|---|
| ਮੁਖ ਬੰਧ | ਖ |
| ਭੂਮਿਕਾ | ੫ |
| ਸਤਿਗੁਰ ਮਤਿ | ੮ |
| ਸਬਦੁ ਗੁਰੂ | ੭੫ |
| ਨਾਮੁ ਨਿਰੰਜਨ | ੧੦੯ |
| ਗੁਰੂ ਨਾਨਕ ਸਾਹਿਬ | ੧੨੨ |
| ਗੁਰਮਤਿ ਨਾਮੁ | ੧੫੬ |
| ਗੁਰਬਾਣੀ ਰਹਸ | ੧੭੫ |
| ਟਿਪਣੀ | ੧੮੭ |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ।।

# ਮੁਖ ਬੰਧ

ਸਿਖ ਪੰਥ ਦੇ ਮਹਲ ਦੀ ਉਸਾਰੀ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਦੋ ਥਮਾਂ ਤੇ ਕੀਤੀ ਗਈ ਹੈ। ਇਹ ਉਸਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂ ਸਾਹਿਬਾਨ ਤੋਂ ਕੋਈ ਵਖਰਾ ਰਾਹ ਅਪਣਾਅ ਕੇ ਜਾਂ ਨਿਖੇੜ ਕੇ ਨਹੀਂ ਕੀਤੀ, ਜਿਵੇਂ ਕਿ ਕਈ ਲਿਖਾਰੀ, ਇਤਿਹਾਸਕਾਰ ਜਾਂ ਹੋਰ ਸਜਣ ਪੇਸ਼ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਦੀਆਂ ਨੀਹਾਂ ਸਾਡੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਰਖੀਆਂ। ਸਿਧਾਂਤ ਇਹ ਮੁਢ ਤੋਂ ਮੌਜੂਦ ਸਨ। ਗੁਰੂ ਨਾਨਕ ਨੇ 'ਸ਼ਬਦ ਗੁਰੂ' ਅਤੇ 'ਪੰਜੀ ਪਰਮੇਸ਼ੁਰ' ਦੇ ਸਿਧਾਂਤ ਨੂੰ ਉਘਾੜ ਕੇ ਇਹ ਨਿਰਮਲ ਮਹਲ ਅਰੰਭਿਆ। ਗੁਰੂ ਕੇਵਲ 'ਨਿਰੰਕਾਰੀ ਜੋਤ' ਸੀ। ਅਸਥੂਲ ਦੇਹ ਨਹੀਂ ਸੀ ਮੰਨੀ ਗਈ ਕਦੀ ਵੀ। ਇਹਾ 'ਜੋਤ' ਇਕ ਜਾਮੇਂ ਤੋਂ ਅਗਲੇ ਵਿਚ ਪ੍ਰਵੇਸ਼ ਕਰਦੀ ਰਹੀ। ਹਰ ਗੁਰੂ ਸਾਹਿਬ ਨੇ ਆਪਣੀ ਆਪਣੀ ਦੇਣ ਇਸ ਉਸਾਰੀ ਵਿਚ ਬਖਸ਼ੀ ਤੇ ਅੰਤ ਵਿਚ ਦਸਮ ਪਾਤਸ਼ਾਹ ਨੇ ਇਸ ਨੂੰ ਮੁਕੰਮਲ ਕੀਤਾ। 'ਜੋਤ' ਗੁਰੂ ਗ੍ਰੰਥ ਸਾਹਿਬ ਜੀ ਦੇ 'ਸ਼ਬਦ' ਵਿਚ ਰਖੀ। 'ਜੁਗਤ' 'ਸ਼ਬਦ' ਦੀ ਅਗਵਾਈ ਹੇਠ ਜੀਵਨ ਢਾਲਣ ਵਾਲੇ ਖਾਲਸੇ ਨੂੰ [ਜਿਸ ਦੀ ਰਹਿਤ ਬਹਿਤ, ਦੀਆਂ ਲੀਹਾਂ ਸਪਸ਼ਟ ਕਰ ਦਿਤੀਆਂ] ਅਤੇ ਸ਼ਹੁ ਨੇ ਕਾਇਆਂ ਆਪਣੀ ਨੂੰ ਹੀ ਕਢ ਲਿਆ, ਇਹ ਪੰਜ ਭੂਤਕ



Digitized by Panjab Digital Library | www.panjabdigilib.org

ਸਰੀਰ ਦਾਹ ਹੋ ਕੇ ਤਤਾਂ ਵਿਚ ਅਭੇਦ ਹੋ ਗਿਆ ।

ਸਿਖ ਗੁਰੂ ਸਾਹਿਬਾਨ ਦੀ ਇਸ ਦਿਵ-ਦ੍ਰਿਸ਼ਟਤਾ ਅਤੇ ਉਚ ਅਨੁਭਵਤਾ ਨੇ ਇਕ ਡਿਗੇ ਹੋਏ, ਹਾਰੇ ਦਿਲ ਵਾਲੇ, ਆਪਨੀ ਬੇ ਬਸੀ ਨੂੰ ਤਕਦੀਰ ਸਮਝਣ ਵਾਲੇ ਸਾਧਾਰਣ ਮਨੁੱਖ ਨੂੰ ਇਕ "ਸੰਤ ਸਿਪਾਹੀ" ਬਣਾ ਦਿਤਾ। ਫ਼ਿਲਾਸਫ਼ਰਾਂ ਨੇ ਇਸ 'ਕਾਇਆਂ ਕਲਪ' ਨੂੰ ਇਕ ਵਡੀ ਕਰਾਮਾਤ ਮੰਨਿਆ ਹੈ। ਡਾ: ਗੋਕਲ ਚੰਦ ਨੇ ਇਸ ਨੂੰ ਟਰਾਂਸਫ਼ੋਰਮੇਸ਼ਨ 'transformation' ਦਸਿਆ ਹੈ। ਹਰੀਰਾਮ ਗੁਪਤਾ ਨੇ ਐਵੋਲਯੂਸ਼ਨ 'evolution' ਬਿਆਨ ਕੀਤਾ ਹੈ। ਹੋਰਨਾਂ ਨੇ ਬਥੇਰੇ ਨਾਮ ਦਿਤੇ ਹਨ । ਪਰ ਸਾਰਿਆਂ ਨੇ ਇਸ ਨੂੰ ਵੱਡਾ 'ਅਚੰਭਾ' ਤਸਲੀਮ ਕੀਤਾ ਹੈ ।

ਸਿਖ ਧਰਮ ਆਦ ਤੋਂ 'ਸੁਣਿਆ' 'ਮੰਨਿਆ' 'ਮਨ ਕੀਤਾ ਭਾਓ' ਤੇ ਨਿਰਧਾਰਿਤ ਹੈ। ਇਹ ਅਸੂਲ ਜੀਵਨ ਵਿਚ ਢਾਲਨੇ ਲਾਜ਼ਮੀ ਹਨ। ਕਰਮ, ਕਾਂਡ, ਰੀਤਾਂ ਜਾਂ ਰਸਮਾਂ ਯੱਗ ਜਾਂ ਹਵਣਾਂ ਨਾਲ,ਹੋਰ ਕੋਈ ਲਾਭ ਹੋਵੇ, ਈਸ਼ਵਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅੱਜ ਦੇ ਸਾਇੰਸ ਯੁਗ ਵਿਚ ਇਨਸਾਨ ਕੁਦਰਤ ਦੇ ਭੇਦਾਂ ਦੀ ਭਾਲ ਕਰਕੇ ਆਪਣੇ ਅਸਥੂਲ ਪੰਜ ਭੂਤਕ ਸਰੀਰ ਲਈ ਤਾਂ ਕਾਢਾਂ ਕਢੀ ਜਾ ਰਿਹਾ ਹੈ ਪਰ ਮਨ ਦੀ ਸ਼ਾਂਤੀ ਲਈ ਕੋਈ ਫ਼ਿਕਰ ਨਹੀਂ ਕਰ ਰਿਹਾ। ਸਾਇੰਸ ਦੀਆਂ ਕਾਢਾਂ ਜਿਵੇਂ ਸਰੀਰਕ ਸੁਖ ਲਈ ਬੇਅੰਤ ਸਹੂਲਤਾਂ ਮਨੁਖ ਦੀ ਝੋਲੀ ਪਾ ਰਹੀਆਂ ਹਨ, ਉਵੇਂ ਨਾਲ ਨਾਲ ਇਨਸਾਨ ਦੀ ਮਨ ਦੀ ਅਸ਼ਾਂਤੀ ਬੇਚੈਨੀ ਅਤੇ ਚਿੰਤਾ ਨੂੰ ਵਧਾਈ ਜਾ ਰਹੀਆਂ ਹਨ। ਅਪਨੀਆਂ ਚਤੁਰਾਈਆਂ, ਸਿਆਣਪਾਂ ਅਤੇ ਗਿਆਨ ਨਾਲ ਉਘਾੜੀਆਂ ਤਾਕਤਾਂ ਤੋਂ ਹੁਣ ਇਨਸਾਨ ਆਪ ਬਹੁਤ ਦੁਖੀ ਹੈ, ਕੰਬ ਰਿਹਾ ਹੈ, ਆਪ ਹੀ ਜਗਾਈਆਂ ਸੌਂਭੀਆਂ ਕੁਦਰਤੀ ਸ਼ਕਤੀਆਂ ਤੋਂ ਭੈ ਮਹਿਸੂਸ ਕਰਨ ਲਗ ਪਿਆ ਹੈ ਕਿ ਇਹੀ ਤਾਕਤਾਂ ਮੇਰੀ ਸਾਰੀ ਨਸਲ ਨੂੰ ਤਬਾਹ ਕਰ ਸਕਦੀਆਂ ਹਨ।

ਇਸ ਅਨੁਭਵ ਨੇ ਇਕ ਮੋੜ ਪਾਇਆ ਹੈ । ਪਾਗਲ ਕੁਤੇ ਵਾਂਗੂ ਭਜਦਾ, ਇਕ ਸਾਹਾ, ਸਭ ਕੁਝ ਭੁਲਾ ਕੇ, ਮਨੁੱਖ ਨੇ ਮੁੜ ਇਹ ਸੋਚਣਾ ਅਰੰਭ ਦਿਤਾ ਹੈ ਕਿ ਮਨ ਦੀ ਸ਼ਾਂਤੀ ਕੇਵਲ ਧਰਮ ਵਿਚੋਂ ਹੀ ਲਭ ਸਕਦੀ ਹੈ। 'ਸੁਖ ਨਾਹੀ ਰੇ ਹਰਿ ਨਾਮ ਬਿਨਾ' ਦੀ ਸਚਿਆਈ ਨੇ ਜੇ ਇਕ ਪਾਸੇ ਧਰਮ ਦੀ ਓਟ ਦੇ



Digitized by Panjab Digital Library | www.panjabdigilib.org

ਇਛਕ ਪੈਦਾ ਕੀਤੇ ਹਨ ਤਾਂ ਦੂਜੇ ਪਾਸੇ ਇਸ ਮੰਗ ਨੂੰ ਪੂਰਾ ਕਰਨ ਵਾਲੇ ਬੇਅੰਤ ਠਗ ਵੀ ਪੈਦਾ ਕਰ ਦਿਤੇ ਹਨ । ਇਕ ਸਰਵੇਖਣ ਨੇ ਇਹ ਅਨੁਮਾਨ ਲਗਾਇਆ ਹੈ ਕਿ ਕੇਵਲ ਭਾਰਤ ਵਿਚ ਹੀ ਕੋਈ ਅਢਾਈ ਸੌ ਅਜੇਹੇ ਦਾਅਵੇਦਾਰ ਹਨ ਜੋ ਅਪਨੇ ਆਪ ਨੂੰ ਭਗਵਾਨ ਦਾ ਅਵਤਾਰ ਹੀ ਦਸਦੇ ਹਨ। ਅਤੇ ਉਨ੍ਹਾਂ ਵਿਚ ਕਈ ਅਪਨਾ ਬਿਉਪਾਰ ਚਲਾਣ ਵਿਚ ਚੰਗੇ ਸਫਲ ਹੋ ਰਹੇ ਹਨ। ਧਰਮ ਵੀ ਇਕ ਕਮਾਈ ਦਾ ਧੰਧਾ ਬਣ ਗਿਆ ਹੈ।

ਵੈਸੇ ਹਰ ਧਰਮ ਵਿਚ ਉਤਾਰ ਚੜ੍ਹਾ ਆਂਵਦੇ ਹਨ। ਸਿਖ ਧਰਮ ਦੇ ਇਤਿਹਾਸ ਵਿਚ ਵੀ ਆਣੇ ਕੋਈ ਅਜੀਬ ਗਲ ਨਹੀਂ ਸੀ; ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੇਹ ਤਿਆਗਣ ਦੇ ਮਗਰੋਂ ਧਰਮ ਤੇ ਅਧਾਰਤ ਸ਼ਕਤੀ ਨੇ ਆਪਨਾ ਚਮਤਕਾਰ ਦਿਖਾਇਆ । ਸਿਖਾਂ ਨੇ ਉਹ ਕੁਰਬਾਨੀਆਂ ਕੀਤੀਆਂ, ਜਿਸ ਨੇ ਸੰਸਾਰ ਨੂੰ ਚਕਰਿਤ ਕਰ ਦਿਤਾ। ਇਸ ਤਪ ਤੋਂ ਰਾਜ ਆਇਆ, ਪਰ ਰਾਜ ਦਾ ਅੰਤ ਵੀ ਹੋਣਾ ਲਾਜ਼ਮੀ ਸੀ। ਜਦ ਸਿਖ 'ਸੰਤਪੁਣੇ' ਤੋਂ ਖਾਲੀ ਹੋ ਕੇ ਨਿਰੋਲ 'ਸਿਰਦਾਰੀ' ਦੀ ਮਦ ਵਿਚ ਰੱਤੇ ਅਸਲ ਰਾਹ ਤੋਂ ਉਖੜੇ, ਤਾਂ ਕੁਦਰਤੀ ਸੀ ਕਿ ਸਿਦਕੀ ਸਿਖਾਂ ਅੰਦਰ ਪੀੜਾ ਉਠਦੀ। ਉਸ ਪੀੜਾ ਨੇ ਪਹਲਾਂ 'ਨਿਰੰਕਾਰੀ' ਲਹਰ ਪੈਂਦਾ ਕੀਤੀ। ਇਸ ਦਾ ਬਾਨੀ ਭਾਈ 'ਦਿਆਲ' ਉਠਿਆ ਅਤੇ ਉਸ ਨੇ 'ਬੁਤ ਪੂਜਾ', 'ਦੇਹ ਧਾਰੀ ਗੁਰੂ' ਅਤੇ ਜੰਤਰਾਂ ਮੰਤਰਾਂ ਵਲ ਰੁੜ੍ਹਨ ਲਗ ਪਏ ਸਿਖਾਂ ਨੂੰ ਇਕ 'ਨਿਰੰਕਾਰ' ਦੀ ਭਗਤੀ ਵਲ ਪ੍ਰੇਰਿਆ।

ਦੇਸ਼ ਦੀ ਵੰਡ ਹੋ ਗਈ। ਹਿੰਦੂ ਸਿਖ ਉਜੜ ਕੇ ਆਏ। ਸਾਰਾ ਧਿਆਨ ਧਨ ਕਮਾਨ ਵਲ ਹੋ ਗਿਆ। ਕੁਝ ਆਦਮੀ ਜੋ ਨਿਰੰਕਾਰੀ ਦਰਬਾਰ ਵਿਚੋਂ ਕਢੇ ਗਏ ਸਨ, ਉਨ੍ਹਾ ਨੇ ਆਪਣਾ ਵਖਰਾ ਨਿਰੰਕਾਰੀ ਦਰਬਾਰ ਬਣਾਇਆ। ਇਨ੍ਹਾਂ ਨੇ ਆਪਣੇ ਹੁਨਰ ਨਾਲ ਦੁਖਿਤ ਅਤੇ ਲੋੜਵੰਦ ਲੋਕਾਂ ਦੀ ਮੁਸੀਬਤ ਤੋਂ ਲਾਭ ਉਠਾਇਆ ਅਤੇ ਕਿਸੇ ਧਾਰਮਕ ਜੀਵਨ, ਇਖਲਾਕ ਜਾਂ ਆਚਰਨ ਦੀਆਂ ਪਾਬੰਦੀਆਂ ਤੋਂ ਮੁਕਤ ਕਰਕੇ ਸਿਧਾ ਕੰਨ ਵਿਚ ਫੂਕ ਮਾਰ ਕੇ ਰਬ ਨੂੰ ਮਿਲਾ ਦੇਣ ਦਾ ਢੰਢੋਰਾ ਦਿਤਾ । ਕਈ ਪੀੜਿਤ ਲੋਕ ਇਸ ਢੰਢੋਰੇ ਦੀ ਉੱਚੀ ਆਵਾਜ਼ ਸੁਣ ਕੇ ਇਧਰ ਮੁੜੇ।

ਗੁਰੂ ਗ੍ਰੰਥ ਸਾਹਿਬ ਵਰਗਾ ਰਬ ਦੀ ਉਸਤਤ ਦਾ ਭੰਡਾਰ ਹੋਰ ਕਿਸੇ ਥਾਂ



Digitized by Panjab Digital Library | www.panjabdigilib.org

ਨਹੀਂ ਲਭਦਾ। ਸਾਡੇ ਧਰਮ ਪਰਚਾਰ ਦੇ ਸੋਮੇਂ ਕੁਝ ਸੂਕ ਗਏ। ਡਾਕੂ ਉਥੇ ਹੀ ਪੈਂਦੇ ਹਨ ਜਿਥੇ ਕੁਝ ਮਾਲ ਲਭਦਾ ਹੋਵੇ ਅਤੇ ਸਫ਼ਲ ਉਥੇ ਹੀ ਹੋ ਸਕਦੇ ਹਨ ਜਿਥੇ ਪਹਰੂਏ ਸੁੱਤੇ ਹੋਏ ਹੋਣ। ਇਹ ਦੋਵੇਂ ਹਾਲਤਾਂ ਮੌਜੂਦ ਸਨ। ਇਸ ਲਈ ਇਨ੍ਹਾ ਧਰਮ ਦੇ ਵਪਾਰੀਆਂ ਨੇ ਗੁਰਬਾਣੀ ਨਾਲ ਲੋਕਾਂ ਨੂੰ ਭਰਮਾਇਆ। ਅਤੇ ਜਾਲ ਵਿਚ ਆ ਗਏ ਸ਼ਰਧਾਲੂਆਂ ਨੂੰ ਆਪਣੀ ਗੱਦੀ ਦੀ ਵਡਿਆਈ ਵਲ ਗੁਮਰਾਹ ਕੀਤਾ। ਕੁਝ ਹਾਲਾਤ ਹੋਰ ਇਨ੍ਹਾ ਦੇ ਸੁਖਦਾਈ ਬਣੇ। ਮੁਲਕ ਦੀ ਵੰਡ ਤੋਂ ਦੋ ਸਾਲ ਪਿਛੋਂ ਹੀ ਮਾਸਟਰ ਤਾਰਾ ਸਿੰਘ ਨੇ ਖਾਲਸਾ ਪੰਥ ਦੀ ਹਸਤੀ ਕਾਇਮ ਰਖਣ ਲਈ ਸਰਕਾਰ ਨਾਲ ਟੱਕਰ ਲੈਣ ਦਾ ਫੈਸਲਾ ਕੀਤਾ। ਇਹ ਵਪਾਰੀ ਸਰਕਾਰ ਨੂੰ ਸੂਤ ਆਏ। ਸਰਕਾਰ ਦੀ ਸ਼ੈਹ ਮਿਲ ਗਈ। ਸਰਕਾਰ ਨੇ ਇਨਾ ਨੂੰ ਸਿਖਾਂ ਵਿਰੁਧ ਵਰਤਿਆ। ਇਸ ਤਰ੍ਹਾ ਸਰਕਾਰ ਦੀ ਸ਼ੈਹ ਤੇ ਇਨ੍ਹਾ ਧਰਮ ਦੇ ਵਪਾਰੀਆਂ ਨੇ ਪੰਥ ਨਾਲ ਸਿੱਧੀ ਟੱਕਰ ਲੈਣ ਦੀ ਵਿਉਂਤ ਬਣਾਈ।

ਇਕ ਹੋਰ ਸਿਖ ਸੁਧਾਰ ਲਹਰ ਜੋ 'ਨਾਮਧਾਰੀ' ਜਾਂ ਕੂਕਾ ਲਹਰ ਕਰਕੇ ਜਾਣੀ ਜਾਂਦੀ ਹੈ, ਜੰਮੀ। ਬਾਬਾ ਰਾਮ ਸਿੰਘ ਇਕ ਪੂਰਣ ਗੁਰਸਿਖ, ਰਹਿਤ ਬਹਿਤ ਦਾ ਧਾਰਣੀ, ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਇਕ ਸਿਰਦਾਰ ਸੀ। ਸਿਖਾਂ ਦੀ ਵਿਗੜੀ ਹਾਲਤ ਤੇ ਰੋਹ ਖਾ ਕੇ ਕੇਵਲ ਸੁਧਾਰ ਲਈ ਉਸ ਨੇ ਕੰਮ ਅਰੰਭਿਆ। ਬਾਬਾ ਰਾਮ ਸਿੰਘ ਇਕ ਵਿਸ਼ੇਸ਼ ਵਿਉਂਤ ਕਾਰੀ, ਦੂਰ ਦਰਸ਼ਕ, ਕ੍ਰਾਂਤੀਕਾਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿਖ ਸੀ। ਉਸ ਦੀ ਲਹਰ ਵਿਦੇਸ਼ੀ ਹਕੂਮਤ ਦੇ ਵਿਰੁਧ ਅਜ਼ਾਦੀ ਲਈ ਪਹਿਲੀ ਜੰਗ ਸੀ। ਜਿਸ ਨੂੰ ਅੰਗ੍ਰੇਜ਼ੀ ਸਰਕਾਰ ਨੇ ਬਹੁਤ ਬੇਰਹਮੀ ਨਾਲ ਕੁਚਲ ਦਿਤਾ। ਕੂਕਿਆਂ ਵਿਚ ਨਾਮਿਲਵਰਤਨ ਦੀ ਲਹਰ ਅਜੇਹੀ ਸਰਵ ਪੱਖੀ ਸੀ ਕਿ ਪਿਛੋਂ ਤੋਰੀ ਮਹਾਤਮਾ ਗਾਂਧੀ ਦੀ ਲਹਰ ਵੀ ਉਸ ਦਾ ਸ਼ਿਖਰ ਨਹੀਂ ਛੋਹ ਸਕੀ।

ਨਾਮਧਾਰੀ, ਸਿਖ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਨਹੀਂ ਗਏ। ਪਰ ਸ੍ਰੀ ਗੁਰੂ ਗੋਬਿੰਦ ਸਿਘ ਜੀ ਦਾ ੧੭੦੮ ਵਿਚ ਦੇਹ ਤਿਆਗਣਾ, ੧੬੯੯ ਵਿਚ ਖੰਡੇ ਦਾ ਅੰਮ੍ਰਿਤ ਛਕਾਣਾ, ਅਤੇ ਅਪਣੇ ਅੰਤ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਥਾਪਣਾ ਕਬੂਲ ਨਹੀਂ ਕਰਦੇ। ਉਹ ਅਪਣੇ ਬਾਨੀ ਭਾਈ



Digitized by Panjab Digital Library | www.panjabdigilib.org

ਬਾਲਕ ਸਿੰਘ (ਜੋ ਇਕ ਗੁਰਸਿਖ ਸੀ) ਨੂੰ ਦਸਮ ਪਾਤਸ਼ਾਹ ਦੇ ਹਥੋਂ ਗੁਰਗੱਦੀ ਦਿਤੀ ਜਾਣੀ ਤੇ ਯਕੀਨ ਘੜ ਕੇ ਗੁਰਗੱਦੀ ਦੀ ਬੰਸਾਵਲੀ ਜਾਰੀ ਰਖੀ ਜਾਂਦੇ ਹਨ। ਭਾਵੇਂ ਨਿਰਪਖ, ਕਿਸੇ ਲਾਗ, ਤਅਸਬ, ਈਰਖਾ, ਤੋਂ ਰਹਿਤ ਨ ਖੰਡਨ ਕੀਤੇ ਜਾ ਸਕਣ ਵਾਲੇ ਸਬੂਤ ਮੌਜੂਦ ਹਨ, ਕਿ 'ਨਾਮਧਾਰੀ' ਸਿਖੀ ਸੁਧਾਰ ਲਹਰ ਸੀ। ਐਨਸਾਈਕਲੋਪੀਡੀਆ ਬ੍ਰਟੈਨੀਕਾ ਸ਼ਿਕਾਗੋ ਯੂਨੀਵਰਸਿਟੀ ਐਡੀਸ਼ਨ ੧੯੪੬ ਵਾਲਯੂਮ ੨੦, ਪੰਨਾ ੬੪੮ ਤੇ ਦਰਜ ਹੈ :

"ਕੂਕੇ ਸ੍ਰੀ ਗੁਰੂ ਗੋਖਿੰਦ ਸਿੰਘ ਜੀ ਦੇ ਕਟੜ ਪੈਰੋਕਾਰ ਹਨ। ਕੂਕੇ ਅੰਗ੍ਰੇਜ਼ੀ ਹਕੂਮਤ ਦੇ ਵੈਰੀ ਹਨ। ਉਨੀਵੀਂ ਸਦੀ ਵਿਚ ਜਦ ਸਿਖ ਜਨਤਾ ਅਰ ਸਿਖ ਸੰਪ੍ਰਦਾਵਾਂ ਅਸਲੀ ਸਿਖੀ ਤੋਂ ਦੁਰੇਡੇ ਜਾ ਰਹੀਆਂ ਸਨ, ਤਦ ਕੂਕੇ ਅਪਣੇ ਉੱਚੇ ਸਿਧਾਂਤਾਂ ਤੇ ਪੂਰਨ ਤੌਰ ਤੇ ਕਾਇਮ ਰਹੇ, ਭਾਵੇਂ ਓਨ੍ਹਾ ਦੀ ਗਿਣਤੀ ਘਟ ਹੋ ਗਈ।"

ਕਿਤਨੇ ਦੁਖ ਦੀ ਗਲ ਹੈ ਕਿ ਦੁਰੇਡੇ ਜਾਣ ਵਾਲਿਆਂ ਨੂੰ ਮੋੜ ਕੇ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਤੇ ਲਿਆਵਣ ਵਾਲੀ ਲਹਰ ਹੁਣ ਆਪ ਇਡੀ ਦੂਰ ਜਾ ਰਹੀ ਹੈ।

ਵਡੇ ਦੁਖ ਵਾਲੀ ਗਲ ਇਹ ਹੈ ਜੋ ਇਕ ਪਾਸੇ ਗੁਰੂ ਗ੍ਰੰਥ ਸਾਹਿਬ ਨੂੰ 'ਜੋਤ' ਗੁਰਿਆਈ ਦਾ ਦਿਤਾ ਜਾਣਾ ਇਹ ਨਾਮਧਾਰੀ ਮੰਨਦੇ ਨਹੀਂ। ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਦਾ ੧੨੫ ਸਾਲ ਲੁਕ ਕੇ ਜੀਂਦਿਆਂ ਰਹਿਣਾ ਅਤੇ ਅਜੇਹਾ ਜੀਵਨ ਬਤੀਤ ਕਰਨਾ ਦਸਦੇ ਹਨ, ਜਿਸ ਦੀ ਮੌਜੂਦਗੀ ਵਿਚ ਉਸ ਘੜੀ ਗਈ ਵਿਅਕਤੀ ਅੰਦਰ ਕੋਈ ਗੁਰੂ ਜੋਤ ਨਹੀਂ ਸੀ।

ਜਿਸ ਮੁਦਤ ਵਿਚ ਨਾਮਧਾਰੀ ਵੀਰ ਗੁਰੂ ਗੋਬਿੰਦ ਸਿੰਘ ਦਾ ਨਾਂ ਦੇ ਕੇ ਕਿਸੇ ਵਿਅਕਤੀ ਨੂੰ ਲੁਕਿਆ ਰਿਹਾ ਬਿਆਨ ਕਰਦੇ ਹਨ, ਉਸ ਅਰਸੇ ਵਿਚ ਸਿਖਾਂ ਦੇ ਸਿਰਾਂ ਦਾ ਮੁਲ ਵੀ ਪਿਆ ਤੇ ਸਿਖਾਂ ਨੇ ਰਾਜ ਵੀ ਕੀਤਾ। ਪਰ ਇਹ ਨ ਸਿਖਾਂ ਦੇ ਰਾਜ ਵੇਲੇ ਬਾਹਰ ਨਿਕਲਿਆ ਤੇ ਨਾ ਹੀ ਸਿਖਾਂ ਦੇ ਦੁਖਾਂ ਵਿਚ ਪੀੜਿਤ ਹੋਇਆ। ਅਜੇਹੇ ਵਿਅਕਤੀ ਨੂੰ ਗੁਰੂ ਆਖਣਾ ਕੁਫ਼ਰ ਹੈ ਅਤੇ ਗੁਰੂ ਮੰਨਣਾ ਮੂਰਖਤਾ। ਇਸ ਢਕੌਂਸਲੇ ਤੇ ਸਿਖਾਂ ਦਾ ਯਕੀਨ ਕਰਨਾ ਅਸੰਭਵ ਹੈ



Digitized by Panjab Digital Library | www.panjabdigilib.org

ਅਤੇ ਅਜੇਹੀ ਆਸ ਕਰਨਾ ਭੁੱਲ ਹੈ।

ਇਹ ਮਨਘੜਤ ਕਹਾਣੀ ਨਿਰਾਧਾਰ, ਨਿਰਮੂਲ ਅਤੇ ਕੋਝੀ ਬਨਾਵਟ ਹੈ ! ਪਰ ਜੇ ਦਲੀਲ ਦੀ ਖ਼ਾਤਰ, ਕੇਵਲ ਦਲੀਲ ਲਈ, ਇਸ ਨੂੰ ਸਚ ਮੰਨ ਲਈਏ ਤਾਂ ਇਸ ਤੋਂ ਤਾਂ ਇਹੋ ਸਿਧ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਨੇ 'ਗੁਰੂ ਜੋਤ' ਹਕੀਕਤ ਵਿਚ ਗ੍ਰੰਥ ਸਾਹਿਬ ਦੇ ਅੰਦਰ ਪਰਵੇਸ਼ ਕਰ ਦਿਤੀ ਸੀ। ਤੇ ਆਪ 'ਜੋਤ' ਹੀਨ ਇਕ ਸਾਧਾਰਣ ਪੁਰਖ, ਲੁਕ ਕੇ ਦਿਨ ਕਟਦਾ ਰਿਹਾ। ਅਜੇਹੇ ਕਿਸੇ ਸਾਧਾਰਨ ਪੁਰਖ ਤੋਂ ਜੇ ਬਾਬਾ ਬਾਲਕ ਸਿੰਘ ਨੇ ਕੋਈ ਗੱਦੀ ਸੰਭਾਲੀ, ਤਾਂ ਉਹ ਉਨ੍ਹਾ ਨੂੰ ਮੁਬਾਰਕ ਹੋਵੇ। ਪਰ ਇਹ ਸਿਖੀ ਦੀ ਗੁਰਆਈ ਨਹੀਂ ਹੋ ਸਕਦੀ।

ਭਾਰਤ ਦੀ ਅਜ਼ਾਦੀ ਆਨ ਤੇ ਬਹੁਸਮਤੀ ਹਿੰਦੂ ਨੂੰ ਇਹ ਆਸ ਸੀ ਕਿ ਸਿਖ ਘਟ ਗਿਣਤੀ ਛੇਤੀ ਹੀ ਅਪਣੀ ਵਿਲਖਣਤਾ ਛਡ ਕੇ ਅਲੋਪ ਹੋ ਜਾਵੇਗੀ। ਅੰਗ੍ਰੇਜ਼ਾਂ ਵੇਲੇ ਸਿਖਾਂ ਨੂੰ ਇਕ ਘਟ ਗਿਣਤੀ ਹੋਣ ਕਰਕੇ ਕੁਛ ਸਹੂਲਤਾਂ ਹਾਸਲ ਸਨ। ਸੂਰਬੀਰ ਸਿਪਾਹੀ ਹੋਣ ਕਰਕੇ ਅੰਗ੍ਰੇਜ਼ ਨੇ ਸਿਖਾਂ ਦੀ ਅੰਮ੍ਰਿਤ ਵਿਚ ਛਿਪੀ ਸ਼ਕਤੀ ਦਾ ਲਾਭ ਲਿਆ ਸੀ ਅਤੇ ਰਿਆਇਤਾਂ ਵੀ ਦਿਤਿਆਂ ਸਨ। ਹਿੰਦੂ ਦੇ ਮਨ ਵਿਚ ਈਰਖਾ ਸੀ, ਸੁਤੰਤਰਤਾ ਮਿਲਦੇ ਹੀ ਅਜੇਹੇ ਯਤਨ ਹੋਏ, ਸਰਕਾਰੀ ਪਾਲਿਸੀਆਂ ਬਣੀਆਂ, ਸਿਖਾਂ ਨਾਲ ਭੇਦ ਭਾਵ ਹੋਣ ਲਗੇ। ਸਿਖਾਂ ਨੂੰ ਚਿੰਤਾ ਹੋਈ, ਸਿਖ ਆਗੂ ਘਬਰਾਏ, ਉਨ੍ਹਾਂ ਨੇ ਆਪਣੀ ਹੋਂਦ (identity) ਕਾਇਮ ਰਖਣ ਲਈ ਯਤਨ ਅਰੰਭੇ। ਕਾਂਸਟੀਟਯੂਐਂਟ ਅਸੈਂਬਲੀ ਵਿਚ 'ਹੁਣ ਭਾਰਤ ਵਿਚ ਕੋਈ ਘਟ ਗਿਣਤੀ ਨਹੀਂ" ਦੀਆਂ ਤਕਰੀਰਾਂ ਹੋਈਆਂ। ਘਟ ਗਿਣਤੀਆਂ ਲਈ ੨੭ ਅਗਸਤ ੧੯੪੭ ਨੂੰ ਪਾਸ ਕੀਤੇ ਗਏ ਸੇਫ਼ਗਾਰਡਜ਼ ੧੯੪੯ ਵਿਚ ਵਿਧਾਨ ਵਿਚੋਂ ਕਢ ਦਿਤੇ ਗਏ। ਸਰਕਾਰ ਨੇ ਸਿਖਾਂ ਦੇ ਟਾਕਰੇ ਲਈ ਸਿਖਾਂ ਵਿਚੋਂ ਉਭਰੀਆਂ ਸਮਾਜਾਂ ਨੂੰ ਸ਼ੈਹ ਦੇਣੀ ਅਰੰਭ ਦਿਤੀ। ਇਹ ਸਮਾਜਾਂ ਜਾਣਦੀਆਂ ਸਨ ਕਿ ਸਿਖ ਧਰਮ ਨੂੰ ਕਮਜ਼ੋਰ ਕਰਨ ਲਈ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਸਿਧਾਂਤਾਂ ਨੂੰ ਸਟ ਮਾਰਣ ਨਾਲ ਹੀ ਸਿਖ ਪੰਥ ਟੁਕੜੇ ਟੁਕੜੇ ਕੀਤਾ ਜਾ ਸਕਦਾ ਹੈ। ਇਸ ਲਈ ਇਨ੍ਹਾਂ ਸਮਾਜਾਂ ਨੇ ਆਪਣੇ ਹਥਿਆਰ ਤਿਖੇ ਕੀਤੇ।



Digitized by Panjab Digital Library | www.panjabdigilib.org

ਵੈਸੈ ਵੀ ਤਾਂ ਦੇਹ ਧਾਰੀ ਗੁਰੂ ਦੀ ਪ੍ਰਤਿਸ਼ਟਾ ਵਧਾਨ ਵਾਲੀਆਂ ਸਮਾਜਾਂ ਨੂੰ ਇਸ ਪ੍ਰੋਗਰਾਮ ਤੇ ਅਮਲ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਵਾਧੂ ਲਾਹੇਵੰਦਾ ਨਹੀਂ ਸੀ। ਸਰਕਾਰ ਵਲੋਂ ਹੱਲਾ ਸ਼ੇਰੀ ਮਿਲ ਜਾਣ ਤੇ ਪੰਜਾਬ ਦੇ ਕਈ ਸਰਕਾਰੀ ਵਡੇ ਅਫ਼ਸਰ ਵੀ ਨਿਰੰਕਾਰੀ ਦਰਬਾਰ ਵਿਚ ਸ਼ਾਮਲ ਹੋ ਕੇ ਪਰਗਟ ਤੌਰ ਤੇ ਕੰਮ ਕਰਨ ਲਗ ਪਏ। ਨਿਰੰਕਾਰੀ ਗੁਰੂ ਨੇ ਆਪਣੇ ਇੱਕਠਾਂ ਵਿਚ ਸਿਖ ਗੁਰੂਆਂ ਦੀ ਨਿੰਦਾ, ਸਿਖ ਸਿੱਧਾਂਤਾਂ ਦੀ ਅਲੋਚਨਾ ਤਿਖੀ ਕਰ ਦਿਤੀ। ਗੁਰਬਾਣੀ ਵਿਚ ਆਪਣੇ ਬੋਲ ਸ਼ਾਮਲ ਕਰਕੇ ਗੁਰਬਾਣੀ ਦੀ ਨਿਰਾਦਰੀ ਕਰਨੀ ਆਪਣਾ ਨਿੱਤ ਦਾ ਪ੍ਰੋਗਰਾਮ ਬਣਾ ਲਿਆ। ੧੯੭੮ ਵਿਚ ਵਿਸਾਖੀ ਦੇ ਦਿਨ ਅੰਮ੍ਰਿਤਸਰ ਸ਼ਹਰ ਵਿਚ ਆਪਣਾ ਸਮਾਗਮ ਰਖ ਲਿਆ। ਵਿਸਾਖੀ ਦੇ ਦਿਨ ਹੀ ਖਾਲਸਾ ਪੰਥ ਸਾਜਿਆ ਗਿਆ ਸੀ। ਉਸੇ ਦਿਨ ਹੀ ਸਿਖਾਂ ਦੇ ਕੇਂਦਰ, ਅੰਮ੍ਰਿਤਸਰ ਵਿਚ ਹੀ ਨਿਰੰਕਾਰੀ ਸਮਾਜ ਵਲੋਂ ਹੋ ਰਹੇ ਸਮਾਗਮ ਵਿਚ ਪੰਜਾਬ ਦੇ ਚੀਫ਼ ਸੈਕਟਰੇਰੀ ਦੀ ਮੌਜੂਦਗੀ ਵਿਚ, ਸਿਖ ਸਿਧਾਂਤਾਂ ਦੀ ਖਿਲੀ ਉੜਾਣ ਦਾ ਪ੍ਰੋਗਰਾਮ ਸਿਖਾਂ ਲਈ ਇਕ ਵੰਗਾਰ ਸਮਝ ਕੇ ਕੁਝ ਸਿਖ, ਸਮਾਗਮ ਵਲ ਗਏ ਜਿਨ੍ਹਾਂ ਤੇ ਗੋਲੀਆਂ ਚਲੀਆਂ, ਕੋਈ ਅਠਾਰਾਂ ਮਰੇ, ਬਹੁਤ ਜ਼ਖਮੀ ਹੋਏ।

ਨਿਰੰਕਾਰੀਆਂ ਨੇ ਤਾਂ ਅਪਣੇ ਮਿਥੇ ਪ੍ਰੋਗਰਾਮ ਅਨੁਸਾਰ ਕਾਨਪੁਰ ਅਤੇ ਦਿਲੀ ਵੀ ਵੰਗਾਰਾਂ ਸਿਖਾਂ ਨੂੰ ਦਿਤੀਆਂ। ਪਰ ਨਾਮਧਾਰੀ ਵੀਰਾਂ ਨੇ ਇਹ ਸਮਾਂ ਉਚਿਤ ਸਮਝਿਆ ਅਤੇ ਇਕ ਵਿਉਂਤ ਬਧ ਪ੍ਰੋਗਰਾਮ ਬਣਾ ਕੇ 'ਗੁਰੂ ਗ੍ਰੰਥ' ਦੇ ਸਿਧਾਂਤ ਨੂੰ, ਸਾਹਿਤ ਰਚ ਕੇ, ਸਟਾਂ ਮਾਰਨੀਆਂ ਅਰੰਭ ਦਿਤੀਆਂ। ੧੯੭੮ ਦੇ ਅੰਮ੍ਰਿਤਸਰ ਦੇ ਸਾਕੇ ਪਿਛੋਂ ਨਾਮਧਾਰੀ ਸਮਾਜ ਨੇ ਕਈ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਭਾਵ ਇਕੋ ਹੀ ਹੈ, ਦਲੀਲਾਂ ਓਹੀ ਹਨ, ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਓਹੀ ਲਏ ਗਏ ਹਨ। ਯਤਨ ਉਹੀ ਹੈ ਕਿ ਸਾਬਤ ਕੀਤਾ ਜਾਵੇ; (੧) ਗੁਰੂ ਗ੍ਰੰਥ ਸਾਹਿਬ ਨੂੰ ਗੁਰਆਈ ਨਹੀਂ ਦਿਤੀ ਗਈ। (੨) ਗੁਰੂ ਗੋਬਿੰਦ ਸਿੰਘ ਜੀ ਨੇ ੧੭੦੮ ਸ੍ਰੀ ਹਜ਼ੂਰ ਸਾਹਿਬ ਦੇਹ ਨਹੀਂ ਛਡੀ। (੩) ਸਿਖਾਂ ਨੂੰ ਕਨਾਤ ਅੰਦਰ ਆਪਣੀ ਦੇਹ ਅਗਨ ਭੇਂਟ ਹੁੰਦੀ ਦਾ ਭਰਮ ਪਾ ਕੇ (ਟਪਲਾ ਦੇ ਕੇ) ਆਪ ਘੋੜੇ ਤੇ ਸਵਾਰ ਹੋ ਕੇ ਚਲੇ ਗਏ ਤੇ ਕੋਈ



Digitized by Panjab Digital Library | www.panjabdigilib.org

੧੨੫ ਸਾਲ ਲੁਕ ਕੇ ਗੁਜ਼ਾਰੇ । (੪) ਇਸ ਵਿਚ ਬਹੁਤਾ ਸਮਾਂ ਨਾਭੇ ਵਿਚ ਅਜੈਪਾਲ (ਭੇਡਾਂ ਚਾਰਨ ਵਾਲਾ) ਦਾ ਨਾਮ ਰਖ ਕੇ ਕਟੇ । (੫) ਬਾਲਕ ਸਿੰਘ ਹਜ਼ਰੋ ਵਿਚ ਜਾ ਮਿਲਿਆ, ਉਸ ਨੂੰ ਪ੍ਰਗਟ ਹੋ ਕੇ ਗੁਰਆਈ ਦਿਤੀ ਜੋ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ ।

ਸਾਡੇ ਪੰਜਾਬ ਵਿਚ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿਚ ਦਰਜਣਾਂ ਵਿਦਵਾਨ ਹਨ । ਇਹਨਾਂ ਤੋਂ ਬਾਹਰ ਵੀ ਕਈ ਵਿਦਵਾਨ ਤੇ ਖੋਜੀ ਹਨ । ਹਰ ਇਕ ਛਾਪੀ ਗਈ ਕਿਤਾਬ ਦਾ ਉੱਤਰ ਦੇਣਾ ਇਨ੍ਹਾਂ ਦਾ ਕੰਮ ਸੀ । ਪਰ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੂੰ ਕੋਈ ਦਿਲਚਸਪੀ ਨਹੀਂ ਸਿਖ ਧਰਮ ਨਾਲ । ਇਹ ਕੰਮ ਸੀ, ਸ਼੍ਰੋਮਣੀ ਕਮੇਟੀ,ਚੀਫ਼ ਖਾਲਸਾ ਦੀਵਾਨ ਜਾਂ ਫਾਊਂਡੇਸ਼ਨਾਂ ਅਤੇ ਸੋਸਾਇਟੀਆਂ ਦਾ । ਪਰ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਹੋਰ ਵਾਧੂ ਸਹੇੜੇ ਰੁਝੇਵਿਆਂ ਤੋਂ ਵੇਹਲ ਨਹੀਂ । ਕੋਈ ਧਿਆਨ ਨਹੀਂ ਦਿਤਾ ਗਿਆ । ਨਿਰੰਕਾਰੀ ਜੋ ਆਪਣੇ ਸਮਾਗਮਾਂ ਵਿਚ, ਜਾਂ ਬਾਣੀ ਰਚ ਕੇ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੀ ਨਿਰਾਦਰੀ ਕਰਦੇ ਹਨ । ਤਾਂ ਸਾਡੇ ਨਾਮਧਾਰੀ ਵੀਰ ਰੋਜ਼ ਨਵਾਂ ਸਾਹਿਤ ਛਾਪ ਕੇ, ਦੇਹ ਧਾਰੀ ਗੁਰੂ ਦੀ ਲੋੜ ਨੂੰ ਸਾਬਤ ਕਰਨ ਲਈ, ਗੁਰਬਾਣੀ ਦੀ ਵਿਆਖਿਆ ਆਪਣੀ ਮਰਜ਼ੀ ਮੁਤਾਬਕ ਤੋੜ ਮੋੜ ਕੇ ਪ੍ਰਚਾਰ ਕਰ ਰਹੇ ਹਨ । ਜਾਪਦਾ ਇੰਜ ਹੈ ਜਿਵੇਂ ਨਿਰੰਕਾਰੀ ਅਤੇ ਨਾਮਧਾਰੀ ਸਮਾਜਾਂ ਨੇ ਇਕ ਗਠਜੋੜ ਕਰ ਲਿਆ ਹੋਵੇ ।

ਸ: ਇੰਦਰ ਸਿੰਘ ਨੇ ਇਹ ਪੁਸਤਕ ਲਿਖੀ ਹੈ, ਅਪਨੇ ਚਾਓ ਨਾਲ ਅਤੇ ਸ਼ਰਧਾ ਵਿਚ ਭਿਜਿਆਂ ਹੋਇਆਂ । ਇਸ ਵਿਚ 'ਸਤਿਗੁਰ ਮਤਿ' ਦੇ ਸਬਦੁ ਗੁਰੂ ਸਿਧਾਂਤ ਦੀ ਪੂਰੇ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ । ਵੈਸੇ ਸਿਰਦਾਰ ਸਾਹਿਬ ਇਕ ਵਪਾਰੀ ਹਨ । ਪਰ ਗੁਰੂ ਦੀ ਬਖਸ਼ਿਸ਼ ਨਾਲ ਗੁਰਬਾਣੀ, ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਬਾਰੇ ਸਾਹਿਤ ਪੜ੍ਹਦੇ ਰਹੇ ਹਨ । ਵਿਚਾਰ ਵਟਾਂਦਰਾ ਖਿਆਲਾਂ ਦਾ ਵੀ ਵਿਦਵਾਨਾਂ ਨਾਲ ਕਰਦੇ ਰਹੇ ਹਨ । ਰਬ ਨੇ ਸੂਝ ਬੂਝ ਚੰਗੀ ਦਿਤੀ ਹੈ, ਉਸ ਨੂੰ ਦੂਜਿਆਂ ਦੇ ਖਿਆਲਾਂ ਨਾਲ ਘਸਾ ਕੇ ਮਾਂਜਦੇ ਰਹੇ ਹਨ । ਪਰ ਲਕੀਰ ਦੇ ਫ਼ਕੀਰ ਨਹੀਂ, ਰਾਹ ਅਪਨੀ ਹੀ ਟੁਰਦੇ ਹਨ ।



Digitized by Panjab Digital Library | www.panjabdigilib.org

ਇਹੀ ਗੁਣ ਇਨ੍ਹਾਂ ਦੀ ਇਸ ਹਥਲੀ ਕਿਤਾਬ ਵਿਚ ਹਨ। ਇਨ੍ਹਾਂ ਨੇ :

੧. ਸਬਦੁ ਗੁਰੂ ਸਿਧਾਂਤ ਦੀ ਗੁਰਬਾਣੀ ਵਿਚੋਂ ਪ੍ਰਮਾਣਾਂ ਦੁਆਰਾ ਵੇਰਵੇ ਸਹਿਤ ਵਿਚਾਰ।

੨. ਜੇ ਸਾਡਾ ਗੁਰੂ ਕੇਵਲ ਅਕਾਲ ਪੁਰਖ (ਸਬਦ ਗੁਰੂ) ਹੀ ਹੈ, ਤਾਂ ਅਸੀਂ ਗੁਰੂ ਨਾਨਕ ਸਾਹਿਬ ਨੂੰ ਜਾਂ ਗੁਰਬਾਣੀ ਨੂੰ ਗੁਰੂ ਕਿਸ ਤਰ੍ਹਾਂ ਮੰਨਦੇ ਹਾਂ।

੩. ਕੀ ਦੇਹਧਾਰੀ ਗੁਰੂ ਸਬਦੁ ਗੁਰੂ ਦੇ ਟਾਕਰੇ ਤੇ ਟਿਕ ਸਕਦਾ ਹੈ।

੪. 'ਨਿਰੰਜਨੀ ਜੋਤ' ਜਾਂ **Light of Eternal** ਦੇ ਪਹਿਲੀ ਦੇਹ ਤਿਆਗ ਕੇ ਨਵੇਂ ਜਾਮੇਂ ਬਦਲਣ ਦੀ ਗੁਰਬਾਣੀ ਦੁਆਰਾ ਪੁਸ਼ਟੀ।

੫. ਕੀ ਰਬ ਨਾਲ ਸਾਡਾ ਮਿਲਾਪ ਜਿਊਂਦਿਆਂ ਹੀ ਹੋ ਸਕਦਾ ਹੈ ਤੇ ਕੀ ਅਸੀਂ ਰਬ ਨਾਲ ਸੁਹਾਗ ਮਾਣ ਸਕਦੇ ਹਾਂ।

ਆਦ ਕਈ ਸਵਾਲਾਂ ਦੇ ਉੱਤਰ ਦਿਤੇ ਹਨ। ਗੁਰਬਾਣੀ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਮਾਣ ਨਹੀਂ ਮੰਨਦੇ ਅਤੇ ਲੀਕ ਅਪਨੀ ਨਵੀਂ ਪਾਈ ਹੈ। ਪਾਠਕ ਕਈ ਟੀਕਾਕਾਰਾਂ ਦੇ ਖਿਆਲਾਂ ਤੋਂ ਇਕ ਅਨੋਖੀ ਤਰਜਮਾਨੀ ਇਸ ਪੁਸਤਕ ਵਿਚ ਪੜ੍ਹਨਗੇ। ਕਈ ਥਾਵਾਂ ਤੇ ਇਸ ਲੇਖਕ ਨਾਲ ਸਹਮਤ ਵੀ ਨਹੀਂ ਹੋਣਗੇ। ਮੈਂ ਆਪ ਵੀ ਹਰ ਥਾਂ ਸ: ਇੰਦਰ ਸਿੰਘ ਜੀ ਦੇ ਨਾਲ ਸਹਮਤੀ ਨਹੀਂ ਰਖਦਾ। ਪਰ ਇਸ ਗਲ ਦੇ ਬਾਵਜੂਦ ਲੇਖਕ ਦੀ ਖੋਜ, ਮੇਹਨਤ, ਅਤੁਟ ਸ਼ਰਧਾ, ਗੁਰਬਾਣੀ ਅਤੇ ਇਤਿਹਾਸ ਦੀ ਜਾਣਕਾਰੀ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਸ: ਇੰਦਰ ਸਿੰਘ ਨੇ ਇਹ ਕਿਤਾਬ ਲਿਖ ਕੇ ਸਿਖ ਵਿਦਵਾਨਾਂ ਨੂੰ ਹਲੂਣਾ ਦਿਤਾ ਹੈ ਅਤੇ ਵਿਰੋਧੀਆਂ ਨੂੰ ਇਕ ਵੰਗਾਰ ਪਾਈ ਹੈ। ਇਕ ਚੁਭ ਰਹੀ ਘਾਟ ਨੂੰ ਪੂਰਾ ਕਰਨ ਦਾ ਜ਼ੋਰਦਾਰ ਯਤਨ ਹੈ। ਜਿਹੜੇ ਇਸ ਪੁਸਤਕ ਅੰਦਰ ਦਿਤੇ ਖਿਆਲਾਂ ਨਾਲ ਇਤਫ਼ਾਕ ਨ ਰਖਦੇ ਹੋਣ, ਉਹ ਸਾਹਮਣੇ ਆ ਕੇ ਆਪਣੇ ਖਿਆਲਾਂ ਅਨੁਸਾਰ ਸਾਨੂੰ ਜਾਣਕਾਰੀ ਦੇਣ। ਜਿਸ ਨਾਲ ਇਕ ਚਰਚਾ ਛਿੜ ਕੇ ਕਈ ਹੋਰ ਉੱਤਮ ਨਤੀਜੇ ਨਿਕਲ ਸਕਣ।



Digitized by Panjab Digital Library | www.panjabdigilib.org

ਮੈਂ ਸ: ਇੰਦਰ ਸਿੰਘ ਨੂੰ ਵਧਾਈ ਦੇਂਦਾ ਹਾਂ, ਜੋ ਉਨ੍ਹਾਂ ਨੇ ਇਕ ਵਿਸਾਰੇ ਜਾ ਰਹੇ ਕੰਮ ਵਲ ਸਿਖਾਂ ਦਾ ਧਿਆਨ ਦਿਵਾਇਆ ਹੈ। ਨਾਲ ਹੀ ਮੈਂ ਬਿਨੈ ਕਰਦਾ ਹਾਂ ਆਮ ਸਿਖਾਂ ਨੂੰ, ਕਿ ਉਹ ਇਸ ਨੂੰ ਗਹੁ ਨਾਲ ਪੜ੍ਹਨ ਅਤੇ ਇਸ ਵਿਚ ਆਏ ਨਵੇਂ ਖਿਆਲਾਂ ਨੂੰ ਵਿਚਾਰਨ।

ਦਾਸ

ਹੁਕਮ ਸਿੰਘ

ਮਿਤੀ 28-10-81

ਪ੍ਰਧਾਨ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ,
ਸ੍ਰੀ ਅੰਮ੍ਰਿਤਸਰ—ਨਵੀਂ ਦਿਲੀ



Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਮਨੁਖ ਦੀ ਉੱਨਤੀ ਦੇ ਰਸਤੇ ਵਿਚ ਸਭ ਤੋਂ ਵਡੀ ਰੁਕਾਵਟ ਅਗਿਆਨਤਾ (Ignorance) ਹੈ, ਭਾਵੇਂ ਉਹ ਅਧਿਆਤਮਕ ਖੇਤਰ ਵਿਚ ਹੋਵੇ ਭਾਵੇਂ ਪਦਾਰਥਕ ਖੇਤਰ ਵਿਚ। ਗਿਆਨ ਤੇ ਵਿਵੇਕ ਤੋਂ ਬਿਨਾ ਕੋਈ ਵੀ ਕੰਮ ਨਹੀਂ ਸੌਰ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਦਾਰਥਕ ਤੇ ਅਧਿਆਤਮਕ ਖੇਤਰਾਂ ਦਾ ਗਿਆਨ ਵਖ ਵਖ ਹੈ, ਪਰ ਜਿਸ ਨੇ ਹਲਤ ਤੇ ਪਲਤ ਦੋਵੇਂ ਹੀ ਸੁਆਰਨੇ ਹੋਣ ਉਸ ਲਈ ਦੋਵੇਂ ਤਰ੍ਹਾਂ ਦਾ ਗਿਆਨ ਤੇ ਵਿਵੇਕ ਜ਼ਰੂਰੀ ਹੈ। ਪਦਾਰਥਾਂ ਬਾਰੇ ਵਿਵੇਕ ਕਈਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਕਿਸੇ ਬੈਂਕ ਦੇ ਖਜ਼ਾਨਚੀ ਨੂੰ ਕੇਵਲ ਅਸਲੀ ਜਾਂ ਨਕਲੀ ਨੋਟ ਪਛਾਨਣ ਦਾ ਹੀ ਵਿਵੇਕ ਹੈ। ਸਰਾਫ਼ ਨੂੰ ਕੇਵਲ ਹੀਰੇ, ਜਵਾਹਰਾਤ ਜਾਂ ਸੋਨਾ ਪਰਖਣ ਦਾ ਹੀ ਵਿਵੇਕ ਹੈ। ਜੇ ਮੇਰੇ ਹਥ ਵਿਚ ਘਸਵਟੀ ਫੜਾ ਕੇ ਕੋਈ ਕਹੇ ਕਿ ਤੂੰ ਇਸ ਨਾਲ ਸੋਨਾ ਪਰਖ ਤਾਂ ਮੈਂ, ਘਸਵਟੀ ਹਥ ਵਿਚ ਹੁੰਦਿਆਂ ਹੋਇਆਂ ਵੀ, ਸੋਨਾ ਨਹੀਂ ਪਰਖ ਸਕਦਾ। ਇਸੇ ਤਰ੍ਹਾਂ ਹੀ ਜੇ ਕਿਸੇ ਆਦਮੀ ਨੂੰ, ਜਿਸਦਾ ਵਿਵੇਕ ਕੇਵਲ ਪਦਾਰਥਾਂ ਤਕ ਹੀ ਸੀਮਤ ਹੈ, ਅਧਿਆਤਮਕ ਖੇਤਰ ਵਿਚ ਕਿਸੇ ਮਹਾਂ-ਪੁਰਖ ਦੀ ਭਾਲ ਕਰਨੀ ਪਵੇ ਤਾਂ ਉਹ ਉਸ ਕੰਮ ਵਿਚ ਸਫਲ ਨਹੀਂ ਹੋ ਸਕਦਾ।

ਬਿਉਪਾਰ ਦੇ ਖੇਤਰ ਵਿਚ ੯੦ ਫ਼ੀ ਸਦੀ ਐਸੇ ਬਿਉਪਾਰੀ ਨੇ ਜਿਹੜੇ ਮੁੱਲ ਤਾਂ ਅਸਲੀ ਮਾਲ ਦਾ ਵਟਦੇ ਨੇ ਪਰ ਵੇਚਦੇ ਨਕਲੀ ਮਾਲ ਹਨ। ਇਸ



Digitized by Panjab Digital Library | www.panjabdigilib.org

ਤਰ੍ਹਾਂ ਵਿਵੇਕ ਨ ਹੋਣ ਦੇ ਕਾਰਨ ਅਸਲੀ ਮਾਲ ਦਾ ਮੁਲ ਦੇ ਕੇ ਵੀ ਨਕਲੀ ਮਾਲ ਹੀ ਮਿਲਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਚਮਕਦੀ ਚੀਜ਼ ਹੀਰਾ ਹੀ ਹੋਵੇ, ਉਹ ਕਚ ਵੀ ਹੋ ਸਕਦੀ ਹੈ। ਦੇਖਨ ਵਿਚ ਤਾਂ ਸਭ ਹੀਰੇ ਹੀ ਦਿਸਦੇ ਨੇ, ਪਰ ਉਨ੍ਹਾਂ ਵਿਚ ਅਸਲੀ ਹੀਰਾ ਕਿਹੜਾ ਹੈ ਇਹ ਪਛਾਣ ਕਠਨ ਹੈ। ਐਸੇ ਹਾਲਾਤ ਵਿਚ ਮਹਾਂਪੁਰਖ ਦੀ ਭਾਲ ਹੋਰ ਵੀ ਔਖੀ ਹੋ ਜਾਂਦੀ ਹੈ।

ਮੈਂ ਇਹ ਨਹੀਂ ਕਹਿੰਦਾ ਕਿ ਅਜ ਦੇ ਜ਼ਮਾਨੇ ਵਿਚ ਮਹਾਂਪੁਰਖ ਹੈ ਹੀ ਕੋਈ ਨਹੀਂ। ਮਹਾਂਪੁਰਖ ਕਈ ਹਨ ਤੇ ਉਨ੍ਹਾਂ ਤੋਂ ਵੀ ਉਤੇ, ਸਬਦੁ ਸੁਰਤਿ ਦੇ ਮੇਲ ਵਾਲੀਆਂ, ਸੁਹਾਗਨਾਂ ਵੀ ਕਈ ਹਨ। ਉਨ੍ਹਾਂ ਦੀ ਪਛਾਣ ਇਹ ਹੈ ਕਿ ਉਹ ਅਪਨਾ ਢੰਡੋਰਾ ਨਹੀਂ ਫੇਰਦੇ। ਉਹ ਮਨੁਖ ਨੂੰ, ਅਪਨੇ ਨਾਲ ਨਹੀਂ, ਰਬ ਨਾਲ ਜੋੜਦੇ ਹਨ। ਪੂਰਨ ਵਿਵੇਕ ਤੇ ਪੂਰਨ ਗਿਆਨ ਕੇਵਲ ਰਬ ਵਿਚ ਹੀ ਹੈ। ਮਨੁਖ ਹਰ ਪਖ ਤੋਂ ਊਣਾ ਹੈ ਤੇ ਉਹ ਭੁਲਣ ਅੰਦਰ ਹੈ। ਇਸ ਲਈ ਜੋ ਵੀ ਮਨੁਖ ਅਪਨੀ ਵਡਿਆਈ ਕਰਵਾਂਦਾ ਹੈ, ਜਾਂ ਲੋਕਾਂ ਦੇ ਮੂੰਹੋਂ ਅਪਨੀ ਵਡਿਆਈ ਸੁਣ ਦੇ ਚੁਪ ਕਰ ਰਹਿੰਦਾ ਹੈ, ਉਹ ਮਹਾਂਪੁਰਖ ਅਖਵਾਨ ਦਾ ਹਕਦਾਰ ਨਹੀਂ। ਮਹਾਂਪੁਰਖ ਉਹੀ ਹੈ ਜੋ ਮਨੁਖ ਦੀ ਅਲਪ ਸਮਰਥਾ ਲੋਕਾਂ ਨੂੰ ਦਸਨ ਲਗਿਆਂ ਸ਼ਰਮਾਏ ਨਾ, ਆਪ ਵੀ ਰਬ ਦੀ ਵਾਹ ਵਾਹ ਕਰੇ ਤੇ ਲੋਕਾਂ ਨੂੰ ਵੀ ਇਸੇ ਕੰਮ ਲਈ ਪ੍ਰੇਰਤ ਕਰੇ।

ਇਹ ਘਸਵਟੀ ਹਥ ਵਿਚ ਹੁੰਦਿਆਂ ਹੋਇਆਂ ਵੀ ਅਸੀ ਧੋਖਾ ਖਾ ਸਕਦੇ ਹਾਂ। ਨਿਰੀ ਘਸਵਟੀ ਹਥ ਵਿਚ ਹੋਣਾ ਹੀ ਕਾਫੀ ਨਹੀਂ, ਪਰਖਣ ਦੀ ਜਾਚ ਵੀ ਹੋਣੀ ਜ਼ਰੂਰੀ ਹੈ। ਜਦੋਂ ਮਨਮਤਿ ਦਾ ਹੜ ਪੂਰੇ ਜੋਬਨ ਤੇ ਹੋਵੇ, ਭੁਲਿਆਂ ਹੋਇਆਂ ਨੂੰ ਰਾਹ ਦਸਣ ਵਾਲਾ ਸਾਡਾ ਇਕੋ ਇਕ ਮਿਤਰ ਗੁਰਬਾਣੀ ਹੈ। ਗੁਰਬਾਣੀ ਦੀ ਵਿਚਾਰ ਕਰਕੇ ਹੀ ਅਸੀ ਮਨਮਤਿ ਦੇ ਹਲਿਆਂ ਤੋਂ ਬਚ ਸਕਦੇ ਹਾਂ। ਗੁਰਬਾਣੀ ਦੀ ਵਿਚਾਰ ਹੀ ਉਹ ਜਾਚ ਹੈ ਜਿਸ ਦੁਆਰਾ ਅਸੀ ਅਸਲੀ ਜਾਂ ਨਕਲੀ ਮਹਾਂਪੁਰਖਾਂ ਨੂੰ ਪਰਖ ਸਕਦੇ ਹਾਂ।

ਇਸ ਮਨੋਰਥ ਨੂੰ ਮੁਖ ਰਖ ਕੇ ਦਾਸ ਨੇ ਇਹ ਜਤਨ ਕੀਤਾ ਹੈ ਕਿ "ਸਤਿਗੁਰ ਮਤਿ" ਦੇ ਸਬਦੁ ਗੁਰੂ ਸਿਧਾਂਤ ਨੂੰ ਵਿਚਾਰਿਆ ਜਾਵੇ। ਇਹ ਵਿਚਾਰ ਸਾਨੂੰ ਅਪਨੇ ਅਸਲੇ ਦੀ ਜਾਨਕਾਰੀ ਦੇਵੇਗੀ ਤੇ ਸਾਨੂੰ ਭਰਮ ਭ੍ਰਾਂਤੀ ਦੇ ਜਾਲ



Digitized by Panjab Digital Library | www.panjabdigilib.org

ਵਿਚ ਫਸਨ ਨਹੀਂ ਦੇਵੇਗੀ । ਇਹ ਵਿਚਾਰ ਪੂਰੀ ਤਰ੍ਹਾਂ ਉਸਾਰੂ ਹੈ । ਇਸ ਵਿਚ ਸਬਦ ਗੁਰੂ ਸਿਧਾਂਤ ਤੇ ਉਸ ਨਾਲ ਸਬੰਧਤ ਵਿਸ਼ਿਆਂ ਤੇ ਹੀ ਵਿਚਾਰ ਕੀਤੀ ਗਈ ਹੈ ਤੇ ਵਾਦ ਵਿਵਾਦ ਤੋਂ ਬਚਿਆ ਗਿਆ ਹੈ ।

ਪਰ ਕੁਝ ਐਸੇ ਲੋਗ ਵੀ ਨੇ ਜਿਨ੍ਹਾਂ ਨੂੰ ਦੇਹ ਦੀ ਵਡਿਆਈ ਕਰਨ ਦਾ ਹੀ ਸ਼ੌਕ ਹੈ । ਇਸ ਲਈ ਉਹ ਤਥਾਂ ਨੂੰ ਤੋੜ ਮਰੋੜ ਕੇ ਪਰਚਾਰ ਕਰ ਰਹੇ ਹਨ । ਇਕ ਪੁਸਤਕ "ਸਤਿਗੁਰ ਤਿਸ ਕਾ ਨਾਓ" ਨਾਮੀ, ਜਿਸਦੇ ਲੇਖਕ ਸ੍ਰੀ ਅਮਰ ਭਾਰਤੀ ਨੇ, ਮੇਰੀਆਂ ਨਜ਼ਰਾਂ ਵਿਚ ਆਈ ਹੈ । ਉਸ ਦਾ ਲੇਖਕ ਦੇਹ ਦੀ ਵਡਿਆਈ ਦੇ ਸ਼ੌਕ ਵਿਚ ਸ਼ਿਸ਼ਟਾਚਾਰ ਵੀ ਭੁਲ ਗਿਆ ਹੈ । ਵਾਦ ਵਿਵਾਦ ਵਿਚ ਨ ਪੈਂਦਿਆਂ ਹੋਇਆਂ ਮੈਂ ਅਪਨੇ ਲੇਖ ਵਿਚ ਇਸ ਪੁਸਤਕ ਬਾਰੇ ਕੋਈ ਟਿਪਣੀ ਨਹੀਂ ਕੀਤੀ । ਮੇਰੇ ਲੇਖ ਵਿਚ ਉਨ੍ਹਾਂ ਸਾਰਿਆਂ ਨੁਕਤਿਆਂ ਦਾ ਜਵਾਬ ਮੌਜੂਦ ਹੈ ਜੋ ਭਾਰਤੀ ਸਾਹਿਬ ਨੇ ਅਪਨੀ ਪੁਸਤਕ ਵਿਚ ਉਠਾਏ ਹਨ । ਪਰ ਭਾਰਤੀ ਸਾਹਿਬ ਨੇ ਕੁਝ ਅਯੋਗ ਗੱਲਾਂ ਵੀ ਲਿਖੀਆਂ ਹਨ, ਜਿਨ੍ਹਾਂ ਦਾ ਉਤਰ ਮੂਲ ਲੇਖ ਦੇ ਮਗਰੋਂ, ਟਿਪਣੀ ਦੇ ਸਿਰਲੇਖ ਹੇਠ, ਦਿਤਾ ਗਿਆ ਹੈ ।

ਸਬਦ ਗੁਰੂ ਸਿਧਾਂਤ ਨੂੰ ਜਿਸ ਤਰ੍ਹਾਂ ਮੇਰੀ ਅਲਪ ਬੁਧੀ ਨੇ ਸਮਝਿਆ ਹੈ, ਸਾਧ ਸੰਗਤ ਦੇ ਵਿਚਾਰ ਗੋਚਰਾ ਰਖ ਰਿਹਾ ਹਾਂ । ਸੰਭਵ ਹੈ ਕਿ ਮੈਂ ਇਸ ਸਿਧਾਂਤ ਦੇ ਹਰ ਨੁਕਤੇ ਨੂੰ ਪੂਰੇ ਵਿਸਥਾਰ ਨਾਲ ਨ ਰਖ ਸਕਿਆ ਹੋਵਾਂ । ਕਈ ਐਸੇ ਨੁਕਤੇ ਹੋ ਸਕਦੇ ਨੇ ਜਿਹੜੇ ਵਧੇਰੇ ਸਪਸ਼ਟੀਕਰਨ ਮੰਗਦੇ ਹੋਣ । ਇਸ ਸੰਬੰਧ ਵਿਚ ਵਿਦਵਾਨ ਸੱਜਨਾਂ ਅਗੇ ਬੇਨਤੀ ਹੈ ਕਿ ਜੇ ਉਹ ਕੋਈ ਸੁਝਾਅ ਦੇਨਾ ਚਾਹਣ ਜਾਂ ਵਧੇਰੇ ਸਪਸ਼ਟੀਕਰਨ ਦੀ ਲੋੜ ਸਮਝਨ ਤਾਂ ਦਾਸ ਨਾਲ ਸੰਪਰਕ ਕਰਨ । ਇਸ ਖੇਚਲ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹੋਵਾਂਗਾ ।


ਦਾਸ
ਇੰਦਰ ਸਿੰਘ

10, ਨੈਸ਼ਨਲ ਪਾਰਕ, ਲਾਜਪਤ ਨਗਰ,
ਨਵੀਂ ਦਿਲੀ-110024
ਫੋਨ : 624846, 265145

ਮਿਤੀ 1-9-81



Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਸਲੋਕ ॥

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥

ਗਉੜੀ ਸੁਖਮਨੀ ਮਹਲਾ ੫ ॥ ਪੰਨਾ ੨੬੨

ਮੈਂ (ਸਬਦ) ਗੁਰੂ ਨੂੰ ਨਮਸਕਾਰ ਕਰਦਾ ਹਾਂ, ਜੋ ਆਦਿ ਤੋਂ ਹੀ ਗੁਰੂ ਹੈ। ਮੈਂ (ਸਬਦ) ਗੁਰੂ ਨੂੰ ਨਮਸਕਾਰ ਕਰਦਾ ਹਾਂ, ਜੋ (ਚਾਰ) ਯੁੱਗਾਂ ਦੇ ਅਰੰਭ ਹੋਣ ਤੋਂ ਹੁਣ ਤੱਕ ਗੁਰੂ ਹੈ। ਮੈਂ (ਸਬਦ) ਗੁਰੂ ਨੂੰ ਨਮਸਕਾਰ ਕਰਦਾ ਹਾਂ, ਜੋ ਸਤਿਗੁਰੂ ਹੈ, ਜੋ ਤਿੰਨਾਂ ਕਾਲਾਂ ਵਿੱਚ ਸਤਿ ਹੈ, ਜਿਸ ਦੇ ਟਾਕਰੇ ਉਤੇ ਹੋਰ ਕੋਈ ਗੁਰੂ ਨਹੀਂ ਹੋ ਸਕਦਾ। (ਸਬਦ) ਗੁਰੂ ਹੀ ਮੇਰੇ ਲਈ ਪੂਜਨ ਯੋਗ ਗੁਰੂ ਹੈ, ਇਸ ਲਈ ਮੇਰੀ ਉਸ ਨੂੰ ਨਮਸਕਾਰ ਹੈ ॥

# ਸਤਿਗੁਰ ਮਤਿ

ਜਦ ਤੋਂ ਮਨੁੱਖ ਨੇ ਹੋਸ਼ ਸੰਭਾਲੀ, ਅਕਲ ਨੂੰ ਵਰਤਿਆ, ਉਸ ਨੂੰ ਅਨੰਦ ਮਾਨਣ ਦੀ ਲੋੜ ਮਹਿਸੂਸ ਹੋਈ। ਬਹੁਤੇ ਲੋਗ ਜਦੋਂ ਤੋਂ ਸ੍ਰਿਸ਼ਟੀ ਸਿਰਜੀ ਗਈ ਹੈ ਉਦੋਂ ਤੋਂ ਹੀ ਪਦਾਰਥਾਂ ਵਿਚੋਂ ਸੁਖ ਢੂੰਡ ਰਹੇ ਹਨ। ਜਿੰਨੇ ਉਹ ਵਧ ਪਦਾਰਥ ਇਕਠੇ ਕਰਦੇ ਨੇ ਉਤਨੇ ਹੀ ਤੌਖਲੇ ਵਧਦੇ ਹਨ। ਪਦਾਰਥਾਂ ਦੇ ਭੋਗਾਂ ਨਾਲ ਕੁਝ ਦੇਰ ਮਨ ਪਰਚ ਜਾਂਦਾ ਹੈ, ਪਰ ਮਨ ਦਾ ਘਬਰਾਨਾ, ਤੌਖਲੇ, ਖੋਹ ਪੈਣੀ, ਮਨ ਵਿਚ ਇਕ ਅਜੀਬ ਤਰ੍ਹਾਂ ਦਾ ਡਰ ਬਣਿਆ ਰਹਿੰਦਾ ਹੈ। ਇਥੋਂ ਤੱਕ ਕਿ ਕਈਆਂ ਨੂੰ ਰਾਤੀਂ ਨੀਂਦ ਵੀ



Digitized by Panjab Digital Library | www.panjabdigilib.org

ਨਹੀਂ ਆਉਂਦੀ। ਨੀਂਦ ਦੀਆਂ ਗੋਲੀਆਂ ਦੀ ਲੋੜ ਪੈਂਦੀ ਹੈ। ਇਸ ਕਾਰਨ ਨਸ਼ਿਆਂ ਆਦਿ ਦਾ ਸੇਵਨ ਵਧ ਰਿਹਾ ਹੈ । ਸ਼ਰਾਬ ਤੇ ਤਮਾਕੂ ਕੁਝ ਦੇਰ ਲਈ ਝੂਠਾ ਹੁਲਾਰਾ ਦੇ ਦੇਂਦੇ ਹਨ, ਫੇਰ ਥੋੜੀ ਦੇਰ ਪਿੱਛੋਂ ਉਵੇਂ ਹੀ ਅੰਦਰ ਨੂੰ ਖੋਹ ਪੈਣੀ ਸ਼ੁਰੂ ਹੋ ਜਾਂਦੀ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਕਿ ਕਿਸੇ ਬੱਚੇ ਨੂੰ ਦੁੱਧ ਦੀ ਭੁੱਖ ਲਗੀ ਹੋਵੇ ਤੇ ਉਸ ਨੂੰ ਖਡੌਣੇ ਦੇ ਕੇ ਪਰਚਾਨ ਦੀ ਅਸਫਲ ਕੋਸ਼ਿਸ਼ ਕੀਤੀ ਜਾਵੇ। ਜੀਵ ਆਤਮਾ ਆਪਣੇ ਪਤੀ ਪਰਮ ਆਤਮਾ ਤੋਂ ਵਿਛੜੀ ਹੋਈ ਹੈ। ਵਿਛੋੜੇ ਨੂੰ ਅਨੇਕਾਂ ਜਨਮ ਹੋ ਗਏ । ਮਨ-ਬੁੱਧੀ ਦੇ ਪਿੱਛੇ ਲਗ ਕੇ ਅਪਣੇ ਪਤੀ ਨੂੰ ਭੁਲਦੀ ਗਈ। ਮਨ ਨੂੰ ਵਿਛੋੜੇ ਦੀ ਖੋਹ ਪੈਂਦੀ ਸੀ ਤਾਂ ਪਦਾਰਥਾਂ ਵਿੱਚੋਂ ਸੁਖ ਲੱਭਨ ਨੂੰ ਦੌੜਦੀ ਰਹੀ, ਤੇ ਅਸਲ ਰੋਗ ਜੋ ਪਤੀ ਦਾ ਵਿਛੋੜਾ ਹੈ, ਉਸ ਨੂੰ ਭੁਲੀ ਰਹੀ । ਜੀਵ ਆਤਮਾ ਕੁਮਲਾਉਂਦੀ ਕੁਮਲਾਉਂਦੀ ਬਿਲਕੁਲ ਸੁੱਕ ਗਈ। ਆਪਣੇ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਲਈ ਤਾਂ ਹਰ ਤਰ੍ਹਾਂ ਦੇ ਯਤਨ ਕਰਦੀ ਰਹੀ, ਪਰ ਆਪਣੀ ਨਿੱਜੀ (ਰੂਹ ਦੀ) ਖੁਰਾਕ ਦਾ ਧਿਆਨ ਹੀ ਨਾ ਕੀਤਾ।

ਗੁਰਵਾਕ ਹੈ :

ਸਿਮਰਿ ਸਿਮਰਿ ਨਾਮੁ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥੨॥

ਗਉੜੀ ਸੁਖਮਨੀ ਮਹਲਾ ੫॥ ਪੰਨਾ ੨੯੫

ਗੁਰੂ ਮਹਾਰਾਜ ਨੇ ਇਸ ਗੱਲ ਦੀ ਤਾਕੀਦ ਕੀਤੀ ਹੈ ਕਿ ਨਾਮ ਸਿਮਰਨ ਹੀ ਜੀਵ ਆਤਮਾ ਦਾ ਅਧਾਰ ਹੈ। ਇਸ ਦੇ ਬਿਨਾਂ ਜੀਵ ਕੁਮਲਾ ਜਾਂਦਾ ਹੈ। ਇਸ ਕਰਕੇ ਤੂੰ ਬਾਰੰਬਾਰ ਨਾਮੁ ਸਿਮਰ ਤਾਂ ਜੋ ਤੇਰਾ ਸੁਤਾ ਹੋਇਆ ਮਨ ਜਾਗ ਪਵੇ ਤੇ ਪ੍ਰਭੂ ਮਿਲਾਪ ਦੀ ਚਾਹ ਤੇਰੇ ਅੰਦਰ ਉਪਜੇ । ਇਸ ਲਈ ਹੁਕਮ ਕੀਤਾ ਹੈ :

ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥

ਗਉੜੀ ਸੁਖਮਨੀ ਮਹਲਾ ੫ ॥ ਪੰਨਾ ੨੯੬

ਬਾਰੰਬਾਰ ਨਾਮੁ ਸਿਮਰਨ ਨਾਲ ਮਨ ਤੇ ਤਨ ਦੋਹਾਂ ਨੂੰ ਹੀ ਸੁਖ ਮਿਲੇਗਾ



Digitized by Panjab Digital Library | www.panjabdigilib.org

ਤੇ ਤ੍ਰਿਸ਼ਨਾਂ ਦੀ ਅੱਗ ਠੰਢੀ ਪੈ ਜਾਵੇਗੀ, ਜਿਸ ਨਾਲ ਮਨ ਸੰਤੋਖਿਆ ਜਾਵੇਗਾ ।

ਪਰ ਸਾਡਾ ੨੪ ਘੰਟੇ ਦਾ ਵਾਹ ਇਸ ਕੁਦਰਤ ਨਾਲ ਹੈ । ਸਾਡੇ ਗਿਆਨ ਇੰਦਰੇ ਕੇਵਲ ਦਿਸਦੀਆਂ ਚੀਜ਼ਾਂ ਦਾ ਹੀ ਗਿਆਨ ਦੇ ਸਕਦੇ ਹਨ । ਇਸ ਤੋਂ ਅੱਗੇ ਉਨ੍ਹਾਂ ਦੀ ਪਹੁੰਚ ਨਹੀਂ । ਇਹ ਕੁਦਰਤ, ਜੋ ਕੁਝ ਦਿਸ ਰਿਹਾ ਹੈ, ਮਾਇਆ ਹੈ,ਨਾਸ਼ਮਾਨ ਹੈ । ਪਰ ਸਾਡੇ ਗਿਆਨ ਇੰਦ੍ਰਿਆਂ ਦੀ ਪਹੁੰਚ ਇਸ ਤੋਂ ਅੱਗੇ ਹੈ ਹੀ ਨਹੀਂ । ਇਸ ਲਈ ਉਹ ਕੁਦਰਤ ਨੂੰ ਹੀ ਸੱਚ ਸਮਝ ਲੈਂਦੇ ਹਨ । ਜਿਸਦਾ ਨਤੀਜਾ ਇਹ ਹੋਇਆ ਕਿ ਮਨ ਤੇ ਬੁੱਧੀ ਕੁਦਰਤ ਦੀਆਂ ਰੰਗੀਨੀਆਂ ਵਿਚ ਹੀ ਮਸਤ ਹੋ ਗਏ ਤੇ ਕੁਦਰਤ ਵਿਚੋਂ ਹੀ ਅਨੰਦ ਦੀ ਭਾਲ ਕਰਦੇ ਰਹੇ । ਗੁਰੂ ਮਹਾਰਾਜ ਸਾਨੂੰ ਦਿਸਦੀ ਮਾਇਆ ਤੋਂ ਸੁਚੇਤ ਕਰਦੇ ਹੋਏ ਫਰਮਾਉਂਦੇ ਹਨ :

ਗਉੜੀ ਗੁਆਰੇਰੀ ਮਹਲਾ ੫ ॥

ਬਿਆਪਤ ਹਰਖ ਸੋਗ ਬਿਸਥਾਰ ॥
ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ ਸੋਭਾ ॥
ਮੂਲੁ ਬਿਆਧੀ ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥
ਬਿਆਪਤ ਅਹੰਬੁਧਿ ਕਾ ਮਾਤਾ ॥
ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥
ਬਿਆਪਤ ਹਸਤਿ ਘੋੜੇ ਅਰੁ ਬਸਤਾ ॥
ਬਿਆਪਤ ਰੂਪ ਜੋਬਨ ਮਦ ਮਸਤਾ ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ ॥
ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥
ਪੰਚ ਦੂਤ ਬਿਆਪਤ ਅੰਧਿਆਰ ॥੩॥
ਬਿਆਪਤ ਕਰਮ ਕਰੈ ਹਉ ਫਾਸਾ ॥
ਬਿਆਪਤਿ ਗਿਰਸਤ ਬਿਆਪਤ ਉਦਾਸਾ ॥



Digitized by Panjab Digital Library | www.panjabdigilib.org

ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥
ਸਭ ਕਿਛੁ ਬਿਆਪਤ ਬਿਨੁ ਹਰ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥
ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥
ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥
ਪੰਨਾ ੧੮੧-੧੮੨

ਰਹਾਉ ਦੀ ਤੁਕ ਵਿਚ ਮਹਾਰਾਜ ਦਸਦੇ ਹਨ ਕਿ ਇਸ ਮਾਇਆ ਨੇ ਅਨੇਕਾਂ ਤਰੀਕਿਆਂ ਤੇ ਢੰਗਾਂ ਨਾਲ, ਅਨੇਕਾਂ ਵੇਸਾਂ ਦੁਆਰਾ ਆਪਣਾ ਅਸਰ, ਆਪਣਾ ਗਲਬਾ ਲੋਕਾਂ ਤੇ ਪਾ ਕੇ, ਉਨ੍ਹਾਂ ਨੂੰ ਆਪਣਾ ਗੁਲਾਮ ਬਨਾਇਆ ਹੋਇਆ ਹੈ। ਪਰ ਨਾਮੁ ਸਿਮਰਨ ਵਾਲੇ ਸੰਤ ਜਨ ਪ੍ਰਭੂ ਦੀ ਓਟ ਲੈ ਕੇ ਆਪਣਾ ਜੀਵਨ ਮਾਇਆ ਤੋਂ ਅਲਿਪਤ ਰਹਿ ਕੇ ਬਤੀਤ ਕਰ ਰਹੇ ਹਨ।

ਇਸ ਦੇ ਵਿਆਪਨ ਕਰਕੇ ਹੀ ਕਦੀ ਬੰਦਾ ਖੁਸ਼ੀ ਸਮੇਂ ਟਪਦਾ ਹੈ ਤੇ ਕਦੀ ਸੋਗ ਵੇਲੇ ਰੋਂਦਾ ਹੈ। ਇਸੇ ਦੇ ਭੁਲੇਖੇ ਕਰਕੇ ਹੀ ਬੰਦਾ ਚੰਗੇ ਜਾਂ ਮੰਦੇ ਕਰਮ ਕਰਦਾ ਹੈ, ਜਿਸ ਕਾਰਨ ਮੁੜ ਮੁੜ ਜਨਮ ਲੈਣਾ ਪੈਂਦਾ ਹੈ। ਇਹ ਦਸ਼ਾ ਧਨੀ ਤੇ ਨਿਰਧਨ ਉਤੇ ਇਕ ਸਮਾਨ ਵਿਆਪਦੀ ਹੈ । ਦੋਨੋਂ ਹੀ ਆਪਣੀ ਸ਼ੋਭਾ ਲੋੜਦੇ ਹਨ। ਇਨ੍ਹਾਂ ਨੂੰ ਇਹ ਲੋਭ ਦੇ ਰੂਪ ਵਿਚ ਵਿਆਪਦੀ ਹੈ ਜੋ ਦੁੱਖਾਂ ਦਾ ਮੂਲ ਹੈ। ਇਸ ਦੇ ਵਿਆਪਨ ਦਾ ਸਦਕਾ ਮਨੁੱਖ ਹੰਕਾਰ ਵਿਚ ਮਸਤ ਰਹਿੰਦਾ ਹੈ ਤੇ ਪੁੱਤਰ ਤੇ ਇਸਤਰੀ ਆਦਿ ਦੇ ਮੋਹ ਵਿੱਚੋਂ ਹੀ ਸੁਖ ਦੀ ਭਾਲ ਕਰਦਾ ਹੈ। ਕਦੀ ਹਾਥੀ, ਘੋੜੇ (ਕਾਰ ਆਦਿ) ਤੇ ਚੰਗੇ ਬਸਤਰ ਆਦਿ, ਕਦੀ ਰੂਪ ਤੇ ਜੋਬਨ ਦੇ ਨਸ਼ੇ ਵਿੱਚੋਂ ਸੁਖ ਭਾਲਦਾ ਹੈ। ਜਿੰਮੀਂਦਾਰ, ਗਰੀਬ, ਰੰਗ ਮਾਨਣ ਵਾਲੇ ਪ੍ਰੇਮੀ, ਗੀਤ ਨਾਦ ਸੁਨਣ ਵਾਲੇ, ਸੇਜਾਂ ਮਾਨਣ ਵਾਲੇ, ਸਭ ਮਾਇਆ ਦੇ ਪੰਜਾਂ ਸਰੂਪਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਭਰਮ ਵਿੱਚ ਫਸ ਜਾਂਦੇ ਹਨ । ਇਸ ਮਾਇਆ ਦੇ ਭੋਗਾਂ ਵਿੱਚ ਫਸ ਕੇ ਹੀ ਲੋਕ, ਨਾਮੁ ਨੂੰ ਭੁਲ ਕੇ, ਕਰਮ ਕਾਂਡਾਂ ਦੇ ਚਕੱਰ ਵਿੱਚ ਫਸ ਜਾਂਦੇ ਹਨ। ਚਾਹੇ ਕੋਈ ਗ੍ਰਿਸਤੀ ਹੋਵੇ ਜਾਂ ਉਦਾਸੀ, ਚਾਹੇ ਆਚਾਰ ਵਿਉਹਾਰ



Digitized by Panjab Digital Library | www.panjabdigilib.org

ਵਾਲਾ, ਜਿਹੜੇ ਵੀ ਨਾਮ ਨਹੀਂ ਜਪਦੇ ਉਨ੍ਹਾਂ ਸਭਨਾਂ ਨੂੰ ਇਸ ਮਾਇਆ ਨੇ ਆਪਣਾ ਗੁਲਾਮ ਬਣਾ ਲਿਆ ਹੈ ਤੇ ਆਪਣੇ ਬੰਧਨਾ ਵਿਚ ਪੂਰੀ ਤਰ੍ਹਾਂ ਜਕੜ ਰਖਿਆ ਹੈ। ਨਾਮੁ ਸਿਮਰਨ ਵਾਲਿਆਂ ਦੇ ਬੰਧਨ ਹਰੀ ਨੇ ਕਟ ਦਿਤੇ ਨੇ ਤੇ ਉਨ੍ਹਾਂ ਉਤੇ ਮਾਇਆ ਦਾ ਕੋਈ ਅਸਰ ਨਹੀਂ ਹੁੰਦਾ । ਪਰ ਜਿਨ੍ਹਾਂ ਨੇ ਸਾਧ (ਸਤਿਗੁਰੂ)ਦੀ ਸੰਗਤ ਪਾਈ ਹੈ,ਮਾਇਆ ਉਨ੍ਹਾਂ ਦੇ ਨੇੜੇ ਵੀ ਨਹੀਂ ਆਉਂਦੀ ।

ਮਾਇਆ ਦੇ ਅਧੀਨ ਹੋ ਕੇ ਮਨ ਬੁੱਧੀ ਤੇ ਗਿਆਨ ਇੰਦਰੇ ਅਗਿਆਨਤਾ ਦੀ ਨੀਂਦ ਸੌਂ ਜਾਂਦੇ ਹਨ। ਮਾਇਆ ਨਾਮ ਹੀ ਅਗਿਆਨਤਾ ਦਾ ਹੈ। ਹੁਕਮ ਹੈ :

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗਨਿ੍ ਜਿ ਰਸਨਾ ਨਾਮੁ ਉਚਾਰਣੇ ॥੧੩॥

ਸਲੋਕ ਵਾਰਾਂ ਤੋਂ ਵਧੀਕ ਮਹਲਾ ੫ ॥ ਪੰਨਾ ੧੪੨੫

ਅਸੰਖਾਂ ਲੋਕ ਅਗਿਆਨਤਾ ਦੀ ਨੀਂਦ ਵਿੱਚ ਸੁਤੇ ਹਨ। ਕੇਵਲ ਨਾਮ ਸਿਮਰਨ ਵਾਲੇ ਗੁਰੂ ਗਿਆਨ ਦੇ ਚਾਨਣੇ ਵਿੱਚ ਸੁਖੀ ਜੀਵਨ ਬਤੀਤ ਕਰ ਰਹੇ ਹਨ। ਮਾਇਆ ਨੇ ਜਿਸ ਢੰਗ ਨਾਲ ਸਾਨੂੰ ਗੁਲਾਮ ਕੀਤਾ ਹੋਇਆ ਹੈ ਉਸ ਬਾਰੇ ਮਹਾਰਾਜ ਦੱਸਦੇ ਹਨ ਕਿ :

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥
ਉਨ ਤੇ ਰਾਖੈ ਮੀਤੁ ਨ ਭਾਈ ॥



Digitized by Panjab Digital Library | www.panjabdigilib.org

ਦਰਬਿ ਸਿਆਣਪ ਨਾ ਓਇ ਰਹਤੇ ॥
ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥
ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥
ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੮੯॥
ਗਉੜੀ ਗੁਆਰੇਰੀ ਮਹਲਾ ੫ ॥ ਪੰਨਾ ੧੮੨

ਜਿਹੜੇ ਗਿਆਨ ਇੰਦਰੇ ਸਾਨੂੰ ਕੁਦਰਤ ਦਾ ਗਿਆਨ ਦੇਣ ਵਿਚ ਸਮਰਥ ਨੇ ਉਹ ਲਾਲਚ ਵਿਚ ਆ ਕੇ ਆਪ ਹੀ ਸੌਂ ਗਏ ਹਨ। ਅੱਖਾਂ ਮਨ ਵਿਚ ਵਿਕਾਰ ਰਖ ਕੇ ਪਰਾਈਆਂ ਵਸਤਾਂ ਵਲ ਲਾਲਚ ਦੀ ਨਜ਼ਰ ਨਾਲ ਦੇਖਦੀਆਂ ਹਨ। ਕੰਨ ਪਰਾਈ ਨਿੰਦਾਂ ਸੁਣ ਕੇ ਆਪਣੀ ਹਉਂ ਵਧਾ ਰਹੇ ਹਨ। ਜੀਭ ਚੰਗੇ ਭੋਜਨਾਂ ਦੇ ਲਾਲਚ ਵਿਚ ਮਸਤ ਹੈ। ਜਦ ਗਿਆਨ ਇੰਦਰੇ ਮਨ ਨੂੰ ਪਦਾਰਥਾਂ ਵਿਚੋਂ ਸੁਖ ਲਭਣ ਲਈ ਪ੍ਰੇਰਦੇ ਹਨ ਤਾਂ ਮਨ ਵੀ ਮਾਇਆ ਦੇ ਨਸ਼ੇ ਵਿਚ ਸੌਂ ਜਾਂਦਾ ਹੈ। ਜੇ ਕੋਈ ਜੀਵ ਇਨ੍ਹਾਂ ਲਾਲਚਾਂ ਵਿੱਚੋਂ ਬਚ ਕੇ ਜਾਗਦਾ ਰਹੇ ਤਾਂ ਉਹ ਅਕਾਲ ਪੁਰਖ ਨੂੰ ਪਾ ਸਕਦਾ ਹੈ। ਪਰ ਸਾਰੇ ਇੰਦਰੇ ਆਪਣੇ ਆਪਣੇ ਲਾਲਚ ਵਿਚ ਮਸਤ ਹੋ ਕੇ ਸੌਂ ਗਏ ਹਨ। ਉਨ੍ਹਾਂ ਨੂੰ ਆਪਣੇ ਘਰ ਦੀ ਕੋਈ ਖਬਰ ਨਹੀਂ। ਇਸ ਤਰ੍ਹਾਂ ਪੰਜ ਚੋਰ (ਕਾਮ, ਕਰੋਧ ਆਦਿ) ਸੁੰਞਾ ਨਗਰ ਦੇਖਕੇ ਸਾਡੇ ਆਚਰਣ ਨੂੰ ਲੁਟ ਰਹੇ ਹਨ। ਉਨ੍ਹਾਂ ਤੋਂ ਸਾਨੂੰ ਨਾ ਮਾਂ ਬਾਪ ਤੇ ਨਾ ਹੀ ਮਿੱਤਰ ਜਾਂ ਭਰਾ ਆਦਿ ਹੀ ਬਚਾ ਸਕਦੇ ਹਨ। ਜੇ ਅਸੀਂ ਆਪਣੀ ਸਿਆਣਪ ਨਾਲ ਚਾਹੀਏ ਕਿ ਪੈਸੇ ਖਰਚ ਕੇ ਪੁਨ ਖਰੀਦ ਲਈਏ, ਤਾਂ ਇਹ ਭੁਲੇਖਾ ਹੈ। ਅਖੰਡ ਪਾਠ ਰਖਵਾ ਕੇ ਜਾਂ ਤੀਰਥ ਭ੍ਰਮਣ ਕਰ ਕੇ ਵੀ ਅਸੀਂ ਨਹੀਂ ਬਚ ਸਕਦੇ। ਬਚਾਉ ਦਾ ਰਸਤਾ ਇਕੋ ਇਕ ਹੈ। ਉਹ ਹੈ ਸਾਧ (ਸਤਿਗੁਰੂ)ਦੀ ਸੰਗਤ। ਇਸ ਲਈ ਮਹਾਰਾਜ ਕਹਿੰਦੇ ਹਨ ਕਿ ਹੇ ਪ੍ਰਭੂ ! ਕਿਰਪਾ ਕਰਕੇ ਮੈਨੂੰ ਸਾਧ ਸੰਗਤ (ਸੰਤਨ ਧੂਰਿ) ਬਖਸ਼ੋ ਜੋ ਸਭ ਤੋਂ ਸ੍ਰੇਸ਼ਟ ਖਜ਼ਾਨਾ ਹੈ। ਸਤਿਗੁਰੂ ਦਾ ਸੰਗ ਕਰਕੇ ਹੀ ਨਾਮ ਦੀ ਪੂੰਜੀ ਸਾਬਤ ਰਹਿ



Digitized by Panjab Digital Library | www.panjabdigilib.org

ਸਕਦੀ ਹੈ । ਗੁਰੂ ਮਹਾਰਾਜ ਦਸਦੇ ਨੇ ਕਿ ਅਸੀਂ ਜਾਗੇ ਹਾਂ ਪਾਰਬਹਮ ਦੇ ਰੰਗ (ਪ੍ਰੇਮ) ਵਿਚ । ਪਾਰਬ੍ਰਹਮ ਦੇ ਰੰਗ ਵਿਚ ਕੇਵਲ ਉਹੀ ਜਾਗਦਾ ਹੈ ਜਿਸ ਉਤੇ ਪ੍ਰਭੂ ਕਿਰਪਾਲੂ ਹੋ ਜਾਵੇ । ਤਦ ਉਸ ਦੀ ਨਾਮ ਦੀ ਪੂੰਜੀ ਸਾਬਤ ਰਹਿੰਦੀ ਹੈ, ਪੰਜ ਚੋਰ ਉਸ ਨੂੰ ਠੱਗ ਨਹੀਂ ਸਕਦੇ ।

ਅਸੀ ਮਾਇਆ ਦੇ ਭੁਲੇਖੇ ਵਿਚ ਪੈ ਕੇ ਪਦਾਰਥਾਂ ਵਿਚੋਂ ਸੁਖ ਢੂੰਡਦੇ ਹਾਂ । ਉਨ੍ਹਾਂ ਦੇ ਕੌੜੇ ਸਵਾਦ ਵੀ ਨਾਲ ਹੀ ਚਖਣੇ ਪੈਂਦੇ ਹਨ । ਜੇ ਅਸੀ ਇਹ ਚਾਹੀਏ ਕਿ ਅਸੀ ਆਪਣੀ ਕੋਠੀ ਤੋਂ ਹੀ ਕਾਰ ਵਿਚ ਬੈਠਕੇ ਜੋ ਕੰਮ ਕਰਨਾ ਹੈ ਉਹ ਕਰਕੇ ਫੇਰ ਵਾਪਸ ਕੋਠੀ ਵਿਚ ਆ ਕੇ ਕਾਰ ਤੋਂ ਉਤਰੀਏ ਤਾਂ ਕੁਝ ਸਮੇਂ ਪਿਛੋਂ ਹੀ ਸਾਡੀਆਂ ਲੱਤਾਂ ਸੌਂ ਜਾਣਗੀਆਂ । ਇਸ ਤਰ੍ਹਾਂ ਹੀ ਜੇ ਅਸੀ ਇਹ ਸਮਝੀਏ ਕਿ ਕੰਮ ਨਾ ਕਰਨ ਨਾਲ ਸਰੀਰ ਨੂੰ ਸੁਖ ਪਹੁੰਚਦਾ ਹੈ ਤੇ ਹੱਥਾਂ ਤੋਂ ਵੀ ਕੰਮ ਲੈਣਾ ਬੰਦ ਕਰ ਦੇਈਏ ਤਾਂ ਹੱਥਾਂ ਦਾ ਵੀ ਇਹੀ ਹਾਲ ਹੋਵੇਗਾ । ਝੂਠਾ ਸੁਖ ਲੈਣ ਤੋਂ ਵੀ ਵੱਧ ਇਕ ਹੋਰ ਚੀਜ਼ ਸਾਡੀ ਦੁਸ਼ਮਨ ਹੈ, ਉਹ ਹੈ ਲੋਕ ਦਿਖਾਵਾ । ਲੋਕ ਦਿਖਾਵੇ ਲਈ ਅਸੀ ਉਹ ਕੰਮ ਵੀ ਕਰਨ ਨੂੰ ਤਿਆਰ ਹਾਂ ਜਿਹੜੇ ਸਾਡੀ ਵਿਤ ਤੋਂ ਬਾਹਰ ਨੇ, ਚਾਹੇ ਉਧਾਰ ਚੁੱਕ ਕੇ ਹੀ ਕਰੀਏ । ਬਰਾਦਰੀ ਵਿਚ ਨਾਮਨਾ ਜ਼ਰੂਰ ਖੱਟਨਾ ਹੈ । ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਚਿੰਤਾ, ਤੌਖਲੇ ਤੇ ਦਿਲ ਦੀਆਂ ਬੀਮਾਰੀਆਂ ਆ ਦਬੋਚ੍ਹਦੀਆਂ ਹਨ ।

ਮਹਾਰਾਜ ਫਰਮਾਉਂਦੇ ਨੇ ਕਿ :

ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁਹੋਇ ॥ ਪੰਨਾ ੯੩੨

ਸਾਰੀ ਦੁਨੀਆਂ ਨਾਮੁ ਨੂੰ ਵਿਸਾਰ ਕੇ ਮਾਇਆ ਦੀ ਗੁਲਾਮੀ ਵਿਚ ਜਕੜੀ ਪਈ ਹੈ ਤੇ ਚਿੰਤਿਤ ਹੈ । ਜੇ ਉਹ ਲਾਲਚ ਤੇ ਲੋਕ ਲਾਜ ਛੱਡ ਕੇ ਏਕੁ (ਹਰੀ) ਨੂੰ ਚੇਤੇ ਵਿੱਚ ਵਸਾ ਲਵੇ, ਤਾਂ ਮਾਇਆ ਦੇ ਮੋਹ ਜਾਲ ਤੋਂ ਖਲਾਸੀ ਹੋ ਜਾਵੇਗੀ ਤੇ ਸੁਖ ਭੋਗੇਗੀ । ਮਹਾਰਾਜ ਇਕ ਗੱਲ ਹੋਰ ਦਸੱਦੇ ਨੇ ਕਿ :

ਆਨ ਰਸਾ ਜੇਤੇ ਤੈ ਚਾਖੇ ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ । ਹਰਿ ਰਸ ਕਾ ਤੂੰ ਚਾਖਹਿ ਸਾਦੁ॥
ਚਾਖਤ ਹੋਇ ਰਹਹਿ ਬਿਸਮਾਦੁ ॥੧॥



Digitized by Panjab Digital Library | www.panjabdigilib.org

ਅੰਮ੍ਰਿਤੁ ਰਸਨਾ ਪੀਉ ਪਿਆਰੀ ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ਰਹਾਉ ॥

ਗਉੜੀ ਗੁਆਰੇਰੀ ਮਹਲਾ ੫ ॥ ਪੰਨਾ ੧੮੦

ਤ੍ਰਿਸ਼ਨਾ ਤੇ ਲੋਭ ਦੇ ਅਧੀਨ ਹੋ ਕੇ ਹੀ ਅਸੀਂ ਪਦਾਰਥਾਂ ਦੇ ਭੋਗਾਂ ਵਿਚੋਂ ਸੁਖ ਲਭਦੇ ਹਾਂ, ਪਰ ਰੱਜ ਨਹੀਂ ਸਕਦੇ । ਜਿਸ ਨੂੰ ਅਸੀ ਸੁਖ ਸਮਝਦੇ ਹਾਂ ਉਹ ਵੀ ਥੋੜੇ ਸਮੇਂ ਦਾ ਹੀ ਹੁੰਦਾ ਹੈ । ਇਸੇ ਲਈ ਮਹਾਰਾਜ ਦਸਦੇ ਨੇ ਕਿ ਜਿਨ੍ਹਾਂ ਕੌੜੇ ਸੁਆਦਾਂ ਨੂੰ ਤੂੰ ਰਸ ਸਮਝ ਕੇ ਚਖ ਰਿਹਾ ਹੈਂ, ਇਨ੍ਹਾਂ ਨਾਲ ਤੇਰੀ ਤ੍ਰਿਪਤੀ ਨਹੀਂ ਹੋ ਸਕਦੀ । ਜੇ ਤੂੰ ਇਨ੍ਹਾਂ ਫੋਕੇ ਰਸਾਂ ਤੋਂ ਉਪਰਾਮ ਹੋ ਕੇ ਹਰੀ ਰਸ ਨੂੰ ਚਖੇਂ ਤਾਂ ਚਖਦਿਆਂ ਹੀ ਵਜਦ ਵਿਚ ਆ ਜਾਵੇਂਗਾ । ਇਸੇ ਕਰਕੇ ਹੁਕਮ ਕਰਦੇ ਨੇ ਕਿ ਹੇ ਪਿਆਰੀ ਰਸਨਾ ! ਤੂੰ ਨਾਮੁ ਅੰਮ੍ਰਿਤੁ ਪੀ । ਵਿਕਾਰਾਂ ਵਾਲਾ ਰਸਤਾ (ਕੁਵਾਟੜੀ) ਛਡ ਕੇ ਸਿਮਰਨ ਵਾਲਾ ਰਸਤਾ ਅਪਣਾਅ । ਨਾਮੁ ਰੰਗ ਵਿੱਚ ਰੰਗੀ ਜਾਣ ਨਾਲ ਤੈਨੂੰ ਰੱਜ ਆ ਜਾਵੇਗਾ । ਤ੍ਰਿਸ਼ਨਾ ਤੈਨੂੰ ਨਹੀਂ ਸਤਾਏਗੀ । ਇਸ ਬਾਰੇ ਭਗਤ ਕਬੀਰ ਜੀ ਭੀ ਹੁਕਮ ਕਰਦੇ ਹਨ :

ਰਾਰਾ ਰਸੁ ਨਿਰਸ ਕਰਿ ਜਾਨਿਆ ॥
ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹੁ ਰਸੁ ਨਹੀਂ ਭਾਵਾ ॥੩੫॥
ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥
ਤਾ ਕਾਰਣ ਬਿਆਪੈ ਬਹੁ ਸੋਗੁ ॥
ਲਖਿਮੀ ਬਰ ਸਿਉ ਜਉ ਲਿਉ ਲਾਵੈ ॥
ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥

ਰਾਗ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉਕੀ ॥ ਪੰਨਾ ੩੪੨-੩੪੩

ਭਗਤ ਕਬੀਰ ਜੀ ਦਸਦੇ ਨੇ ਕਿ ਅਸਾਂ ਦੁਨੀਆਂ ਦੇ ਰਸਾਂ ਨੂੰ ਨਿਰਸ (ਰਸ ਹੀਣ ਜਾਂ ਫੋਕੇ ਰਸ) ਕਰਕੇ ਜਾਣਿਆ ਹੈ । ਜਦੋਂ ਦੁਨੀਆਂ ਦੇ ਫੋਕੇ ਰਸਾਂ ਤੋਂ ਉਪਰਾਮ ਹੋ ਗਏ ਤਾਂ ਉਹ ਰਸ (ਹਰੀ ਰਸ) ਦੀ ਸੋਝੀ ਹੋ ਗਈ । ਇਹ ਫੋਕੇ ਰਸ ਛੱਡੇ ਤਾਂ ਉਹ ਹਰੀ ਰਸ (ਨਾਮ ਸਿਮਰਨ ਵਿਚ ਰਸ) ਆਉਣ ਲਗਾ ।



Digitized by Panjab Digital Library | www.panjabdigilib.org

ਜਦ ਤੋਂ ਅਸੀਂ ਹਰੀ ਰਸ ਪੀ ਰਹੇ ਹਾਂ, ਸਾਨੂੰ ਦੁਨੀਆਂ ਦੇ ਰਸ ਚੰਗੇ ਨਹੀਂ ਲਗਦੇ । ਫੇਰ ਦਸਦੇ ਨੇ ਕਿ ਦੁਨੀਆਂ ਦੇ ਸਾਰੇ ਹੀ ਲੋਗ, ਇਸ ਭੁਲੇਖੇ ਵਿਚ ਕਿ ਅਸੀਂ ਮਾਇਆ ਨਾਲ ਸੁਖਾਂ ਨੂੰ ਖਰੀਦ ਲਵਾਂਗੇ, ਮਾਇਆ ਦੇ ਪਿਛੇ ਲਿੰਉ ਲਿੰਉ ਕਰਦੇ ਫਿਰਦੇ ਹਨ । ਪਰ ਮਾਇਆ ਤਾਂ ਰੋਗਾਂ ਦਾ ਕਾਰਨ ਹੈ । ਕੁਦਰਤੀ ਜੀਵਨ ਛੱਡ ਕੇ ਮਾਇਕ ਪਦਾਰਥਾਂ ਦੇ ਆਸਰੇ ਬਣਾਵਟੀ ਜੀਵਨ ਬਤੀਤ ਕਰਨ ਨਾਲ ਥੋੜੇ ਸਮੇਂ ਲਈ ਫੋਕਾ ਸੁਖ ਜ਼ਰੂਰ ਮਿਲ ਜਾਵੇਗਾ, ਪਰ ਉਸਦਾ ਸਿਟਾ ਰੋਗ ਪਲੇ ਪੈ ਜਾਣਗੇ । ਇਸੇ ਲਈ ਭਗਤ ਜੀ ਦਸਦੇ ਹਨ ਕਿ ਹੇ ਭਾਈ ! ਜਿਸ ਲਖਮੀ ਦੇ ਪਿਛੇ ਤੂੰ ਦੌੜ ਰਿਹਾ ਹੈਂ, ਜੇ ਉਸਦੇ ਪਤੀ (ਅਕਾਲ-ਪੁਰਖ) ਨਾਲ ਲਿਵ ਲਾਵੇਂ ਤੇ ਬਨਾਵਟੀ ਜੀਵਨ ਛੱਡ ਕੇ ਕੁਦਰਤੀ ਜੀਵਨ ਜੀਵੇਂ, ਤਾਂ ਤੇਰੇ ਸਾਰੇ ਸੋਗ ਮਿਟ ਜਾਣਗੇ ਤੇ ਤੂੰ ਸੁਖ ਪਾਵੇਂਗਾ ।

ਇਨ੍ਹਾਂ ਦੁਨੀਆਂ ਦ ਰਸਾਂ ਨੂੰ ਬਹੁਤੇ ਧਰਮਾਂ ਨੇ ਛੱਡਣ ਤੇ ਜ਼ੋਰ ਦਿੱਤਾ ਹੈ । ਉਹ ਨਾਲ ਇਹ ਵੀ ਕਹਿੰਦੇ ਹਨ ਕਿ ਜੇ ਤੁਸੀਂ ਇਨ੍ਹਾਂ ਰਸਾਂ ਨੂੰ ਇਸ ਦੁਨੀਆਂ ਵਿਚ ਨਾ ਵਰਤੋਗੇ ਤਾਂ ਬਹਿਸ਼ਤ ਵਿਚ ਜਾਂ ਸਵਰਗ ਵਿਚ ਇਹੀ ਚੀਜ਼ਾਂ ਤੁਹਾਨੂੰ ਜਿੰਨੀਆਂ ਚਾਹੋਗੇ ਮਿਲਣਗੀਆਂ । ਇਸਦਾ ਮਤਲਬ ਇਹ ਹੋਇਆ ਕਿ ਜਿਹੜੀਆਂ ਚੀਜ਼ਾਂ ਇਸ ਦੁਨੀਆਂ ਵਿਚ ਬੁਰੀਆਂ ਨੇ ਉਹ ਅਗਲੀ ਦੁਨੀਆਂ ਵਿਚ ਚੰਗੀਆਂ ਨੇ । ਪਰ ਗੁਰੂ ਮਹਾਰਾਜ ਇਨ੍ਹਾਂ ਕੁਰਸਾਂ ਤੋਂ ਸਾਨੂੰ ਇਸ ਲਈ ਵਰਜਦੇ ਨੇ ਕਿ ਇਹ ਕੁਰਸ ਸਾਡੇ ਵਿਚ ਰੋਗ ਪੈਦਾ ਕਰਦੇ ਹਨ । ਜਿਹੜੀ ਚੀਜ਼ ਚੰਗੀ ਲਗੇਗੀ ਉਹ ਬਹੁਤੀ ਵਰਤੀ ਜਾਵੇਗੀ । ਇਸ ਕਾਰਨ ਉਹ ਹਾਨੀ-ਕਾਰਕ ਹੋਵੇਗੀ । ਇਨ੍ਹਾਂ ਰਸਾਂ ਵਿਚ ਗਲਤਾਨ ਹੋਣ ਕਾਰਨ ਪ੍ਰਭੂ ਦੀ ਯਾਦ ਤੋਂ ਦੂਰ ਚਲੇ ਜਾਵਾਂਗੇ । ਨਾਮ ਸਿਮਰਨ, ਜੋ ਅੰਮ੍ਰਿਤੁ ਰਸ ਹੈ, ਉਸ ਤੋਂ ਦੂਰ ਹੁੰਦੇ ਜਾਵਾਂਗੇ ਤੇ ਪ੍ਰਭੂ ਮਿਲਾਪ ਵਾਲੇ ਰਸਤੇ ਤੇ ਨਹੀਂ ਟੁਰ ਸਕਾਂਗੇ । ਮਹਾਰਾਜ ਸਾਨੂੰ ਉਪਦੇਸ਼ ਕਰਦੇ ਨੇ ਕਿ :

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਆਸਾ ਮਹਲਾ ੫ ॥ ਪੰਨਾ ੧੨



Digitized by Panjab Digital Library | www.panjabdigilib.org

ਹੇ ਜੀਵ ! ਤੈਨੂੰ ਮਨੁਖਾ ਦੇਹੀ ਦੀ ਪ੍ਰਾਪਤੀ ਹੋਈ ਹੈ। ਇਹ ਜੋ ਤੈਨੂੰ ਵਾਰੀ ਮਿਲੀ ਹੈ, ਜੇ ਤੂੰ ਚਾਹੇਂ ਤੇ ਉਸ ਲਈ ਉਦਮ ਕਰੇਂ ਤਾ ਤੇਰਾ ਗੋਬਿੰਦ ਨਾਲ ਮਿਲਾਪ ਹੋ ਸਕਦਾ ਹੈ ।

ਸਤਿਗੁਰ ਮਤਿ ਦਾ ਇਹ ਉਪਦੇਸ਼ ਹੈ ਕਿ ਜਿਉਂਦਿਆਂ ਜੀਅ ਹੀ ਅਕਾਲ ਪੁਰਖ ਦਾ ਮਿਲਾਪ ਹੋ ਸਕਦਾ ਹੈ। ਮਰਨ ਤੋਂ ਪਿਛੋਂ ਮਿਲਾਪ ਵਾਲੀ ਗਲ ਗੁਰਮਤਿ ਵਿਚ ਪ੍ਰਵਾਨ ਨਹੀਂ।

ਸਨਾਤਨ ਧਰਮ ਵਿਚ ਤਾਂ ਮਰਨ ਤੋਂ ਪਿਛੋਂ ਹੀ ਮਰਨ ਵਾਲੇ ਦੀ ਸਦਗਤੀ ਦੇ ਉਪਾਉ ਕੀਤੇ ਜਾਂਦੇ ਹਨ। ਉਥੇ ਵੀ ਬਾਜ਼ੀ ਉਹੀ ਮਾਰਦਾ ਹੈ ਜੋ ਮਰਨ ਲਗਿਆਂ ਚੰਗਾ ਧਨ ਛੱਡ ਜਾਵੇ ਤੇ ਉਸਦੇ ਪੁਤੱਰ ਮੰਜੇ ਬਿਸਤਰੇ ਤੇ ਭਾਂਤ ਭਾਂਤ ਦੇ ਖਾਣੇ ਆਦਿ ਬ੍ਰਾਹਮਣਾਂ ਨੂੰ ਦਾਨ ਦੇ ਸਕਣ ਤੇ ਹੋਰ ਅਨੇਕਾਂ ਪ੍ਰਕਾਰ ਦੇ ਪੁਨਹ ਕ੍ਰਮ ਕਰਵਾ ਸਕਣ। ਗਰੀਬ ਆਦਮੀ ਭਾਵੇਂ ਕਿੰਨਾ ਹੀ ਸੱਚਾ ਤੇ ਧਰਮੀ ਹੋਵੇ ਜੇ ਉਸਦੇ ਪਿਛਲੇ ਧਨ ਨਹੀਂ ਖਰਚ ਸਕਦੇ ਤਾਂ ਉਸਦੀ ਸਦਗਤੀ ਨਹੀਂ ਹੋ ਸਕਦੀ।

ਪਰ ਮਹਾਰਾਜ ਫਰਮਾਉਂਦੇ ਹਨ :

ਨਾਨਕ ਉਧਰੇ ਨਾਮ ਪੁਨਹਚਾਰ ॥
ਅਵਰਿ ਕਰਮ ਲੋਕਹਿ ਪਤੀਆਰ ॥੪॥੧੨॥੨੫॥ ਪੰਨਾ ੧੧੪੨

ਜਿਨ੍ਹਾਂ ਨੇ ਨਾਮ ਸਿਮਰਨ ਵਾਲਾ ਰਸਤਾ ਅਪਣਾਇਆ ਹੈ ਉਨ੍ਹਾਂ ਦਾ ਉਧਾਰ ਹੋ ਗਿਆ। ਨਾਮ ਸਿਮਰਨ ਹੀ ਇਕੋ ਇਕ ਅਜਿਹਾ ਕਰਮ ਹੈ ਜਿਹੜਾ ਜਿਉਂਦਿਆਂ ਜੀਅ ਤੇ ਮਰਨ ਮਗਰੋਂ ਸਾਡੇ ਕੰਮ ਆਵੇਗਾ। ਬਾਕੀ ਦੇ ਜੋ ਵੀ ਕਰਮ ਮੌਤ ਮਗਰੋਂ ਕ੍ਰੀਤੇ ਜਾਂਦੇ ਨੇ ਉਹ ਸਿਰਫ਼ ਲੋਕ ਦਿਖਾਵੇ ਮਾਤਰ ਹੀ ਹਨ। ਮਰਨ ਵਾਲੇ ਨੂੰ ਉਨ੍ਹਾਂ ਦਾ ਕੋਈ ਲਾਭ ਨਹੀਂ।

ਅਨਿਕ ਪੁਨਹ ਚਰਨ ਕਰਤ ਨਹੀਂ ਤਰੈ ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
ਗਉੜੀ ਸੁਖਮਨੀ ਮਹਲਾ ੫ ॥ ਪੰਨਾ ੨੬੪

ਨਾਮ ਸਿਮਰਨ ਤੋਂ ਬਿਨਾ ਜੋ ਵੀ ਪ੍ਰਾਸਚਿਤ ਦੇ ਕਰਮ ਕਰ ਲਵੋ ਤੁਹਾਡਾ ਭਲਾ ਨਹੀਂ ਹੋ ਸਕਦਾ। ਪਰ ਨਾਮੁ ਸਿਮਰਨ ਸਾਰੇ ਕੀਤੇ ਪਾਪਾਂ ਦਾ ਨਾਸ ਕਰ ਦੇਂਦਾ ਹੈ।



Digitized by Panjab Digital Library | www.panjabdigilib.org

ਇਸ ਲਈ ਹੁਕਮ ਹੈ :

ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥
ਨ ਜਲੁ ਲੇਫ ਤੁਲਾਈਆ ਨ ਭੋਜਨ ਪਰਕਾਰੋਵਾ ॥
ਭੋਜਨ ਭਾਉ ਨ ਠੰਡਾ ਪਾਣੀ ਨ ਕਾਪੜੁ ਸੀਗਾਰੋ ॥
ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥
ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥
ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਇਹੁ ਬੀਚਾਰੋ ॥੩॥

ਵਡਹੰਸੁ ਮਹਲਾ ੧ ॥ ਪੰਨਾ ੫੮੧

ਮਨਮੁਖਾਂ ਲਈ ਮੌਤ ਦੇ ਮਗਰੋਂ ਦਾ ਮਾਰਗ ਉਜਾੜ ਤੇ ਘੁੱਪ ਹਨੇਰੇ ਵਾਲਾ ਹੈ, ਰਾਹ ਨਹੀਂ ਸੁਝਦਾ । ਮਰਨ ਪਿਛੋਂ ਜੋ ਲੇਫ-ਤੁਲਾਈਆ, ਕਈ ਪ੍ਰਕਾਰ ਦੇ ਭੋਜਨ ਤੇ ਜਲ ਵੰਡੇ ਜਾ ਰਹੇ ਨੇ ਉਹ ਮਰਨ ਵਾਲੇ ਦਾ ਕੁਝ ਨਹੀਂ ਸਵਾਰਨਗੇ । ਨ ਤਾਂ ਭੋਜਨ, ਨ ਠੰਡਾ ਪਾਣੀ ਤੇ ਕਪੜੇ ਤੇ ਹੋਰ ਸਿੰਗਾਰ ਆਦਿ ਦਾ ਸਾਮਾਨ । ਇਹ ਸਭ ਕੁਝ ਕੇਵਲ ਲੋਕ ਦਿਖਾਵਾ ਹੈ । ਮਰਨ ਵਾਲੇ ਨੂੰ ਇਸ ਦਾ ਕੋਈ ਲਾਭ ਨਹੀਂ ਪੁਜੇਗਾ । ਜਿਨ੍ਹਾਂ ਨੇ ਨਾਮ ਨਹੀਂ ਬੀਜਿਆ, ਉਨ੍ਹਾਂ ਦੇ ਗਲ ਵਿਚ ਤਾਂ ਗੁਨਾਹਾਂ ਦੇ ਸੰਗਲ ਹੋਣਗੇ ਤੇ ਮਾਰ ਪਵੇਗੀ । ਸਿਰ ਲੁਕਾਣ ਦੀ ਥਾਂ ਨਹੀਂ ਮਿਲੇਗੀ । ਐਸੇ ਸਮੇਂ ਜੇ ਮਰਨ ਵਾਲਾ ਚਾਹੇ ਵੀ ਕਿ ਹੁਣ ਹੀ ਨਾਮ ਜਪਾਂ ਤਾਂ ਇਹ ਸੰਭਵ ਨਹੀਂ ਕਿਉਂਕਿ ਉਸ ਕੋਲ ਮਨੁਖਾ ਦੇਹੀ ਨਹੀਂ ਇਸ ਕਾਰਨ ਨਾ ਉਹ ਨਾਮ ਜਪ ਸਕਦਾ ਹੈ ਤੇ ਨਾ ਹੀ ਨਾਮ-ਜਪ ਫਲ ਦੇ ਸਕਦਾ ਹੈ । ਉਸ ਵੇਲੇ ਸਿਰ ਉਤੇ ਪਾਪਾਂ ਦੀ ਪੰਡ ਚੁਕੀ ਹੁੰਦੀ ਹੈ ਤੇ ਬੰਦਾ ਪਛਤਾਉਂਦਾ ਹੈ ਕਿ ਜਿਸ ਵੇਲੇ ਵਕਤ ਸੀ ਉਸ ਵੇਲੇ ਮੈਂ ਵਿਕਾਰਾਂ ਵਿਚ ਆਪਣਾ ਅਨਮੋਲ ਜੀਵਨ ਗੁਵਾ ਲਿਆ । ਹੁਣ ਮਰਨ ਪਿਛੋਂ ਕੋਈ ਵੀ ਕੀਤਾ ਕਰਮ ਮੇਰੇ ਕੰਮ ਨਹੀਂ ਆ ਸਕਦਾ । ਮਹਾਰਾਜ ਦਸਦੇ ਨੇ ਕਿ ਭਾਈ, ਅਕਾਲ ਪੁਰਖ ਤੋਂ ਬਿਨ੍ਹਾਂ ਤੇਰਾ ਕੋਈ ਬੇਲੀ ਨਹੀਂ, ਇਹੀ ਸੱਚਾ ਵਿਚਾਰ ਹੈ । ਇਸ ਲਈ ਤੈਨੂੰ ਉਸ ਨਾਲ ਹੀ ਪਿਆਰ ਪਾਉਣਾ ਚਾਹੀਦਾ ਹੈ ਤਾਂ ਜੋ ਅੰਤ ਵੇਲੇ ਤੈਨੂੰ ਪਛਤਾਉਣਾ ਨਾ ਪਵੇ ਤੇ ਮਨੁਖਾ ਜਨਮ ਬਿਰਥਾ ਨ ਚਲਾ ਜਾਵੇ ।

ਸਾਡੇ ਵਿਚ ਹੁਣ ਕੁਝ ਅਣਗਹਿਲੀ ਆ ਗਈ ਹੈ । ਗੁਰਮਤਿ ਦਾ ਪਰਚਾਰ



Digitized by Panjab Digital Library | www.panjabdigilib.org

ਘਟ ਰਿਹਾ ਹੈ ਤੇ ਜੋ ਲੋਕ ਕਰਮ ਕਾਂਡ ਤੇ ਬ੍ਰਾਹਮਣੀ ਮਤ ਨੂੰ ਗੁਰਮਤਿ ਵਿਚ ਰਲਾਉਣਾ ਚਾਹੁੰਦੇ ਨੇ, ਸਟੇਜ ਉਨ੍ਹਾਂ ਦੇ ਕੋਲ ਹੈ। ਅਜਿਹਾ ਪਰਚਾਰ ਆਮ ਹੋ ਰਿਹਾ ਹੈ ਕਿ ਸਾਰੀ ਉਮਰ ਜੋ ਮਰਜ਼ੀ ਕਰਦੇ ਰਹੋ ਜੇ ਮਰਨ ਮਗਰੋਂ ਅਖੰਡ ਪਾਠ ਰਖਵਾ ਕੇ ਗੁਰੂ ਚਰਨਾਂ ਵਿਚ ਨਿਵਾਸ ਦੀ ਅਰਦਾਸ ਕਰਵਾ ਲਵੋ ਤਾਂ ਮਰਨ ਵਾਲੇ ਨੂੰ "ਗੁਰੂ ਚਰਨਾਂ ਵਿਚ ਨਿਵਾਸ" ਜ਼ਰੂਰ ਮਿਲ ਜਾਵੇਗਾ। ਇਸ ਦਾ ਮਤਲਬ ਸਾਫ ਹੈ ਕਿ ਜੋ ਆਦਮੀ ਅਖੰਡ ਪਾਠ ਜਾਂ ਸਹਿਜ ਪਾਠ ਰਖਵਾ ਸਕਦਾ ਹੈ ਤੇ ਕੀਰਤਨ ਲਈ ਮਾਇਆ ਅਰਦਾਸ ਕਰਵਾ ਸਕਦਾ ਹੈ, ਉਸੇ ਨੂੰ ਹੀ ਗੁਰੂ ਚਰਨਾਂ ਵਿਚ ਨਿਵਾਸ ਮਿਲੇਗਾ। ਜੋ ਗਰੀਬ ਆਦਮੀ ਹੈ ਤੇ ਉਸਦੀ ਇੰਨਾ ਅਡੰਬਰ ਰਚਨ ਦੀ ਸਮਰਥਾ ਨਹੀਂ, ਉਸ ਨੂੰ ਗੁਰੂ ਚਰਨਾਂ ਵਿਚ ਨਿਵਾਸ ਨਹੀਂ ਮਿਲੇਗਾ। ਮਤਲਬ ਇਹ ਹੈ ਕਿ ਜੋ ਲੋਕ ਹੇਰਾ ਫੇਰੀ ਕਰਕੇ ਧਨ ਇਕੱਠਾ ਕਰਦੇ ਨੇ, ਉਨ੍ਹਾਂ ਲਈ ਮੈਦਾਨ ਸਾਫ਼ ਹੈ ਤੇ ਜੋ ਲੋਗ ਨਾਮੁ ਜਪਦੇ ਨੇ, ਵੰਡ ਕੇ ਛਕਦੇ ਨੇ,ਧਰਮ ਦੀ ਕਿਰਤ ਕਰਕੇ ਮਸਾਂ ਆਪਣਾ ਗੁਜ਼ਾਰਾ ਹੀ ਕਰਦੇ ਨੇ, ਉਨ੍ਹਾਂ ਲਈ ਗੁਰ ਚਰਨਾਂ ਵਿਚ ਕੋਈ ਸਥਾਨ ਨਹੀਂ।

ਕੁਝ ਲੋਕ ਮਰਨ ਵਾਲੇ ਦੀ ਬਰਸੀ ਵਾਲੇ ਦਿਨ ਸਹਿਜ ਪਾਠਾਂ ਦੇ ਭੋਗ ਪਾਉਂਦੇ ਹਨ ਤੇ ਫੇਰ ਅਰਦਾਸ ਕਰ ਕੇ ਉਨ੍ਹਾਂ ਪਾਠਾਂ ਦਾ ਫਲ (ਮਹਾਤਮ) ਮਰਨ ਵਾਲੇ ਨੂੰ ਅਰਪਨ ਕਰਦੇ ਹਨ। ਸਤਿਗੁਰ ਮਤਿ ਐਸੇ ਕਿਸੇ ਵਿਚਾਰ ਨੂੰ ਸਵੀਕਾਰ ਨਹੀਂ ਕਰਦਾ। ਗੁਰਬਾਣੀ ਦੇ ਪਾਠ ਦਾ ਇਕੋ ਹੀ ਫਲ ਹੈ। ਉਹ ਇਹ ਹੈ ਕਿ ਜੋ ਪ੍ਰਾਣੀ ਗੁਰਬਾਣੀ ਦੇ ਭਾਵ ਅਰਥਾਂ ਵਿਚ ਮਨ ਜੋੜ ਕੇ ਪਾਠ ਕਰੇਗਾ ਉਸਦਾ ਮਨ ਧੋਤਾ ਜਾਵੇਗਾ। ਪਾਪਾਂ ਦੀ ਮੈਲ ਜੋ ਉਸਦੇ ਮਨ ਨੂੰ ਅਨੇਕਾਂ ਜਨਮਾਂ ਤੋਂ ਮਾਇਆ ਦੇ ਅਧੀਨ ਰਹਿਣ ਕਰਕੇ ਲਗੀ ਹੋਈ ਹੈ, ਉਹ ਹੌਲੀ ਹੌਲੀ ਉਤਰਨੀ ਸ਼ੁਰੂ ਹੋ ਜਾਵੇਗੀ। ਜਿਸ ਆਦਮੀ ਦਾ ਮਨ ਗੁਰਬਾਣੀ ਦੇ ਭਾਵ ਅਰਥਾਂ ਵਿਚ ਨ ਜੁੜ ਸਕੇ, ਪਰ ਉਸਦੀ ਨੀਅਤ ਚੰਗੀ ਹੋਵੇ, ਮਨ ਨੂੰ ਧੋਣ ਦਾ ਚਾਅ ਹੋਵੇ, ਉਸਦਾ ਮਨ ਹੌਲੀ ਹੌਲੀ ਜੁੜਨਾ ਸ਼ੁਰੂ ਹੋ ਜਾਏਗਾ। ਜੋ ਆਦਮੀ ਪੈਸੇ ਕਮਾਣ ਲਈ ਹੀ ਪਾਠ ਕਰਦਾ ਹੈ ਤੇ ਪੈਸੇ ਲੈ ਕੇ ਪਾਠ ਵੇਚਦਾ ਹੈ ਉਸਦੇ ਪੱਲੇ ਪੈਸਿਆਂ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਪਵੇਗਾ। ਪੈਸੇ ਦੇ ਕੇ ਬਾਣੀ ਖਰੀਦਨ ਵਾਲੇ ਦਾ ਜੇਬ ਜ਼ਰੂਰ ਹਲਕਾ ਹੋ ਜਾਵੇਗਾ, ਹੋਰ ਕੁਝ ਨਹੀਂ। ਇਹ ਭੀ ਇਕ ਮਾਨਸਕ ਤਸੱਲੀ ਹੈ।



Digitized by Panjab Digital Library | www.panjabdigilib.org

ਸਿੱਖੀ ਵਿਚ ਸੇਵਾ ਦਾ ਬਹੁਤ ਮਹੱਤਵ ਹੈ । ਜਦ ਸ੍ਰੀ ਦਰਬਾਰ ਸਾਹਿਬ ਦੇ ਨਾਲ ਲਗਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ ਤਾਂ ਵਡੇ ਤੋਂ ਵਡੇ ਅਮੀਰਾਂ ਨੇ ਵੀ ਆਕੇ ਸੇਵਾ ਕੀਤੀ,ਆਪ ਟੋਕਰੀ ਚੁੱਕੀ । ਜੇ ਪਟਿਆਲਾ ਵਾਲੇ ਮਹਾਰਾਜਾ ਸਾਹਿਬ ਚਾਹੁੰਦੇ ਤਾਂ ਆਪਣੇ ਪੀ. ਡਬਲਿਯੂ. ਡੀ. ਵਾਲੇ ਅਮਲੇ ਨੂੰ ਹੁਕਮ ਦੇ ਸਕਦੇ ਸਨ ਕਿ ਜਾਉ ਤੁਸੀਂ ਕਾਰ ਸੇਵਾ ਦਾ ਕੰਮ ਕਰ ਆਉ ਤੇ ਤਨਖਾਹ ਖਜ਼ਾਨੇ ਵਿਚੋਂ ਲੈਣਾ । ਪਰ ਉਨ੍ਹਾਂ ਨੇ ਐਸਾ ਨਹੀਂ ਕੀਤਾ, ਬਲਕਿ ਆਪ ਆ ਕੇ ਟੋਕਰੀ ਚੁੱਕੀ, ਕਾਰ ਸੇਵਾ ਵਿਚ ਹਿੱਸਾ ਲਿਆ ਤੇ ਆਪਣਾ ਜੀਵਨ ਸਫ਼ਲ ਕੀਤਾ । ਇਸ ਲਈ ਕੋਈ ਵੀ ਕਰਮ ਜੋ ਪੈਸਿਆਂ ਨਾਲ ਖਰੀਦਿਆ ਜਾ ਸਕੇ ਉਹ ਸਤਿਗੁਰ ਮਤਿ ਵਿਚ ਪਰਵਾਨ ਨਹੀਂ ।

ਸੇਵਾ ਵੀ ਦੋ ਕਿਸਮ ਦੀ ਹੈ। ਪਹਿਲੀ, ਮੁਢਲੀ ਸੇਵਾ ਸਾਧ ਸੰਗਤ ਦੀ;ਜਿਵੇਂ ਗੁਰ ਅਸਥਾਨਾਂ ਦੀ ਸਫ਼ਾਈ, ਜੋੜਿਆਂ ਦੀ ਸੇਵਾ, ਲੰਗਰ ਦੀ ਸੇਵਾ ਆਦਿ ਜਾਂ ਲੋੜ ਅਨੁਸਾਰ ਜੋ ਭੀ ਸੇਵਾ ਸਾਧ ਸੰਗਤ ਦੀ ਹੋਵੇ। ਉਸ ਤੋਂ ਉਪ੍ਰੰਤ ਹੈ ਗੁਰੂ ਕੀ ਸੇਵਾ, ਜਿਸ ਵਿਚ ਨਾਮੁ ਸਿਮਰਨ, ਭਾਵ ਅਰਥਾਂ ਵਿਚ ਮਨ ਜੋੜ ਕੇ ਬਾਣੀ ਦਾ ਪਾਠ ਜਾਂ ਕੀਰਤਨ ਤੇ ਕਥਾ,ਗੁਰਮਤਿ ਦਾ ਪ੍ਰਚਾਰ ਆਦਿ ਸ਼ਾਮਲ ਹਨ। ਇਹ ਸਭ ਤੋਂ ਉਤਮ ਸੇਵਾ ਹੈ । ਇਸਦੇ ਕਰਨ ਨਾਲ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਨੇ ਤੇ ਉਸਦੀ ਮਿਹਰ ਸਦਕਾ ਨਾਮ ਬਾਣੀ ਵਿਚ ਮਨ ਜੁੜਦਾ ਹੈ । ਪਰ ਇਨ੍ਹਾਂ ਵਿਚ ਕੋਈ ਵੀ ਸੇਵਾ ਖਰੀਦੀ ਨਹੀਂ ਜਾ ਸਕਦੀ ।

ਪ੍ਰਾਣੀ ਦੇ ਦੇਹ ਛੱਡਣ ਤੋਂ ਪਿਛੋਂ ਸਾਨੂੰ ਜੋ ਕਰਨਾ ਚਾਹੀਦਾ ਹੈ, ਉਹ ਰਾਮਕਲੀ "ਸੱਦ" ਵਿਚ ਸੁੰਦਰ ਜੀ ਨੇ ਗੁਰੂ ਕਾ ਉਪਦੇਸ਼ ਉਚਾਰਨ ਕੀਤਾ ਹੈ ।

ਕੁਝ ਅੰਸ਼ ਇਥੇ ਦਿੱਤੇ ਜਾਂਦੇ ਹਨ :

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥......੪॥
ਅੰਤੇ ਸਤਿਗੁਰੁ ਬੋਲਿਆ ਮੈਂ ਪਿਛੇ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥ ਪੰਨਾ ੯੨੩



Digitized by Panjab Digital Library | www.panjabdigilib.org

ਜਦੋਂ ਗੁਰੂ ਨਾਨਕ ਸਾਹਿਬ ਆਪਣਾ ਤੀਜਾ ਚੋਲਾ ਛੱਡਣ ਲਗੇ ਤੇ ਚੌਥੇ ਜਾਮੇਂ ਵਿਚ ਜਾਣ ਲਗੇ ਤਾਂ ਉਨ੍ਹਾਂ ਨੇ ਪਰਵਾਰ (ਸਿੱਖ ਸੰਗਤ) ਨੂੰ ਇਕੱਤਰ ਕੀਤਾ। ਉਨ੍ਹਾਂ ਨੇ ਹੁਕਮ ਕੀਤਾ ਕਿ ਕੋਈ ਵੀ ਚੋਲਾ ਛੱਡਣ ਸਮੇਂ ਨ ਰੋਵੇ। ਇਹ ਗਲ ਮੈਨੂੰ ਮੂਲੋਂ ਹੀ ਚੰਗੀ ਨਹੀਂ ਲਗਦੀ। ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਤਾਕੀਦ ਕੀਤੀ ਕਿ ਪ੍ਰਾਣੀ ਦੇ ਮਰਨ ਸਮੇਂ ਕਦੀ ਵੀ ਨਹੀਂ ਰੋਣਾ। ਗੁਰੂ ਜੋਤ ਤਾਂ ਗੁਰੂ ਰਾਮਦਾਸ ਵਿਚ ਬਿਰਾਜਮਾਨ ਹੈ। ਇਹ ਦੇਹ ਨਾਸਮਾਨ ਹੈ। ਫਿਰ ਵੀ ਜਿਨ੍ਹਾਂ ਸਜੱਨਾਂ ਨੂੰ ਅਜੇ ਤਕ ਸਿੱਖੀ ਪੂਰੀ ਤਰ੍ਹਾਂ ਪੱਕੀ ਨਹੀਂ ਹੋਈ ਤੇ ਹੁਣ ਤਕ ਜਿਹੜੇ ਸਜੱਨ ਦੇਹ ਦੇ ਮੋਹ ਵਿਚੋਂ ਨਹੀਂ ਨਿਕਲ ਸਕੇ, ਉਨ੍ਹਾਂ ਦੇ ਭਲੇ ਲਈ ਮੇਰੇ ਦੇਹ ਤਿਆਗਨ ਪਿਛੋਂ ਗੁਰਬਾਣੀ ਦਾ ਨਿਰੋਲ ਕੀਰਤਨ ਕਰਨਾ। ਐਸੇ ਗੁਰਮੁਖਾਂ ਕੋਲੋਂ ਹਰੀ ਕਥਾ ਸੁਣਨਾ ਜਿਨ੍ਹਾਂ ਨੂੰ ਕੇਸੋ (ਅਕਾਲ ਪੁਰਖ), ਗੋਪਾਲ (ਅਕਾਲ ਪੁਰਖ) ਦਾ ਗਿਆਨ ਹੋਵੇ ਤਾਂ ਜੋ ਦੇਹ ਦਾ ਮੋਹ ਛੁਟ ਸਕੇ। ਸਾਡੇ ਲਈ ਹਰੀ ਕਥਾ ਹੀ ਗਰੁੜ ਪੁਰਾਣ ਹੈ। ਪਿੰਡ, ਪਤੱਲ, ਦੀਵਾ, ਫੁਲ ਆਦਿ ਜੋ ਬ੍ਰਾਹਮਣੀ ਮਤਿ ਅਨੁਸਾਰ ਕਰਮ ਨੇ ਉਹ ਨਹੀਂ ਕਰਨੇ। ਹਰਿ ਸਰ (ਸਾਧ ਸੰਗਤ) ਹੀ ਸਾਡੇ ਲਈ ਸਭ ਕੁਝ ਹੈ। ਸਾਧ ਸੰਗਤ ਕਰਕੇ ਹੀ ਸਰੀਰ ਦਾ ਮੋਹ ਛੁਟ ਸਕਦਾ ਹੈ। ਗੁਰਮਤਿ ਅਨੁਸਾਰ ਸਸਕਾਰ ਪਿਛੋਂ ਅੰਗੀਠਾ ਨਹੀਂ ਫੋਲਨਾ ਚਾਹੀਦਾ, ਹੱਡੀਆਂ ਤੇ ਸੁਆਹ ਇਕੋ ਥਾਂ ਤੇ ਇਕੱਠੀ ਕਰਕੇ ਨੇੜੇ ਵਗਦੇ ਦਰਿਆ ਜਾਂ ਨਹਿਰ ਵਿਚ ਪਾ ਦੇਣੀ ਚਾਹੀਦੀ ਹੈ। ਕਿਸੇ ਵੀ ਵਿਸ਼ੇਸ਼ ਸਥਾਨ ਤੇ ਲਿਜਾਣ ਦੀ ਲੋੜ ਨਹੀਂ।

ਸੋ ਸਾਨੂੰ ਚਾਹੀਦਾ ਹੈ ਕਿ ਗੁਰੂ ਕਾ ਹੁਕਮ ਮਨ ਕੇ, ਨਾਸਮਾਨ ਕੁਦਰਤ ਦੇ ਪਦਾਰਥਾਂ ਤੋਂ ਮੋਹ ਹਟਾ ਕੇ, ਸੁਰਤਿ ਨੂੰ ਗੁਰੂ ਚਰਨਾਂ ਨਾਲ ਜੋੜੀਏ ਤਾਂ ਜੋ ਸਾਨੂੰ ਅਨੰਦ ਦੀ ਪ੍ਰਾਪਤੀ ਹੋਵੇ। ਇਸ ਕੰਮ ਵਿਚ ਦੇਰ ਜਾਂ ਅਣਗਹਿਲੀ ਨਹੀਂ ਕਰਨੀ ਚਾਹੀਦੀ। ਜਿਉਂ ਜਿਉਂ ਸਮਾਂ ਲੰਘ ਰਿਹਾ ਹੈ, ਸਾਡੀ ਉਮਰ ਘਟ ਰਹੀ ਹੈ। ਬੁਢੇਪੇ ਵਿਚ ਸਾਡੇ ਕੋਲੋਂ ਕੁਝ ਨਹੀਂ ਹੋ ਸਕੇਗਾ।

ਕਬੀਰ ਸਾਹਿਬ ਵੀ ਇਹੀ ਤਾਕੀਦ ਕਰਦੇ ਨੇ :

ਜਬ ਲਗੁ ਜਰਾ ਰੋਗੁ ਨਹੀਂ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ ॥



Digitized by Panjab Digital Library | www.panjabdigilib.org

ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥
ਅਬ ਨ ਭਜਸਿ ਭਜਸਿ ਕਬ ਭਾਈ ॥
ਆਵੈ ਅੰਤੁ ਨ ਭਜਿਆ ਜਾਈ ॥
ਜੋ ਕਿਛੁ ਕਰਹਿ ਸੋਈ ਅਬ ਸਾਰੁ ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥
ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰ ੧ ॥ ਪੰਨਾ ੧੧੫੯

ਹੁਣ ਤਕ ਵਿਚਾਰ ਇਸ ਗਲ ਤੇ ਰਹੀ ਹੈ ਕਿ ਮਰਨ ਪਿਛੋਂ ਕੀਤਾ ਹੋਇਆ ਕੋਈ ਵੀ ਕਰਮ ਪਰਵਾਨ ਨਹੀਂ । ਜੋ ਕੁਝ ਕਰਮ ਪ੍ਰਭੂ ਮਿਲਾਪ ਲਈ ਕਰਨੇ ਨੇ ਉਹ ਆਪਣੇ ਜੀਵਨ ਵਿਚ ਹੀ ਕਰਨੇ ਚਾਹੀਦੇ ਹਨ । ਇਸ ਲਈ ਸਾਨੂੰ ਚਾਹੀਦਾ ਹੈ ਕਿ ਬੁਢੇਪਾ ਆਉਣ ਤੋਂ ਪਹਿਲਾਂ ਹੀ "ਸਰੰਜਾਮਿ ਲਾਗੁ ਭਵਜਲ ਤਰਨ ਕੈ" । ਕਿਉਂ ਜੋ ਬੁਢੇਪੇ ਵਿਚ ਸਾਡੇ ਕੋਲੋਂ ਕੁਝ ਨਹੀਂ ਹੋ ਸਕੇਗਾ । ਅਨੇਕਾਂ ਤਰ੍ਹਾਂ ਦੇ ਰੋਗ ਸਾਨੂੰ ਗ੍ਰਸ ਲੈਣਗੇ । ਸੋ ਅਸੀਂ ਜਲਦੀ ਤੋਂ ਜਲਦੀ ਭਵਜਲ ਤਰਨ ਲਈ ਤਤਪਰ ਹੋ ਜਾਈਏ ।

ਹਰ ਆਦਮੀ ਇਹ ਚਾਹੁੰਦਾ ਹੈ ਕਿ ਮੇਰੀ ਵਿਛੜੀ ਆਤਮਾਂ ਦਾ ਮਿਲਾਪ ਪ੍ਰਭੂ ਨਾਲ ਹੋ ਜਾਵੇ, ਮੈਨੂੰ ਦੁਖਾਂ ਕਲੇਸ਼ਾਂ ਤੋਂ ਸ਼ਾਂਤੀ ਮਿਲੇ ਤੇ ਅਨੰਦ ਵਾਲੀ ਅਵਸਥਾ ਪ੍ਰਾਪਤ ਹੋਵੇ । ਪਰਚਾਰ ਦੀ ਘਾਟ ਕਰਕੇ ਸਤਿਗੁਰ ਮਤਿ ਦੇ ਇਸ ਪਖ ਨੂੰ ਸੰਗਤਾਂ ਤਕ ਨਹੀਂ ਪਹੁੰਚਾਇਆ ਜਾ ਸਕਿਆ । ਇਸ ਮਨੋਰਥ ਨੂੰ ਮੁਖ ਰਖ ਕੇ ਹੀ ਗੁਰੂ ਮਿਹਰ ਨਾਲ ਇਸ ਲੇਖ ਦਾ ਯਤਨ ਅਰੰਭਿਆ ਹੈ ।

ਪ੍ਰਭੂ ਦੇ ਮਿਲਾਪ ਲਈ ਇਹ ਜ਼ਰੂਰੀ ਹੈ ਕਿ ਉਸ ਨਾਲ ਪਿਆਰ ਪਾਇਆ ਜਾਏ । ਐਸਾ ਪਿਆਰ ਨਹੀਂ ਜਿਸ ਤਰ੍ਹਾਂ ਦਾ ਪਿਆਰ ਵੇਸ਼ਵਾਵਾਂ ਆਪਣੇ ਗਾਹਕਾਂ ਨਾਲ ਜਤਾਉਂਦੀਆਂ ਹਨ । ਉਹ ਸਭ ਨੂੰ ਕਹਿੰਦੀਆਂ ਨੇ ਕਿ ਮੈਂ ਕੇਵਲ ਤੇਰੇ ਨਾਲ ਹੀ ਪਿਆਰ ਕਰਦੀ ਹਾਂ । ਪਰ ਉਨ੍ਹਾਂ ਦਾ ਪਿਆਰ ਕੇਵਲ ਮਾਇਆ ਨਾਲ ਹੈ । ਇਹੀ ਹਾਲ ਸਾਡਾ ਹੈ । ਅਸੀਂ ਪ੍ਰਭੂ ਨੂੰ ਵੀ ਆਪਣੇ ਪਿਆਰ ਦਾ ਦਿਲਾਸਾ ਦੇਂਦੇ ਹਾਂ, ਤੇ ਮਾਇਆ ਦੇ ਹਰ ਸਰੂਪ ਨਾਲ ਜਿਵੇਂ ਕਿ ਪੁੱਤਰ, ਧੀਆਂ, ਇਸਤਰੀ, ਮਰਦ, ਭਰਾ, ਭੈਣਾਂ, ਮਾਤਾ-ਪਿਤਾ ਸਭ



Digitized by Panjab Digital Library | www.panjabdigilib.org

ਰਿਸ਼ਤੇਦਾਰ, ਧਨ ਦੌਲਤ, ਮਕਾਨ ਆਦਿ ਸਭ ਨਾਲ ਪੂਰੀ ਤਰ੍ਹਾਂ ਦਾ ਮੋਹ ਵੀ ਰਖਦੇ ਹਾਂ। ਹਰ ਵੇਲੇ ਉਨ੍ਹਾਂ ਬਾਰੇ ਫੁਰਨੇ ਸਾਡੇ ਧਿਆਨ ਵਿਚ ਚਕਰ ਲਗਾਂਦੇ ਰਹਿੰਦੇ ਹਨ। ਸਾਰੇ ਰਸ ਮਾਨਣ ਦਾ ਸ਼ੌਕ ਹੈ, ਹਰੀ ਰਸ ਮਾਨਣ ਲਈ ਸਮਾਂ ਨਹੀਂ। ਜੇ ਕੁਝ ਸਮਾਂ ਕਢ ਵੀ ਲਈਏ ਤਾਂ ਮਾਇਆ ਲਈ ਉਠ ਰਹੇ ਫੁਰਨੇ, ਜੋ ਸਾਡੇ ਦਿਮਾਗ ਵਿਚ ਹਰ ਵੇਲੇ ਰਹਿੰਦੇ ਨੇ, ਨਾਮੁ ਸਿਮਰਨ ਨਹੀਂ ਦੇਂਦੇ। ਮਹਾਰਾਜ ਦਾ ਫੁਰਮਾਨ ਹੈ :

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ।
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥੧॥

ਰਾਗੁ ਸੂਹੀ ਮਹਲਾ ੧ ॥ ਕੁਚਜੀ ॥ ਪੰਨਾ ੭੬੨

ਮਹਾਰਾਜ ਕੁਚੱਜੀ ਦੇ ਲੱਛਣ ਦਸਦੇ ਹਨ। ਉਹ ਕਹਿੰਦੀ ਹੈ ਕਿ ਮੇਰੇ ਪਤੀ (ਪ੍ਰਭੂ) ਨੇ ਮੈਨੂੰ ਇਸ ਦੁਨੀਆਂ ਦੇ ਸਾਰੇ ਪਦਾਰਥ ਸੋਨਾ, ਚਾਂਦੀ, ਮੋਤੀ, ਲਾਲ, ਜਵਾਹਰਾਤ ਆਦਿ ਵਰਤਣ ਨੂੰ ਦਿਤੇ, ਰਹਿਣ ਨੂੰ ਮਕਾਨ ਆਦਿ ਦਿਤਾ। ਮੈਂ ਇਨ੍ਹਾਂ ਨਾਸਮਾਨ ਪਦਾਰਥਾਂ ਨਾਲ ਚਿੱਤ ਜੋੜ ਲਿਆ ਤੇ ਦੇਣ ਵਾਲੇ ਕੰਤ ਨੂੰ ਭੁਲ ਗਈ। ਇਕ ਅੱਖਰ ਵੀ ਉਸਦੇ ਸ਼ੁਕਰਾਨੇ ਵਜੋਂ ਨ ਕਹਿਆ ਤੇ ਨਾ ਹੀ ਉਸਦੀ ਯਾਦ ਵਿਚ ਮਨ ਜੋੜਿਆ। ਇਸ ਤਰ੍ਹਾਂ ਦਾਤਾਂ ਨਾਲ ਪਿਆਰ ਤੇ ਦਾਤੇ ਨੂੰ ਵਿਸਾਰ ਕੇ ਲੂਣ ਹਰਾਮੀ (ਕੁਚੱਜੀ) ਬਣੀ। ਹੁਣ ਕੰਨਾਂ ਵਿਚ ਸ਼ਾਂ ਸ਼ਾਂ, ਜੋ ਬੁਢੇਪੇ ਦੀ ਨਿਸ਼ਾਨੀ ਹੈ, ਸੁਨਣ ਲਗ ਪਈ ਹੈ। ਹੁਣ ਤਾਂ ਧੌਲੇ ਆ ਗਏ ਨੇ, ਕੂਚ ਕਰਨ ਦਾ ਸਮਾਂ ਨੇੜੇ ਹੈ । ਸਾਹੁਰੇ (ਅਗੇ) ਜਾ ਕੇ ਕੀ ਮੂੰਹ ਦਿਆਂਗੀ। ਇਸੇ ਲਈ ਮਹਾਰਾਜ ਨੇ ਫੁਰਮਾਇਆ ਹੈ ਕਿ ਭਾਈ :

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥



Digitized by Panjab Digital Library | www.panjabdigilib.org

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥
ਰਾਮਕਲੀ ਮਹਲਾ ੩ ਅਨੰਦੁ ॥ ਪੰਨਾ ੯੧੮

ਮਹਾਰਾਜ ਸਾਡੇ ਮਨ ਨੂੰ ਮਤ ਦੇਂਦੇ ਨੇ ਕਿ ਹੇ ਪਿਆਰੇ ਮਨਾਂ ! ਤੂੰ ਦ੍ਰਿਸ਼ਟਮਾਨ ਦੇ ਮੋਹ ਤੋਂ ਉਤੇ ਉਠ ਕੇ ਸਦਾ, ਹਰ ਸਮੇਂ ਸਚੁ (ਅਕਾਲ ਪੁਰਖ) ਨੂੰ ਸਮ੍ਹਾਲ, ਆਪਣੀ ਯਾਦ ਵਿਚ ਵਸਾ ਲੈ । ਉਹ ਤੈਨੂੰ ਕਦੇ ਨ ਭੁਲੇ । ਇਹ ਜੋ ਕੁਟੰਬ ਤੇਰਾ ਹੈ ਉਸਨੇ ਤੇਰੇ ਨਾਲ ਅੱਗੇ ਨਹੀਂ ਜਾਣਾ । ਇਸ ਲਈ ਇਸ ਨਾਲ ਨੇਹੁ ਲਗਾ ਕੇ ਕੀ ਖਟੇਂਗਾ । ਜਿਸ ਕੰਮ ਦੇ ਕਰਨ ਨਾਲ ਅੰਤ ਨੂੰ ਪਛਤਾਉਣਾ ਪਵੇ ਉਹ ਕੰਮ ਕਦੇ ਨ ਕਰੀਏ । ਇਸ ਲਈ ਸਤਿਗੁਰੂ ਦੇ ਉਪਦੇਸ਼ ਨੂੰ ਤੂੰ ਪੱਲੇ ਬੰਨ੍ਹ ਲੈ ਜੋ ਅਗੇ ਤੇਰੇ ਕੰਮ ਆਵੇਗਾ । ਉਪਦੇਸ਼ ਇਹ ਹੈ ਕਿ ਤੂੰ ਸਦਾ ਸਚੁ (ਨਾਮ ਸਿਮਰਨ) ਵਿਚ ਲੱਗਾ ਰਹਿ । ਫੇਰ ਦਸਦੇ ਨੇ ਕਿ :

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ ॥੧੯॥ ਪੰਨਾ ੯੧੯

ਜੋ ਪ੍ਰਾਣੀ ਸਚੁ (ਅਕਾਲ ਪੁਰਖ) ਨੂੰ ਆਪਣੀ ਯਾਦ ਵਿਚ ਨਹੀਂ ਰਖਦੇ, ਨਾਮ ਨਹੀਂ ਜਪਦੇ ਤੇ ਝੂਠੇ ਪਦਾਰਥਾਂ ਦੇ ਮੋਹ ਵਿਚ ਫਸ ਗਏ ਹਨ, ਉਨ੍ਹਾਂ ਨੇ ਆਪਣਾ ਜਨਮ ਜੂਏ ਵਿਚ ਹਾਰ ਦਿਤਾ ਹੈ ।

ਛੇਆਂ ਸ਼ਾਸਤਰਾਂ ਦੇ ਛੇਵੇ ਕਰਤਾ ਤੇ ਹੋਰ ਵਿਦਵਾਨ ਇਸ ਗਲ ਤੇ ਸਹਿਮਤ ਨੇ ਕਿ ਇਹ ਜਿਤਨਾ ਵੀ ਦ੍ਰਿਸ਼ਟਮਾਨ ਹੈ, ਦਿਸਦੇ ਪਦਾਰਥ ਨੇ, ਇਹ ਸਾਨੂੰ ਆਪਣੀ ਖਿਚ ਦੇ ਕਾਰਨ ਭਰਮ ਭ੍ਰਾਂਤਿ ਵਿਚ ਭੁਲਾਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ । ਇਨ੍ਹਾਂ ਦੀ ਖਿਚ ਸਾਡੀ ਅਗਿਆਨਤਾ ਨੂੰ ਵਧਾਉਂਦੀ ਹੈ ਤੇ ਅਦ੍ਰਿਸ਼ਟ ਪ੍ਰਭੂ ਨਾਲ ਸੰਪਰਕ ਨਹੀਂ ਹੋਣ ਦੇਂਦੀ । ਜਿਸ ਤਰ੍ਹਾਂ ਹਨੇਰੇ ਵਿਚ ਅਸੀਂ ਰੱਸੀ ਨੂੰ ਸੱਪ ਤੇ ਸੱਪ ਨੂੰ ਰੱਸੀ ਸਮਝ ਲੈਂਦੇ ਹਾਂ, ਇਸੇ ਤਰ੍ਹਾਂ ਅਸੀਂ ਅਗਿਆਨਤਾ ਵਸ ਹੋ ਕੇ ਕੌੜੇ ਪਦਾਰਥਾਂ ਵਿਚੋਂ ਰਸ ਲਭਣ ਦਾ ਅਸਫਲ ਯਤਨ ਕਰਦੇ ਹਾਂ । ਫਿਰ ਇਸ ਦਾ ਇਲਾਜ ਕੀ ਹੈ ? ਸ਼ਾਸਤਰਕਾਰਾਂ ਨੇ ਕਿਹਾ ਕਿ ਕੋਈ ਵੀ ਆਦਮੀ ਗ੍ਰਹਸਤ ਵਿਚ ਰਹਿੰਦਿਆਂ ਹੋਇਆਂ ਕਾਮਾਦਿਕ ਵਿਕਾਰਾਂ ਨੂੰ



Digitized by Panjab Digital Library | www.panjabdigilib.org

ਨਹੀਂ ਜਿੱਤ ਸਕਦਾ ਤੇ ਪਦਾਰਥਾਂ ਦਾ ਮੋਹ ਨਹੀਂ ਛਡਿਆ ਜਾ ਸਕਦਾ । ਮੋਮ ਦੇ ਦੰਦਾਂ ਨਾਲ ਲੋਹਿਆ ਨਹੀਂ ਚਬਿਆ ਜਾ ਸਕਦਾ । ਮਾਇਆ ਦਾ ਭੁਲੇਖਾ ਗਿਆਨ ਤੋਂ ਬਿਨਾਂ ਦੂਰ ਨਹੀਂ ਹੋ ਸਕਦਾ । ਗਿਆਨ ਤਦ ਹੀ ਹੋ ਸਕਦਾ ਹੈ ਜੇ ਕੁਦਰਤ ਤੋਂ ਦੂਰ ਹੋ ਜਾਈਏ । ਜਿਤਨਾ ਭੀ ਦ੍ਰਿਸ਼ਟਮਾਨ ਹੈ (ਆਪਣੀ ਦੇਹ ਸਮੇਤ) ਉਨ੍ਹਾਂ ਸਭ ਪਦਾਰਥਾਂ ਨੂੰ ਨਫ਼ਰਤ ਕਰੀਏ, ਘ੍ਰਿਣਾ ਕਰੀਏ, ਤਾਂ ਜੋ ਉਨ੍ਹਾਂ ਦੀ ਖਿੱਚ ਤੋਂ ਅਸੀਂ ਬਚ ਸਕੀਏ । ਮਾਇਆ ਤੋਂ ਹਾਰ ਮੰਨ ਕੇ ਗ੍ਰਹਸਤ ਜੀਵਨ ਛੱਡ ਦੇਈਏ ਤੇ ਜੰਗਲਾਂ ਵਿਚ ਜਾਂ ਪਹਾੜਾਂ ਵਿਚ ਜਾ ਲੁਕੀਏ ।

ਇਸ ਭੁਲੇਖੇ ਵਿਚ ਪੈ ਕੇ ਅਨੇਕਾਂ ਲੋਕਾਂ ਨੇ ਆਪਣਾ ਘਰ ਬਾਰ, ਦੌਲਤ, ਪੁਤੱਰ ਕਲੱਤ੍ਰ ਆਦਿ ਸਭ ਦਿਸਦੀਆਂ ਵਸਤਾ ਛੱਡ ਕੇ ਸੰਨਿਆਸ ਲੈ ਲਿਆ, ਤੇ ਜੰਗਲਾਂ ਨੂੰ ਚਲੇ ਗਏ, ਤਾਂ ਜੋ ਮਾਇਆ ਦੀ ਖਿੱਚ ਤੋਂ ਬਚ ਸਕਨ । ਉਹ ਦਿਸਦੇ ਪਦਾਰਥਾਂ ਨੂੰ ਤਾਂ ਛੱਡ ਗਏ ਪਰ ਅਣਦਿਸਦੇ ਵਿਕਾਰ (ਮੋਹ, ਤ੍ਰਿਸਨਾ, ਕ੍ਰੋਧ, ਕਾਮ) ਆਦਿ ਨਾਲ ਹੀ ਲੈ ਗਏ । ਇਹ ਛੱਡਣੇ ਉਨ੍ਹਾਂ ਦੇ ਵਸ ਦੀ ਗਲ ਨਹੀਂ ਸੀ । ਕੁਝ ਸਮੇਂ ਪਿਛੋਂ ਹੀ ਉਨ੍ਹਾਂ ਦਾ ਮਨ ਘਬਰਾਉਣ ਲਗਦਾ । ਆਪਣੇ ਕੀਤੇ ਤੇ ਪਛਤਾਉਣ ਲਗ ਜਾਂਦੇ । ਪਰ ਹੁਣ ਵਾਪਸ ਘਰਾਂ ਨੂੰ ਕਿਸ ਮੂੰਹ ਨਾਲ ਜਾਣ ?

> ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ ॥
> ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥੬੩॥ਪੰਨਾ ੧੩੮੧

ਸੋਚਦੇ ਨੇ ਕੁਝ ਸਮਾਂ ਹੋਰ ਦੇਖੀਏ । ਜਿਸ ਮਾਇਆ ਨੂੰ ਘ੍ਰਿਣਾ ਕਰਕੇ ਤਿਆਗ ਦਿਤਾ ਸੀ ਉਸੇ ਮਾਇਆ ਨੂੰ ਮੰਗਣ ਲਈ ਸ਼ਹਿਰਾਂ ਵਿਚ ਜਾਣਾ ਪੈਂਦਾ ਹੈ । ਆਪਣੀ ਇਸਤਰੀ ਨੂੰ ਘ੍ਰਿਣਾ ਕਰਕੇ ਤਿਆਗ ਦਿਤਾ ਸੀ,ਹੁਣ ਪਰਾਈਆਂ ਇਸਤਰੀਆਂ ਵੱਲ ਲਾਲਚ ਭਰੀ ਨਜ਼ਰ ਨਾਲ ਦੇਖਣਾ ਪੈਂਦਾ ਹੈ । ਇਸ ਤਰਸ ਯੋਗ ਹਾਲਤ ਨੂੰ ਦੇਖ ਕੇ ਭਗਤ ਕਬੀਰ ਜੀ ਫਰਮਾਉਂਦੇ ਹਨ :

> ਬਿਲਾਵਲੁ ॥ ਗ੍ਰਿਹੁ ਤਜਿ ਬਨਖੰਡ ਜਾਈਐ ਚੁਨਿ ਖਾਈਐ ਕੰਦਾ ॥
> ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥
> ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥
> ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥੧॥ ਰਹਾਉ ॥



Digitized by Panjab Digital Library | www.panjabdigilib.org

ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥
ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥
ਜਰਾ ਜੀਵਨੁ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥
ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥
ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥
ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥੪॥੩॥ਪੰਨਾ ੮੫੬

ਭਗਤ ਕਬੀਰ ਜੀ ਰਹਾਉ ਦੀ ਤੁਕ ਵਿਚ ਦਸਦੇ ਨੇ ਕਿ ਹੇ ਮੇਰੇ ਬੀਠਲ (ਪ੍ਰਭੂ), ਮੈਨੂੰ ਰੱਖ ਲੈ (ਮੇਰੀ ਮਾਇਆ ਤੋਂ ਰਖਿਆ ਕਰ) ਤਾਂ ਜੋ ਮੈਂ ਭਵ ਸਾਗਰ ਪਾਰ ਕਰ ਸਕਾਂ । ਆਪਣੀ ਚਾਲਾਕੀ ਨਾਲ ਮੈਂ ਕਿਸ ਤਰ੍ਹਾਂ ਮਾਇਆ ਦੀ ਗੁਲਾਮੀ ਤੋਂ ਛੁਟ ਸਕਦਾ ਹਾਂ ਤੇ ਕਿਸ ਤਰ੍ਹਾਂ ਭਵ ਸਾਗਰ ਪਾਰ ਕਰ ਸਕਦਾ ਹਾਂ । ਭਾਵ ਕਦੀ ਵੀ ਤੇਰੀ ਮੇਹਰ ਤੋਂ ਬਿਨਾਂ ਨਹੀਂ ਕਰ ਸਕਦਾ । ਇਸ ਲਈ ਮੈਂ ਆਪ ਜੀ ਦੀ ਸਰਨ ਆਇਆ ਹਾਂ, ਆਪਣਾ ਆਪਾ ਸਮਰਪਨ ਕਰਦਾ ਹਾਂ ਤੇ ਆਪ ਜੀ ਦੇ ਪ੍ਰਸਾਦਿ ਦਾ ਯਾਚਕ ਹਾਂ । ਜਿਹੜੇ ਭੁਲੜ ਲੋਗ ਘਰ ਬਾਰ ਛੱਡ ਕੇ ਸੰਨਿਆਸ ਧਾਰਨ ਕਰ ਕੇ ਬਣਾਂ ਨੂੰ ਚਲੇ ਗਏ ਤੇ ਕੰਦ ਮੂਲ ਖਾ ਕੇ ਗੁਜ਼ਾਰਾ ਕਰ ਰਹੇ ਹਨ, ਉਨ੍ਹਾਂ ਨੇ ਦਿਸਦੇ ਪਦਾਰਥ ਤਾਂ ਛੱਡ ਦਿੱਤੇ ਪਰ ਅਣ-ਦਿੱਸਦੇ ਵਿਕਾਰ ਉਨ੍ਹਾਂ ਨੂੰ ਤੰਗ ਕਰ ਰਹੇ ਹਨ । ਵਿਸ਼ਿਆਂ ਦੇ ਭੋਗ ਦੀ ਤ੍ਰਿਸ਼ਨਾ ਉਹ ਛੱਡ ਨਹੀਂ ਸਕੇ । ਉਹ ਬਥੇਰਾ ਯਤਨ ਕਰਦੇ ਨੇ ਪਰ ਵਾਸ਼ਨਾਵਾਂ ਮੁੜ ਮੁੜ ਜਫੇ ਮਾਰਦੀਆਂ ਹਨ । ਜਗਤ ਨੂੰ ਉਨ੍ਹਾਂ ਨੇ ਛੱਡਿਆ, ਜੋਬਨ ਵੀ ਗਿਆ, ਗਲ ਕੀ ਸਾਰਾ ਜੀਵਨ ਬਰਬਾਦ ਹੋ ਗਿਆ, ਕੋਈ ਵੀ ਕੰਮ ਨ ਸੌਰਿਆ । ਇਹ ਜੀਵਨ ਜੋ ਨਿਰਮੋਲਕ ਸੀ, ਉਹ ਕੌਡੀ ਵਰਗਾ ਹੋ ਗਿਆ । ਕਬੀਰ ਜੀ ਬੇਨਤੀ ਕਰਦੇ ਨੇ ਕਿ ਹੇ ਮਹਾਰਾਜ ! ਤੂੰ ਸਰਬ ਵਿਆਪੀ ਹੈਂ । ਤੇਰੇ ਵਰਗਾ ਦਿਆਲੂ ਤੇ ਮੇਰੇ ਵਰਗਾ ਪਾਪੀ ਕੋਈ ਨਹੀਂ । ਇਸ ਕਰਕੇ ਤੁਸੀਂ ਬਖਸ਼ਿਸ਼ ਕਰੋ । ਆਪ ਜੀ ਦੇ ਪ੍ਰਸਾਦਿ ਸਦਕਾ ਮਾਇਆ ਵਿਚ ਰਹਿੰਦਿਆਂ ਹੋਇਆਂ ਵੀ ਇਸ ਭਵ ਸਾਗਰ ਵਿਚ ਨ ਡੁਬਾਂ ।

ਸਤਿਗੁਰਮਤਿ ਦੇ ਮੁਤਾਬਕ ਪਦਾਰਥਾਂ ਨੂੰ ਛੱਡ ਕੇ ਬਣਾਂ ਨੂੰ ਦੌੜ ਜਾਣ ਨਾਲ ਕੋਈ ਵੀ ਕੰਮ ਨਹੀਂ ਸੌਰੇਗਾ । ਛੱਡਣਾ ਤਾਂ ਮੋਹ ਹੈ । ਅਗਿਆਨਤਾ ਦੇ



Digitized by Panjab Digital Library | www.panjabdigilib.org

ਕਾਰਨ ਅਸੀਂ ਪਦਾਰਥਾਂ ਵਿੱਚੋਂ ਸੁਖ ਭਾਲਣ ਦੀ ਕੋਸ਼ਿਸ਼ ਕਰਦੇ ਹਾਂ ਤੇ ਪ੍ਰਭੂ ਨੂੰ ਭੁਲ ਜਾਂਦੇ ਹਾਂ। ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਸੁਖ ਤਾਂ ਮਿਲਦੇ ਨਹੀਂ ਪਰ ਅਨੇਕਾਂ ਵਿਘਨ ਤੇ ਸੋਗ ਸਾਡੇ ਪਲੇ ਪੈ ਜਾਂਦੇ ਹਨ।

ਸਲੋਕ ਮਹਲਾ ੫ ॥

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੧;।

ਰਾਗ ਗੁਜਰੀ ਵਾਰ ਮਹਲਾ ੫ ॥ ਪੰਨਾ ੫੨੨

ਜਿਨ੍ਹਾਂ ਨੂੰ ਨਾਮੁ (ਹਰੀ) ਵਿਸਰ ਜਾਂਦਾ ਹੈ ਉਨ੍ਹਾਂ ਨੂੰ ਅਨੇਕਾਂ ਵਿਘਨ ਪੈਂਦੇ ਰਹਿੰਦੇ ਹਨ ਤੇ ਉਨ੍ਹਾਂ ਦਾ ਕੋਈ ਵੀ ਕੰਮ ਨਹੀਂ ਸੌਰਦਾ। ਉਹ ਵਿਚਾਰੇ ਇਸ ਤਰ੍ਹਾਂ ਰੋਂਦੇ ਨੇ ਜਿਸ ਤਰ੍ਹਾਂ ਸੁੰਞੇ ਘਰ ਵਿਚ ਕਾਂ ਹੋਵੇ ਤੇ ਕੋਈ ਵੀ ਉਸਦੀ ਵਾਤ ਪੁਛਣ ਵਾਲਾ ਨਾ ਹੋਵੇ।

ਪਦਾਰਥਾਂ ਦਾ ਮੋਹ ਸਾਡੇ ਵਿੱਚੋਂ ਤਦ ਨਿਕਲੇਗਾ ਜੇ ਅਸੀਂ ਪਦਾਰਥਾਂ ਵਿਚ ਰਹਿ ਕੇ ਉਨ੍ਹਾਂ ਤੋਂ ਉਪਰਾਮ ਹੋਣ ਦੀ ਕੋਸ਼ਿਸ਼ ਕਰਾਂਗੇ। ਅਪਨੀ ਸੁਰਤ ਪਦਾਰਥਾਂ ਦੇ ਮੋਹ ਤੋਂ ਹਟਾ ਕੇ ਨਾਮੁ ਸਿਮਰਨ ਦੁਆਰਾ ਪ੍ਰਭੂ ਚਰਨਾਂ ਨਾਲ ਜੋੜੀ ਰਖਾਂਗੇ। ਬੱਚਾ ਡਿਗ ਡਿਗ ਕੇ ਟੁਰਨਾ ਸਿਖਦਾ ਹੈ। ਜੇ ਅਸੀਂ ਜੰਗਲ ਵਿਚ ਬੈਠ ਕੇ ਸਮਝੀਏ ਕਿ ਅਸੀਂ ਝੂਠ ਬੋਲਣਾ ਛੱਡ ਦਿੱਤਾ ਹੈ ਤਾਂ ਅਸੀਂ ਭੁਲੇਖ ਵਿਚ ਹਾਂ। ਉਥੇ ਸਾਨੂੰ ਮਿਲਦਾ ਈ ਕੋਈ ਨਹੀਂ, ਝੂਠ ਕਿਸ ਨਾਲ ਬੋਲੀਏ। ਇਥੇ ਗ੍ਰਹਿਸਤ ਵਿਚ ਰਹਿ ਕੇ ਅਸੀਂ ਆਪਣੇ ਤੇ ਨਿਗਾਹ ਰਖੀਏ, ਆਪਣੇ ਮਨ ਤੇ ਪਹਿਰਾ ਦੇਈਏ ਕਿ ਅਸੀਂ ਝੂਠ ਨਹੀਂ ਬੋਲਣਾ। ਪਰ ਬੋਲਣ ਤੋਂ ਪਿੱਛੋਂ ਸਾਨੂੰ ਪਤਾ ਲਗੇਗਾ ਕਿ ਅਸੀਂ ਤਾਂ ਝੂਠ ਬੋਲ ਵੀ ਚੁਕੇ ਹਾਂ, ਇਸ ਤੇ ਪਛਤਾਵਾ ਕਰੀਏ। ਇਸ ਤਰ੍ਹਾਂ ਕੰਟਰੋਲ ਕਰਨ ਨਾਲ ਸਾਡੀ ਝੂਠ ਬੋਲਣ ਦੀ ਗਿਣਤੀ ਘਟਨੀ ਸ਼ੁਰੂ ਹੋ ਜਾਵੇਗੀ। ਇਸੇ ਤਰੀਕੇ ਨਾਲ ਹੀ ਜਿਹੜੀਆਂ ਸਾਡੀਆਂ ਬਾਕੀ ਦੀਆਂ ਊਨਤਾਈਆਂ ਨੇ ਉਨ੍ਹਾਂ ਤੇ ਅਸੀਂ ਹੌਲੀ ਹੌਲੀ ਕਾਬੂ ਪਾ ਸਕਦੇ ਹਾਂ। ਪਰ ਸ਼ਰਤ ਇਹ ਹੈ ਕਿ ਨਾਮੁ ਸਿਮਰਨ ਨੂੰ ਨ ਭੁਲੀਏ (ਜੇ ਸਿਮਰਨ ਘਟ ਗਿਆ ਤਾਂ ਇਹ ਵਿਕਾਰ ਝੱਟ ਆਪਣਾ ਗ਼ਲਬਾ ਫੇਰ ਮਜ਼ਬੂਤ ਕਰ ਲੈਣਗੇ)। ਇਸ ਤਰ੍ਹਾਂ ਅਸੀਂ ਹੌਲੀ ਹੌਲੀ ਵਿਕਾਰਾਂ ਨੂੰ ਛੱਡ ਕੇ ਗੁਣਾਂ ਨੂੰ ਵਧਾਣਾ ਸ਼ੁਰੂ ਕਰ ਦਿਆਂਗੇ।



Digitized by Panjab Digital Library | www.panjabdigilib.org

ਜਿਹੜਾ ਆਦਮੀ ਵਿਉਪਾਰ ਵਿਚ ਹੈ ਉਸ ਨੂੰ ਹਰ ਰੋਜ਼ ਕਈ ਅਵਸਰ ਆਪਣੇ ਗ੍ਰਾਹਕ ਨੂੰ ਲੁਟੱਣ ਦੇ ਮਿਲਦੇ ਹਨ। ਜੋ ਨੌਕਰੀ ਵਿਚ ਹੈ ਉਸਨੂੰ ਕਈ ਅਵਸਰ ਮਿਲਦੇ ਹਨ ਰਿਸ਼ਵਤ ਖਾਣ ਦੇ । ਗ੍ਰਹਿਸਤ ਵਿਚ ਰਹਿ ਕੇ ਹੀ ਅਸੀਂ ਮਨ ਨੂੰ ਸਮਝਾ ਸਕਦੇ ਹਾਂ ਕਿ ਇਨ੍ਹਾਂ ਲਾਲਚਾਂ ਵਿਚ ਨਹੀਂ ਪੈਣਾ। ਇਹ ਤਦੇ ਹੀ ਹੋ ਸਕਦਾ ਹੈ ਜੇ ਅਸੀਂ ਸੰਤੋਖ ਨੂੰ ਧਾਰਨ ਕਰਕੇ ਲੋਕ ਦਿਖਾਵੇ ਦੇ ਖਰਚਾਂ ਤੋਂ ਬਚੀਏ। ਇਸ ਤਰ੍ਹਾਂ ਡਿੱਗ ਡਿੱਗ ਕੇ ਸਵਾਰ ਹੋਈਏ। ਗੁਰੂ ਮਿਹਰ ਲਈ ਹਰ ਸਮੇਂ ਯਾਚਨਾ ਕਰੀਏ ਕਿ ਮਹਾਰਾਜ ਸਾਨੂੰ ਸਤਿਗੁਰਮਤਿ ਤੇ ਚਲਨ ਦਾ ਬਲ ਬਖਸ਼ੋ।

ਉਸਦੇ ਟਾਕਰੇ ਤੇ ਜਿਹੜੇ ਜੰਗਲਾਂ ਵਿਚ ਬੈਠੇ ਨੇ, ਕਈ ਸਾਲ ਤਪ ਕਰਨ ਮਗਰੋਂ ਜੇ ਉਨ੍ਹਾਂ ਨੂੰ ਕੋਈ ਇਸਤਰੀ ਦਿਸ ਪਵੇ ਤਾਂ ਉਹ ਸਾਰੇ ਤਪਾਂ ਨੂੰ ਭੁੱਲ ਕੇ ਉਸ ਤੇ ਚਲਾਇਮਾਨ ਹੋ ਜਾਂਦੇ ਨੇ ਤੇ ਸਾਰੀ ਘਾਲ ਖੂਹ ਵਿਚ ਸੁੱਟ ਦੇਂਦੇ ਹਨ। ਪਰ ਗ੍ਰਹਿਸਤੀਆਂ ਨੂੰ ਐਸੇ ਅਵਸਰ ਰੋਜ਼ ਮਿਲਦੇ ਨੇ ਤੇ ਉਹ ਕਈ ਵਾਰੀ ਡਿੱਗ ਡਿੱਗ ਸਵਾਰ ਹੋ ਜਾਂਦੇ ਹਨ। ਸੋ ਸਤਿਗੁਰਮਤਿ ਅਨੁਸਾਰ ਦੁਨੀਆਂ ਵਿਚ ਰਹਿੰਦਿਆਂ ਹੋਇਆਂ ਪਦਾਰਥਾਂ ਦੇ ਮੋਹ ਤੋਂ ਉਚੇ ਰਹਿਣਾ ਹੈ। ਮਾਇਆ ਸਾਡੇ ਪਤੀ ਅਕਾਲ ਪੁਰਖ ਦੀ ਦਾਸੀ ਹੈ । ਇਸ ਲਈ ਉਹ ਸਾਡੀ ਵੀ ਦਾਸੀ ਹੈ। ਉਸ ਦੇ ਕੰਨ ਖਿੱਚ ਕੇ ਉਸ ਤੋਂ ਕੰਮ ਲੈਣਾ ਹੈ। ਉਸਦੀ ਗੁਲਾਮੀ ਨਹੀਂ ਸਹਿਨੀ। ਨਾਜਾਇਜ਼ ਤਰੀਕਿਆਂ ਨਾਲ ਧਨ ਇਕੱਤਰ ਨਹੀਂ ਕਰਨਾ। ਹੁਕਮ ਹੈ :

ਪ੍ਰਭੂ ਤਿਆਗਿ ਲਾਗਤ ਅਨਲੋਭਾ ॥
ਦਾਸਿ ਸਲਾਮੁ ਕਰਤ ਕਤ ਸੋਭਾ ॥੨॥

ਗਉੜੀ ਮਹਲਾ ੫॥ ਪੰਨਾ ੧੯੫

ਤੂੰ ਪ੍ਰਭੂ ਨੂੰ ਭੁੱਲ ਕੇ ਹੋਰ ਹੋਰ ਲਾਲਚਾਂ ਵਿਚ ਫਸਿਆ ਹੋਇਆ ਹੈਂ। ਇਥੋਂ ਤੱਕ ਕਿ ਤੂੰ ਮਾਇਆ ਦਾਸੀ ਨੂੰ ਸਲਾਮ ਕਰਨ ਲਗਿਆਂ ਵੀ ਨਹੀਂ ਸ਼ਰਮਾਉਂਦਾ। ਕੀ ਦਾਸੀ ਨੂੰ ਸਲਾਮ ਕਰਨ ਨਾਲ ਕਿਸੇ ਦੀ ਸ਼ੋਭਾ ਹੋਈ ਹੈ ?

ਹੁਣ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਸੰਸਾਰ ਵਿਚ ਰਹਿ ਕੇ ਮਾਇਆ ਦੇ ਮੋਹ ਨੂੰ ਤਿਆਗਣਾ ਹੈ, ਉਸ ਨੂੰ ਸਲਾਮ ਨਹੀਂ ਕਰਨੀ, ਉਸ ਦੇ ਕੰਨ ਖਿਚ



Digitized by Panjab Digital Library | www.panjabdigilib.org

ਕੇ ਉਸ ਤੋਂ ਪੂਰਾ ਕੰਮ ਲੈਣਾ ਹੈ । ਇਸ ਤਰ੍ਹਾਂ ਮਾਇਆ ਤੋਂ ਨਿਰਲੇਪ ਰਹਿ ਕੇ ਮਹਾਰਾਜ ਅੱਗੇ ਜੋਦੜੀਆਂ ਕਰਨੀਆਂ ਨੇ ਕਿ ਮਹਾਰਾਜ ਸਾਨੂੰ ਆਪਣਾ ਮਿਲਾਪ ਬਖਸ਼ੋ ਤਾਂ ਜੋ ਸਾਨੂੰ ਵੀ ਅਨੰਦ ਦੀ ਪ੍ਰਾਪਤੀ ਹੋਵੇ, ਜਿਸ ਅਨੰਦ ਨੂੰ ਪ੍ਰਾਪਤ ਕਰਨ ਲਈ ਸਭ ਕੋਈ ਤਰਸ ਰਿਹਾ ਹੈ । ਅਕਾਲ ਪੁਰਖ ਗੁਣਾਂ ਨੂੰ ਦੇਖ ਕੇ ਪ੍ਰਸੰਨ ਹੁੰਦਾ ਹੈ । ਇਸ ਲਈ ਅਪਣੇ ਵਿਚ ਗੁਣਾਂ ਨੂੰ ਧਾਰਨ ਕਰਨਾ ਹੈ । ਹੁਕਮ ਹੈ :

> ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥ ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥ ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀ ਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ ਬਿਲਾਵਲੁ ਮਹਲਾ ੪ ਪੰਨਾ ੮੩੬

ਹੇ ਸਖੀ ! (ਸਤ ਸੰਗੀਉ) ਆਉ ਅਸੀਂ ਪ੍ਰਭੂ ਦਾ ਗਿਆਨ ਪ੍ਰਾਪਤ ਕਰੀਏ ਕਿ ਉਸ ਨੂੰ ਵੱਸ ਕਰਨ ਦਾ ਕੀ ਤਰੀਕਾ ਹੈ । ਆਪਣੇ ਅੰਦਰ ਗੁਣ ਪੈਦਾ ਕਰੀਏ ਤੇ ਗੁਣਾਂ ਦਾ ਕਾਮਣਿ (ਟੂਣਾ) ਕਰਕੇ ਉਸ ਹਰੀ ਪ੍ਰਭੂ ਨੂੰ ਵਸ ਕਰ ਲਈਏ । ਉਹ ਭਗਤ ਵਛੱਲ ਹੈ । ਅਸੀਂ ਉਸਦੀ ਸਰਨ ਪੈ ਜਾਈਏ, ਉਸ ਅੱਗੇ ਆਪਣਾ ਆਪਾ ਸਮਰਪਨ ਕਰ ਦੇਈਏ । ਖਿਮਾਂ ਦਾ ਸੀਗਾਰ ਕਰਕੇ ਉਸ ਨੂੰ ਖੁਸ਼ ਕਰੀਏ । ਗੁਰੂ ਗਿਆਨ ਦੇ ਦੀਪਕ ਨਾਲ ਆਪਣੇ ਮਨ ਨੂੰ ਰੁਸ਼ਨਾਈਏ । ਮੇਰਾ ਪ੍ਰਭੂ ਰਸ ਰਸ ਕੇ ਭੋਗ ਕਰਨ ਵਾਲਾ ਹੈ । ਮੈਂ ਆਪਣਾ ਆਪਾ ਪ੍ਰਭੂ ਅੱਗੇ ਵਾਰ ਵਾਰ ਕੇ ਸਦਕੇ ਪਈ ਹੁੰਦੀ ਹਾਂ । ਹਰਿ ਹਰਿ (ਨਾਮ ਸਿਮਰਨ) ਰੂਪੀ ਹਾਰ ਮੈਂ ਕੰਠ ਵਿਚ ਪਾਇਆ ਹੈ ਤੇ ਮਨ ਨੇ ਹਰਿ ਨਾਮ ਦਾ ਮੋਤੀ ਚੂਰ ਗਹਿਣਾ ਪਾਇਆ ਹੈ । ਹਰੀ ਤੇ ਸ਼ਰਧਾ (ਪੂਰਨ ਪ੍ਰਤੀਤ) ਦੀ ਸੇਜ ਵਿਛਾਈ ਹੈ । ਹੁਣ ਹਰੀ ਮੈਨੂੰ ਛੱਡ ਨਹੀਂ ਸਕਦਾ ਕਿਉਂ ਜੋ ਮੇਰੇ ਮਨ ਵਿੱਚ ਉਸ ਲਈ ਬਹੁਤ ਭਾਉ ਹੈ, ਪ੍ਰੇਮ ਹੈ ।



Digitized by Panjab Digital Library | www.panjabdigilib.org

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰਕਾ ਸਬਦੁ ਸੁਣੀ ॥੨॥

ਸਿਰੀ ਰਾਗ ਮਹਲਾ ੧॥ ਪੰਨਾ ੧੭-੧੮

ਜਦ ਅਸੀਂ ਸੁਹਾਗਣੀਆਂ ਨੂੰ ਪੁਛਿਆ ਕਿ ਹੇ ਸਤਸੰਗੀਉ ਤੁਸੀਂ ਉਹ ਕਿਹੜਾ ਉਪਾਅ ਕੀਤਾ ਹੈ ਜਿਸ ਨਾਲ ਤੁਸੀਂ ਸੁਹਾਗ ਮਾਨ ਰਹੀਆਂ ਹੋ, ਉਨ੍ਹਾਂ ਨੇ ਦਸਿਆ ਕਿ ਅਸੀਂ (ਗੁਰ ਕਾ ਸਬਦੁ ਸੁਣੀ) ਸਬਦੁ ਗੁਰੂ ਦੇ ਉਪਦੇਸ਼ ਨੂੰ ਕਮਾ ਕੇ ਸਹਿਜ ਅਵਸਥਾ ਤੇ ਸੰਤੋਖ ਨਾਲ ਆਪਣੇ ਆਪ ਨੂੰ ਸੀਗਾਰਿਆ ਹੈ। ਉਸ ਦੀ ਮੇਹਰ ਨਾਲ ਮਿੱਠਾ ਬੋਲਣ ਦਾ ਗੁਣ ਧਾਰਨ ਕੀਤਾ ਹੈ। ਉਹ ਰਸੀਆ ਪਤੀ ਤਦ ਹੀ ਮਿਲ ਸਕਦਾ ਹੈ ਜੇ ਸਬਦੁ ਗੁਰੂ ਦੇ ਉਪਦੇਸ਼ ਨੂੰ ਕਮਾਈਏ।

ਅਸੀਂ ਗੁਣਾਂ ਨੂੰ ਧਾਰ ਕੇ ਹੀ ਪ੍ਰਭੂ ਪ੍ਰਾਪਤੀ ਕਰ ਸਕਦੇ ਹਾਂ। ਸਭ ਤੋਂ ਵੱਡੇ ਗੁਣ ਨਾਮ ਸਿਮਰਨ, ਆਪਾ ਸਮਰਪਣ ਕਰਨਾ ਤੇ ਸੰਤੋਖ ਨੂੰ ਧਾਰਨ ਕਰਨਾ ਹੈ। ਸੰਤੋਖ ਤੋਂ ਬਿਨਾਂ ਤ੍ਰਿਸ਼ਨਾਂ ਤੰਗ ਕਰਦੀ ਰਹੇਗੀ ਤੇ ਨਾਮੁ ਵਿਚ ਰਸ ਨਹੀਂ ਆਉਣ ਦੇਵੇਗੀ। ਨਾਮ ਵਿਚ ਰਸ ਆਉਣ ਲਈ ਜ਼ਰੂਰੀ ਹੈ ਕਿ ਉਸ ਨਾਲ ਪੂਰਨ ਪ੍ਰੇਮ ਹੋਵੇ ਤੇ ਉਸ ਤੇ ਪੂਰਨ ਪਰਤੀਤ ਹੋਵੇ। ਪ੍ਰੇਮ ਕਿਸ ਤਰ੍ਹਾਂ ਹੋਵੇ, ਸਾਨੂੰ ਤਾਂ ਉਹ ਦਿਸਦਾ ਹੀ ਨਹੀਂ ਪਰ ਦੇਖ ਕੇ ਵੀ ਤਾਂ ਪ੍ਰੇਮ ਗੁਣਾਂ ਕਰ ਕੇ ਹੀ ਹੁੰਦਾ ਹੈ।

ਉਹ ਸੁੰਦਰ ਹੈ, ਉਹ ਯੋਧਾ ਹੈ, ਉਹ ਗਿਆਨਵਾਨ ਹੈ, ਇਹ ਸਭ ਗੁਣ ਨੇ ਦੇਖਣ ਦੇ ਮਗਰੋਂ ਵੀ ਪਿਆਰ ਗੁਣਾਂ ਕਰਕੇ ਹੀ ਹੁੰਦਾ ਹੈ। ਇਸ ਲਈ ਉਸ ਦੇ ਗੁਣਾਂ ਤੇ ਮੋਹਿਤ ਹੋ ਕੇ ਉਸ ਨਾਲ ਪਿਆਰ ਪਾ ਸਕਦੇ ਹਾਂ।

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥

ਰਾਗ ਸੂਹੀ ਮਹਲਾ ੧-੭੬੫

ਮੇਰਾ ਪਤੀ ਜੋ ਤਿੰਨਾਂ ਲੋਕਾਂ ਦਾ ਸਿਰਤਾਜ ਹੈ ਉਹ ਬਹੁਤ ਉਚੇ ਮਹਿਲ ਵਿਚ ਹੈ, ਭਾਵ ਉਹ ਆਪਣੇ ਗੁਣਾਂ ਕਰਕੇ ਬਹੁਤ ਉਚਾ ਹੈ। ਮੈਂ ਉਸ ਦੇ ਟਾਕਰੇ ਤੇ ਨਿਰਗੁਣ ਹਾਂ। ਇਸ ਲਈ ਮੇਰੀ ਉਥੋਂ ਤੱਕ ਪਹੁੰਚ ਨਹੀਂ। ਮੈਂ ਉਸ ਦੇ ਗੁਣਾਂ ਨੂੰ ਦੇਖ ਕੇ ਮੋਹੀ ਗਈ ਹਾਂ। ਉਸ ਦਾ ਇਕ ਸਰੂਪ ਅਨਹਦ



Digitized by Panjab Digital Library | www.panjabdigilib.org

ਸਬਦੁ (ਸਬਦੁ ਅਗਾਜਾ, ਗਰਜ ਤੋਂ ਬਿਨਾਂ ਖੜਾਕ ਤੋਂ ਬਿਨਾਂ, ਜਿਸ ਨੂੰ ਕੰਨ ਨਹੀਂ ਸੁਣ ਸਕਦੇ ਕੇਵਲ ਸੁਰਤਿ ਹੀ ਸੁਣ ਸਕਦੀ ਹੈ) ਵੀ ਹੈ। ਮੈਂ ਉਸ ਸਬਦੁ ਨੂੰ ਸੁਣ ਕੇ ਬਿਸਮਾਦ ਵਿਚ ਆ ਗਈ ਹਾਂ।

ਉਸ ਦੇ ਗੁਣ ਅਨੇਕਾਂ ਹਨ ਕੋਈ ਅੰਤ ਨਹੀਂ। ਉਸਦੇ ਸਾਰੇ ਨਾਮ ਗੁਣ ਵਾਚਕ ਹਨ। ਕੁਝ ਮੂਲ ਗੁਣ, ਮਹਾਰਾਜ ਨੇ ਮੂਲ ਮੰਤਰ ਵਿਚ ਅੰਕਤ ਕੀਤੇ ਹਨ। ਉਨ੍ਹਾਂ ਨੂੰ ਸਮਝ ਕੇ ਆਪਣੇ ਮਨ ਵਿਚ ਵਸਾਈਏ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸੁਖਮਨੀ ਸਾਹਿਬ ਵਿਚ ਨਿਰੰਕਾਰ ਬਾਰੇ ਦਸਿਆ ਹੈ ਕਿ ਉਹ ਸਰਗੁਨ ਵੀ ਹੈ, ਨਿਰਗੁਣ ਵੀ ਹੈ ਤੇ ਸੁੰਨ ਸਮਾਧ ਸਰੂਪ ਵੀ ਉਹ ਆਪ ਹੀ ਹੈ।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ ਪੰਨਾ ੨੯੦

ਇਹ ਸਾਰੇ ਸਰੂਪ ਕਿਸੇ ਹੋਰ ਨੇ ਨਹੀਂ ਸਾਜੇ ਉਸ ਨੇ ਆਪਣੇ ਆਪੇ ਵਿਚੋਂ ਹੀ (ਜਦ ਉਸ ਨੇ ਸ੍ਰਿਸ਼ਟੀ ਦੀ ਰਚਨਾ ਕਰਨੀ ਸੀ) ਆਪਣੇ ਸਰਗੁਨ ਤੇ ਨਿਰਗੁਨ ਸਰੂਪ ਸਾਜੇ।

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲੇ ਉਹ ਆਪਣੇ ਸੁੰਨ ਸਮਾਧ ਸਰੂਪ ਵਿਚ ਸੀ:

ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੇ ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥
ਮਾਰੂ ਮਹਲਾ ੧ ॥ ਪੰਨਾ ੧੦੨੩

ਇਸ ਤਰ੍ਹਾਂ ਸੁੰਨ ਸਮਾਧ ਅਵਸਥਾ ਵਿਚ ਕਈ ਯੁਗ ਬੀਤ ਗਏ।

ਮਾਰੂ ਮਹਲਾ ੧ ॥ ਕੇਤੇ ਜੁਗ ਵਰਤੇ ਗੁਬਾਰੈ ॥
ਤਾੜੀ ਲਾਈ ਅਪਰ ਅਪਾਰੈ ॥ ਧੁੰਧੂਕਾਰਿ ਨਿਰਾਲਮੁ ਬੈਠਾ ਨ ਤਦਿ ਧੰਧੁ ਪਸਾਰਾ ਹੇ ॥੧॥
ਜੁਗ ਛਤੀਹ ਤਿਨੈ ਵਰਤਾਏ। ਜਿਉ ਤਿਸੁ ਭਾਣਾ ਤਿਵੈ ਚਲਾਏ ॥
ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥੨॥
ਮਾਰੂ ਮਹਲਾ ੧ ॥ ਪੰਨਾ ੧੦੨੬



Digitized by Panjab Digital Library | www.panjabdigilib.org

ਉਸ ਗੁਬਾਰ ਵਿਚ ੩੬ ਯੁਗ ਬੀਤ ਗਏ। ਉਸ ਵਕਤ ਨ ਕੋਈ ਸ੍ਰਿਸ਼ਟੀਆਂ ਦਾ ਪਸਾਰਾ ਸੀ। ਨਾ ਹੀ ਉਨ੍ਹਾਂ ਸ੍ਰਿਸ਼ਟੀਆਂ ਦੀ ਦੇਖ ਰੇਖ ਦਾ ਧੰਦਾਂ ਸੀ। ਉਹ ਨਿਰਲੇਪ ਇਕੱਲਾ ਹੀ ਸੀ। ਉਸ ਦਾ ਸ਼ਰੀਕ ਕੋਈ ਨਹੀਂ ਸੀ।

### ੧ = ਅਕਾਲ ਪੁਰਖ ਦਾ ਸੁੰਨ ਸਮਾਧ ਸਰੂਪ

ਅਕਾਲ ਪੁਰਖ ਦੇ ਇਸ ਸਰੂਪ ਨੂੰ ਮਹਾਰਾਜ ਨੇ ਮੂਲ ਮੰਤ੍ਰ ਵਿਚ ੧ ਇਕੁ ਜਾਂ ਏਕੁ ਕਿਹਾ ਹੈ। ਸਾਰਾ ਸੰਸਾਰ ਇਸ ਏਕੇ ਦਾ ਹੀ ਪਸਾਰਾ ਹੈ। ਏਕੁ ਤੋਂ ਹੋਇਆ ਤੇ ਫਿਰ ਏਕੁ ਵਿਚ ਹੀ ਸਮਾ ਜਾਵੇਗਾ। ਜਿਸ ਤਰ੍ਹਾਂ ਸਮੁੰਦਰ ਦਾ ਤੇ ਲਹਿਰਾਂ ਦਾ ਦ੍ਰਿਸ਼ਟਾਂਤ ਹੈ। ਇਕੁ ਜਾਂ ਏਕੁ ਦੇ ਕਕੇ ਨੂੰ ਔਂਕੜ ਹੋਣ ਕਾਰਨ ਕਰਤਾ ਕਾਰਕ ਇਕ ਵਚਨ ਹੈ। ਉਸਦਾ ਭਾਵ ਅਕਾਲ ਪੁਰਖੁ ਦਾ ਉਹ ਸਰੂਪ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ। ਉਹ ਇਕੁ ਹੀ ਹੈ (ਸੁੰਨ ਸਮਾਧ ਸਰੂਪ), ਬਾਕੀ ਨਿਰਗੁਣ ਤੇ ਸਰਗੁਣ ਸਰੂਪ ਸ੍ਰਿਸ਼ਟੀ ਦੇ ਸਾਜਨ ਸਮੇਂ ਏਕੁ ਤੋਂ ਹੀ ਸਾਜੇ ਜਾਂਦੇ ਹਨ ਤੇ ਸ੍ਰਿਸ਼ਟੀ ਦੀ ਖੈ ਸਮੇਂ ਏਕੁ ਵਿਚ ਹੀ ਆ ਮਿਲਦੇ ਹਨ।

ਘਟਿ ਘਟਿ ਅੰਤਰਿ ਏਕੋ ਹਰਿ ਸੋਇ।
ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ॥੩॥
ਏਕੋ ਏਕੁ ਵਰਤੈ ਹਰਿ ਲੋਇ ॥
ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥ ॥੧॥

ਰਾਗੁ ਬਸੰਤੁ ਮਹਲਾ ੪ ਘਰੁ ੧ ਪੰਨਾ ੧੧੭੭

ਇਥੇ ਏਕੋ ਤੇ ਏਕੁ, ਅਕਾਲ ਪੁਰਖ ਲਈ ਹੀ ਵਰਤਿਆ ਗਿਆ ਹੈ।

ਇਕੁ ਪਛਾਣੂ ਜੀਅ ਕਾ ਇਕੋ ਰਖਣ ਹਾਰੁ ॥
ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥
ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥੧॥
ਮਨ ਮੇਰੇ ਸਗਲ ਉਪਾਵ ਤਿਆਗੁ ॥
ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥
ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥

ਸਿਰੀ ਰਾਗੁ ਮਹਲਾ ੫ ॥ ਪੰਨਾ ੪੫



Digitized by Panjab Digital Library | www.panjabdigilib.org

ਇਥੇ ਵੀ ਇਕੋ, ਇਕੁ, ਇਕਸ,ਅਕਾਲ ਪੁਰਖ ਲਈ ਹੀ ਵਰਤੇ ਗਏ ਹਨ।

ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ
ਵਿਟਹੁ ਵਤਾਇਆ ਜੀਉ ॥੩॥ ਮਾਝ ਮਹਲਾ ੪ ਪੰਨਾ ੯੬

ਮ: ੩ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
ਵਡਹੰਸ ਕੀ ਵਾਰ ਮਹਲਾ ੪ ਪੰਨਾ ੫੯੧

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥
ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥
ਧਨਾਸਰੀ ਮਹਲਾ ੫ ॥ ਘਰ ੭ ॥ ਪੰਨਾ ੬੭੯

ਮੇਰੇ ਵਿਚਾਰ ਵਿਚ ਐਸਾ ਆਉਂਦਾ ਹੈ ਕਿ ਏਕੁ ਦੇ ਕਕੇ ਨੂੰ ਔਂਕੜ ਹੋਣ ਕਾਰਨ ਏਕੁ ਜਾਂ ਇਕੁ ਕਰਤਾ ਕਾਰਨ ਇਕ ਵਚਨ ਹੈ, ਤੇ ਅਕਾਲ ਪੁਰਖ ਵਾਚਕ ਹੈ। ਬਾਣੀ ਵਿਚ ਇਕੁ ਜਾਂ ਏਕੁ ਗਿਣਤੀ ਦੇ ਇਕ ਦੋ ਲਈ ਵੀ ਆਇਆ ਹੈ। ਉਥੇ ਇਕੁ ਪੁਲਿੰਗ ਹੈ ਤੇ ਜਿਥੇ ਕਕੇ ਨੂੰ ਅਉਕੜ ਨਹੀਂ ਉਥੇ ਇਸਤਰੀ ਲਿੰਗ ਹੈ।

ਫਿਰ ਉਸ ਏਕੁ ਨੇ ਜਦੋਂ ਮੁਨਾਸਬ ਸਮਝਿਆ ਕਿ ਹੁਣ ਸ੍ਰਿਸ਼ਟੀ ਦੀ ਰਚਨਾ ਕਰਨੀ ਚਾਹੀਦੀ ਹੈ, ਉਸ ਨੇ ਆਪਣੇ ਸੁੰਨ ਸਮਾਧ ਸਰੂਪ ਵਿਚੋਂ ਹੀ ਆਪਣੇ ਨਿਰਗੁਣ ਸਰੂਪ ਸਾਜੇ : "ਸਬਦੁ ਤੇ ਨਾਮੁ"। ਸਬਦ ਦੁਆਰਾ ਸਾਰੀ ਸ੍ਰਿਸ਼ਟੀ ਰਚੀ ਗਈ, ਸਬਦੁ ਸਾਰੀ ਸ੍ਰਿਸ਼ਟੀ ਦਾ ਮੂਲ ਹੈ,ਸਾਰੇ ਬ੍ਰਹਮੰਡ ਵਿਚ ਇਕ ਅਰੂਪ ਅਖੰਡ ਨਾਦ ਦੇ ਰੂਪ ਵਿਚ ਤੇ ਹਰ ਘਟ ਵਿਚ ਗੁਰੂ ਰੂਪ ਵਿਚ ਆਸਣ ਲਾਈ ਬੈਠਾ ਹੈ।

ਪਉੜੀ ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਵਾਰ ਆਸਾ ਮਹਲਾ ੧ ॥ ਪੰਨਾ ੪੬੩

ਅਕਾਲ ਪੁਰਖ ਦਾ ਦੂਸਰਾ ਨਿਰਗੁਨ ਸਰੂਪ ਨਾਮੁ ਹੈ ਜੋ ਘਟ ਘਟ ਵਿਚ ਪੁਰਖੁ ਰੂਪ ਵਿਚ ਆਸਣ ਲਾਈ ਬੈਠਾ ਹੈ। ਜਿਸ ਨੂੰ ਬਾਣੀ ਵਿਚ ਨਾਮ-ਨਿਰੰਜਨ, ਪੁਰਖ-ਨਿਰੰਜਨੁ ਵੀ ਕਿਹਾ ਹੈ।

ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥
ਆਦਿ ਮਧਿ ਅੰਤਿ ਨਿਰੰਕਾਰੰ ॥ ਆਪਹਿ ਸੁੰਨ ਆਪਹਿ ਸੁਖ ਆਸਨ ॥



Digitized by Panjab Digital Library | www.panjabdigilib.org

ਆਪਹਿ ਸੁਨਤ ਆਪ ਹੀ ਜਾਸਨ ॥ ਆਪਨ ਆਪੁ ਆਪਹਿ ਉਪਾਇਓ ॥
ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥ ੧ ॥

ਗਉੜੀ ਬਾਵਨ ਅਖਰੀ ਮਹਲਾ ੫ ॥ ਪੰਨਾ ੨੫੦

ਮੈਂ ਓਅੰ (ਅਕਾਲ ਪੁਰਖ) ਦੇ ਉਸ ਸਰੂਪ ਨੂੰ ਨਮਸਕਾਰ ਕਰਦਾ ਹਾਂ ਜੋ ਸਾਧ ਸਤਿਗੁਰੂ (ਸਬਦੁ ਗੁਰੂ) ਹੈ। ਉਹ ਨਿਰਾਕਾਰ ਸਤਿਗੁਰੂ ਆਦਿ ਤੋਂ ਹੀ ਹੈ, ਮਧ ਵਿਚ ਵੀ ਤੇ ਅੰਤ ਤਕ ਉਹੀ ਨਿਰਾਕਾਰ(ਸਬਦੁ)ਰੂਪ ਵਿਚ ਗੁਰੂ ਰਹੇਗਾ। ਆਪ ਹੀ ਉਹ ਸੁੰਨ ਸਮਾਧ ਸਰੂਪ ਹੈ। ਆਪ ਹੀ ਉਹ ਸੁਖ ਆਸਨ ਸਰੂਪ ਵਿਚ ਸ੍ਰਿਸ਼ਟੀ ਨੂੰ ਸਿਰਜ ਕੇ ਉਸਦੀ ਦੇਖ ਰੇਖ ਕਰ ਰਿਹਾ ਹੈ।

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ ॥

(ਜਪੁ ਸਾਹਿਬ)

ਉਸਦਾ ਜੋ ਜਸ ਸਾਰੀ ਸ੍ਰਿਸ਼ਟੀ ਵਿਚ ਹੋ ਰਿਹਾ ਹੈ, ਉਹ ਆਪ ਹੀ ਸੁਣ ਰਿਹਾ ਹੈ। ਆਪ ਹੀ ਜਸ ਕਰਨ ਵਾਲਾ, ਤੇ ਆਪ ਹੀ ਸੁਨਣ ਵਾਲਾ, ਉਸ ਏਕੁ ਤੋਂ ਬਿਨਾਂ ਹੋਰ ਕੋਈ ਨਹੀਂ। ਉਸ ਨੇ ਆਪਣਾ ਨਿਰਗੁਨ ਸਰੂਪ ਆਪਣੇ ਸੁੰਨ ਸਮਾਧ ਸਰੂਪ ਵਿਚੋਂ ਆਪ ਹੀ ਉਪਾਇਆ ਹੈ। ਉਹ ਆਪਨਾ ਮਾਂ ਬਾਪ ਆਪ ਹੀ ਹੈ। ਉਹ ਆਪੇ ਸੂਖਸ਼ਮ, ਨਿਰਗੁਨ ਸਰੂਪ ਹੈ ਤੇ ਆਪੇ ਅਸਥੂਲ (ਦੂਜੀ ਕੁਦਰਤ) ਹੈ । ਹੇ ਮਹਾਰਾਜ ! ਤੁਹਾਡੀ ਲੀਲਾ ਕੌਣ ਲਖ ਸਕਦਾ ਹੈ ਤੁਸੀਂ ਅਲੱਖ ਹੋ।

ਇਥੇ ਮਹਾਰਾਜ ਨੇ ਅਕਾਲ ਪੁਰਖ ਦੇ ਸਬਦੁ ਗੁਰੂ ਸਰੂਪ ਨੂੰ ਸਾਧ ਆਖਿਆ ਹੈ। ਜਿਵੇਂ ਬਾਣੀ ਵਿਚ ਹੋਰ ਅਨੇਕਾਂ ਥਾਂਈ ਵੀ ਆਇਆ ਹੈ।

ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪ੍ਰੋਵਨਹਾਰਾ ॥
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥
ਸਗਲ ਭਾਤਿ ਕਰਿ ਕਰਹਿ ਉਪਾਇਓ ।
ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥
ਨਾਨਕ ਅੰਤੁ ਨ ਪਾਰਾਵਾਰਾ ॥ ੨ ॥

ਗਉੜੀ ਬਾਵਨ ਅਖਰੀ ਮਹਲਾ ॥ ੫ ਪੰਨਾ ੨੫੦



Digitized by Panjab Digital Library | www.panjabdigilib.org

ਫਿਰ ਹਰੀ ਨੇ ਅਪਨੇ ਗੁਰਮੁਖਿ (ਸਬਦ ਸਰੂਪ) ਨੂੰ ਆਕਾਰ ਵਿਚ ਲੈ ਆਂਦਾ ਤੇ ਬ੍ਰਹਮੰਡ ਰਚਿਆ *। ਇਕ ਸੂਤ ਵਿਚ ਸਾਰੀ ਸ੍ਰਿਸ਼ਟੀ ਦੇ ਇੰਤਜ਼ਾਮ ਨੂੰ ਪਰੋ ਦਿਤਾ। ਕੁਦਰਤ ਦੇ ਐਸੇ ਨੇਮ ਬਣਾ ਦਿਤੇ ਜਿਨ੍ਹਾਂ ਦੁਆਰਾ ਸ੍ਰਿਸ਼ਟੀ ਦਾ ਇੰਤਜ਼ਾਮ ਬੇ-ਰੋਕ ਟੋਕ ਚਲਦਾ ਰਹੇ, ਉਸਦੀ ਉਲੰਘਨਾ ਨਾ ਹੋ ਸਕੇ। ਮਾਇਆ ਦੇ ਤਿੰਨ ਸਰੂਪ (ਰਜੋ, ਸਤੋ ਤੇ ਤਮੋ) ਦਾ ਵਿਸਥਾਰ ਹੋਇਆ। ਇਸ ਤਰ੍ਹਾਂ ਨਿਰਗੁਨ ਸਰੂਪ ਤੋਂ ਸਰਗੁਨ ਸਰੂਪ ਦਿਸਨ ਲੱਗਾ। ਹੋਰ ਅਨੇਕਾਂ ਭਾਂਤ ਦੇ ਜੀਵ ਉਪਾਏ। ਜਨਮ ਮਰਨ ਦਾ ਚਕੱਰ ਚਲਿਆ, ਮਨ ਵਿਚ ਮਾਇਆ (ਦਿਸਦੀਆਂ ਚੀਜ਼ਾਂ) ਦਾ ਮੋਹ ਵਧਿਆ। ਪਰ ਉਹ ਆਪ ਸਾਰੀ ਸ੍ਰਿਸ਼ਟੀ ਦਾ ਮੂਲ ਹੁੰਦਾ ਹੋਇਆ ਵੀ ਨਿਰਲੇਪ ਹੈ। ਉਸਦਾ ਅੰਤ ਜਾਂ ਪਾਰਵਾਰ ਨਹੀਂ ਪਾਇਆ ਜਾ ਸਕਦਾ।

ੴ—ਓਅੰਕਾਰ=ਸਬਦੁ ਬ੍ਰਹਮੁ

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥ ੧ ॥
ਕਰਣੈਹਾਰਾ ਬੂਝਹੁ ਰੇ ॥ ਸਤਿਗੁਰ ਮਿਲੈ ਤਾ ਸੂਝੈ ਰੇ ॥ ੧ ॥ ਰਹਾਉ ॥
ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ।
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥ ੨ ॥

ਮਾਰੂ ਮਹਲਾ ੫ ॥ ਘਰ ੪ ॥ ਪੰਨਾ ੧੦੦੩-੧੦੦੪

ਓਅੰਕਾਰ (ਸਬਦੁ) ਦੁਆਰਾ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ। ਸਬਦੁ ਹੀ ਸ੍ਰਿਸ਼ਟੀ ਦਾ ਮੂਲ ਹੈ। ਅਕਾਲ ਪੁਰਖ ਨੇ ਸਬਦੁ ਦੁਆਰਾ ਸ੍ਰਿਸ਼ਟੀ ਰਚ ਕੇ ਦਿਨ ਤੇ ਰਾਤ ਬਣਾਏ। ਵਣ ਤ੍ਰਿਨ ਤਿੰਨੇ ਭਵਣ ਤੇ ਪਾਣੀ ਬਣਾਇਆ। ਚੋਹਾਂ ਵੇਦਾ ਦਾ ਨਿਰਮਾਨ ਹੋਇਆ। ਇਹ ਸਾਰੀ ਰਚਨਾ ਸਬਦੁ ਦੁਆਰਾ ਹੋਈ।

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ ॥

ਪੰਨਾ ੯੨੯-੯੩੦

---

* ਇਸ ਤਰ੍ਹਾਂ ਦੇ ਹੋਰ ਅਨੇਕਾਂ ਬ੍ਰਹਮੰਡ ਨੇ, ਕੋਈ ਅੰਦਾਜ਼ਾ ਨਹੀਂ।



Digitized by Panjab Digital Library | www.panjabdigilib.org

ਓਅੰਕਾਰ (ਬਸਦ) ਤੋਂ ਹੀ ਬ੍ਰਹਮਾਂ ਦੀ ਉਤਪਤੀ ਹੋਈ। ਜਿਸ ਬ੍ਰਹਮਾ ਨੇ ਓਅੰਕਾਰ ਨੂੰ ਚਿਤ ਵਿਚ ਵਸਾਇਆ। ਇਸ ਤਰ੍ਹਾਂ ਓਅੰਕਾਰ ਦੁਆਰਾ ਹੀ ਬ੍ਰਹਮਾ ਨੇ ਬੇਦਾਂ (ਗਿਆਨ) ਦਾ ਨਿਰਮਾਣ ਕੀਤਾ। ਉਸੇ ਸਬਦੁ ਓਅੰਕਾਰ ਤੋਂ ਹੀ ਦੇਸ਼ ਤੇ ਕਾਲ (time & space) ਰਚੇ ਗਏ।

ਓਅੰਕਾਰ ਦੁਆਰਾ ਹੀ ਜਗਤ ਦੀ ਉਤਪਤੀ ਲਈ ਚਾਰ ਖਾਣੀਆਂ (ਪੈਦਾਇਸ਼ ਦੇ ਚਾਰ ਤਰ੍ਹਾਂ ਦੇ ਤਰੀਕੇ) ਬਣੀਆਂ। ਸਬਦੁ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਵਿਚ ਮਨੁਖ ਦੇ ਮਿਥੇ ਖੰਡ, (ਮਨੁਖ ਨੇ ਪ੍ਰਿਥਵੀ ਨੂੰ ੯ ਖੰਡਾਂ ਵਿਚ ਵੰਡਿਆ ਹੈ) ਦੀਪ, ਟਾਪੂ ਤੇ ਸਾਰੇ ਲੋਕ (ਮਾਤ ਲੋਕ, ਪਤਾਲ ਲੋਕ, ਪਿਤਰ ਲੋਕ ਅਦਿ) ਸਿਰਜੇ ਗਏ। ਇਹ ਸਾਰਾ ਕੁਝ ਅਕਾਲ ਪੁਰਖ ਦੇ ਇਕ ਕਵਾਉ (ਬੋਲ) ਹੁਕਮ ਤੋਂ ਹੋਇਆ। ਸ੍ਰਿਸ਼ਟੀ ਦੇ ਸਾਜਨ ਵਿਚ ਕੋਈ ਦੇਰ ਨਹੀਂ ਲੱਗੀ, ਉਸ ਦੇ ਹੁਕਮ ਕਰਦਿਆਂ ਸਾਰ ਹੀ ਸ੍ਰਿਸ਼ਟੀ ਦਾ ਨਿਰਮਾਣ ਹੋ ਗਿਆ। ਇਸ ਲਈ ਸਜੱਣੋ ! ਉਸ ਕਰਨੇ ਹਾਰ ਦੀ ਸਮਰੱਥਾ ਨੂੰ ਸਮਝੋ। ਪਰ ਇਹ ਤਦੇ ਹੀ ਹੋ ਸਕਦਾ ਹੈ ਜੇ ਅਸੀਂ ਸਤਿਗੁਰੂ (ਸਬਦ ਗੁਰੂ) ਨੂੰ ਭੇਟੀਏ ਤੇ ਉਸਦੇ ਉਪਦੇਸ਼ ਦੁਆਰਾ ਹਰੀ ਦੀ ਸਮਰੱਥਾ ਦਾ ਗਿਆਨ ਪ੍ਰਾਪਤ ਕਰੀਏ। ਉਸ ਨੇ ਸ੍ਰਿਸ਼ਟੀ ਨੂੰ ਰਚ ਕੇ ਤਿੰਨਾਂ ਗੁਣਾਂ ਦਾ ਪਸਾਰਾ ਕੀਤਾ। ਤਿੰਨਾਂ ਗੁਣਾਂ ਦੇ ਅਧੀਨ ਹੋ ਕੇ ਲੋਕਾਂ ਨੇ ਉਹ ਕਰਮ ਕੀਤੇ ਜਿਨ੍ਹਾਂ ਨੂੰ ਉਹ ਪਾਪ ਜਾਂ ਪੁੰਨ ਸਮਝਦੇ ਸਨ। ਜਿਸ ਦਾ ਸਦਕਾ ਉਨ੍ਹਾਂ ਨੂੰ ਚੰਗੀਆਂ ਜਾਂ ਮੰਦੀਆਂ ਜੂਨਾਂ ਵਿਚ ਭਟਕਣਾ ਪਿਆ। ਇਹ ਸਾਰਾ ਕੁਝ ਹਉਮੈਂ ਦੇ ਕਾਰਨ ਹੁੰਦਾ ਹੈ। ਹਉਮੈਂ ਦੇ ਕਾਰਨ ਮਨ ਨਿਜ ਘਰ ਵਿਚ ਨਹੀਂ ਟਿਕ ਸਕਦਾ ਤੇ ਭਟਕਦਾ ਰਹਿੰਦਾ ਹੈ। (ਸਬਦੁ) ਗੁਰੂ ਦੇ ਗਿਆਨ ਤੋਂ ਬਿਨਾਂ ਸਭ ਅੰਧਕਾਰ ਹੈ। ਸਤਿਗੁਰੂ (ਸਬਦ ਗੁਰੂ) ਹੀ ਗਿਆਨ ਦਾ ਦੀਵਾ ਬਾਲ ਕੇ ਅੰਧਕਾਰ ਦਾ ਨਾਸ ਕਰ ਸਕਦਾ ਹੈ। ਇਸ ਲਈ ਸਤਿਗੁਰੂ ਨੂੰ ਭੇਟ ਕੇ ਹੀ ਨਿਸਤਾਰਾ ਹੋ ਸਕਦਾ ਹੈ।

ਓਅੰਕਾਰ ਹੀ ਸ਼ਬਦੁ ਹੈ ਇਸ ਲਈ ਸ੍ਰਿਸ਼ਟੀ ਦਾ ਮੂਲ ਸਬਦੁ (ਓਅੰਕਾਰ) ਹੈ, ਗੁਰਵਾਕ ਹੈ :—

ਉਤਪਤਿ ਪਰਲਉ ਸਬਦੇ ਹੋਵੈ। ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥

ਮਾਝ ਮਹਲਾ ੩ ਪੰਨਾ ੧੧੭



Digitized by Panjab Digital Library | www.panjabdigilib.org

ਇਸ ਸ੍ਰਿਸ਼ਟੀ ਦੀ ਉਤਪਤੀ ਤੇ ਪਰਲਉ ਸਬਦੁ (ਓਅੰਕਾਰ) ਦੁਆਰਾ ਹੀ ਹੁੰਦੀ ਹੈ। ਸਬਦ ਦੁਆਰਾ ਹੀ ਮੁੜ ਉਤਪਤੀ ਹੁੰਦੀ ਹੈ। ਗੁਰਮੁਖਿ,(ਗੁਰੂ-ਅਕਾਲ ਪੁਰਖ) ਜੋ ਸੱਚੁ ਹੈ, ਉਹ ਆਪ ਹੀ ਹਰ ਜਗ੍ਹਾ ਵਰਤ ਰਿਹਾ ਹੈ। ਉਹੀ ਸ੍ਰਿਸ਼ਟੀ ਨੂੰ ਉਪਾ ਕੇ ਫਿਰ ਆਪਣੇ ਵਿਚ ਸਮਾ ਲੈਂਦਾ ਹੈ। ਮਹਾਰਾਜ ਹੋਰ ਸਪਸ਼ਟ ਕਰਦੇ ਨੇ ਕਿ :—

ਓਅੰਕਾਰਿ ਸਭ ਸ੍ਰਿਸ਼ਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥
ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥

ਮਾਰੂ ਮਹਲਾ ੩, ੧੦੬੧

ਪ੍ਰਭੂ ਨੇ ਓਅੰਕਾਰ (ਸਬਦ) ਦੁਆਰਾ ਹੀ ਸਾਰੀਆਂ ਸ੍ਰਿਸ਼ਟੀਆਂ ਰਚੀਆਂ। ਹੇ ਪ੍ਰਭੂ ! ਇਹ ਸਾਰਾ ਖੇਡ ਤਮਾਸ਼ਾ ਤੇਰੀ ਹੀ ਵਡਿਆਈ ਹੈ। ਤੂੰ ਆਪੇ ਹੀ ਅੱਡ ਅੱਡ ਕਰਦਾ ਹੈ। ਤੂੰ ਆਪੇ ਹੀ ਭੰਨਣ ਘੜਣ ਸਮੱਰਥ ਹੈ।

ਹੁਣ ਅਸੀਂ ਸਮਝਣਾ ਹੈ ਕਿ ਓਅੰਕਾਰ (ਸਬਦੁ) ਦਾ ਸਰੂਪ ਕੀ ਹੈ ? ਸਤਿਗੁਰੂ ਇਸ ਬਾਰੇ ਫਰਮਾਉਂਦੇ ਹਨ :—

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥ ੧ ॥
ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ੧ ॥ ਰਹਾਉ ॥

ਰਾਮਕਲੀ ਮਹਲਾ ੫ ॥ ਪੰਨਾ ੮੮੫

ਓਅੰਕਾਰ (ਸਬਦੁ) ਦਾ ਸਰੂਪ ਧੁਨਿ (ਅਰੂਪ ਨਾਦ) ਹੈ। ਅਰੂਪ ਇਸ ਲਈ ਕਿ ਓਅੰਕਾਰ ਅਕਾਲ ਪੁਰਖ ਦਾ ਨਿਰਗੁਣ ਸਰੂਪ ਹੈ। ਉਹ ਨਾਦ (ਧੁਨਿ) ਸਾਡੇ ਮਨ, ਬੁੱਧੀ ਦੀ ਪਹੁੰਚ ਤੋਂ ਪਰੈ ਹੈ। ਇਹ ਸਬਦੁ ਇਕ ਧੁਨ ਵਿਚ ਵਜ ਰਿਹਾ ਹੈ, ਜੋ ਅਖੰਡ ਨਾਦ ਦੇ ਰੂਪ ਵਿਚ ਲਗਾਤਾਰ ਜਾਰੀ ਰਹਿੰਦਾ ਹੈ ਤੇ ਇਕ ਪ੍ਰਭੂ ਦੇ ਬਾਰੇ ਗਿਆਨ ਨਸ਼ਰ ਕਰ ਰਿਹਾ ਹੈ। ਇਹ ਨਾਦ ਪ੍ਰਭੂ ਦੇ ਦੇਸ ਦਾ ਹੀ ਹੈ, ਜੋ ਸਰਬ ਵਿਆਪਕ ਪ੍ਰਭੂ ਦੇ ਦਰਸ਼ਨ ਕਰਾਉਂਦਾ ਹੈ। ਇਹ ਤਾਂ ਗੁਰੂ ਤੋਂ ਹੀ ਪਤਾ ਲਗੇਗਾ ਕਿ ਉਹ (ਅਕਾਲ ਪੁਰਖ) ਆਪ ਹੀ ਸਬਦ ਹੈ,



Digitized by Panjab Digital Library | www.panjabdigilib.org

ਆਪ ਹੀ ਸੁਰਤਿ ਹੈ, ਆਪ ਹੀ ਸੇਵਾ (ਸਬਦ ਦੀ ਕਮਾਈ) ਹੈ ।

ਉਹ ਕੀਰਤਨੀਆ (ਨਾਮੁ ਅਭਿਆਸੀ) ਭਲਾ ਹੈ ਜੋ ਮਾਇਆ ਦੇ ਧੰਦੇ ਤੇ ਸੁਆਦ ਆਦਿ ਛੱਡ ਕੇ ਉਸ ਰਾਮ (ਓਅੰਕਾਰ) ਦੇ, ਜੋ ਸਰਬ ਵਿਆਪਕ ਹੈ, ਗੁਣ ਗਾਉਂਦਾ ਹੈ ਤੇ ਇਸ ਤਰ੍ਹਾਂ ਸਬਦੁ ਸੁਰਤਿ ਦੀ ਕਮਾਈ ਕਰਦਾ ਹੈ ।

ਸਬਦ ਦੇ ਦੋ ਸਰੂਪ ਹਨ : ਇਕ ਤਾਂ ਉਹ ਜੋ ਸ੍ਰਿਸ਼ਟੀ ਦਾ ਮੂਲ ਹੈ, ਸਾਰੇ ਬ੍ਰਹਿਮੰਡ ਵਿਚ ਇਕ ਅਰੂਪ ਨਾਦ ਦੇ ਰੂਪ ਵਿਚ ਵਜ ਰਿਹਾ ਹੈ, ਫੈਲ ਰਿਹਾ ਹੈ । ਉਹ ਸਬਦ ਬ੍ਰਹਮ ਹੈ, ਸਰਬ ਨਿਰੰਤਰ, ਸਰਬ ਵਿਆਪਕ ਹੈ ।

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਾਇਆ ਮਨੁ ਮਾਨਿਆ॥੨॥
ਆਸਾ ਮਹਲਾ ੧ ਪੰਨਾ ੩੫੧

ਅਕਾਲ ਪੁਰਖ ਸ਼ਬਦ ਰੂਪ ਵਿਚ ਤਿੰਨਾਂ ਲੋਕਾਂ ਵਿਚ ਰਵ ਰਿਹਾ ਹੈ ਜਦੋਂ ਆਪਾ (ਹਉਂ) ਚਲੀ ਗਈ ਤਾਂ ਮਨ ਪਤੀਜ ਗਿਆ । ਸਬਦ ਨੂੰ ਹੀ ਅਨਹਦ ਬਾਣੀ ਕਹਿੰਦੇ ਹਨ :—

ਕੈਸੀ ਆਰਤੀ ਹੋਇ ॥ ਭਵਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥
ਰਾਗੁ ਧਨਾਸਰੀ ਮਹਲਾ ੧ ॥ ਪੰਨਾ ੧੩

ਸਾਰੀ ਸ੍ਰਿਸ਼ਟੀ ਹੀ ਤੇਰੀ ਆਰਤੀ ਉਤਾਰ ਰਹੀ ਹੈ,ਤੇਰਾ ਸਬਦ ਸਰੂਪ ਤੇਰੀ ਆਰਤੀ ਵਿਚ ਮਾਨੋ ਭੇਰੀ ਵਜ ਰਹੀ ਹੋਵੇ । ਜੋ ਲਗਾਤਾਰ ਵਜਦੀ ਰਹਿੰਦੀ ਹੈ ।

ਸਬਦ ਦਾ ਦੂਜਾ ਸਰੂਪ ਉਹ ਹੈ ਜੋ ਗੁਰੂ ਰੂਪ ਵਿਚ ਘਟ ਘਟ ਵਿਚ ਬਿਰਾਜਮਾਨ (ਘਟ ਘਟ ਅੰਤਰ)ਹੈ । ਇਹ ਅਰੂਪ ਨਾਦ ਨਿਰੰਤਰ ਵਜ ਰਿਹਾ ਹੈ ਤੇ ਗੁਰ ਉਪਦੇਸ਼ ਨਸ਼ਰ ਕਰ ਰਿਹਾ ਹੈ । ਸਬਦ ਗੁਰੂ ਬਾਰੇ ਵਿਚਾਰ ਸਬਦ ਗੁਰੂ ਦੇ ਪਰਕਰਨ ਵਿਚ ਕਰਾਂਗੇ । ਇਸ ਸਬਦ ਨੂੰ ਹੀ ਮਹਾਰਾਜ ਨੇ ਅਨਹਦ ਬਾਣੀ ਜਾਂ ਅਨਹਦ ਨਾਦ ਆਖਿਆ ਹੈ ।

## ਸਤਿ = ਸਚੁ

ਸਤਿ ਜਾਂ ਸਚੁ ਅਕਾਲ ਪੁਰਖ ਦਾ ਉਹ ਗੁਣ ਹੈ ਜਿਸ ਦੀ ਵਿਆਖਿਆ ਮਹਾਰਾਜ ਨੇ ਇਸ ਤਰ੍ਹਾਂ ਕੀਤੀ ਹੈ :—

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥



Digitized by Panjab Digital Library | www.panjabdigilib.org

ਉਹ ਸਚੁ (ਅਕਾਲ ਪੁਰਖ) ਆਦਿ ਤੋਂ ਹੀ ਹੈ। ਕੋਈ ਨਹੀਂ ਜਾਣਦਾ ਆਦਿ ਕਦੋਂ ਤੋਂ ਹੈ। ਸ੍ਰਿਸ਼ਟੀ ਦੀ ਕਈ ਵਾਰੀ ਉਤਪਤੀ ਤੇ ਕਈ ਵਾਰੀ ਪਰਲੋ ਹੋਈ। ਉਹ ਜੋ ਸਚੁ ਹੈ ਉਹ ਆਦਿ ਤੋਂ ਹੀ ਹੈ, ਅਨਾਦਿ ਹੈ, ਉਸ ਦਾ ਕੋਈ ਆਦਿ ਨਹੀਂ। ਇਹ ਸ੍ਰਿਸ਼ਟੀ ਜਿਸ ਵਿਚ ਅਸੀਂ ਹੁਣ ਵਸ ਰਹੇ ਹਾਂ, ਇਸ ਦੇ ਯੁਗਾਂ ਦਾ ਅਰੰਭ ਜਦੋਂ ਮਨੁੱਖ ਨੇ ਆਪਣੀ ਸਮਝ ਮੁਤਾਬਕ ਕੀਤਾ ਉਹ ਸਚੁ ਉਸ ਵੇਲੇ ਤੋਂ ਵੀ ਇਕ ਥਿਰ ਹਸਤੀ ਹੈ। ਇਸ ਵਰਤਮਾਨ ਕਾਲ ਵਿਚ ਵੀ ਸਚੁ ਹੀ ਵਰਤ ਰਿਹਾ ਹੈ ਤੇ ਅੱਗੇ ਆਉਣ ਵਾਲੇ ਸਮੇਂ ਵਿਚ ਵੀ ਉਹ ਥਿਰ ਹਸਤੀ ਕਾਇਮ ਰਹੇਗੀ।

ਸਚੁ ਇਕ ਐਸਾ ਗੁਣ ਹੈ ਜੋ ਮੈਲਾ ਨਹੀਂ ਹੁੰਦਾ।

ਮ:੩ ॥ ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ।
ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥
ਨਾਨਕ ਨਾਮਿ ਵਿਸਾਰੀਐ ਆਵਣ ਜਾਣਾ ਦੋਇ ॥ ੨ ॥ ਪੰਨਾ ੧੨੪੮

ਕਈ ਸਜਣ ਸਤਿ ਤੇ ਨਾਮੁ ਨੂੰ ਜੋੜ ਕੇ ਅਰਥ ਕਰਦੇ ਨੇ ਪਰ ਇਥੇ ਮਹਾਰਾਜ ਨੇ ਦੋਵਾਂ ਅਖਰਾਂ ਨੂੰ ਨਖੇੜ ਦਿਤਾ ਹੈ। ਅਕਾਲ ਪੁਰਖ ਦਾ ਉਹ ਗੁਣ ਜਿਸਨੂੰ ਬਾਣੀ ਵਿਚ ਸਤਿ ਜਾਂ ਸਚੁ ਆਖਿਆ ਹੈ, ਕਦੇ ਪੁਰਾਣਾ ਨਹੀਂ ਹੁੰਦਾ। ਅਕਾਲ ਪੁਰਖ ਦਾ ਉਹ ਸਰੂਪ ਜਿਸ ਨੂੰ ਬਾਣੀ ਵਿਚ ਨਾਮੁ ਕਿਹਾ ਹੈ, ਉਹ ਵੀ ਕਦੇ ਮੈਲਾ ਨਹੀਂ ਹੁੰਦਾ। ਜੇ ਗੁਰੂ ਕੇ ਭਾਣੇ ਵਿਚ ਚਲੀਏ ਫੇਰ ਜਨਮ ਮਰਨ ਦਾ ਚਕੱਰ ਮੁੱਕ ਜਾਂਦਾ ਹੈ। ਮਹਾਰਾਜ ਉਪਦੇਸ਼ ਕਰਦੇ ਨੇ ਕਿ ਜੇ ਨਾਮਿ (ਨਾਮੁ ਨੂੰ=ਰਬ ਨੂੰ) ਵਿਸਾਰ ਦੇਈਏ ਤਦ ਆਣਾ ਜਾਣਾ ਦੋਵੇਂ ਲੱਗੇ ਰਹਿਣਗੇ।

ਸਚੁ ਦੇ ਚੱਚੇ ਨੂੰ ਔਂਕੜ ਹੋਣ ਕਾਰਨ ਕਰਤਾ ਕਾਰਕ ਇਕ ਵਚਨ ਹੈ ਤੇ ਅਕਾਲ ਪੁਰਖ ਵਾਚਕ ਹੈ। ਗੁਰਵਾਕ ਹੈ :—

ਸਦਾ ਸਦਾ ਸਚੇ ਤੇਰੀ ਸਰਣਾਈ ॥ ਤੂੰ ਆਪੇ ਸਚੁ ਬੁਝਾਵਣਿਆ ॥੭॥
ਜਿਨ ਸਚੁ ਜਾਤਾ ਸੇ ਸਚਿ ਸਮਾਣੇ। ਹਰਿ ਗੁਣ ਗਾਵਹਿ ਸਚੁ ਵਖਾਣੇ ॥
ਨਾਨਕ ਨਾਮਿ ਰਤੇ ਬੈਰਾਗੀ ਨਿਜਘਰਿ ਤਾੜੀ ਲਾਵਣਿਆ ॥
੮ ॥ ੩ ॥ ੪ ॥ ਮਾਝ ਮਹਲਾ ੩ ਪੰਨਾ ੧੧੧



Digitized by Panjab Digital Library | www.panjabdigilib.org

ਹੇ ਸਚੇ (ਅਕਾਲ ਪੁਰਖ), ਅਸੀਂ ਸਦਾ ਹੀ ਤੇਰੀ ਸਰਣ ਵਿਚ ਰਹਿੰਦੇ ਹਾਂ ਇਸ ਲਈ ਹੇ ਸਚੁ (ਅਕਾਲ ਪੁਰਖ), ਤੂੰ ਸਾਨੂੰ ਆਪ ਹੀ ਆਪਣੇ ਆਪੇ ਦੀ ਅਸਲੀਅਤ ਦਸ ਦਿਤੀ ਹੈ। ਜਿਨ੍ਹਾਂ ਨੇ ਸਚੁ (ਅਕਾਲ ਪੁਰਖ) ਦੀ ਅਸਲੀਅਤ ਨੂੰ ਗੁਰੂ ਮਿਹਰ ਦੁਆਰਾ ਜਾਣ ਲਿਆ ਹੈ, ਉਹ ਸਚੁ (ਅਕਾਲ ਪੁਰਖ) ਵਿਚ ਸਮਾ ਗਏ ਹਨ। ਉਹ ਹਰੀ ਗੁਣ ਹੀ ਗਾਉਂਦੇ ਨੇ ਤੇ ਸਚੁ (ਅਕਾਲ ਪੁਰਖ) ਦਾ ਹੀ ਉਚਾਰਨ ਕਰਦੇ ਹਨ। ਮਹਾਰਾਜ ਦਸਦੇ ਨੇ ਕਿ ਜੋ ਨਾਮੁ ਵਿਚ (ਰੱਬ ਦੇ ਰੰਗ ਵਿਚ) ਰੰਗੇ ਹੋਏ ਨੇ ਉਹ ਇਸ ਦੁਨੀਆਂ ਵਿਚ ਰਹਿੰਦੇ ਹੋਏ ਵੀ ਨਿਰਲੇਪ ਹਨ, ਉਹ ਅਸਲ ਬੈਰਾਗੀ ਹਨ, ਕਿਉਂ ਜੋ ਉਨ੍ਹਾਂ ਦੇ ਮਨ ਨੇ ਦੌੜਨਾ ਭਜਨਾ ਬੰਦ ਕਰ ਦਿਤਾ ਹੈ ਤੇ ਆਪਣੇ ਅਸਲ ਸਰੂਪ ਵਿਚ ਟਿਕ ਗਿਆ ਹੈ।

ਮਨ ਰੇ ਸਚੁ ਮਿਲੈ ਭਉ ਜਾਇ ॥
ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥੧॥ ਪੰਨਾ ੧੮

ਹੇ ਮੇਰੇ ਮਨ, ਸਚੁ (ਅਕਾਲ ਪੁਰਖ) ਦਾ ਮਿਲਾਪ ਹੋਵੇ ਤਾਂ ਡਰ ਜੋ ਹਰ ਵੇਲੇ ਸਾਡੇ ਮਨ ਵਿਚ ਰਹਿੰਦਾ ਹੈ ਦੂਰ ਹੋ ਜਾਵੇਗਾ। ਰਬ ਦੇ ਡਰ ਵਿਚ ਰਹਿਣ ਤੋਂ ਬਿਨਾਂ ਨਿਰਭਉ ਨਹੀਂ ਹੋ ਸਕੀਦਾ। ਗੁਰਮੁਖਿ (ਗੁਰੂ ਦੇ ਉਪਦੇਸ਼) ਦੁਆਰਾ ਜਦ ਤੂੰ ਸੁਰਤਿ ਸਬਦੁ ਦੀ ਕਮਾਈ ਕਰਦਾ ਹੋਇਆ ਆਪਣੀ ਸੁਰਤਿ ਨੂੰ ਸਬਦੁ ਵਿਚ ਲੀਨ ਕਰ ਲਵੇਂਗਾ ਤਦ ਤੇਰਾ ਡਰ ਦੂਰ ਹੋ ਜਾਵੇਗਾ।

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨ੍ਹਾਂ ਪਛਾਤਾ ਸਚੁ ਚੁੰਮਾ ਪੈਰ ਮੂੰ ॥
ਆਸਾ ਸ਼ੇਖ ਫਰੀਦ ਜੀਉ ਕੀ ਬਾਣੀ ॥ ਪੰਨਾ ੪੮੮

ਹੇ ਸਾਰੇ ਜਗਤ ਦੀ ਪਾਲਨਾ ਕਰਨ ਵਾਲੇ ਪਰਵਦਗਾਰ, ਤੇਰਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਤੂੰ ਅਗਮ ਹੈ, ਬੇਅੰਤ ਹੈ। ਜਿਨ੍ਹਾਂ ਨੇ ਤੈਨੂੰ (ਸਚੁ ਨੂੰ) ਪਛਾਣਿਆ ਹੈ (ਗਿਆਨ ਹੋ ਗਿਆ ਹੈ), ਮੈਂ ਉਨ੍ਹਾਂ ਦੇ ਪੈਰ ਚੁੰਮਦਾਂ ਹਾਂ, ਮੈਂ ਉਨ੍ਹਾਂ ਦੀ ਸੰਗਤ ਲੋਚਦਾ ਹਾਂ।

ਮਹਰਾਜ ਉਸਦੇ ਸਤਿ ਸਰੂਪ ਬਾਰੇ ਦਸਦੇ ਹਨ :

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥



Digitized by Panjab Digital Library | www.panjabdigilib.org

ਕਰਤੂਤਿ ਸਤਿ ਸਤਿ ਜਾਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥
ਸਤਿ ਕਰਣੀ ਨਿਰਮਲ ਨਿਰਮਲੀ॥ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿਨਾਮੁ ਪ੍ਰਭ ਕਾ ਸੁਖ ਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥
ਸੁਖਮਨੀ ਸਾਹਿਬ ਪੰਨਾ ੨੮੪

## ਨਾਮੁ

ਨਾਮੁ ਅਕਾਲ ਪੁਰਖ ਦਾ ਉਹ ਨਿਰਾਕਾਰ ਸਰੂਪ ਹੈ ਜੋ ਘਟ ਘਟ ਅੰਦਰ ਪੁਰਖੁ ਰੂਪ ਵਿਚ ਆਸਨ ਲਾਈ ਬੈਠਾ ਹੈ । ਇਸ ਨੂੰ ਹੀ ਬਾਣੀ ਵਿਚ ਨਾਮੁ ਨਿਰੰਜਨੁ ਜਾਂ ਪੁਰਖੁ ਨਿਰੰਜਨੁ ਕਿਹਾ ਗਿਆ ਹੈ ।

ਪਉੜੀ ॥ ਅਪੀਨ੍ਹੈ ਆਪੁ ਸਾਜਿਉ ਆਪੀਨ੍ਹੈ ਰਚਿਉ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਪੰਨਾ ੪੬੩

ਉਸ ਏਕੁ ਨੇ ਜਦੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਪਹਿਲੇ ਆਪਣਾ ਨਿਰਗੁਨ ਸਰੂਪ ਸਾਜਿਆ (ਸਬਦ ਤੇ ਨਾਮੁ) । ਸਬਦ ਦੁਆਰਾ ਦੁਯੀ ਕੁਦਰਤ ਸਾਜ ਕੇ ਨਾਮੁ ਰੂਪ ਵਿਚ ਸਾਰੀ ਸ੍ਰਿਸ਼ਟੀ ਵਿਚ ਆਸਨ ਲਾ ਕੇ ਬੈਠ ਗਿਆ । ਉਹ ਕੁਦਰਤ ਦੇ ਵਿਚ ਭੀ ਭਰਪੂਰ ਹੋ ਰਿਹਾ ਹੈ ਤੇ ਕੁਦਰਤ ਤੋਂ ਵਖ ਵੀ ਆਪਣੇ ਕੀਤੇ ਦੀ ਦੇਖ ਰੇਖ ਕਰ ਰਿਹਾ ਹੈ।

ਜੇਤਾ ਕੀਤਾ ਤੇਤਾ ਨਾਉ । ਵਿਣ ਨਾਵੈ ਨਾਹੀ ਕੋ ਥਾਉ॥(ਜਪੁ ਸਾਹਿਬ)

ਉਹ ਨਾਮੁ ਰੂਪ ਵਿਚ ਆਪਣੀ ਸਾਰੀ ਰਚਨਾ ਵਿਚ ਭਰਪੂਰ ਹੋ ਰਿਹਾ ਹੈ । ਸਾਰੀ ਰਚਨਾ ਵਿਚ ਕੋਈ ਐਸੀ ਥਾਂ ਨਹੀਂ ਜਿਥੇ ਉਹ ਨਾ ਹੋਵੇ ।

ਨਾਮ ਕੇ ਧਾਰੇ ਸਗਲੇ ਜੰਤ । ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ।



Digitized by Panjab Digital Library | www.panjabdigilib.org

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥

(ਸੁਖਮਨੀ ਸਾਹਿਬ) ਪੰਨਾ ੨੯੪

ਇਹ ਸਾਰੀ ਰਚਨਾ ਨਾਮ ਦੇ ਆਸਰੇ ਹੈ । ਸਾਰੇ ਜੀਵ ਜੰਤ, ਖੰਡ ਬ੍ਰਹਮੰਡ ਮੁਕਦੀ ਗਲ ਸਾਰੀਆਂ ਆਕਾਰ ਵਾਲੀਆਂ ਸ੍ਰੇਣੀਆਂ ਨਾਮੁ ਦੇ ਆਸਰੇ ਤੇ ਜੀਵਤ ਹਨ । ਜਿਸ ਆਕਾਰ ਵਿਚੋਂ ਨਾਮੁ ਨਿਕਲ ਜਾਏ ਉਹ ਮੁਰਦਾ ਹੋ ਜਾਂਦੀ ਹੈ ।

ਨਾਮ ਅਕਾਲ ਪੁਰਖ ਵਾਚਕ ਹੈ :—

ਦਰਸਨ ਨਾਮ ਕਉ ਮਨੁ ਆਛੈ ॥
ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਉ ਸੰਤ ਪਾਛੈ॥੧॥ਰਹਾਉ॥

ਦੇਵਗੰਧਾਰੀ ੫ ॥ ਪੰਨਾ ੫੩੩

ਮੇਰਾ ਮਨ ਲੋਚਦਾ ਹੈ ਕਿ ਮੈਂ ਨਾਮੁ (ਹਰੀ) ਦੇ ਦਰਸ਼ਨ ਕਰਾਂ । ਮੈਂ ਸਾਰੀਆਂ ਥਾਵਾਂ ਤੇ ਭਟਕ ਭਟਕ ਕੇ ਹੁਣ ਸੰਤ (ਗੁਰੂ) ਦੀ ਸਰਨ ਆਇਆ ਹਾਂ ਤੇ ਬੇਨਤੀ ਕਰਦਾ ਹਾਂ ਕਿ ਮਹਾਰਾਜ ਮੈਨੂੰ ਨਾਮੁ ਦੇ ਦਰਸ਼ਨ ਕਰਾਉ ।

## ॥ ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥

ਸੁਖਮਨੀ ਸਾਹਿਬ ॥ ਪੰਨਾ ੨੬੫

ਬਥੇਰੇ ਸ਼ਾਸਤਰ ਤੇ ਸਿਮ੍ਰਿਤਿਆਂ ਨੇ ਅਸਾਂ ਸਭ ਨੂੰ ਛਾਨ ਬੀਨ੍ਹ ਕੇ ਦੇਖਿਆ ਹੈ । ਉਹ ਹਰੀ ਦਾ ਅੰਤ ਨਹੀਂ ਪਾ ਸਕਦੇ ਕਿਉਂ ਜੋ ਨਾਮੁ (ਹਰੀ) ਅਮੋਲ ਹੈ । ਉਸਦਾ ਮੁਲਾਂਕਣ ਨਹੀਂ ਹੋ ਸਕਦਾ ।

ਡਖਣਾ ॥ ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥

ਸਿਰੀ ਰਾਗੁ ਕੇ ਛੰਤ ਮਹਲਾ ੫ ॥ ਪੰਨਾ ੮੧

ਸਾਈ (ਉਹੀ) ਜੋ ਨਾਮੁ (ਹਰੀ) ਹੈ ਅਮੋਲ ਹੈ, ਕੋਈ ਉਸਦੀ ਕੀਮਤ ਨਹੀਂ ਜਾਣ ਸਕਦਾ । ਪਰ ਜਿਨ੍ਹਾਂ ਦੇ ਮਸਤਕ ਤੇ ਭਾਗ ਨੇ ਉਹ ਹਰੀ ਨਾਲ ਰੰਗ (ਧਨ ਪਿਰਵਾਲਾ ਪ੍ਰੇਮ) ਮਾਨ ਸਕਦੇ ਹਨ ।

ਅਕਾਲ ਪੁਰਖ ਦੇ ਜਿਸ ਸਰੂਪ ਨੂੰ ਬਾਣੀ ਵਿਚ ਨਾਮੁ ਕਿਹਾ ਗਿਆ ਹੈ



Digitized by Panjab Digital Library | www.panjabdigilib.org

ਉਹ ਹੀ ਪੁਰਖ ਹੈ। ਜਿਸ ਨਾਲ ਜੀਵ ਆਤਮਾ ਧਨ ਪਿਰ ਵਾਲਾ ਪ੍ਰੇਮ ਮਾਨ ਸਕਦੀ ਹੈ।

ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ
ਪਾਈਐ ਗੁਰ ਕੈ ਹੇਤਿ ਅਪਾਰਿ ॥੮॥ ਆਸਾ ਮਹਲਾ ੩ ॥ ਪੰਨਾ ੪੨੭

ਮਹਾਰਾਜ ਦਸਦੇ ਨੇ ਕਿ ਤੂੰ ਸ਼ਬਦ ਗੁਰੂ ਦੇ ਵੀਚਾਰ (ਉਪਦੇਸ਼ ਨੂੰ) ਕਮਾ ਕੇ ਇਸ ਮਨ ਤੇ ਦੇਹੀ ਨੂੰ ਸ਼ੁੱਧ ਕਰ। ਨਾਮੁ ਨਿਧਾਨ (ਹਰੀ) ਇਸ ਦੇਹੀ ਵਿਚ ਹੀ ਹੈ ਤੇ ਉਹ ਪਾਇਆ ਜਾ ਸਕਦਾ ਹੈ, ਗੁਰੂ ਨਾਲ ਬੇਅੰਤ ਪ੍ਰੇਮ ਪਾ ਕੇ।

## ਕਰਤਾ

ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਇਸ ਤਰ੍ਹਾਂ ਦੇ ਹੋਰ ਅਨੇਕਾਂ ਬ੍ਰਹਮੰਡ ਨੇ ਜੋ ਉਸ ਨੇ ਆਪਣੇ ਆਪੇ (ਸਬਦੁ) ਤੋਂ ਸਾਜੇ ਹਨ। ਜਦੋਂ ਉਹ ਚਾਹੇਗਾ ਪਰਲੋ ਲੈ ਆਵੇਗਾ ਤੇ ਇਹ ਸਾਰੀ ਦੀ ਸਾਰੀ ਕਾਇਨਾਤ ਉਸ ਇਕ ਵਿਚ ਮਿਲ ਜਾਵੇਗੀ ਤੇ ਫੇਰ ਉਹ ਇਕੁ ਦਾ ਇਕ ਹੀ ਰਹਿ ਜਾਵੇਗਾ।

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸਹੀ ਜੇਹਾ ਉਪਾਇਆ।
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥
ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੈ ॥੨॥
ਅੰਧੇਰਾ ਚਾਨਣੁ ਆਪੇ ਕੀਆ। ਏਕੋ ਵਰਤੈ ਅਵਰੁ ਨ ਬੀਆ ॥
ਗੁਰਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ।
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ।
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਿਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥



Digitized by Panjab Digital Library | www.panjabdigilib.org

ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ
ਅੰਮ੍ਰਿਤੁ ਪੀਆਇਆ ॥ ਅੰਮ੍ਰਿਤੁ ਪੀ ਅਮਰਾਪਦੁ ਹੋਏ
ਗੁਰ ਕੈ ਸਬਦਿ ਰਸੁ ਤਾਹਾ ਹੇ ॥ ੭॥ ਪੰਨਾ ੧੦੫੬ ਮਾਰੂ ਮਹਲਾ ੩॥

ਮੇਰੇ ਪ੍ਰਭੂ ਨੇ, ਜੋ ਸਚੁ ਹੈ, ਸ੍ਰਿਸ਼ਟੀਆਂ ਰਚਨ ਦਾ ਇਕ ਖੇਲ ਰਚਾਇਆ, ਅਨੇਕਾਂ ਸ੍ਰਿਸ਼ਟੀਆਂ ਰਚੀਆਂ। ਅਸੀਂ ਜਿਸ ਵੇਲੇ ਉਸ ਸਚੁ ਨੂੰ ਭੁਲ ਕੇ ਇਸ ਖੇਲ ਨੂੰ ਹੀ ਸਚ ਸਮਝ ਬੈਠਦੇ ਹਾਂ ਤਾਂ ਮਾਇਆ ਜਾਂ ਪਦਾਰਥਾਂ ਦਾ ਮੋਹ ਸਾਨੂੰ ਆ ਘੇਰਦਾ ਹੈ। ਉਸ ਕਰਤੇ ਨੂੰ ਅਸੀਂ ਭੁੱਲ ਜਾਂਦੇ ਹਾਂ ਜੋ ਇਕੋ ਇਕ ਸਚੁ ਹੈ, ਜਿਸ ਦੇ ਮਿਲਾਪ ਤੋਂ ਬਿਨਾਂ ਸਾਨੂੰ ਧੀਰਜ ਨਹੀਂ ਆ ਸਕਦਾ। ਉਸ ਕਰਤੇ ਦੀ ਰਚਨਾ ਦੇਖ ਕੇ ਦੰਗ ਰਹਿ ਜਾਈਦਾ ਹੈ ਕਿ ਇਕ ਦੀ ਸ਼ਕਲ ਦੂਜੇ ਨਾਲ ਨਹੀਂ ਮਿਲਦੀ। ਇਹ ਜੋ ਫਰਕ ਨੇ, ਕੋਈ ਉਚਾ ਹੈ ਕੋਈ ਨੀਵਾਂ ਹੈ, ਸਭ ਉਸੇ ਦੇ ਕੀਤੇ ਹੋਏ ਨੇ ਇਸ ਕਾਰਨ ਆਪਸ ਵਿਚ ਖਿੱਚੋਤਾਨ ਹੈ ॥ ਪਰ ਉਹ (ਕਰਤਾ) ਇਸ ਖੇਲ ਨੂੰ ਦੇਖ ਕੇ ਵਿਗਸ ਰਿਹਾ ਹੈ।

## ਪੁਰਖੁ

ਇਸ ਗੱਲ ਦੀ ਅੱਗੇ ਵਿਚਾਰ ਹੋ ਚੁਕੀ ਹੈ ਕਿ ਅਸੀਂ ਜੀਵ ਅਕਾਲ ਪੁਰਖ ਤੋਂ ਵਿਛੜ ਕੇ, ਜੋ ਇਕੋ ਇਕੁ ਪੁਰਖ ਹੈ, ਉਸ ਦੇ ਵਿਛੋੜੇ ਕਾਰਨ ਦੁਖੀ ਹਾਂ। ਕਿਉਂ ਜੋ ਅਸੀਂ ਸਭ ਨਾਰੀਆਂ ਹਾਂ ਇਸ ਲਈ ਪੁਰਖੁ ਦੇ ਮਿਲਾਪ ਨਾਲ ਹੀ ਸਾਨੂੰ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ। ਹੁਕਮ ਹੈ :

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥
ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥
ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥



Digitized by Panjab Digital Library | www.panjabdigilib.org

ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥
ਨਾਨਕੁ ਵੇਖ ਵਿਗਸਿਆ ਹਰ ਸਚੇ ਕੀ ਵਡਿਆਈ ॥੨॥
ਵੰਡਹੰਸ ਕੀ ਵਾਰ ਮਹਲਾ ੪ ॥ ਪੰਨਾ ੫੯੧-੫੯੨

ਇਸ ਜਗਤ ਵਿਚ ਕੇਵਲ ਇਕੋ ਇਕੁ (ਹਰੀ) ਹੀ ਪੁਰਖ ਹੈ। ਬਾਕੀ ਸਾਰੇ ਪ੍ਰਾਣੀ ਉਸ ਦੀਆਂ ਇਸਤਰੀਆਂ ਹਨ। ਅਸੀਂ ਜੀਵ ਆਤਮਾਵਾਂ ਉਸ ਇਕੁ (ਜੋ ਪਰਮ ਆਤਮਾ ਹੈ) ਨਾਲੋਂ ਵਿਛੜ ਕੇ ਅਗਿਆਨਤਾ ਦੀ ਨੀਂਦ ਸੁਤੀਆਂ ਹੋਈਆਂ ਹਾਂ। ਉਹ ਪੁਰਖ ਸਭ ਹਿਰਦਿਆਂ ਵਿਚ ਬਿਰਾਜਮਾਨ ਹੈ, ਸਭ ਜੀਵ ਆਤਮਾਵਾਂ ਨਾਲ ਭੋਗ ਭੋਗਣ ,ਦੇ ਸਮਰੱਥ ਹੈ ਤੇ ਆਪ ਅਲਿਪਤ ਵੀ ਰਹਿੰਦਾ ਹੈ। ਉਹ ਮਨੁੱਖ ਦੀ ਲਖਤਾ ਤੋਂ ਬਾਹਰ ਹੈ, ਉਸਦਾ ਅੰਤ ਪਾਣਾ ਕਠਨ ਹੈ। ਪਰ ਪੂਰੇ ਗੁਰੂ (ਸ਼ਬਦ ਗੁਰੂ) ਦੇ ਉਪਦੇਸ਼ ਨੂੰ ਕਮਾ ਕੇ ਉਸ ਦੀ ਸੋਝੀ ਪੈ ਜਾਂਦੀ ਹੈ ਤੇ ਉਸਦੇ ਦਰਸ਼ਨ ਹੋ ਜਾਂਦੇ ਹਨ। ਜੋ ਕੋਈ ਵੀ ਉਸ ਪੁਰਖ ਨੂੰ ਸੇਵੇਗਾ, ਉਸਦਾ ਨਾਮ ਜਪੇਗਾ, ਨਾਮ ਜਪਦਿਆਂ, ਸਬਦ ਗੁਰੂ ਦੀ ਮਿਹਰ ਸਦਕਾ ਉਸਦਾ ਹਉਮੈ ਦਾ ਰੋਗ ਕਟਿਆ ਜਾਵੇਗਾ ਤੇ ਉਹ ਪੁਰਖ ਦਾ ਰੂਪ ਹੀ ਹੋ ਜਾਵੇਗਾ। ਉਸ ਪੁਰਖ ਦਾ ਨ ਕੋਈ ਸ਼ਰੀਕ ਹੈ ਤੇ ਨ ਹੀ ਵੈਰੀ। ਉਸ ਪੁਰਖ ਦਾ ਰਾਜ ਸਦਾ ਥਿਰ ਰਹਿਣ ਵਾਲਾ ਤੇ ਅਟਲ ਹੈ। ਉਹ ਪੁਰਖ ਜਨਮ ਮਰਨ ਵਿਚ ਵੀ ਨਹੀਂ। ਜਿਨ੍ਹਾਂ ਜੀਵਾਂ ਨੂੰ ਉਸਦਾ ਮਿਲਾਪ ਹੋ ਜਾਂਦਾ ਹੈ ਉਹ ਦਿਨ ਰਾਤ ਉਸਦੀ ਸੇਵਾ (ਨਾਮ ਸਿਮਰਨ) ਕਰਦੇ ਹਨ, ਉਸ ਸੱਚੇ ਹਰੀ ਦੇ ਗੁਣ ਗਾਉਂਦੇ ਹਨ। ਮਹਾਰਾਜ ਕਹਿੰਦੇ ਨੇ ਕਿ ਅਸੀਂ ਸੱਚੇ ਹਰੀ ਦੀ ਵਡਿਆਈ ਦੇਖ ਦੇਖ ਕੇ ਪ੍ਰਸੰਨ ਹੋ ਰਹੇ ਹਾਂ।

## ਨਿਰਭਉ

ਅਸੀਂ ਹੁਣੇ ਹੀ ਵਿਚਾਰ ਕੀਤੀ ਹੈ ਕਿ ਨ ਕੋਈ ਉਸਦਾ ਸ਼ਰੀਕ ਹੈ, ਨ ਵੈਰੀ। ਨ ਉਹ ਜਨਮ ਮਰਨ ਵਿਚ ਹੈ। ਸਾਰੀ ਸ੍ਰਿਸ਼ਟੀ ਉਸਦੀ ਕੀਤੀ ਹੋਈ ਹੈ, ਉਹ ਸਭ ਦਾ ਕਰਤਾ ਹੈ। ਸਭ ਉਸਦੇ ਭੈ ਵਿਚ ਨੇ ਤਾਂ ਉਸ ਨੂੰ ਭਉ ਕਿਸ ਕੋਲੋਂ ?

ਨਿਰਭਉ ਨਿਰੰਕਾਰੁ ਸਚੁ ਨਾਮੁ। ਜਾ ਕਾ ਕੀਆ ਸਗਲ ਜਹਾਨੁ ॥
ਵਾਰ ਆਸਾ ਮਹਲਾ ੧॥ ਪੰਨਾ ੪੬੫



Digitized by Panjab Digital Library | www.panjabdigilib.org

ਜੋ ਨਿਰੰਕਾਰ ਹੈ, ਸਚੁ ਹੈ, ਨਾਮੁ ਹੈ, ਜਿਸ ਦਾ ਕੀਤਾ ਹੋਇਆ ਸਾਰਾ ਜਹਾਨ ਹੈ, ਕੇਵਲ ਉਹੀ ਨਿਰਭਉ ਹੈ। ਵਰਨਾ :

ਸਲੋਕ ਮਹਲਾ ੧ ॥

ਭੈ ਵਿਚਿ ਪਵਣੁ ਵਹੈ ਸਦ ਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਵਾਰ ਆਸਾ ਮਹਲਾ ੧॥ ਪੰਨਾ ੪੬੪

ਸਾਰੀ ਦੀ ਸਾਰੀ ਕੁਦਰਤ ਉਸ ਦੇ ਭੈ ਵਿਚ ਹੈ। ਵੰਨਗੀ ਮਾਤਰ ਕੁਝ ਕੁ ਨਾਮ ਮਹਾਰਾਜ ਨੇ ਇਸ ਸਲੋਕ ਵਿਚ ਦਿੱਤੇ ਹਨ। ਇਹ ਸ਼ਕਤੀਆਂ ਨ ਕੇਵਲ ਉਸ ਨਿਰਭਉ ਦੇ ਭੈ ਵਿਚ ਹੀ ਨੇ ਬਲਕਿ ਉਸਦੇ ਹੁਕਮ ਵਿਚ, ਉਸਦੇ ਕੰਟਰੋਲ ਵਿਚ, ਇਸ ਦੁਨੀਆਂ ਦੀ ਕਾਰ ਟੋਰ ਰਹੀਆਂ ਹਨ। ਸਭ ਦੇ ਮਸਤਕ ਤੇ ਉਸ ਅਕਾਲ ਪੁਰਖ ਨੇ ਲੇਖ ਲਿਖੇ ਹਨ। ਸਭ ਪ੍ਰਾਣੀ ਕੁਦਰਤ ਦੇ ਨੇਮ (ਜੋ ਅਕਾਲ ਪੁਰਖ ਨੇ ਬਣਾਏ ਨੇ) ਵਿਚ ਬੱਧੇ ਹੋਏ ਹਨ। ਕੋਈ ਵੀ ਆਪਣੀ ਮਰਜ਼ੀ ਨਾਲ ਕੁਝ ਨਹੀਂ ਕਰ ਸਕਦਾ। ਕੇਵਲ ਸੁਤੰਤਰ ਹਸਤੀ ਇਕੋ ਇਕੁ ਹੀ ਹੈ, ਜੋ ਨਿਰਭਉ ਹੈ ਤੇ ਜਿਸ ਦਾ ਹੁਕਮ ਸਭ ਥਾਵਾਂ ਤੇ ਵਰਤ ਰਿਹਾ ਹੈ।



Digitized by Panjab Digital Library | www.panjabdigilib.org

## ਨਿਰਵੈਰ

ਨਿਰਵੈਰ ਦਾ ਮਤਲਬ ਕੇਵਲ ਇਤਨਾ ਹੀ ਨਹੀਂ ਕਿ ਉਸਦਾ ਕੋਈ ਵੈਰੀ ਨਹੀਂ। ਵੈਰੀ ਨ ਹੁੰਦਿਆਂ ਹੋਇਆਂ ਵੀ ਤਾਂ ਉਹ ਉਨ੍ਹਾਂ ਨਾਲ ਵੈਰ ਕਮਾ ਸਕਦਾ ਹੈ ਜੋ ਨ ਮਿਤਰ ਨੇ ਤੇ ਨ ਵੈਰੀ। ਪਰ ਉਹ ਪ੍ਰੇਮ ਸਰੂਪ ਹੈ, ਸਭ ਨਾਲ ਪਿਆਰ ਕਰਦਾ ਹੈ। ਜਿਹੜੇ ਉਸ ਤੋਂ ਆਕੀ ਨੇ ਉਨ੍ਹਾਂ ਨਾਲ ਵੀ ਪਿਆਰ ਕਰਦਾ ਹੈ। ਨਿਰਵੈਰ ਹੋਣ ਲਈ ਨਿਰਭਉ ਹੋਣਾ ਜ਼ਰੂਰੀ ਹੈ। ਜੋ ਨਿਰਭਉ ਨਹੀਂ ਉਹ ਨਿਰਵੈਰ ਹੋ ਹੀ ਨਹੀਂ ਸਕਦਾ। ਵੈਰ ਭੈ ਦਾ ਪੁੱਤਰ ਹੈ। ਜਿਸ ਵੇਲੇ ਅਸੀਂ ਸੱਪ ਜਾਂ ਸ਼ੇਰ ਨੂੰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਇਹ ਸਾਡੀ ਮੌਤ ਹੈ। ਸਾਡੇ ਮਨ ਵਿਚ ਡਰ ਉਠਦਾ ਹੈ। ਡਰ ਦੇ ਨਾਲ ਹੀ ਨਫ਼ਰਤ ਤੇ ਵੈਰ। ਇਹ ਮਨ ਵਿਚ ਦਾ ਵੈਰ ਸਾਡੀਆਂ ਅੱਖਾਂ ਵਿਚ ਆ ਜਾਂਦਾ ਹੈ। ਤਾਂ ਸੱਪ ਜਾਂ ਸ਼ੇਰ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਮੇਰਾ ਵੈਰੀ ਹੈ, ਜੇ ਮੈਂ ਵਾਰ ਨਾ ਕੀਤਾ ਤਾਂ ਇਹ ਕਰੇਗਾ। 'ਸਾਰੀ ਦੀ ਸਾਰੀ ਕਾਇਨਾਤ ਜਿਸ ਦੇ ਭੈ ਵਿਚ ਹੋਵੇ, ਜਿਸ ਦੇ ਹੁਕਮ ਵਿਚ ਹੋਵੇ, ਉਸ ਨੂੰ ਭੈ ਕਾਹਦਾ ? ਉਹ ਤਾਂ ਮਿਹਰਬਾਨ ਹੈ, ਦਿਆਲੂ ਹੈ। ਜੋ ਲੋਗ ਅਗਿਆਨਤਾ ਵੱਸ ਉਸ ਤੋਂ ਆਕੀ ਨੇ ਉਨ੍ਹਾਂ ਤੇ ਵੀ ਦਿਆਲੂ ਹੈ। ਸਾਡੇ ਅਵਗੁਣਾਂ ਨੂੰ ਨਹੀਂ ਵੇਖਦਾ। ਨਿਰਵੈਰਤਾ ਉਸਦਾ ਬਿਰਦ ਹੈ।

## ਅਕਾਲ ਮੂਰਤਿ

ਕਈ ਲੋਕ ਕੇਵਲ ਦ੍ਰਿਸ਼ਟਮਾਨ ਨੂੰ ਹੀ ਸਚ ਸਮਝਦੇ ਹਨ। ਪਰ ਸਤਿਗੁਰਮਤਿ ਦਾ ਦ੍ਰਿਸ਼ਟੀਕੋਣ ਉਸ ਤੋਂ ਬਿਲਕੁਲ ਉਲਟ ਹੈ। ਸਤਿਗੁਰਮਤਿ ਦਿਸਦੀਆਂ ਚੀਜ਼ਾਂ ਨੂੰ ਝੂਠ, ਕੂੜ, ਤੇ ਅਦ੍ਰਿਸ਼ਟ ਨੂੰ ਸੱਚ ਸਮਝਦਾ ਹੈ। ਕੇਵਲ ਦਿਸਦੀਆਂ ਚੀਜ਼ਾਂ ਨੂੰ ਹੀ ਸੱਚ ਸਮਝਣ ਵਾਲੇ ਕਹਿੰਦੇ ਨੇ ਕਿ ਜਿਸ ਨੂੰ ਧਰਮਾਂ ਵਾਲੇ ਅਦ੍ਰਿਸ਼ਟ ਮੰਨਦੇ ਨੇ ਉਹ ਹੈ ਹੀ ਨਹੀਂ, ਅਨਹੋਂਦ ਹੈ। ਇਸੇ ਲਈ ਮਹਾਰਾਜ ਨੇ ਮੂਰਤਿ ਅੱਖਰ ਵਰਤ ਕੇ ਸਪਸ਼ਟ ਕੀਤਾ ਹੈ ਕਿ ਉਸਦੀ ਹੋਂਦ ਹੈ, ਹਸਤੀ ਹੈ, ਤੇ ਐਸੀ ਹਸਤੀ ਹੈ ਜੋ ਕਾਲ ਜਾਂ ਸਮੇਂ ਦੇ ਅਧੀਨ ਨਹੀਂ। ਸਗੋਂ ਸਮਾਂ ਉਸਦੇ ਅਧੀਨ ਹੈ। ਅਸੀਂ ਦੁਨੀਆਂ ਦੇ ਸਾਰੇ ਜੀਵ ਸਮੇਂ ਦੇ ਅਧੀਨ ਹਾਂ। ਸਾਡਾ ਸਮਾਂ ਮਿਥਿਆ ਹੋਇਆ ਹੈ। ਸਾਡੀ ਇਕ ਮਿਆਦ ਹੈ। ਜਦੋਂ ਸਾਡੀ ਮਿਆਦ ਮੁੱਕ ਜਾਵੇਗੀ, ਅਸੀਂ ਕੂੜ ਹੋ ਜਾਵਾਂਗੇ। ਪਰ ਉਸ ਦੀ ਕੋਈ ਮਿਆਦ ਨਹੀਂ, ਉਹ ਅਕਾਲ ਹੈ,



Digitized by Panjab Digital Library | www.panjabdigilib.org

ਸਗੋਂ ਕਾਲ ਦਾ ਵੀ ਕਾਲ ਹੈ। ਉਹੀ ਇਕ ਐਸੀ ਹਸਤੀ ਹੈ ਜੋ ਥਿਰ ਹੈ। ਬਾਕੀ ਸਭ ਕੱਚ ਨਿਕੱਚ ਹਨ।

## ਅਜੂਨੀ

ਉਹ ਅਜੂਨੀ ਹੈ, ਮਾਤਾ ਦੇ ਗਰਭ ਵਿਚ ਨਹੀਂ ਆਉਂਦਾ, ਕਦੀ ਵੀ ਨਹੀਂ ਆਇਆ। ਉਹ ਤਾਂ ਅਜਨਮਾ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ। ਇਸ ਤਰ੍ਹਾਂ ਮਹਾਰਾਜ ਨੇ ਅਵਤਾਰਵਾਦ ਦਾ ਖੰਡਨ ਕੀਤਾ ਹੈ। ਪਰ ਜਿਸ ਵੇਲੇ ਉਹ ਮੁਨਾਸਬ ਸਮਝੇ ਆਪਣੀ ਕਲਾ ਜਿਸ ਵਿਅਕਤੀ ਵਿਚ ਚਾਹੇ ਰਖ ਸਕਦਾ ਹੈ। ਵੰਨਗੀ ਮਾਤਰ, ਉਸ ਨੇ ਰਾਵਨ ਨੂੰ ਮਾਰਨ ਲਈ ਰਾਮ ਚੰਦਰ ਜੀ ਵਿਚ ਆਪਣਾ ਬਲ ਰਖਿਆ, ਕੰਸ ਨੂੰ ਮਾਰਨ ਲਈ ਕ੍ਰਿਸ਼ਨ ਜੀ ਵਿਚ ਆਪਣਾ ਬਲ ਰਖਿਆ ਆਦਿ। ਕਈ ਵਾਰ ਉਸਨੇ ਆਪਣੀ ਕਲਾ ਕੁਝ ਚੋਣਵੇਂ ਵਿਅਕਤੀਆਂ ਵਿਚ ਰਖੀ। ਪਰ ਉਹ ਕਲਾ ਕੁਝ ਸਮੇਂ ਲਈ ਹੀ ਹੁੰਦੀ ਸੀ। ਬਹੁਤੇ ਸਮੇਂ ਲਈ ਨਹੀਂ। ਉਹ ਆਪ ਜਨਮ ਲੈ ਕੇ ਸ੍ਰਿਸ਼ਟੀ ਤੇ ਕਦੇ ਵੀ ਨਹੀਂ ਆਇਆ। ਸਾਰੀ ਦੀ ਸਾਰੀ ਸ੍ਰਿਸ਼ਟੀ ਉਸੇ ਦਾ ਹੀ ਤਾਂ ਸਰਗੁਣ ਸਰੂਪ ਹੈ, ਉਸਦੇ ਪੂਰਨ ਸਰੂਪ ਦਾ ਇਕ ਛੋਟਾ ਜਿਹਾ ਅੰਸ਼।

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥
ਅਸਚਰਜ ਰੂਪੰ ਰਹੰਤ ਜਨਮੰ ॥
ਨੇਤ ਨੇਤ ਕਥੰਤਿ ਬੇਦਾ ॥
ਊਚ ਮੂਚ ਅਪਾਰ ਗੋਬਿੰਦਹ ॥
ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬੜਭਾਗੀਅਹ ॥ ੫੭ ॥
ਸਲੋਕ ਸਹਸਕ੍ਰਿਤੀ ਮਹਲਾ ੫ ॥ ਪੰਨਾ-੧੩੫੯

ਮਹਾਰਾਜ ਅਵਤਾਰਵਾਦ ਦਾ ਖੰਡਨ ਕਰਦਿਆਂ ਹੋਇਆਂ ਦਸਦੇ ਨੇ ਕਿ ਨਾ ਉਹ ਸੰਖ ਧਾਰੀ ਹੈ, ਨਾ ਹੀ ਉਹ ਚਕ੍ਰ ਧਾਰੀ ਹੈ, ਨਾ ਹੀ ਉਹ ਗਦਾ ਧਾਰੀ ਤੇ ਨਾ ਹੀ ਉਹ ਸਿਆਮ ਰੰਗ ਦਾ ਹੈ। ਉਹ ਤਾਂ ਅਰੂਪ ਹੈ। ਉਸਦਾ ਅਰੂਪ ਰੂਪ ਅਸਚਰਜ ਹੈ ਤੇ ਜਨਮ ਮਰਨ ਤੋਂ ਰਹਤ ਹੈ। ਉਸ ਦਾ ਅੰਤ ਲੈਂਦੇ ਬੇਦ ਵੀ ਹਾਰ ਗਏ ਤੇ ਨੇਤ ਨੇਤ ਕਹਿ ਕੇ ਪਿੱਛਾ ਛੁਡਾਇਆ। ਉਹ ਗੋਬਿੰਦ ਉਚੇ ਤੋਂ ਉਚਾ ਹੈ, ਵੱਡੇ ਤੋਂ ਵੱਡਾ ਹੈ, ਅਪਾਰ ਹੈ। ਉਹ ਅਚੁਤ (ਅਬਿਨਾਸੀ) ਪ੍ਰਭੂ



Digitized by Panjab Digital Library | www.panjabdigilib.org

ਅਪਨੇ ਭਗਤਾਂ ਦੇ ਹਿਰਦੇ ਵਿਚ ਵਸਦਾ ਹੈ, ਭਾਵ, ਪ੍ਰਗਟ ਹੁੰਦਾ ਹੈ। ਇਸ ਗਲ ਨੂੰ ਕੋਈ ਵਡਭਾਗੀ ਹੀ ਬੁਝ ਸਕਦਾ ਹੈ।

## ਸੈਭੰ

ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ। ਜਿਸ ਤਰ੍ਹਾਂ ਮਨੁੱਖ ਤੋਂ ਮਨੁੱਖ ਪੈਦਾ ਹੁੰਦਾ ਹੈ, ਉਹ ਅਸੂਲ ਉਸ ਤੇ ਲਾਗੂ ਨਹੀਂ ਹੁੰਦਾ, ਕਿਉਂ ਜੋ ਉਹ ਨਿਰਾਕਾਰ ਹੈ। ਜਿਤਨੀ ਸ੍ਰਿਸ਼ਟੀ ਅਸੀਂ ਦੇਖ ਰਹੇ ਹਾਂ, ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਸ੍ਰਿਸ਼ਟੀਆਂ ਉਸ ਦੇ ਸਰੂਪ ਦਾ ਇਕ ਅੰਸ਼ ਹਨ। ਉਸ ਦੇ ਇਕ 'ਕਵਾਉ' ਜਾਂ ਹੁਕਮ ਕਰਦਿਆ ਹੀ ਇਹ ਸਾਰੇ ਬ੍ਰਹਮੰਡ ਹੋਂਦ ਵਿਚ ਆ ਗਏ। ਜੇ ਕੋਈ ਉਸ ਦੇ ਆਦਿ ਬਾਰੇ ਅਟਕਲਾਂ ਲਾਵੇ ਵੀ ਤਾਂ ਉਸਦੇ ਪੱਲੇ ਕੁਛ ਨਹੀਂ ਪਵੇਗਾ।

## ਗੁਰ

ਇਹ ਵਿਚਾਰ ਅੱਗੇ ਹੋ ਚੁੱਕੀ ਹੈ ਕਿ ਅਕਾਲ ਪੁਰਖ ਦਾ ਇਕ ਸਰੂਪ ਓਅੰਕਾਰ ਜਾਂ ਸ਼ਬਦ ਬ੍ਰਹਮ ਵੀ ਹੈ। ਉਹ ਸਰੂਪ ਸਾਰੀ ਸ੍ਰਿਸ਼ਟੀ ਰਚਨਾ ਦਾ ਮੂਲ ਹੈ ਤੇ ਉਹ ਸ਼ਬਦ ਰੂਪ ਵਿਚ ਸਾਰੇ ਬ੍ਰਹਮੰਡ ਵਿਚ ਫੈਲਿਆ ਹੋਇਆ ਹੈ। ਕੋਈ ਜਗ੍ਹਾ ਉਸ ਤੋਂ ਖਾਲੀ ਨਹੀਂ, ਉਹ ਸਰਬ ਨਿਰੰਤਰ ਹੈ। ਉਹੀ ਸ਼ਬਦ ਗੁਰੂ ਰੂਪ ਵਿਚ ਹਰ ਪ੍ਰਾਣੀ ਦੇ ਅੰਦਰ ਬਿਰਾਜਮਾਨ ਹੈ ਤੇ ਆਪਣਾ ਗੁਰ ਉਪਦੇਸ਼ ਹਰ ਵਕਤ ਲਗਾਤਾਰ ਪ੍ਰਸਾਰਤ ਕਰਦਾ ਰਹਿੰਦਾ ਹੈ। ਇਸੇ ਨੂੰ ਹੀ ਗੁਰਬਾਣੀ ਵਿਚ ਅਨਹਦ ਬਾਣੀ ਕਿਹਾ ਹੈ। ਪਰ ਉਹ ਅਨਹਦ ਬਾਣੀ ਸਾਡੇ ਗਿਆਨ ਇੰਦ੍ਰਿਆਂ ਦਾ ਵਿਸ਼ਾ ਨਹੀਂ। ਨਾ ਹੀ ਮਨ ਬੁੱਧੀ ਦੀ ਉਸ ਤਕ ਪਹੁੰਚ ਹੈ, ਕਿਉਂ ਜੋ ਉਹ ਅਨਹਦ ਬਾਣੀ ਅਰੂਪ ਹੈ। ਕੇਵਲ ਸੁਰਤਿ ਦੀ ਹੀ ਉਸ ਤਕ ਪਹੁੰਚ ਹੈ। ਹੁਕਮ ਹੈ :—

ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥ ੧ ॥ ਰਹਾਉ ॥
ਸੂਹੀ ਮਹਲਾ ੧ ਪੰਨਾ-੭੩੦

ਹੇ ਭਾਈ ! ਜੇ ਕੋਈ ਤੇਰਾ (ਅਕਾਲ ਪੁਰਖ ਦਾ) ਸਦੜਾ (ਸੁਨੇਹਾ-ਉਪਦੇਸ਼) ਸੁਨਣਾ ਚਾਹੇ ਤਾਂ ਉਹ ਸੁਣ ਸਕਦਾ ਹੈ। ਸ਼ਰਤ ਇਹ ਹੈ ਕਿ ਜੇ ਕੋਈ ਦੁਨੀਆਂ ਦੇ ਝਮੇਲੇ ਛਡ ਕੇ ਆਪਣੇ ਮਨ ਨੂੰ ਆਪਣੇ ਕੋਲ ਬਿਠਾ ਲਵੇ, ਉਸ ਨੂੰ ਬਾਹਰ ਦੌੜਨ ਭਜੱਨ ਨ ਦੇਵੇ, ਉਸ ਅਕਾਲ ਪੁਰਖ ਨੂੰ ਹੀ ਅਲਾਉਂਦਾ ਰਹੇ, ਵਾਜਾਂ



Digitized by Panjab Digital Library | www.panjabdigilib.org

ਮਾਰਦਾ ਰਹੇ, ਨਾਮੁ ਜਪਦਾ ਰਹੇ। ਇਸ ਤਰ੍ਹਾਂ ਕਰਦਿਆਂ ਉਸ ਦੀ ਸੁਰਤੀ ਸੁੱਧ ਹੋ ਜਾਵੇਗੀ ਤੇ ਉਹ ਸਬਦੁ ਗੁਰੂ ਦਾ ਸਦੜਾ ਸੁਣ ਸਕੇਗਾ। ਇਸ ਲਈ ਅਕਾਲ ਪੁਰਖ ਹੀ ਸਬਦ ਰੂਪ ਵਿਚ ਸਾਡਾ ਗੁਰੂ ਹੈ ਜੋ ਸਾਡੇ ਅੰਦਰ ਹੀ ਆਸਣ ਲਾਈ ਬੈਠਾ ਹੈ। ਸਾਨੂੰ ਗੁਰੂ ਲੱਭਣ ਲਈ ਬਾਹਰ ਭਟਕਣ ਦੀ ਲੋੜ ਨਹੀਂ। ਗੁਰਬਾਣੀ ਕਿਸੇ ਵੀ ਦੇਹ ਨੂੰ ਗੁਰੂ ਨਹੀਂ ਮੰਨਦੀ।

ਗਉੜੀ ਸੁਖਮਨੀ ਮ: ੫ ॥ ਸਲੋਕੁ ॥
ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥ ਪੰਨਾ-੨੬੨

ਜਿਸ ਤਰ੍ਹਾਂ ਸਚੁ, ਅਕਾਲ ਪੁਰਖ ਆਦਿ ਸਚੁ (ਆਦਿ ਤੋਂ ਹੀ) ਹੈ। ਇਸੇ ਤਰ੍ਹਾਂ ਅਕਾਲ ਪੁਰਖ ਆਦਿ ਤੋਂ ਹੀ ਗੁਰੂ ਹੈ। ਕੋਈ ਦੇਹ ਧਾਰੀ ਐਸਾ ਨਹੀਂ ਜੋ ਆਦਿ ਤੋਂ ਹੀ ਅਜੇ ਤੱਕ ਜਿਉਂਦਾ ਹੋਵੇ। ਨ ਹੀ ਕੋਈ ਐਸਾ ਗਿਆਨਵਾਨ ਹੈ ਜੋ ਅਕਾਲ ਪੁਰਖ ਦੇ ਮੁਕਾਬਲੇ ਤੇ ਗਿਆਨ ਅਜੰਨ ਦੇ ਕੇ ਅਗਿਆਨਤਾ ਦਾ ਹਨੇਰਾ ਦੂਰ ਕਰ ਸਕਦਾ ਹੋਵੇ। ਫਿਰ ਜਿਤਨੇ ਭੀ ਦੇਹ ਧਾਰੀ ਨੇ ਉਹ ਦੇਸ਼ ਤੇ ਕਾਲ (time & space) ਦੇ ਅਧੀਨ ਹਨ। ਜਿਹੜਾ ਆਦਮੀ ਉਨ੍ਹਾਂ ਤੋਂ ੧੦੦੦ ਜਾਂ ੫੦੦ ਮੀਲ ਦੂਰ ਬੈਠਾ ਹੈ ਉਸ ਨੂੰ ਆਪਣੇ ਦੇਹ ਧਾਰੀ ਗੁਰੂ ਦਾ ਕੋਈ ਲਾਭ ਨਹੀਂ। ਪਰ ਸਬਦੁ ਗੁਰੂ ਤਾਂ ਹਰ ਮਨੁੱਖ ਦੇ ਅੰਦਰ ਬੈਠਾ ਹੈ, ਲੋੜ ਕੇਵਲ ਉਸ ਨਾਲ ਸੰਪਰਕ ਕਾਇਮ ਕਰਨ ਦੀ ਹੈ। ਅਕਾਲ ਪੁਰਖ ਦਾ ਸਬਦੁ ਗੁਰੂ ਸਰੂਪ ਉਸ ਦੇ ਤਿੰਨ ਗੁਰੂ ਸਰੂਪਾਂ ਵਿਚੋਂ ਇਕ ਹੈ। ਦੂਜਾ ਸਰੂਪ ਹੈ ਗੁਰੂ ਜੋਤਿ ਜੋ ਘਟ ਘਟ ਵਿਚ ਵਿਆਪਕ ਨਹੀਂ ਕੇਵਲ ਅਕਾਲ ਪੁਰਖ ਵਿਚ ਹੀ ਸਮਾਈ ਹੋਈ ਹੈ। ਤੀਜਾ ਸਰੂਪ ਹੈ ਗੁਰਬਾਣੀ, ਜੋ ਉਸ ਦਾ ਪਰਤਖ ਸਰੂਪ ਹੈ। ਇਨ੍ਹਾਂ ਤੇ ਵਿਚਾਰ ਅਗੇ ਜਾ ਕੇ ਹੋਵੇਗੀ।

## ਪ੍ਰਸਾਦਿ=ਬਖਸ਼ਿਸ਼ ਕਰਨ ਵਾਲਾ=ਬਖਸ਼ਿੰਦ

ਬਖਸ਼ਿਸ਼ ਅਕਾਲ ਪੁਰਖ ਦਾ ਇਕ ਐਸਾ ਗੁਣ ਹੈ ਜਿਸ ਤੋਂ ਬਿਨਾਂ ਮਨੁਖ ਦਾ ਕੁਝ ਭੀ ਨਹੀਂ ਸੌਰ ਸਕਦਾ। ਅਸੀਂ ਜਿਤਨਾ ਮਰਜ਼ੀ ਸ਼੍ਰਮ ਕਰ ਲਵੀਏ ਬਖਸ਼ਿਸ਼ ਤੋਂ ਬਿਨਾਂ ਬਰਕਤ ਨਹੀਂ ਪੈਂਦੀ। ਇਹ ਮੂਲ ਮੰਤਰ ਜਿਸ ਨੂੰ ਅਸੀਂ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ, ਦਰਅਸਲ ਮੰਗਲਾਚਰਨ ਹੈ। ਪਰ ਸਿਖੀ



Digitized by Panjab Digital Library | www.panjabdigilib.org

ਦੇ ਮੂਲ ਸਿਧਾਂਤ ਹੋਣ ਕਰਕੇ ਇਸ ਨੂੰ ਮੂਲ ਮੰਤਰ ਵੀ ਕਿਹਾ ਜਾਂਦਾ ਹੈ। ਸਤਿਗੁਰਾਂ ਨੇ ਜਦ ਸ੍ਰੀ ਆਦਿ ਗ੍ਰੰਥ ਨੂੰ ਸੰਪਾਦਨ ਦਾ ਕੰਮ ਅਰੰਭਿਆ ਤਾਂ :

ਪਉੜੀ ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ਪੰਨਾ-੯੧

ਦੇ ਹੁਕਮ ਅਨੁਸਾਰ ਸਭ ਤੋਂ ਪਹਿਲੇ, ਮੰਗਲਾਚਰਨ ਲਿਖ ਕੇ ਅਕਾਲ ਪੁਰਖ ਅਗੇ, ਜੋ ਗੁਰੂ ਵੀ ਹੈ, ਉਸ ਦੀ ਬਖਸ਼ਿਸ਼ ਜਾਂ ਗੁਰ ਪ੍ਰਸਾਦਿ ਲਈ ਯਾਚਨਾ ਕੀਤੀ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਮੂਲ ਮੰਤਰ ਦਰਜ ਹੈ। ਜਦੋਂ ਸਾਰਾ ਕੰਮ ਗੁਰੂ ਮਿਹਰ ਨਾਲ ਸੰਪੂਰਨ ਹੋ ਗਿਆ ਉਸ ਵੇਲੇ 'ਤੇਰਾ ਕੀਤਾ ਜਾਤੋ ਨਾਹੀਂ ਮੈਨੂੰ ਜੋਗੁ ਕੀਤੋਈ' ਉਚਾਰ ਕੇ ਗੁਰੂ ਮਿਹਰ ਦਾ ਸ਼ੁਕਰਾਨਾ ਕੀਤਾ। ਇਸ ਤਰ੍ਹਾਂ ਗੁਰ ਪ੍ਰਸਾਦਿ ਦਾ ਅਰਥ ਇਹੀ ਬਣਦਾ ਹੈ ਕਿ ਹੇ ਗੁਰੂ ਮਹਾਰਾਜ ! ਆਪ ਬਖਸ਼ਿੰਦ ਜੋ ਹੋਏ, ਅਸੀਂ ਆਪ ਜੀ ਤੋਂ ਵਿਛੜੇ ਜੀਵ ਆਪ ਜੀ ਕੋਲੋ ਆਪ ਜੀ ਦੇ ਪ੍ਰਸਾਦਿ ਦੇ ਯਾਚਕ ਹਾਂ। ਸਾਡੇ ਤੇ ਮਿਹਰ ਕਰੋ ਸਾਨੂੰ ਆਪਣਾ ਮਿਲਾਪ ਬਖਸ਼ੋ ਤਾਂ ਜੋ ਅਸੀਂ ਇਸ ਭਵਸਾਗਰ ਤੋਂ ਆਪ ਜੀ ਦੀ ਮਿਹਰ ਸਦਕਾ ਪਾਰ ਹੋ ਜਾਈਏ।

ਸੋ ਇਹ ਨੇ ਕੁਝ ਮੂਲ ਗੁਣ ਉਸ ਹਰੀ ਦੇ ਜਿਸਦਾ ਮਿਲਾਪ ਅਸੀਂ ਲੋਚਦੇ ਹਾਂ। ਉਸਦੇ ਅਨੇਕਾਂ ਗੁਣ ਹਨ। ਜਿਤਨੇ ਵੀ ਉਸਦੇ ਨਾਮ ਨੇ ਸਭ ਗੁਣ ਵਾਚਕ ਹਨ। ਇਨ੍ਹਾਂ ਗੁਣਾਂ ਨੂੰ ਸਮਝ ਕੇ ਕੌਣ ਐਸਾ ਹੈ ਜਿਸਦਾ ਜੀਅ ਨਹੀਂ ਚਾਹੇਗਾ ਕਿ ਮੈਨੂੰ ਵੀ ਉਸਦਾ ਮਿਲਾਪ ਹੋ ਜਾਵੇ। ਇਸ ਲਈ ਸਭ ਤੋਂ ਪਹਿਲਾਂ ਅਸੀਂ ਸਬਦ ਗੁਰੂ ਦੇ ਦਰਸ਼ਨ ਕਰਨੇ ਹਨ। ਕੇਵਲ ਸਬਦ ਗੁਰੂ ਹੀ ਸਮੱਰਥ ਹੈ ਅਕਾਲ ਪੁਰਖ ਨਾਲ ਮਿਲਾਪ ਕਰਾਉਣ ਦੇ। ਉਸ ਦੇ ਪ੍ਰਸਾਦਿ ਸਦਕਾ ਹੀ ਜੀਵ ਆਤਮਾ ਆਪਣੇ ਪੁਰਖ ਦਾ ਮਿਲਾਪ ਸਦਾ ਲਈ ਮਾਣ ਸਕਦੀ ਹੈ।

ਦਸਿਆ ਜਾਂਦਾ ਹੈ ਕਿ ਗੁਰੂ ਮਹਾਰਾਜ ਦੀ ਵਡਿਆਈ ਸੁਣ ਕੇ ਸਿਧਾਂ ਨੇ ਮਤਾ ਪਕਾਇਆ ਕਿ ਜੇ ਗੁਰੂ ਨਾਨਕ ਸਾਡੇ ਮਤਿ ਵਿਚ ਆ ਰਲੇ ਤਾਂ ਸਾਡੇ ਮਤਿ ਦਾ ਬਹੁਤ ਵਾਧਾ ਹੋ ਜਾਵੇਗਾ।

'ਸਿਧਾਂ ਮਨਹ ਵਿਚਾਰਿਆਂ ਕਿਵੇਂ ਦਰਸ਼ਨ ਲੇਵੈ ਇਹ ਬਾਲਾ। ਐਸਾ ਜੋਗੀ ਕਲੀ ਮਹਿ ਹਮਰਾ ਪੰਥ ਕਰੈ ਉਜਿਆਰਾ।' (ਭਾਈ ਗੁਰਦਾਸ ਜੀ)



Digitized by Panjab Digital Library | www.panjabdigilib.org

ਇਸ ਗੱਲ ਨੂੰ ਮੁੱਖ ਰਖ ਕੇ ਕੁਝ ਚੋਣਵੇਂ ਸਿਧ ਜੋਗੀ ਤੇ ਨਾਥ ਆਦਿ, ਜੋ ਵਾਦ ਵਿਵਾਦ ਵਿਚ ਚੰਗੇ ਮਾਹਿਰ ਸਨ ਤੇ ਰਿਧੀਆਂ ਸਿਧੀਆਂ ਦੇ ਮਾਲਕ ਸਨ, ਗੁਰੂ ਮਹਾਰਾਜ ਨੂੰ ਮਿਲੇ। ਗੁਰੂ ਮਹਾਰਾਜ ਅਚਲ ਵਟਾਲੇ ਵਿਚ ਦੀਵਾਨ ਲਾਈ ਬੈਠੇ ਸਨ ਕਿ ਸਿਧ ਵੀ ਆ ਗਏ, ਆਸਣ ਲਾ ਕੇ ਬੈਠ ਗਏ ਤੇ ਗੋਸ਼ਟਿ ਸ਼ੁਰੂ ਕਰ ਦਿਤੀ। ਇਹ ਗੋਸ਼ਟਿ ਬਹੁਤ ਲੰਮੀ ਤੇ ਬਹੁਤ ਲਾਭਦਾਇਕ ਹੈ। ਇਸ ਦਾ ਵੇਰਵਾ ਮਹਾਰਾਜ ਨੇ ਰਾਮ ਕਲੀ ਰਾਗ ਵਿਚ ਸਿਧ ਗੋਸਟਿ ਦੇ ਸਿਰਲੇਖ ਹੇਠ ਦਿਤਾ ਹੈ। ਪਰ ਮੈਂ ਇਸ ਲੇਖ ਦੇ ਵਿਸ਼ੇ ਤੇ ਹੀ ਰਹਿੰਦੇ ਹੋਏ ਕੇਵਲ ਕੁਝ ਚੋਣਵੀਆਂ ਗੱਲਾਂ, ਜਿਨ੍ਹਾਂ ਦਾ ਇਸ ਲੇਖ ਨਾਲ ਸਿੱਧਾ ਸਬੰਧ ਹੈ, ਦਰਜ ਕਰ ਰਹਿਆ ਹਾਂ। ਜੇ ਅਸੀਂ ਪੂਰੀ ਬਾਣੀ ਦੀ ਵਿਚਾਰ ਕਰੀਏ ਤਾਂ ਸਾਡਾ ਜੋ ਮੂਲ ਵਿਸ਼ਾ ਸਬਦੁ ਗੁਰੂ ਬਾਰੇ ਵਿਚਾਰ ਹੈ ਉਹ ਵਿਚਾਰ ਸਪਸ਼ਟ ਨਹੀਂ ਹੋ ਸਕੇਗੀ।

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਟਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ... ॥ ੪ ॥
ਸਿਧ ਗੋਸਟਿ ਪੰਨਾ ੯੩੮

ਚਟਪਟ ਜੋਗੀ ਨੇ ਗੁਰੂ ਨਾਨਕ ਜੀ ਨੂੰ ਪੁਛਿਆ ਕਿ ਇਹ ਦੁਨੀਆਂ ਨਾ ਤਰਿਆ ਜਾਨ ਵਾਲਾ ਸਾਗਰ ਹੈ, ਤੁਸੀਂ ਇਸ ਨੂੰ ਕਿਸ ਤਰ੍ਹਾਂ ਪਾਰ ਕਰੋਗੇ ?

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥ ੫ ॥
ਪੰਨਾ-੯੩੮

ਮਹਾਰਾਜ ਉੱਤਰ ਦੇਂਦੇ ਨੇ ਕਿ ਨਾਮੁ (ਅਕਾਲ ਪੁਰਖ) ਦੇ ਵਖਾਨਣ ਨਾਲ (ਲਗਾਤਾਰ ਉਚਾਰਨ ਕਰਨ ਨਾਲ) ਸੁਰਤਿ ਨਿਰਮਲ ਹੋ ਕੇ ਸ਼ਬਦੁ ਵਿਚ ਲੀਨ ਹੋ ਜਾਂਦੀ ਹੈ। ਸੁਰਤਿ ਦੇ ਸਬਦੁ ਵਿਚ ਲੀਨ ਹੋਣ ਨਾਲ ਏਕੋ (ਹਰੀ) ਜਿਸ ਦੇ ਮਨ ਵਿਚ ਪੂਰੀ ਤਰ੍ਹਾਂ ਵਸ ਜਾਂਦਾ ਹੈ, ਉਹ ਮਨੁੱਖ ਆਸਾ ਵਿਚ ਵੀ ਨਿਰਾਸ ਰਹਿੰਦਾ ਹੈ। ਜਿਸ ਤਰ੍ਹਾਂ ਕਿ ਜਲ ਵਿਚ ਕਮਲ ਨਿਰਲੇਪ ਰਹਿੰਦਾ ਹੈ ਤੇ ਮੁਰਗਾਬੀ ਨਦੀ ਦੇ ਕੰਢੇ ਤੇ ਰਹਿੰਦੀ ਹੋਈ ਵੀ ਪਾਣੀ ਵਿਚ ਤਰਦੀ ਹੋਈ ਆਪਣੇ



Digitized by Panjab Digital Library | www.panjabdigilib.org

ਪਰਾਂ ਨੂੰ ਪਾਣੀ ਵਿਚ ਭਿਜਨ ਨਹੀਂ ਦੇਂਦੀ। ਇੰਜ ਸ਼ਬਦ ਸੁਰਤਿ ਦੇ ਮਿਲਾਪ ਦੁਆਰਾ ਭਵ ਸਾਗਰ ਨੂੰ ਤਰ ਸਕੀਦਾ ਹੈ। ਐਸਾ ਮਨੁੱਖ ਜੋ ਸ਼ਬਦ ਸੁਰਤਿ ਦੇ ਮਿਲਾਪ ਦੁਆਰਾ ਅਗਮ ਅਗੋਚਰ ਨੂੰ ਪਾ ਲੈਂਦਾ ਹੈ, ਮੈਂ ਉਸ ਦਾ ਦਾਸ ਹਾਂ।

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥
ਭਵਜਲੁ ਸਬਦਿ ਲੰਘਾਵਣ ਹਾਰੁ ॥ ੪੩ ॥

ਪੰਨਾ ੯੪੨-੯੪੩

ਸਿਧਾਂ ਨੇ ਪੁਛਿਆ ਕਿ ਜਿਸ ਮਤਿ ਦਾ ਤੁਸੀਂ ਪਰਚਾਰ ਕਰ ਰਹੇ ਹੋ ਉਸ ਦਾ ਵੇਲਾ ਕਿਹੜਾ ਏ, ਉਹ ਮਤਿ ਕਦੋਂ ਤੋਂ ਚਲ ਰਿਹਾ ਹੈ ? ਉਸ ਦਾ ਮੂਲ (ਸਿਧਾਂਤ) ਕੀ ਹੈ ? ਉਹ ਗੁਰੂ ਕੌਣ ਹੈ ਜਿਸਦਾ ਤੂੰ ਚੇਲਾ ਹੈਂ ? ਕਿਹੜੀ ਐਸੀ ਕਥਾ (ਵਿਚਾਰ) ਹੈ ਜਿਸ ਦੇ ਆਸਰੇ ਤੂੰ ਦੁਨੀਆਂ ਤੋਂ ਵਖਰਾ ਹੀ (ਨਿਰਾਲਾ) ਵਿਚਰ ਰਿਹਾ ਹੈਂ ? ਸਾਨੂੰ ਇਸ ਕਥਾ ਦਾ ਵਿਚਾਰ ਦੱਸ ਕਿ ਭਵਜਲ ਨੂੰ ਸਬਦ ਦੁਆਰਾ ਕਿਸ ਤਰ੍ਹਾਂ ਪਾਰ ਕੀਤਾ ਜਾ ਸਕਦਾ ਹੈ ?

ਮਹਾਰਾਜ ਨੇ ਉੱਤਰ ਵਿਚ ਕਿਹਾ :—

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥ ੪੪ ॥ ਪੰਨਾ ੯੪੩

ਜਿਸ ਮਤਿ ਦਾ ਮੈਂ ਪਰਚਾਰ ਕਰ ਰਿਹਾ ਹਾਂ, ਉਸਦਾ ਨਾਮ ਸਤਿਗੁਰ ਮੱਤਿ ਹੈ। ਉਸ ਮਤਿ ਦੇ ਸ਼ੁਰੂ ਹੋਣ ਦਾ ਵੇਲਾ ਤਦ ਤੋਂ ਹੈ ਜਦ ਤੋਂ ਪਵਨ ਅਰੰਭ ਹੋਈ ਹੈ। ਸ੍ਰਿਸ਼ਟੀ ਦੇ ਰਚਨ ਕਾਲ ਤੋਂ ਹੀ ਇਹ ਮਤਿ ਚਲ ਰਿਹਾ ਹੈ।



Digitized by Panjab Digital Library | www.panjabdigilib.org

ਇਸ ਮਤਿ ਦਾ ਮੂਲ ਸਿਧਾਂਤ ਇਹ ਹੈ ਕਿ ਅਕਾਲ ਪੁਰਖ ਦਾ ਉਹ ਸਰੂਪ ਜੋ ਸਬਦ ਗੁਰੂ ਹੈ ਤੇ ਮਨੁੱਖ ਦੀ ਸੁਰਤਿ ਜੋ ਚੇਲਾ ਹੈ, ਦੋਹਾਂ ਦਾ ਮਿਲਾਪ। ਗੋਪਾਲ (ਅਕਾਲ ਪੁਰਖ) ਜੋ (ਸ਼ਬਦ ਰੂਪ ਵਿਚ) ਜੁਗਾਂ ਜੁਗਾਂ ਤੋਂ ਹੀ ਗੁਰੂ ਹੈ ਉਸਦੀ ਅਕਥ ਕਥਾ ਦਾ ਵਿਚਾਰ ਜਾਂ ਉਪਦੇਸ਼ ਸੁਣਕੇ ਮੈਂ ਇਸ ਦੁਨੀਆਂ ਵਿਚ ਨਿਰਲੇਪ ਵਿਚਰ ਰਿਹਾ ਹਾਂ। ਉਹ ਕਥਾ ਏਕੁ (ਹਰੀ) ਸ਼ਬਦੁ (ਹਰੀ) ਦੇ ਬਾਰੇ ਹੈ। ਗੁਰਮੁਖਿ (ਸ਼ਬਦ ਗੁਰੂ) ਦੇ ਉਪਦੇਸ਼ ਨਾਲ, ਜੋ ਹਰੀ ਕਥਾ ਦੇ ਰੂਪ ਵਿਚ ਮੈਂ ਵਿਚਾਰਦਾ ਹਾਂ ਹਉਮੈ ਦੀ ਅਗਨ ਦੂਰ ਹੋ ਗਈ ਹੈ।

ਇਸ ਵਿਚਾਰ ਤੋਂ ਦੋ ਗੱਲਾਂ ਸਾਹਮਣੇ ਆਈਆਂ ਨੇ, ਇਕ ਇਹ ਕਿ ਜਿਸ ਮਤਿ ਦਾ ਸਤਿਗੁਰੂ ਪਰਚਾਰ ਕਰ ਰਹੇ ਨੇ, ਉਸ ਦਾ ਨਾਮ ਸਤਿਗੁਰ ਮਤਿ ਹੈ। ਉਹ ਮਤਿ ਸ੍ਰਿਸ਼ਟੀ ਦੇ ਰਚਨ ਕਾਲ ਤੋਂ ਹੀ ਹੈ। ਦੂਸਰੀ ਇਹ ਕਿ ਇਸ ਮਤਿ ਦਾ ਮੂਲ ਸਿਧਾਂਤ ਇਹ ਹੈ ਕਿ ਸਬਦ ਗੁਰੂ ਜੋ ਅਕਾਲ ਪੁਰਖ ਦਾ ਨਿਰਗੁਨ ਸਰੂਪ ਹੈ, ਘੱਟ ਘੱਟ ਵਿਚ ਬਿਰਾਜਮਾਨ ਹੈ, ਉਹ ਜੁਗਾਂ ਤੋਂ ਹੀ ਹੈ। ਮਨੁੱਖ ਦੀ ਸੁਰਤਿ ਜੋ ਅਰੂਪ ਹੈ, ਸੂਖਸ਼ਮ ਹੈ, ਇਨ੍ਹਾਂ ਦੋਹਾਂ ਦਾ ਮਿਲਾਪ ਗੁਰੂ ਚੇਲੇ ਦਾ ਮਿਲਾਪ ਹੈ। ਸੁਰਤਿ ਇਸ ਲਈ ਚੇਲਾ ਹੈ ਕਿਉਂਕਿ ਸ਼ਬਦ ਗੁਰੂ ਅਰੂਪ ਹੈ ਤੇ ਉਸ ਤਕ ਸਾਡੇ ਕਿਸੇ ਗਿਆਨ ਇੰਦ੍ਰੇ ਜਾਂ ਮਨ-ਬੁੱਧੀ ਦੀ ਪਹੁੰਚ ਨਹੀਂ। ਕੇਵਲ ਸੁਰਤਿ ਦੀ ਹੀ ਪਹੁੰਚ ਸ਼ਬਦੁ ਗੁਰੂ ਤਕ ਹੋ ਸਕਦੀ ਹੈ, ਜੇ ਉਸ ਨੂੰ ਨਾਮ ਦੀ ਕਮਾਈ ਦੁਆਰਾ ਸ਼ੁਧ ਕਰ ਲਿਆ ਜਾਵੇ।

ਸਤਿਗੁਰਮਤਿ ਜੁਗਾਂ ਜੁਗਾਂ ਤੋਂ ਹੀ ਚਲ ਰਿਹਾ ਹੈ ਤੇ ਸ਼ਬਦ ਸੁਰਤਿ ਦੇ ਮਿਲਾਪ ਦੁਆਰਾ ਅਨੇਕਾਂ ਲੋਕਾਂ ਨੇ ਭਵਜਲ ਪਾਰ ਕੀਤਾ ਹੈ। ਭਗਤ ਪ੍ਰਹਲਾਦ ਜੋ ਸਤਿਜੁਗ ਵਿਚ ਹੋਇਆ ਹੈ, ਉਸ ਬਾਰੇ ਮਹਾਰਾਜ ਦਸਦੇ ਨੇ ਕਿ :—

ਤਿਨਿ ਕਰਤੈ ਇਕੁ ਚਲਤੁ ਉਪਾਇਆ ॥
ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ।
ਕਾਰਣੁ ਕਰਤਾ ਕਰਦਾ ਆਇਆ ॥ ੧ ॥
ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥
ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥ ੧ ॥ ਰਹਾਉ ॥



Digitized by Panjab Digital Library | www.panjabdigilib.org

ਪਿਤਾ ਪ੍ਰਹਲਾਦੁ ਪੜਣ ਪਠਾਇਆ ॥
ਲੈ ਪਾਟੀ ਪਾਧੇ ਕੈ ਆਇਆ ॥
ਨਾਮ ਬਿਨਾ ਨਹ ਪੜਉ ਅਚਾਰ ॥
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥ ੨ ॥

ਭੈਰਉ ਮਹਲਾ ੩ ॥ ਘਰ ੨ ॥ ਪੰਨਾ-੧੧੫੪

ਇਸ ਸਬਦ ਵਿਚ ਸਤਿਗੁਰੂ ਦਸਦੇ ਨੇ ਕਿ ਭਗਤ ਪ੍ਰਹਲਾਦ ਨੇ ਇਹ ਗੱਲ ਸਾਫ਼ ਦਸ ਦਿਤੀ ਕਿ ਗੁਰ ਕਾ ਸਬਦੁ (ਸਬਦੁ ਗੁਰੂ ਦਾ ਉਪਦੇਸ਼) ਮੇਰੇ ਅੰਤਰ ਹੈ, ਧਿਆਨ ਵਿਚ ਵਸਿਆ ਹੋਇਆ ਹੈ। ਸਬਦੁ ਗੁਰੂ ਦੀ ਅਨਹਦ ਬਾਣੀ ਮੈਂ ਸੁਣ ਰਿਹਾ ਹਾਂ। ਜਿਸ ਦੀ ਸੁਰਤਿ ਦਾ ਸਬਦ ਗੁਰੂ ਨਾਲ ਮਿਲਾਪ ਹੋਵੇ ਉਸ ਨੂੰ ਭਉ ਕਾਹਦਾ ?

ਮਹਾਰਾਜ ਫਿਰ ਦਸਦੇ ਨੇ :

ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥
ਦੈਤ ਪੁਤ੍ਰ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ ਸਬਦੇ ਮੇਲ ਮਿਲਆਇਆ ॥ ੧ ॥ ਰਹਾਉ ॥
ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥ ੨ ॥

ਭੈਰਉ ਮਹਲਾ ੩, ਪੰਨਾ ੧੧੩੩

ਦੈਤ ਪੁੱਤਰ ਪ੍ਰਹਲਾਦ ਗਾਇਤ੍ਰੀ ਤਰਪਣ ਆਦਿ ਬ੍ਰਾਹਮਣੀ ਮਤ ਦੇ ਕਿਸੇ ਵੀ ਕਰਮ ਕਾਂਡ ਤੋਂ ਜਾਣੂ ਨਹੀਂ ਸੀ। ਉਹ ਕੇਵਲ "ਸਬਦੇ ਮੇਲ ਮਿਲਾਇਆ" ਸ਼ਬਦ ਗੁਰੂ ਦੀ ਮਿਹਰ ਦੁਆਰਾ ਹਰੀ ਨਾਲ ਇਕ ਮਿੱਕ ਹੋ ਗਿਆ ਸੀ। ਉਹ ਦਿਨ ਰਾਤ ਭਗਤੀ ਕਰਦਾ ਸੀ ਤੇ ਉਸ ਨੇ ਸਬਦ ਗੁਰੂ ਦੇ ਉਪਦੇਸ਼ ਨੂੰ ਕਮਾ ਕੇ ਦੁਬਿਧਾ ਗੁਆ ਦਿੱਤੀ ਸੀ। ਜਿਹੜੇ ਸਚੁ (ਰੱਬ) ਨਾਲ ਰਤੇ ਹੋਏ ਨੇ, ਉਹ ਸਦਾ ਹੀ ਮਾਇਆ ਦੀ ਮੈਲ ਤੋਂ ਨਿਰਲੇਪ ਨੇ ਕਿਉਂ ਜੋ ਉਨ੍ਹਾਂ ਦੇ ਮਨ ਵਿਚ ਸਚੁ (ਰੱਬ) ਵਸਿਆ ਹੋਇਆ ਹੈ।

ਇਨ੍ਹਾਂ ਉਪਰਲੇ ਦੋਹਾਂ ਸ਼ਬਦਾਂ ਵਿਚ ਸਬਦੁ ਦਾ ਅਰਥ ਸਬਦੁ ਗੁਰੂ ਹੀ



Digitized by Panjab Digital Library | www.panjabdigilib.org

ਬਣਦਾ ਹੈ। ਗੁਰਵਾਕ ਹੈ :

ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗ ਜੁਗ ਭਗਤ ਪਿਆਰੇ ॥

ਗਉੜੀ ਮਹਲਾ ੩ ਪੰਨਾ-੨੪੯

ਉਹ ਕਰਨ ਕਰਾਵਨ ਵਾਲਾ ਆਪ ਹੀ ਹੈ ਤੇ ਸ਼ਬਦ ਗੁਰੂ ਦੇ ਉਪਦੇਸ਼ ਦੁਆਰਾ ਸਾਨੂੰ ਮੰਦਿਆਂ ਤੋਂ ਚੰਗਾ ਬਣਾ ਦੇਂਦਾ ਹੈ। ਉਹੀ ਸਤਿਗੁਰੂ ਹੈ, ਉਹੀ ਸਬਦੁ ਹੈ ਤੇ ਜੁਗਾਂ ਜੁਗਾਂ ਤੋਂ ਹੈ। ਉਹ ਆਪਣੇ ਭਗਤਾਂ ਨੂੰ ਜੁਗਾਂ ਜੁਗਾਂ ਤੋਂ ਪਿਆਰਦਾ ਆਇਆ ਹੈ। ਮਤਲਬ ਸਾਫ਼ ਹੈ, ਬਾਣੀ ਵਿਚ ਜਿਥੇ ਸਿਰਫ਼ ਸਬਦੁ ਹੀ ਆਇਆ ਹੈ ਉਥੇ ਵੀ ਅਰਥ ਸਬਦੁ ਗੁਰੂ ਹੀ ਬਣਦਾ ਹੈ।

ਜਦ ਤੋਂ ਸ੍ਰਿਸ਼ਟੀ ਬਣੀ ਹੈ ਤਦ ਤੋਂ ਹੀ ਅਨੇਕਾਂ ਪ੍ਰਾਣੀ ਸਬਦੁ ਸੁਰਤਿ ਦੇ ਮਿਲਾਪ ਦੁਆਰਾ ਭਵਸਾਗਰ ਪਾਰ ਕਰ ਚੁੱਕੇ ਹਨ। ਉਹ ਲਖਾਂ ਦੀ ਗਿਣਤੀ ਵਿਚ ਹਨ, ਪਰ ਕੁਝ ਨਾਮ ਇਤਿਹਾਸ ਵਿਚ ਆਏ ਨੇ ਜਿਨ੍ਹਾਂ ਨੂੰ ਸਭ ਜਾਣਦੇ ਹਨ।

ਮਹਾਰਾਜ ਉਨ੍ਹਾਂ ਦਾ ਹਵਾਲਾ ਇਸ ਤਰ੍ਹਾਂ ਦੇਂਦੇ ਹਨ :—

ਮਾਰੂ ਮਹਲਾ ੪ ਘਰ ੨ ॥

ੴ ਸਤਿਗੁਰ ਪ੍ਰਸਾਦਿ ॥

ਜਪਿਓ ਨਾਮੁ ਸੁਕ ਜਨਕ ਗੁਰਬਚਨੀ ਹਰਿ ਹਰਿ ਸਰਣਿ ਪਰੇ ॥
ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ ॥
ਭਗਤਿ ਵਛਲੁ ਹਰਿਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ ॥ ੧ ॥
ਮੇਰੇ ਮਨ ਨਾਮੁ ਜਪਤ ਉਧਰੇ ॥
ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮ ਤਰੇ ॥ ੧ ॥ ਰਹਾਉ ॥
ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥
ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ ॥ ੨ ॥
ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ ॥



Digitized by Panjab Digital Library | www.panjabdigilib.org

ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ ॥
ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ ॥ ੩ ॥
ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ ॥
ਸੇਵਕ ਪੈਜ ਰਖੈ ਮੇਰਾ ਗੋਵਿਦੁ ਸਰਣਿ ਪਰੇ ਉਧਰੇ ॥
ਜਨ ਨਾਨਕ ਹਰਿ ਕਿਰਪਾ ਧਾਰੀ ਉਰਧਰਿਉ ਨਾਮੁ ਹਰੇ ॥ ੪ ॥ ੧ ॥
ਮਾਰੂ ਮਹਲਾ ੪ ॥
ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ ॥
ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ ॥
ਸਰਣਿ ਪਰੇ ਜਪਿਓ ਤੇ ਭਾਏ ਗੁਰਮੁਖਿ ਪਾਰਿ ਪਇਆ ॥ ੧ ॥
ਮੇਰੇ ਮਨ ਨਾਮੁ ਜਪਤ ਤਰਿਆ ॥
ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਾਇਆ ॥ ੧॥ਰਹਾਉ ॥

... ... ... ...

ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰ ਸਕਿਆ ॥
ਗੋਬਿਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰ ਪ੍ਰਭ ਮਨਿ ਭਾਇਆ ॥
ਗੁਰਿ ਧਾਰਿ ਕ੍ਰਿਪਾ ਹਰਿਨਾਮੁ ਦ੍ਰਿੜਾਇਓ ਜਨ ਨਾਨਕ ਨਾਮੁ
ਲਇਆ ॥ ੪ ॥ ੨ ॥ ਪੰਨਾ ੯੯੫

ਇਨ੍ਹਾਂ ਸ਼ਬਦਾਂ ਵਿਚ ਮਹਾਰਾਜ ਸਾਫ਼ ਦਸਦੇ ਨੇ ਕਿ 'ਜਪਿਓ ਨਾਮੁ ਸੁਕ ਜਨਕ ਗੁਰਬਚਨੀ ਹਰਿ ਹਰਿ ਸਰਣ ਪਰੇ' ਗੁਰਬਚਨੀ (ਸਬਦ ਗੁਰੂ ਦੇ ਉਪਦੇਸ਼ ਨੂੰ ਕਮਾ ਕੇ) ਉਹ ਹਰੀ ਦੀ ਸਰਣ ਪੈ ਗਏ। ਉਨ੍ਹਾਂ ਨੇ ਆਪਣਾ ਆਪਾ ਸਮਰਪਨ ਕਰ ਦਿੱਤਾ। ਇਨ੍ਹਾਂ ਸਭਨਾਂ ਨੇ ਉਸੇ ਤਰੀਕੇ ਨਾਲ ਨਾਮੁ ਜਪਿਆ ਜਿਸ ਤਰੀਕੇ ਨਾਲ ਨਾਮਾ ਜੈਦਉ ਕਬੀਰ ਤ੍ਰਿਲੋਚਨ ਨੇ ਜਪਿਆ।

"ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ।"

ਗੁਰਮੁਖਿ ਨਾਮੁ ਕੇਵਲ ਇਕੋ ਇਕ ਹੈ। ਜੋ ਤਰੀਕਾ ਨਾਮੁ ਜਪਨ ਦਾ ਸਤਿਗੁਰ ਮਤਿ ਦਾ ਹੈ, ਕੇਵਲ ਉਹੀ ਗੁਰਮੁਖਿ ਨਾਮ ਹੈ।

ਕਈ ਸਜਨ ਇਹ ਇਤਰਾਜ਼ ਕਰਨਗੇ ਕਿ ਪੁਰਾਣਿਕ ਕਥਾਵਾਂ ਵਿਚ ਇਨ੍ਹਾਂ ਬਾਰੇ ਸਬਦੁ ਸੁਰਤਿ ਦਾ ਕੋਈ ਹਵਾਲਾ ਨਹੀਂ। ਪਰ ਸਤਿਗੁਰ ਮਤਿ ਸਪਸ਼ਟ



Digitized by Panjab Digital Library | www.panjabdigilib.org

ਹੈ ਕਿ ਸਬਦੁ ਸੁਰਤਿ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਭਵਸਾਗਰ ਪਾਰ ਨਹੀਂ ਕਰ ਸਕਦਾ। ਜੇ ਅਸੀਂ ਮੰਨਦੇ ਹਾਂ ਕਿ ਉਨ੍ਹਾਂ ਦਾ ਉਧਾਰ ਹੋਇਆ ਹੈ ਤਾਂ ਸਬਦ ਸੁਰਤਿ ਦੁਆਰਾ ਹੀ ਹੋਇਆ ਹੈ। ਹੋਰ ਕੋਈ ਤਰੀਕਾ ਸਤਿਗੁਰ ਮਤਿ ਨੂੰ ਸਵੀਕਾਰ ਨਹੀਂ ਤੇ ਮਹਾਰਾਜ ਅਕਾਲ ਪੁਰਖ ਦੇ ਸਬਦ ਗੁਰੂ ਸਰੂਪ ਤੋਂ ਬਿਨਾਂ ਹੋਰ ਕਿਸੇ ਨੂੰ ਗੁਰੂ ਵੀ ਨਹੀਂ ਮੰਨਦੇ।

ਗੁਰੂ ਦਾ ਹੁਕਮ ਸਪਸ਼ਟ ਹੈ :—

੧ ਓ ਸਤਿਗੁਰ ਪ੍ਰਸਾਦਿ ॥ ਰਾਗੁ ਭੈਰਉ ਮਹਲਾ ੧ ਘਰ ੨ ॥
ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰ ਪਰੇ ॥ ੧ ॥
ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥ ੧ ॥
ਰਹਾਉ ॥ ਪੰਨਾ-੧੧੨੫

ਸਬਦ ਗੁਰੂ ਦੇ ਉਪਦੇਸ਼ ਦੀ ਕਮਾਈ ਕਰ ਕੇ ਅਨੇਕਾਂ ਮੁਨੀ, ਇਦਰ ਆਦਿ, ਬ੍ਰਹਮਾ ਆਦਿ, ਸਨਕ ਸਨੰਦਨ ਤੇ ਕਈ ਤਪਸਵੀਜਨ ਗੁਰੂ ਮਿਹਰ ਨਾਲ ਭਵਸਾਗਰ ਤੋਂ ਪਾਰ ਹੋ ਗਏ। ਸਬਦ ਸੁਰਤਿ ਦੇ ਮਿਲਾਪ ਤੋਂ ਬਿਨਾਂ ਭਵਜਲ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ ? ਅਰਥਾਤ ਕਿਸੇ ਵੀ ਹੋਰ ਵਿਧੀ ਨਾਲ ਭਵਜਲ ਨਹੀਂ ਤਰਿਆ ਜਾ ਸਕਦਾ। ਨਾਮ ਸਿਮਰਨ ਤੋਂ ਬਿਨਾਂ ਜਗਤ ਰੋਗ ਨਾਲ ਪੀੜਤ ਹੈ ਤੇ ਉਹ ਰੋਗ ਦੁਬਿਧਾ (ਦੋਚਿਤਾ ਪਨ) ਦਾ ਹੈ ਜਿਸ ਕਾਰਨ ਲੋਕ ਭਵਸਾਗਰ ਵਿਚ ਡੁਬ ਡੁਬ ਕੇ ਆਤਮਕ ਮੌਤ ਮਰ ਰਹੇ ਹਨ।

ਸਤਿਗੁਰਮਤਿ ਦੇ ਮੁਤਾਬਕ ਭਵਸਾਗਰ ਨੂੰ ਤਰਨ ਦਾ ਕੇਵਲ ਇਕੋ ਇਕ ਸਾਧਨ ਹੈ। ਉਹ ਹੈ ਨਾਮ ਜਪ ਜਪ ਕੇ ਸੁਰਤਿ ਨੂੰ ਸੁਧ ਕਰਨਾ ਤੇ ਸਬਦ ਗੁਰੂ ਦੇ ਮਿਲਾਪ ਲਈ ਹਰੀ ਅੱਗੇ ਯਾਚਨਾ ਕਰਦੇ ਰਹਿਣਾ ਤਾਂ ਜੋ ਸ਼ਬਦ ਸੁਰਤਿ ਦੇ ਮਿਲਾਪ ਦੁਆਰਾ ਭਵਸਾਗਰ ਨੂੰ ਪਾਰ ਕੀਤਾ ਜਾ ਸਕੇ। ਇਸ ਤੋਂ ਬਿਨਾਂ :

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥



Digitized by Panjab Digital Library | www.panjabdigilib.org

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥ ੧੨ ॥
ਮਾਰੂ ਮਹਲਾ ੩ ॥ ਪੰਨਾ ੧੦੬੦

ਗੁਰ ਕੈ ਸਬਦਿ (ਸ਼ਬਦ ਗੁਰੂ ਦੇ ਉਪਦੇਸ਼ ਦੀ ਕਮਾਈ) ਦੁਆਰਾ ਸਚੁ (ਹਰੀ) ਦਾ ਮਿਲਾਪ ਹੋਇਆ, ਹਰੀ ਨੂੰ ਪਾਇਆ, ਤੇ ਹਰੀ ਵਿਚ ਹੀ ਸਮਾ ਗਏ। ਇਸ ਤੋਂ ਬਿਨਾਂ ਕੋਈ ਸਾਧਨ ਨਹੀਂ। ਜਪ ਤਪ ਸੰਜਮ ਆਦਿ ਬ੍ਰਾਹਮਣੀ ਮਤਿ ਦੇ ਸਾਧਨ ਗੁਰਮਤਿ ਨੂੰ ਪ੍ਰਵਾਨ ਨਹੀਂ। ਨਾ ਹੀ ਕੋਈ ਤੀਰਥ ਸਥਾਨ ਐਸਾ ਹੈ ਜਿਥੇ ਇਸ਼ਨਾਨ ਕਰਕੇ ਭਵਸਾਗਰ ਪਾਰ ਕੀਤਾ ਜਾ ਸਕਦਾ ਹੈ।

ਹੁਕਮ ਸਪਸ਼ਟ ਹੈ :—

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ ॥ (ਰਹਿਰਾਸ ਸਾਹਿਬ)

ਪੁਨਾ :-ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ (ਜਪੁ ਸਾਹਿਬ)

ਧਿਆਇਆ ਦਾ ਅਰਥ ਹੈ **ਨਾਮੁ ਜਾਂ ਹਰੀ ਜਿਨ੍ਹਾਂ ਦੇ ਧਿਆਨ ਵਿਚ ਵਸ ਗਿਆ**। ਸਾਡੇ ਧਿਆਨ ਵਿਚ ਹਰ ਵੇਲੇ ਪਦਾਰਥਾਂ ਲਈ ਸੰਕਲਪ ਵਿਕਲਪ ਉਠਦੇ ਰਹਿੰਦੇ ਹਨ। ਉਹ ਪੂਰੀ ਤਰ੍ਹਾਂ ਬੰਦ ਹੋ ਜਾਣ ਤੇ ਉਨ੍ਹਾਂ ਦੀ ਥਾਂ ਤੇ ਧਿਆਨ ਵਿਚ ਨਾਮੁ ਵਸ ਜਾਵੇ। ਐਸਾ ਤਦ ਹੀ ਹੋ ਸਕਦਾ ਹੈ ਜਦੋਂ ਅਸੀਂ ਸਬਦ ਗੁਰੂ ਦੇ ਉਪਦੇਸ ਨੂੰ ਕਮਾ ਕੇ ਨਾਮ ਨਿਰੰਜਨੁ ਦੀ ਪ੍ਰਾਪਤੀ ਕਰ ਲਈਏ। ਪਰ ਜੋ ਪ੍ਰਾਣੀ ਮਾਇਆ ਦੇ ਮੋਹ ਨੂੰ ਤਿਆਗ ਨਹੀਂ ਸਕਦੇ ਉਨ੍ਹਾਂ ਲਈ ਹੁਕਮ ਹੈ :—

ਸਾਕਤ ਨਰਿ ਸ਼ਬਦਿ ਸੁਰਤਿ ਕਿਉ ਪਾਈਐ ॥
ਸਬਦੁ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥ ੧ ॥
ਮਾਰੂ ਮਹਲਾ ੧ ॥ ਪੰਨਾ-੧੦੪੨

ਜਿਹੜੇ ਸਾਕਤ ਲੋਗ ਦਿਸਦੀਆਂ ਚੀਜ਼ਾਂ ਦੇ ਮੋਹ ਵਿਚ ਫਸੇ ਹੋਏ ਨੇ, ਉਨ੍ਹਾਂ ਲਈ ਸਬਦੁ ਤੇ ਸੁਰਤਿ ਦਾ ਮਿਲਾਪ ਕਿਸ ਤਰ੍ਹਾਂ ਸੰਭਵ ਹੈ ? ਇਹ ਕਦੀ ਵੀ ਨਹੀਂ ਹੋ ਸਕਦਾ। ਸਬਦੁ ਸੁਰਤਿ ਦੇ ਮਿਲਾਪ ਤੋਂ ਬਿਨਾਂ ਜੰਮਨਾ ਮਰਨਾ ਮੁੱਕ ਨਹੀਂ ਸਕਦਾ। ਮਹਾਰਾਜ ਦਸਦੇ ਨੇ ਕਿ ਗੁਰਮੁਖਿ (ਸਬਦ ਗੁਰੂ)



Digitized by Panjab Digital Library | www.panjabdigilib.org

ਦੁਆਰਾ ਹੀ ਇਸ ਮਾਇਆ ਦੀ ਗੁਲਾਮੀ ਤੋਂ ਮੁਕਤੀ ਦਾ ਰਾਹ ਖੁਲ੍ਹਦਾ ਹੈ ਤੇ ਸ਼ਬਦ ਗੁਰੂ ਦੇ ਮਿਲਾਪ ਲਈ ਹਰੀ ਦੀ ਮਿਹਰ ਹੋਣੀ ਚਾਹੀਦੀ ਹੈ ॥

ਹੁਣ ਅਸੀਂ ਇਹ ਵਿਚਾਰਨਾ ਹੈ ਕਿ ਸ਼ਬਦ ਸੁਰਤਿ ਦਾ ਮਿਲਾਪ ਹੈ ਕੀ ? ਇਹ ਤਾਂ ਸਪਸ਼ਟ ਹੋ ਹੀ ਚੁੱਕਾ ਹੈ ਕਿ ਅਕਾਲ ਪੁਰਖ ਹੀ ਸਭ ਪ੍ਰਾਣੀਆਂ ਦਾ ਗੁਰੂ ਹੈ ਤੇ ਉਹ ਸ਼ਬਦ ਰੂਪ ਵਿਚ ਸਭ ਦੇ ਅੰਦਰ ਬਿਰਾਜਮਾਨ ਹੈ । ਸੋ ਅਸੀਂ ਗੁਰੂ ਦੇ ਮਿਲਾਪ ਲਈ ਯਤਨ ਕਰਨੇ ਨੇ ਕਿਉਂ ਜੋ ਸਬਦ ਗੁਰੂ ਦੇ ਮਿਲਾਪ ਤੋਂ ਬਿਨਾਂ ਭਵਜਲ ਤਰਿਆ ਨਹੀਂ ਜਾ ਸਕਦਾ ।

ਸ਼ਬਦੁ ਗੁਰੂ ਅਰੂਪ ਹੈ, ਨਿਰਾਕਾਰ ਹੈ, ਉਹ ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ । ਸਾਡੇ ਗਿਆਨ ਇੰਦਰੇ ਕੇਵਲ ਦਿੱਸਦੀਆਂ ਚੀਜ਼ਾਂ ਦਾ ਹੀ ਗਿਆਨ ਦੇ ਸਕਦੇ ਹਨ । ਅਦ੍ਰਿਸ਼ਟ ਤੱਕ ਉਨ੍ਹਾਂ ਦੀ ਪਹੁੰਚ ਨਹੀਂ । ਤਾਂ ਗੁਰੂ ਚੇਲੇ ਦਾ ਮਿਲਾਪ ਕਿਸ ਤਰ੍ਹਾਂ ਹੋਵੇ ? ਉਸ ਲਈ ਹਰੀ ਨੇ ਸਾਨੂੰ ਸੁਰਤਿ ਦਿੱਤੀ ਹੈ, ਜਿਸ ਨੂੰ ਛੇਵੀਂ ਸੂਝ ਸ਼ਕਤੀ ਵੀ ਕਿਹਾ ਜਾ ਸਕਦਾ ਹੈ । ਸੁਰਤਿ ਦੀ ਪਹੁੰਚ ਨਿਰਗੁਨ ਤੇ ਸਰਗੁਨ ਦੋਹਾਂ ਤੱਕ ਹੈ। ਉਹ ਦੋ ਭਾਸ਼ੀਆ ਹੈ। ਨਿਰਗੁਨ ਬਾਣੀ ਨੂੰ ਸਰਗੁਨ ਤੇ ਸਰਗੁਨ ਬਾਣੀ ਨੂੰ ਨਿਰਗੁਨ ਵਿਚ ਉਲਥਾ ਸਕਦੀ ਹੈ । ਪਰ ਸਾਡੀ ਸੁਰਤਿ ਅਨੇਕਾਂ ਜਨਮਾਂ ਤੋਂ ਮਨ ਬੁੱਧੀ ਦੇ ਕਹੇ ਲੱਗ ਕੇ ਮੁਰਦਾ ਹੋ ਚੁਕੀ ਹੈ । ਉਹ ਮਨ ਬੁੱਧੀ ਦੇ ਪੂਰੀ ਤਰ੍ਹਾਂ ਅਧੀਨ ਹੈ ਤੇ ਸ਼ਬਦੁ ਗੁਰੂ ਤੱਕ ਜੋ ਅਰੂਪ ਹੈ, ਸਾਡੇ ਹਿਰਦੇ ਵਿਚ ਬਿਰਾਜਮਾਨ ਹੈ, ਉਸਦਾ ਪਹੁੰਚਣਾ ਕਠਨ ਹੈ, ਜਦ ਤਕ ਉਸ ਨੂੰ ਜਗਾਇਆ ਨਾ ਜਾਵੇ । ਸੁਰਤ ਮਨ ਬੁੱਧੀ ਦੇ ਅਧੀਨ ਹੈ, ਇਸ ਲਈ ਮਨ ਬੁੱਧੀ ਦੇ ਕਹਿਣ ਤੇ ਹੀ ਜਾਗੇਗੀ ।

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥ ੧੩ ॥

ਸਲੋਕ ਮਹਲਾ ੪, ਪਨਾ ੧੪੨੫

ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥
ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥ ੨ ॥

ਬਿਲਾਵਲੁ ਮਹਲਾ ੫ ॥ ਪਨਾ ੮੧੪

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ ॥

ਮਾਲੀ ਗਉੜਾ ਮਹਲਾ ੪, ਪਨਾ ੯੮੫ ॥



Digitized by Panjab Digital Library | www.panjabdigilib.org

ਪਿਛਲੇ ਅਨੇਕਾਂ ਜਨਮਾਂ ਤੋਂ ਸਾਡਾ ਮਨ ਅਗਿਆਨਤਾ ਦੀ ਨੀਂਦੇ ਸੌਂ ਰਿਹਾ ਹੈ। ਉਹ ਜਾਗ ਸਕਦਾ ਹੈ, ਨਾਮ ਦੀ ਕਮਾਈ ਨਾਲ। ਨਾਮ ਦੀ ਕਮਾਈ ਨਾਲ ਹੀ ਉਸ ਵਿਚ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਨਾਮ ਅੰਮ੍ਰਿਤੁ ਪੀਣ ਨਾਲ ਹੀ, ਜਿਸਦਾ ਅਸਚਰਜ ਸੁਆਦ ਹੈ, ਤ੍ਰਿਸ਼ਨਾ ਦੀ ਭੁੱਖ ਮਿਟ ਸਕਦੀ ਹੈ।

ਨਾਮੁ ਦੀ ਕਮਾਈ ਨੂੰ ਹੀ ਜਪੁ ਸਾਹਿਬ ਵਿਚ ਸਰਮ ਖੰਡ ਕਿਹਾ ਹੈ। ਉਸ ਬਾਰੇ ਹੁਕਮ ਹੈ :—

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥ (ਜਪੁ ਸਾਹਿਬ)

ਜਿਸ ਤਰ੍ਹਾਂ ਕਾਰਖਾਨਿਆਂ ਵਿਚ ਚੀਜ਼ਾਂ ਬਣਦੀਆਂ ਹਨ। ਇਸੇ ਤਰ੍ਹਾਂ ਹੀ ਸਰਮ ਖੰਡ ਵਿਚ ਰੂਪ, ਸੁੰਦਰਤਾ ਦਾ ਨਿਖਾਰ ਹੁੰਦਾ ਹੈ। ਪ੍ਰਭੂ ਪੁਰਖੁ ਨੂੰ ਪ੍ਰਸੰਨ ਕਰਨ ਲਈ ਸ਼ਿੰਗਾਰ ਦੀ ਲੋੜ ਹੈ। ਉਹ ਸ਼ਿੰਗਾਰ ਕੀ ਹੈ ? ਸੁਰਤਿ-ਮਤ ਮਨ-ਬੁੱਧੀ ਨੂੰ, ਜੋ ਜਨਮਾਂ ਜਨਮਾਂ ਦੀ ਮੈਲ ਲਗੀ ਹੋਈ ਹੈ, ਧੋ ਕੇ ਸਾਫ਼ ਸੁੱਧ ਕਰ ਦੇਣਾ। ਇਹ ਨਾਮ ਦੀ ਕਮਾਈ ਨਾਲ ਹੁੰਦਾ ਹੈ। ਜਦ ਇਹ ਹੋ ਜਾਂਦਾ ਹੈ ਤਦ ਗੁਰੂ ਦੀ ਬਖਸ਼ਿਸ਼ ਹੁੰਦੀ ਹੈ, ਕਰਮ ਹੁੰਦਾ ਹੈ ਤੇ ਕਰਮ ਖੰਡ ਵਿਚ ਪ੍ਰਵੇਸ਼ ਹੁੰਦਾ ਹੈ। ਗੁਰੂ ਮਿਹਰ ਨਾਲ ਜੋਰੁ (ਆਤਮਕ ਬਲ) ਦੁਆਰਾ ਵਿਕਾਰਾਂ ਤੇ ਕਾਬੂ ਪਾ ਲਿਆ ਜਾਂਦਾ ਹੈ। ਤਦ ਮਹਾਰਾਜ ਦੀ ਮਿਹਰ ਦਾ ਸਦਕਾ ਸ਼ਬਦ ਗੁਰੂ ਤੇ ਸੁਰਤਿ ਚੇਲੇ ਦਾ ਮਿਲਾਪ ਹੁੰਦਾ ਹੈ।

ਇਕ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਸੁਰਤਿ, ਜੋ ਅਰੂਪ ਹੈ, ਕੇਵਲ ਉਹੀ ਸ਼ਬਦ ਗੁਰੂ ਦੇ ਦਰਸਨ ਕਰ ਸਕਦੀ ਹੈ। ਮਨ ਬੁੱਧੀ ਜਾਂ ਕਿਸੇ ਵੀ ਗਿਆਨ ਇੰਦਰੇ ਦੀ ਉਥੋਂ ਤੱਕ ਪਹੁੰਚ ਨਹੀਂ। ਸੋ ਗੁਰੂ ਵੀ ਅਰੂਪ ਤੇ ਚੇਲਾ ਵੀ ਅਰੂਪ ਹੈ, ਦੇਹ ਦਾ ਕੋਈ ਵੀ ਦਖ਼ਲ ਨਹੀਂ। ਨ ਗੁਰੂ ਦੇਹ ਧਾਰੀ ਹੈ ਤੇ



Digitized by Panjab Digital Library | www.panjabdigilib.org

ਨ ਹੀ ਚੇਲਾ। ਇਸੇ ਲਈ ਸਤਿਗੁਰਾਂ ਨੇ ਸਾਨੂੰ ਸੰਬੋਧਨ ਕਰਦਿਆਂ ਉਪਦੇਸ਼ ਕੀਤਾ ਹੈ ਕਿ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥ ੫ ॥

ਆਸਾ ਮਹਲਾ ੩ ਛੰਤ ਘਰ ੩-੪੪੧

ਹੇ ਪ੍ਰਾਣੀ ਤੂੰ ਤਾਂ ਜੋਤਿ ਸਰੂਪ ਹੈਂ ਤੂੰ ਅਪਣਾ ਅਸਲਾ ਪਛਾਣ। ਤੂੰ ਭੁਲੇਖੇ ਵਿਚ ਪੈ ਕੇ ਆਪਣੇ ਆਪ ਨੂੰ ਦੇਹ ਸਮਝ ਬੈਠਾ ਹੈਂ, ਤੇ ਦੇਹ ਦੇ ਭਰਨ ਪੋਖਣ ਵਿਚ ਹੀ ਆਪਣੀ ਅਨਮੋਲ ਆਯੂ ਕੌਡੀਆਂ ਬਦਲੇ ਲੁਟਾ ਰਿਹਾ ਹੈਂ। ਜੀਵ ਆਤਮਾ ਜਿਸਦੀ ਖੁਰਾਕ ਨਾਮੁ ਹੈ, ਉਹ ਨਾਮੁ ਸਿਮਰਨ ਤੋਂ ਬਿਨਾਂ ਮੁਰਝਾ ਰਹੀ ਹੈ। ਉਹ ਪ੍ਰਭੂ ਦੇ ਮਿਲਾਪ ਲਈ ਤਰਸ ਰਹੀ ਹੈ। ਇਸ ਲਈ ਤੂੰ ਆਪਣੇ ਆਪ ਨੂੰ ਪਛਾਣ, ਤੂੰ ਕੌਣ ਹੈਂ ? ਹਰਿ ਜੀ ਤੇਰੇ ਹਿਰਦੇ ਵਿਚ ਬਿਰਾਜਮਾਨ ਨੇ, ਤੂੰ ਸਬਦ ਗੁਰੂ ਦੀ ਮਤ ਲੈ ਕੇ ਹਰੀ ਨਾਲ ਰੰਗ (ਪ੍ਰੇਮ ਰਸ) ਮਾਣ ॥

ਏਕਾ ਸੇਜ ਵਿਛੀ ਧਨ ਕੰਤਾਂ ॥
ਧਨ ਸੂਤੀ ਪਿਰੁ ਸਦ ਜਾਗੰਤਾ ॥

ਸੂਹੀ ਮਹਲਾ ੫, ਪੰਨਾ-੭੩੭

ਇਕੋ ਹਿਰਦੈ ਰੂਪੀ ਸੇਜ ਉਤੇ ਹਰੀ ਜੀ ਵੀ ਨੇ, ਤੇ ਜੀਵ ਆਤਮਾ ਵੀ। ਪਰ ਜੀਵ ਆਤਮਾ ਅਗਿਆਨਤਾ ਦੀ ਨੀਂਦ ਵਿਚ ਗਲਤਾਨ ਹੈ। ਉਸਦੀ ਖੁਰਾਕ ਜੋ ਨਾਮੁ ਹੈ ਕਈਆਂ ਜਨਮਾਂ ਤੋਂ ਉਹਨੂੰ ਨਹੀਂ ਮਿਲੀ। ਉਹ ਭੁੱਖ ਦੇ ਧੋਖੇ ਕੁਮਲਾ ਚੁਕੀ ਹੈ। ਮਹਾਰਾਜ ਦੱਸਦੇ ਨੇ ਕਿ ਤੂੰ ਗੁਰੂ ਦੀ ਮਤ ਲੈ ਕੇ ਸੁਰਤਿ ਨੂੰ ਜਗਾ। ਨਾਮ ਸਿਮਰਨ ਦੁਆਰਾ ਇਕ ਤਾਂ ਸੁਰਤਿ ਜਾਗੇਗੀ, ਦੂਜੇ ਬੰਨੇ ਧਨ (ਜੀਵ ਆਤਮਾ) ਨੂੰ ਆਪਣੀ ਖੁਰਾਕ ਮਿਲੇਗੀ, ਤੇ ਉਹ ਹਰੀ ਭਰੀ ਹੋ ਜਾਵੇਗੀ।



Digitized by Panjab Digital Library | www.panjabdigilib.org

ਸੁਰਤਿ ਦੇ ਜਾਗਣ ਨਾਲ ਗੁਰ ਪ੍ਰਸਾਦਿ ਦੁਆਰਾ ਸ਼ਬਦ ਗੁਰੂ ਦਾ ਮਿਲਾਪ ਹੋ ਸਕਦਾ ਹੈ ਤੇ ਗੁਰੂ ਮਿਹਰ ਦੁਆਰਾ ਤੂੰ ਹਰੀ ਰਸ ਮਾਣ ਸਕਦਾ ਹੈਂ।

"ਮੂਲੁ ਪਛਾਣਹਿ ਤਾਂ ਸਹੁ ਜਾਣਹਿ"

ਜੇ ਤੂੰ ਭੁੱਲੇਂ ਨ ਤੇ ਆਪਣਾ ਮੂਲ ਪਛਾਣ ਕੇ ਚੇਤੇ ਰਖੇਂ ਜਾਂ ਆਪਣਾ ਆਪਾ ਚੀਨ ਲਵੇਂ:

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥ ੧ ॥
ਧਨਾਸਰੀ ਮਹਲਾ ੯ ਪੰਨਾ-੬੮੪

ਜੇ ਤੂੰ ਗੁਰੂ ਦੀ ਮਤ ਲੈ ਕੇ ਆਪਣੇ ਮੂਲ ਨੂੰ ਪਛਾਣ ਲਵੇਂ ਤਾਂ ਤੂੰ ਦੇਖੇਂਗਾ ਕਿ ਜੋ ਹਰੀ ਸਬਦੁ ਬ੍ਰਹਮ ਰੂਪ ਵਿਚ ਸਾਰੇ ਬ੍ਰਹਮੰਡ ਵਿਚ ਫੈਲ ਰਿਹਾ ਹੈ, ਉਹੀ ਸਬਦੁ ਗੁਰੂ ਰੂਪ ਵਿਚ ਹਰ ਇਕ ਪ੍ਰਾਣੀ ਦੇ ਅੰਦਰ ਵੀ ਹੈ। ਬਾਹਰ ਭੀਤਰ ਇਕੋ ਇਕੁ ਰਵ ਰਿਹਾ ਹੈ। ਇਹ ਗੱਲ ਆਪਣੇ ਆਪ ਨੂੰ ਜੋਤ ਸਰੂਪ ਸਮਝਣ ਤੋਂ ਬਿਨਾਂ ਤੇ ਦੇਹ ਦਾ ਮੋਹ ਤਿਆਗਨ ਤੋਂ ਬਿਨਾਂ ਸਮਝ ਨਹੀਂ ਆਂ ਸਕਦੀ। ਉਤਨੀ ਦੇਰ ਭਰਮ ਤੇ ਭੁਲੇਖੇ ਸਾਨੂੰ ਚੰਬੜੇ ਰਹਿਣਗੇ।

"ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥"

ਇਸ ਤਰ੍ਹਾਂ ਆਪਣਾ ਮੂਲ ਪਛਾਣ ਕੇ, ਆਪਣਾ ਆਪਾ ਚੀਨ ਕੇ, ਸਹੁ ਨਾਲ ਜਾਨ ਪਛਾਣ ਹੋ ਜਾਵੇਗੀ। ਤੈਨੂੰ ਪਤਾ ਲਗ ਜਾਵੇਗਾ ਕਿ ਜੀਵ ਆਤਮਾਂ ਨਾ ਮਰਦੀ ਹੈ, ਨਾ ਜਮਦੀ ਹੈ, ਉਹ ਤਾਂ ਕੇਵਲ ਚੋਲੇ ਬਦਲਦੀ ਹੈ।

ਗੁਰ ਪ੍ਰਸਾਦਿ ਦੁਆਰਾ ਜੇ ਤੈਨੂੰ ਏਕੋ (ਹਰੀ) ਦੀ ਸੋਝੀ ਹੋ ਜਾਵੇਗੀ ਤਾਂ ਇਹ ਦ੍ਰਿਸ਼ਟਮਾਨ ਜਾਂ ਦਿਸਦੇ ਪਦਾਰਥਾਂ ਦਾ ਮੋਹ (ਦੂਜਾ ਭਾਉ) ਤੈਨੂੰ ਤੰਗ ਨਹੀਂ ਕਰੇਗਾ। ਜੇ ਤੂੰ ਦੂਜਾ ਭਾਉ ਛੱਡ ਦੇਵੇਂ ਤਾਂ ਤੇਰੇ ਮਨ ਨੂੰ ਸ਼ਾਂਤੀ ਆ ਜਾਵੇਗੀ ਤੇ ਹਰ ਵਕਤ ਖੇੜੇ ਵਿਚ ਰਹੇਂਗਾ। ਤਦ ਉਹ ਪੁਰਖ ਤੈਨੂੰ ਪ੍ਰਵਾਨ ਕਰ ਲਵੇਗਾ ਤੇ ਤੂੰ ਉਸਦੇ ਪ੍ਰੇਮ ਦਾ ਰਸ ਮਾਣੇਗਾ। ਮਹਾਰਾਜ ਇਕ ਵਾਰੀ ਹੋਰ ਤਾਕੀਦ ਕਰਦੇ ਨੇ ਕਿ ਹੇ ਪ੍ਰਾਣੀ ਤੂੰ ਦੇਹ ਨਹੀਂ, ਤੂੰ ਤਾਂ ਨਿਰਾਕਾਰ ਹੈ। ਤੂੰ ਜੋਤਿ ਸਰੂਪ ਹੈ। ਤੂੰ ਆਪਣਾ ਆਪਾ ਚੀਨ।

ਸੋ ਗੁਰੂ ਵੀ ਅਰੂਪ ਤੇ ਚੇਲਾ ਵੀ ਅਰੂਪ ਦੇਹ ਦਾ ਕੋਈ ਦਖ਼ਲ ਨਹੀ।



Digitized by Panjab Digital Library | www.panjabdigilib.org

ਸੁਰਤਿ ਸਬਦੁ ਦਾ ਪਰਸੰਗ ਬਹੁਤ ਲੰਮਾ ਹੈ। ਇਸ ਵਿਸ਼ੇ ਤੇ ਡਾਕਟਰ ਬਲਬੀਰ ਸਿੰਘ ਜੀ ਪੀ. ਐਚ. ਡੀ. ਜੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਛੋਟੇ ਭਾਈ ਸਨ ਦਾ ਇਕ ਲੇਖ ਪੰਜਾਬੀ ਯੂਨੀਵਰਸਟੀ, ਪਟਿਆਲਾ ਵਲੋਂ ਛਾਪਿਆ ਗਿਆ ਹੈ, ਧੰਨਵਾਦ ਸਹਿਤ ਉਸ ਲੇਖ ਵਿਚੋਂ ਕੁਝ ਟੂਕਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ।

**"ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"**

"ਸਾਡੀ ਸਿਖਿਆ ਪ੍ਰਣਾਲੀ ਵਿਚ 'ਸੁਰਤਿ' ਇਕ ਮੂਲਕ ਧਾਰਣਾ ਹੈ। ਇਸ ਨੂੰ ਸਪਸ਼ਟ ਕਰਨਾ ਇਕ ਜ਼ਰੂਰੀ ਅੰਗ ਹੈ। ਬੁਧ ਮਤ ਦੀ ਧਯਾਨ ਸੰਪ੍ਰਦਾਇ ਵਿਚ 'ਸੁਰਤਿ ਸ਼ਬਦ' ਵਾਲਾ ਖਿਆਲ ਮੌਜੂਦ ਹੈ। ਪਰ ਉਥੇ ਅਵਸਥਾ ਦੂਸਰੀ ਹੈ, ਉਹ ਐਨ ਸਾਡੀ ਮਨੌਤ ਦੇ ਉਲਟ ਹੈ। ਧਯਾਨ ਸੰਪ੍ਰਦਾਇ ਤੋਂ ਮਤਲਬ **Zen Budhism** ਦਾ ਹੈ। ਉਥੇ 'ਸੁਰਤਿ' ਦੀ ਪ੍ਰਮੁਖਤਾ ਹੈ, 'ਸ਼ਬਦ' ਗੌਣ ਹੈ। ਉਨ੍ਹਾਂ ਦੇ ਅਨੁਸਾਰ ਅਸਲ ਚੀਜ਼ 'ਸੁਰਤਿ' ਹੈ ਜਿਸ ਨੂੰ ਪ੍ਰਾਪਤ ਕਰਨਾ ਹੈ, 'ਸ਼ਬਦ' ਉਸ ਪ੍ਰਾਪਤੀ ਦਾ ਜ਼ਰਿਆ ਹੈ, ਇਕ ਸਾਧਨ ਹੈ। ਜ਼ੈਨ ਸੰਪ੍ਰਦਾਇ ਦੇ ਸੰਬੰਧ ਵਿਚ ਡਾਕਟਰ ਭਰਤ ਸਿੰਘ ਨੇ ਆਪਣੇ ਗ੍ਰੰਥ ਦੇ ਸਫ਼ਾ ੧੫੫ ਤੇ ਲਿਖਿਆ ਹੈ: "ਧਯਾਨ ਸੰਪ੍ਰਦਾਇ ਮੇਂ 'ਸਬਦ' ਸਾਧਨ ਮਾਤ੍ਰ ਹੈ ਔਰ 'ਸੁਰਤ' ਸਿਧਿ ਹੈ।" ਇਹ ਚਰਚਾ ਜੋਗੀਆਂ ਵਿਚ ਵੀ ਰਹੀ ਕਿ ਸੁਰਤਿ ਦਾ ਬਲਿਹਾਜ਼ ਸ਼ਬਦ ਦੇ ਕੀ ਦਰਜਾ ਹੈ? ਜੋਗ ਮਤ ਵਿਚ, ਇਸ ਪ੍ਰਸੰਗ ਵਿਖੇ, ਕਈ ਧੜੇ ਸਨ। ਕਈ ਪਰਮਾਤਮਾ ਦੀ ਹਸਤੀ ਨੂੰ ਕੇਵਲ ਆਕਾਸ਼ ਵਤ ਮੰਨਦੇ ਸਨ। ਉਹ ਇਸ ਨੂੰ 'ਗਗਨੋਪਮ' ਹੀ ਕਹਿੰਦੇ ਸਨ, ਮਤਲਬ ਇਹ ਕਿ ਉਸਦੀ ਉਪਮਾ ਕੇਵਲ ਗਗਨ ਨਾਲ ਹੀ ਦਿਤੀ ਜਾ ਸਕਦੀ ਹੈ। ਫਿਰ ਕਈ ਇਕ ਐਸੇ ਸਨ ਜੋ ਇਸ ਤੋਂ ਅਗਾਂਹ ਗਗਨ ਨੂੰ 'ਸੁੰਨ' ਨਾਲ ਏਕਤਾ ਦੇਂਦੇ ਸਨ। ਇਨ੍ਹਾਂ ਸਾਰਿਆਂ ਲਈ 'ਸੁਰਤਿ' ਵਾਲੀ ਉਚੀ ਦਸ਼ਾ ਹੀ ਮਾਨਯ ਸੀ। ਇਨ੍ਹਾਂ ਲੋਕਾਂ ਲਈ 'ਸ਼ਬਦ' ਇਕ ਸਾਧਨ ਮਾਤ੍ਰ ਸੀ, ਇਕ ਕਮਾਈ ਸੀ, ਜਿਸ ਨਾਲ ਸੁਰਤਿ ਦੀ ਰੋਸ਼ਨ ਦਮਾਗੀ ਉਤੇ ਪਹੁੰਚਣਾ ਹੈ। ਜੋਗੀਆਂ ਵਿਚ ਉਹ ਵੀ ਸਨ ਜੋ ਸ਼ਬਦ ਨੂੰ ਪ੍ਰਮੁੱਖ ਮੰਨਦੇ ਸਨ। ਗੁਰੂ ਨਾਨਕ ਸਾਹਿਬ ਦੇ ਵੇਲੇ ਵੀ ਇਹ ਸਵਾਲ ਜੋਗੀਆਂ ਨੇ ਉਠਾਇਆ। ਗੁਰੂ ਜੀ ਦਾ ਉਤਰ ਇਕ ਕੜਦੀ



Digitized by Panjab Digital Library | www.panjabdigilib.org

ਫੈਸਲਾ ਸੀ । ਉਨ੍ਹਾਂ ਸਪਸ਼ਟ ਕਰ ਦਿਤਾ ਕਿ ਸਾਡੇ ਮਤ ਵਿਚ ਸ਼ਬਦ ਪ੍ਰਮੁਖ ਹੈ, ਸ਼ਬਦ ਗੁਰੂ ਹੈ, ਸ਼ਬਦ ਸਿਧੀ ਹੈ । ਸੁਰਤਿ ਬਾਬਤ ਕਿਹਾ ਕਿ ਇਹ ਗੌਣ ਹੈ, ਇਹ ਚੇਲਾ ਹੈ । ਨਾਲ ਇਹ ਵੀ ਦਸਿਆ ਕਿ ਸੁਰਤਿ ਸ਼ਬਦ ਤੋਂ ਕਿਸੇ ਵਖਰੇ ਪਦਾਰਥ ਦੀ ਨਹੀਂ ਬਣੀ ਹੋਈ, ਉਸੇ ਦੀ ਹੀ ਧੁਨਿ ਹੈ ।''

''ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਰੁਖ ਇਹ ਹੈ ਕਿ ਸ਼ਾਸਤਰਾਂ ਤੋਂ ਮਨ ਨੂੰ ਚੁਕਿਆ ਜਾਵੇ, ਦਲੀਲ ਅਤੇ ਤਰਕ ਤੋਂ ਬੁਧੀ ਨੂੰ ਹਟਾ ਲਿਆ ਜਾਵੇ, ਮਨ ਨੂੰ ਸ਼ਬਦ ਕੀਰਤਨ ਨਾਲ ਇਸ ਤਰ੍ਹਾਂ ਰੰਗ ਲਿਆ ਜਾਏ ਕਿ ਸੁਰਤਿ ਵਿਚ ਸਤ ਸਰੂਪ ਪ੍ਰਮਾਤਮਾਂ ਪਰਤਖ ਹੋ ਜਾਏ :—

ਨਾਨਕ ਦਾਸੁ ਹਰਿ ਕੀਰਤਨਿ ਰਾਤਾ ॥
ਸਬਦੁ ਸੁਰਤਿ ਸਚੁ ਸਾਖੀ ॥ ੨ ॥

(ਸਾਰਗ ਮਹਲਾ ੫-੧੨੨, ਪੰਨਾ-੧੨੨੭)

ਇਸ ਅਨੁਭਵ ਪ੍ਰਤਖ ਦਰਸ਼ਨ ਦੇ ਸਾਮ੍ਹਣੇ ਸ਼ਾਸਤ੍ਰੀ ਗਿਆਨ ਦੀ ਕੁਝ ਕੀਮਤ ਨਹੀਂ । ਇਸ ਪ੍ਰਥਾਇ ਕਿਹਾ ਹੈ :

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ॥
ਬਿਨੁ ਸਬਦੈ ਸੁਰਤਿ ਨ ਪਾਈ......॥ ੨ ॥

(ਭੈਰਉ ਮਹਲਾ ੩-੧੧, ਪੰਨਾ-੧੧੩੦

''ਵੇਦਾਂਤ ਦਾ ਮਾਰਗ ਸੁਰਤਿ ਦਾ ਮਾਰਗ ਨਹੀਂ । ਵੇਦਾਂਤ ਮੁਤਾਬਿਕ, ਗਿਆਨ ਪੈਦਾ ਹੀ ਨਹੀਂ ਹੁੰਦਾ ਬਗੈਰ ਵੈਰਾਗ ਦੇ । ਵੈਰਾਗ ਕੀ ਹੈ ? ਸ਼ੰਕਰਾਚਾਰਯ ਨੇ. 'ਵੈਰਾਗ' ਦਾ ਲੱਛਣ ਇਹ ਲਿਖਿਆ ਹੈ :

''ਦੇਹ ਤੋਂ ਲੈ ਕੇ ਬ੍ਰਹਮ ਤਕ ਜਿਤਨੇ ਭੋਗ ਪਦਾਰਥ ਹਨ ਉਨ੍ਹਾਂ ਲਈ ਘ੍ਰਿਣਾ, ਉਨ੍ਹਾਂ ਪਦਾਰਥਾਂ ਦੇ ਦੇਖਣ ਸੁਣਨ ਲਈ ਘ੍ਰਿਣਾ, ਇਸ ਦਾ ਨਾਮ ਵੈਰਾਗ ਹੈ ।''

''ਯੋਗ ਦਾ, ਵੇਦਾਂਤ ਦਾ, ਸਾਂਖ ਦਾ, ਬੋਧ ਦਾ, ਜੈਨ ਦਾ, ਵਿਗਿਆਨ-ਵਾਦੀਆਂ ਦਾ, ਸ਼ੂਨਵਾਦੀਆਂ ਦਾ ਅਤੇ ਇਨ੍ਹਾਂ ਨਾਲ ਮਿਲਦੇ ਜੁਲਦੇ ਗਿਆਨ-ਪੰਥੀਆਂ ਦਾ ਇਹੋ ਦ੍ਰਿਸ਼ਟੀਕੋਣ ਹੈ । ਇਸੇ ਵਿਸ਼ੇ ਸੰਬੰਧ ਵਿਚ ਵੇਦਾਂਤ ਗ੍ਰੰਥਾਂ ਵਿਚ 'ਉਪਰਤਿ' ਸ਼ਬਦ ਵਰਤਿਆ ਗਿਆ ਹੈ । ਇਸ ਦੇ ਅਰਥ ਹਨ, ਉਦਾਸੀ, ਮੌਤ, ਵੈਰਾਗ ਆਦਿਕ । ਉਪਰਤਿ ਨੂੰ ਜ਼ਰੂਰੀ ਸਾਧਨਾ ਵਿਚ ਗਿਣਿਆ ਗਿਆ



Digitized by Panjab Digital Library | www.panjabdigilib.org

ਹੈ। ਇਹ ਖਟ ਸਾਧਨ ਸੰਪੱਤੀ ਦਾ ਜ਼ਰੂਰੀ ਅੰਗ ਹੈ। ਇਹ ਦੁਨਿਆਵੀ ਲੋੜੀਂਦੇ ਸੁਖਾਂ ਤੋਂ ਜ਼ੋਰੀਂ ਮੂੰਹ ਮੋੜਨਾ ਹੈ। ਇਹ ਆਪਣੇ ਅੰਦਰ ਸੰਸਾਰਕ ਵਸਤੂਆਂ ਲਈ ਘ੍ਰਿਣਾ ਦੇ ਅਹਿਸਾਸ ਨੂੰ ਤਰੱਦਦ ਨਾਲ ਉੱਨਤ ਕਰਨਾ ਹੈ। ਇਨ੍ਹਾਂ ਸ਼ਾਸਤ੍ਰਾਂ ਮੁਤਾਬਿਕ, ਗਿਆਨ ਲਈ ਵੈਰਾਗ ਦੀ ਲੋੜ ਹੈ, ਵੈਰਾਗ ਲਈ ਘ੍ਰਿਣਾ ਦੀ ਲੋੜ ਹੈ, ਘ੍ਰਿਣਾ ਨਾਲ 'ਉਪਰਤਿ' ਦਾ ਹਿਰਦੇ ਵਿਚ ਸੰਚਾਰ ਹੁੰਦਾ ਹੈ। ਇਸ ਨਾਲ ਦੇਹ ਅਤੇ ਦੇਹ ਦੇ ਗੁਣ ਧਰਮ ਅਤੇ ਸੰਸਕਾਰਾਂ ਵਿਚ ਸਿਥਲਤਾ ਆ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਦੇ ਅੰਦਰਲੇ ਜਗਤ ਵਿਚ ਘ੍ਰਿਣਾ ਦੇ ਅਭਿਆਸ ਨਾਲ ਉਪਰਤਿ ਪੈਦਾ ਹੋ ਜਾਂਦੀ ਹੈ। ਪਰ ਕੀ ਗਿਆਨ ਪ੍ਰਾਪਤੀ ਦਾ ਇਹੋ ਹੀ ਰਸਤਾ ਹੈ? ਮੇਰਾ ਖਿਆਲ ਹੈ, ਉਪਰਤਿ ਦੇ ਮੁਕਾਬਲੇ ਉਪਰ ਸੁਰਤਿ ਦਾ ਮਾਰਗ ਹੈ। ਸੁਰਤਿ ਐਨ ਉਲਟ ਹੈ ਉਪਰਤਿ ਦੇ। ਸੁਰਤਿ ਹੈ ਹੀ ਉਹ ਤਰੀਕਾ ਜੋ ਬਗੈਰ ਘ੍ਰਿਣਾ ਦੇ, ਗਿਆਨ ਦੀ ਪੌੜੀ ਚੜ੍ਹ ਜਾਂਦਾ ਹੈ। ਸੁਰਤਿ ਦਾ ਰਸਤਾ ਵਿਸਮਾਦ ਦਾ ਰਸਤਾ ਹੈ। ਇਸ ਵਿਚ ਘ੍ਰਿਣਾ ਦੀ ਮੁਥਾਜੀ ਨਹੀਂ, ਇਸ ਦਾ ਅਧਾਰ ਉਹ ਅਮੀਰੀ ਹੈ ਜਿਸ ਵਿਚ ਮਨ ਦੇ ਖ਼ਜ਼ਾਨੇ ਭਰਪੂਰ ਹਨ ਉਨ੍ਹਾਂ ਮਣੀਆਂ ਨਾਲ ਜਿਨ੍ਹਾਂ ਦੀ ਕਾਂਤੀ ਦੁਆਰਾ ਅੰਤਰ ਜਗਤ ਵਿਚ ਨੂਰੀ ਪਰਕਾਸ਼ ਹੋਇਆ ਹੋਇਆ ਹੈ। ਸੁਰਤਿ ਦੇ ਮਾਰਗ ਵਿਚ ਵੈਰਾਗ ਦੀ ਗਰੀਬੀ ਨਹੀਂ, ਨਾ ਹੀ ਘ੍ਰਿਣਾ ਦੀ ਕੰਗਾਲੀ ਹੈ, ਨਾ ਹੀ ਕਿਸੇ ਤੰਗੀਂ ਜਾਂ ਥੁੜ ਦੇ ਕਾਰਨ ਢਹਿੰਦੀ ਕਲਾ ਦੇ ਪਰਛਾਵੇਂ ਦੀ ਸਿਲ੍ਹਾਬ ਹੈ। ਸੁਰਤਿ ਦੇ ਮਾਰਗ ਵਿਚ ਅੰਦਰ ਦੀ ਬਾਦਸ਼ਾਹੀ ਪ੍ਰਤੱਖ ਹੋ ਜਾਂਦੀ ਹੈ। ਮਤ ਵਿਚ ਦੇ 'ਜਵਾਹਰ ਮਾਣਿਕ' ਲਿਸ਼ਕ ਉਠਦੇ ਹਨ, ਹਿਰਦੇ ਦੇ ਮੋਤੀ-ਮੰਦਰ ਵਿਚ ਜੜਾਊ ਰਤਨਾਂ ਦੀ ਨਿਰਮਲ ਜੋਤ ਪਸਰ ਜਾਂਦੀ ਹੈ। ਸੁਰਤਿ ਦਾ ਮਾਰਗ ਵਿਸਮਾਦ ਦਾ ਰਸਤਾ ਹੈ। ਇਥੇ ਉਸ ਸਬਕ ਨੂੰ ਭੁਲ ਜਾਣਾ ਹੈ ਜਿਸ ਨਾਲ ਇਹ ਪਾਠ ਪੜ੍ਹਿਆ ਸੀ ਕਿ ਦੇਹ ਤੋਂ ਲੈ ਕੇ ਬ੍ਰਹਮ ਤਕ ਜਿਤਨੇ ਭੋਗ ਪਦਾਰਥ ਹਨ ਉਨ੍ਹਾਂ ਲਈ ਘ੍ਰਿਣਾ ਦੀ ਬਿਰਤੀ ਦ੍ਰਿੜ੍ਹ ਕੀਤੀ ਜਾਵੇ। ਸੁਰਤਿ ਵਾਲੇ ਦਾ ਰਾਹ ਨਿਰਾਲਾ ਹੈ। ਉਸ ਨੇ ਸਾਰੇ ਵਿਸ਼ਵ ਲਈ ਆਪਣੀ ਦ੍ਰਿਸ਼ਟੀ ਵਿਚ ਇਕ ਨਵੀਂ ਕਲਪਨਾ ਕਰਨੀ ਹੈ। ਉਸਨੇ ਆਪਣੀ ਨਜ਼ਰ ਨੂੰ ਅਦਭੁਤ ਰੰਗ ਦੇ ਸਥਾਈ ਭਾਵ ਵਿਚ ਰੰਗਣਾ ਹੈ। ਉਸ ਲਈ ਸਾਰਾ ਸੰਸਾਰ ਜੋ ਅੱਖਾਂ ਨਾਲ ਦਿਸਦਾ ਹੈ ਉਹ ਵਿਸਮਾਦ ਰੂਪ ਹੈ।



Digitized by Panjab Digital Library | www.panjabdigilib.org

ਉਹ ਦੀਦਿਆਂ ਨਾਲ ਪਛਾਣ ਹੁੰਦਾ ਹੈ :

ਸਲੋਕ ਮਹਲਾ ੧ ॥......

ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ ੧ ॥

ਆਸਾ (ਵਾਰ) ਮਹਲਾ ੧-੩ ਪੰਨਾ ੪੬੩-੪੬੪

"ਇਹ ਸੁਰਤਿ ਵਾਲੇ ਬੰਦਿਆਂ ਦਾ ਨਜ਼ਰੀਆ ਹੈ। ਉਹ ਸਿਰਫ਼ ਬਾਹਰ ਹੀ ਵਿਸਮਾਦ ਨਹੀਂ ਦੇਖਦੇ ਉਨ੍ਹਾਂ ਦੇ ਅੰਦਰ ਵੀ ਚਾਨਣਾ ਹੋ ਜਾਂਦਾ ਹੈ। ਉਨ੍ਹਾਂ ਦੇ ਦਿੱਵ ਨੇਤ੍ਰ ਅੰਦਰ ਵਲ ਝਾਤੀ ਮਾਰਦੇ ਹਨ" :

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ......॥ ੩ ॥

(ਪ੍ਰਭਾਤੀ (ਬਿਭਾਸ) ਮਹਲਾ ੧-੮ ਪੰਨਾ-੧੩੨੯

"ਸਰੀਰ ਦੇ ਅੰਦਰ ਅੰਤਰਯਾਮੀ ਪ੍ਰਭੂ ਬੈਠਾ ਹੈ। ਉਹ ਨਜ਼ਰ ਤੋਂ ਓਹਲੇ ਰਹਿੰਦਾ ਹੈ ਪਰ ਸੁਰਤ ਵਾਲੇ ਨੂੰ ਅੰਤਰ ਦ੍ਰਿਸ਼ਟੀ ਨਾਲ ਉਹ ਪ੍ਰਤੱਖ ਹੋ ਜਾਂਦਾ ਹੈ। ਇਸ ਤਰ੍ਹਾਂ ਦੇਹ ਦੇ ਅੰਦਰਲੇ ਸਿਰੇ ਤੋਂ ਲੈ ਕੇ ਬ੍ਰਹਮਾਂਡ ਦੇ ਅੰਤ ਤਕ, ਸਾਰਾ ਵਿਸ਼ਵ ਅਦਭੁਤ ਰੰਗ ਦੇ ਸਿਆਮ ਵਰਣ ਦੀ ਛਟਾ ਵਿਚ ਝਲਕ ਜਾਂਦਾ ਹੈ" :

ਬਿਸਮੁ ਪੇਖੈ ਬਿਸਮੁ ਸੁਣਿਐ ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥

ਸੂਹੀ (ਛੰਤ) ਮਹਲਾ ੫-੨, ਪੰਨਾ-੭੭੮

"ਸੁਰਤਿ ਵਾਲਾ ਬੰਦਾ ਨਿਰਗੁਣ ਦਾ ਉਪਾਸ਼ਕ ਹੈ, ਉਹ ਆਪਣੀ ਸੁਰਤਿ ਦੀ ਪ੍ਰੇਮ ਲਾਲੀ ਨਾਲ ਨਿਰਾਕਾਰ ਨੂੰ ਸਾਕਾਰ ਕਰ ਦੇਂਦਾ ਹੈ। ਸੁੰਨ ਮੰਡਲ ਵਿਚ ਵੀ ਜਦ ਉਹ ਨਜ਼ਰ ਸੁਟਦਾ ਹੈ ਤਾਂ ਉਸਦੀ ਆਪਣੀ ਲਾਲਸਾ ਦੀਆਂ ਕਿਰਣਾਂ ਨਾਲ ਕਾਸ਼ਨੀ ਰੰਗ ਦੀ ਫੁਹਾਰ ਫੈਲ ਜਾਂਦੀ ਹੈ। ਸੁਰਤਿ ਵਾਲੇ ਦੇ



Digitized by Panjab Digital Library | www.panjabdigilib.org

ਅੰਦਰ ਘ੍ਰਿਣਾ ਦੀ ਬਜਾਏ ਪ੍ਰੇਮ ਜਾਗਦਾ ਹੈ, ਵੈਰਾਗ ਦੀ ਬਜਾਏ ਰਾਗ ਪੈਦਾ ਹੋ ਜਾਂਦਾ ਹੈ, ਇਕ ਕਿਸਮ ਦਾ ਵਿਆਪਕ ਅਨੁਰਾਗ। ਉਹ ਜਿਧਰ ਵੀ ਦੇਖਦਾ ਹੈ, ਉਸ ਨੂੰ ਵਿਸਮਾਦ ਦੀ ਸਾਕਾਰਤਾ ਵਿਚ ਇਹੋ ਸਹੀ ਹੁੰਦਾ ਹੈ'' :

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗੁ ॥ ੮੦ ॥

(ਦਸਮ ਗ੍ਰੰਥ, ਜਾਪ ਸਾਹਿਬ)

''ਹਰ ਇਕ ਚੀਜ਼ ਉਪਰ ਵਿਸਮਾਦ ਦਾ ਰੰਗ ਚੜ੍ਹ ਜਾਂਦਾ ਹੈ। ਜੋ ਸੁੰਨ ਹੈ, ਪਰਮ ਸੁੰਨ ਹੈ, ਨਿਰੰਤਰ ਸੁੰਨ ਹੈ ਉਹ ਵੀ ਵਿਸਮਾਦ ਦੀ ਅਮਲਦਾਰੀ ਹੇਠ ਆ ਜਾਂਦੀ ਹੈ। ਵਿਸਮਾਦ ਦੀ ਸਿਆਮ ਘਟਾ ਸੁੰਨ ਉਪਰ ਸੁਰਮਈ ਬਦਲੀ ਦੀ ਛਾਇਆ ਪਾ ਦੇਂਦੀ ਹੈ'' :

ਆਦਿ ਕਉ ਬਿਸਮਾਦੁ ਬੀਚਾਰੁ ਕਥੀਆਲੇ ਸੁੰਨ ਨਿਰੰਤਰਿ
ਵਾਸੁ ਲੀਆ ॥ ......੨੩ ॥

ਰਾਮ, (ਗੋਸਟਿ) ਮਹਲਾ ੧, ਪੰਨਾ ੯੪੦

''ਸੁਰਤਿ ਵਾਲਾ ਇਹ ਸਾਰੀ ਚੀਜ਼ ਦਾ ਜਾਇਜ਼ਾ ਲੈਂਦਾ ਹੈ। ਉਸ ਦੀ ਸੁਰਤਿ ਪਛਾਣਦੀ ਹੈ ਸ਼ਬਦ ਨੂੰ, ਸਬਦ ਵਿਚ ਹੀ ਉਹ ਭੇਦ ਛੁਪਿਆ ਹੈ ਜੋ ਵਿਸਮਾਦ ਜਨਕ ਹੈ'' :

ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥ ੯ ॥

(ਮਾਰੂ ਸੋਹਲੇ) ਮਹਲਾ ੧-੧੭ ਸਫ਼ਾ ੧੦੩੭

''ਇਹ ਸੁਰਤਿ ਦੀ ਕਲਾਬਾਜ਼ੀ ਹੈ। ਉਹ ਅਣਦਿਖ ਪਦਾਰਥ ਦੇ 'ਅਰੂਪ' ਦੀ ਰੂਪ ਰੇਖਾ ਨੂੰ ਭਾਂਪਨ ਲਗਦੀ ਹੈ। ਉਹ ''ਅਸ਼ਬਦ'' ਬ੍ਰਹਮ ਦੀ ਸ਼ਬਦ ਝੁਣਕਾਰ ਨੂੰ ਆਪਣੀ ਤੰਦ ਦੀ ਝਰਨਾਟ ਵਿਚ ਮਹਿਸੂਸ ਕਰਨ ਲਗ ਪੈਂਦੀ ਹੈ। ਸੁਰਤਿ ਪੰਜ ਗਿਆਨ ਇੰਦ੍ਰੀਆਂ ਦੀ ਸੂਝ ਤੋਂ ਉਪਰ ਛੇਵੀਂ ਸੂਝ (sixth sense) ਹੈ। ਇਹ ਨਿਰਗੁਣ ਅਤੇ ਸਰਗੁਣ ਦੋਹਾਂ ਦਾ ਜਾਇਜ਼ਾ ਲੈਂਦੀ ਹੈ। ਇਹ ਉਸ ਕਲਾ ਨੂੰ ਸਮਝਦੀ ਹੈ ਜ਼ਿਸ ਦੁਆਰਾ ਨਿਰਗੁਣ ਵੇਸ ਧਾਰਨ ਕਰਦਾ ਹੈ ਸਰਗੁਣ ਦਾ'' :

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ ੪ ॥

(ਗਉੜੀ ਸੁਖ) ਮ: ੫-੧੮, ਸਫ਼ਾ ੨੮੭



Digitized by Panjab Digital Library | www.panjabdigilib.org

"ਸਾਧਾਰਣ ਤੌਰ ਤੇ ਪਰਮਾਤਮਾ ਦੇ ਦੋ ਰੂਪ ਕਹੇ ਜਾਂਦੇ ਹਨ, ਸਰਗੁਣ ਅਤੇ ਨਿਰਗੁਣ। ਸਰਗੁਣ ਰੂਪ ਤਾਂ ਮਨ ਬੁਧੀ ਬਾਣੀ ਦਾ ਵਿਸ਼ਯ ਹੈ, ਪਰ ਨਿਰਗੁਣ ਅਪਹੁੰਚ ਹੈ। ਉਸਦੀ ਭਾਸ਼ਾ ਹੋਰ ਹੈ। ਉਹ "ਅਸਬਦ ਬਾਣੀ ਹੈ।" ਪਰ ਸੁਰਤਿ ਦੋ ਭਾਸ਼ੀਆ (interpreter) ਹੈ। ਉਹ ਨਿਰਗੁਣ ਅਤੇ ਸਰਗੁਣ ਦੋਹਾਂ ਦੇ ਇਸ਼ਾਰਿਆਂ ਨੂੰ ਸਮਝਦੀ ਹੈ, ਉਹ ਨਿਰਗੁਣ ਦੇ ਅਤਥ ਸੰਕੇਤਾਂ ਨੂੰ ਸਰਗੁਣ ਦੇ ਸ਼ਬਦ ਚਿੰਨ੍ਹਾਂ ਵਿਚ ਅਨੁਵਾਦ ਕਰ ਦੇਂਦੀ ਹੈ। ਉਹ ਨਿਰਗੁਣ ਦੀ 'ਪਰਾ ਬਾਣੀ' ਨੂੰ 'ਬੈਖਰੀ ਬੋਲੀ' ਵਿਚ ਉਲਥਾ ਦੇਂਦੀ ਹੈ। ਉਹ ਅਨਹਦ ਨਾਦ ਨੂੰ ਸਰਗਮ ਦੀ ਧੁੰਨ ਵਿਚ ਪਲਟਾ ਦੇ ਦੇਂਦੀ ਹੈ। ਸੁਰਤਿ ਦੀ ਗੰਮਤਾ ਸੁੰਨ ਤਕ ਹੈ। ਇਹ ਸੁਰਤਿ ਹੀ ਹੈ ਜੋ ਸੁੰਨ ਨੂੰ ਜਜ਼ਬ ਕਰ ਲੈਂਦੀ ਹੈ।"

"ਸੁਰਤਿ ਇਕ ਸ਼ਕਤੀ ਹੈ, ਉਹ ਸਭ ਜੰਤੂਆਂ ਅੰਦਰ ਹੈ, ਉਹ ਪ੍ਰਾਰੰਭਕ ਅਵਸਥਾ ਵਿਚ ਅਚੇਤਨ ਹੈ, ਉਹ ਸਭ ਕੰਮ ਆਪਣੀ ਅਗਿਆਤ ਸੂਝ ਨਾਲ ਸੁਆਰਦੀ ਹੈ। ਉਸ ਵਿਚ ਸੋਚ ਸਮਝ ਨਹੀਂ, ਤਰਕ ਦਲੀਲ ਕੁਝ ਨਹੀਂ, ਉਸ ਦਾ ਕਰਤਬ ਸੁਭਾਵਕ ਹੈ, ਪਰ ਮਨੁਖਾ ਸਰੀਰ ਵਿਚ ਇਕ ਹੋਰ ਚੀਜ਼ ਹੈ; ਉਹ ਹੈ ਮਨ, ਜਿਸ ਨਾਲ ਉਹ ਦਰਦ, ਦੁਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ। ਮਨ ਵਿਚ ਹੀ ਸੰਕਲਪ ਵਿਕਲਪ ਵਿਚਰਦੇ ਹਨ, ਇਸ ਵਿਚ ਹੀ ਇੱਛਾ, ਕਾਮਨਾ ਅਤੇ ਲਾਲਸਾ ਵਸਦੀਆਂ ਹਨ। ਇਸ ਤੋਂ ਇਲਾਵਾ ਮਨੁਖ ਦੇ ਅੰਤਹਕਰਣ ਵਿਚ ਇਕ ਹੋਰ ਤੱਤ ਵੀ ਹੈ, ਉਹ ਹੈ ਬੁਧੀ, ਇਹ ਮਨ ਤੋਂ ਉਪਰ ਦੀ ਚੀਜ਼ ਹੈ। ਇਸ ਵਿਚ ਵਿਚਾਰ ਅਤੇ ਸਮਝ ਵਸਦੀ ਹੈ। ਇਹ ਬੁਧੀ ਹੀ ਹੈ, ਜਿਸ ਵਿਚ ਨਿਸਚੇ ਕਰਨ ਦੀ ਸਮਰੱਥਾ ਹੈ; ਬੁਧੀ ਵਿਚ ਵਿਵੇਕ ਵੀ ਹੈ, ਇਹ ਬੁਰੇ ਭਲੇ ਦਾ ਵਿਤ੍ਰੇਕ ਵੀ ਕਰਦੀ ਹੈ, ਪਰ ਇਸ ਤੋਂ ਵਧ ਇਸ ਦੀ ਪਹੁੰਚ ਨਹੀਂ। ਇਹ ਪੰਜ ਗਿਆਨ ਇੰਦਰੀਆਂ ਦੇ ਅਧਾਰ ਉਤੇ ਚਲਦੀ ਹੈ। ਜੋ ਮਸਾਲਾ ਗਿਆਨ ਇੰਦਰੀਆਂ ਉਪਲਬਧ ਕਰਦੀਆ ਹਨ, ਉਨ੍ਹਾਂ ਉਪਰ ਹੀ ਇਹ ਤਰਕ ਵਿਤਰਕ ਕਰ ਕੇ ਸਿਟੇ ਕਢ ਸਕਦੀ ਹੈ। ਬੁਧੀ ਪੰਜ ਤੱਤਾਂ ਦੀ ਉਪਜ ਹੈ। ਜੋ ਪਦਾਰਥ ਪੰਜ ਤੱਤਾਂ ਤੋਂ ਉਪਰ ਵਰਤਦੇ ਹਨ ਉਹ ਬੁਧੀ ਦੀ ਪਹੁੰਚ ਤੋਂ ਪਰੇ ਹੋ ਜਾਂਦੇ ਹਨ। ਇਸ ਕਰਕੇ ਆਤਮਾ ਦੇ ਪਰਤੱਖ ਦਰਸ਼ਨ ਵਿਚ ਇਸ ਦਾ ਦਖ਼ਲ ਨਹੀਂ, ਅਖੋਂ ਓਝਲ ਤ੍ਰਿਲੋਕੀ ਦੇ ਗਿਆਨ ਵਿਚ ਇਸ ਦਾ ਗੁਜ਼ਰ ਨਹੀਂ।



Digitized by Panjab Digital Library | www.panjabdigilib.org

ਕੋਈ ਵੀ ਸ਼ੈ ਜੋ ਪੰਜ ਗਿਆਨ ਇੰਦਰੀਆਂ ਦੀ ਚੇਤਨਾਂ ਤੋਂ ਉਪਰ ਹੈ, ਉਹ ਇਸ ਦੀ ਪਕੜ ਤੋਂ ਬਾਹਰ ਹੋ ਜਾਂਦੀ ਹੈ। ਮਨੁਖ ਦੀ ਜ਼ਿੰਦਗੀ ਦਾ ਭੇਦ ਇਸ ਦੀ ਸੁਰਤਿ ਵਿਚ ਛੁਪਿਆ ਹੋਇਆ ਹੈ, ਇਹ ਆਦਿ ਅਵਸਥਾ ਵਿਚ ਇਕ ਸੁਭਾ ਭੂਤ ਅਚੇਤਨ ਸੱਤਾ ਹੈ, ਪਰ ਇਹ ਹਿਰਦੇ ਦੀ ਉਸ ਗੁਫ਼ਾ ਦੇ ਨਿਕਟ ਹੈ, ਜਿਥੇ ਨਾਮ ਨਿਰੰਜਨ ਵਸਦਾ ਹੈ। ਇਹ ਸਮੀਪਤਾ ਬੜੀ ਅਰਥ ਪੂਰਨ ਹੈ, ਉਹ ਨਿਰੰਜਨ ਜੋ ਮਨ ਬੁਧੀ ਦੀ ਗ੍ਰਹਿਣ ਸ਼ਕਤੀ ਤੋਂ ਪਰੇ ਹੈ, ਉਹ ਕਾਇਆਂ ਅੰਦਰ ਹਿਰਦੇ ਦੀ ਗੁਫ਼ਾ ਵਿਚ ਬੈਠਾ ਹੋਇਆ ਸੁਰਤਿ ਦੇ ਨਜ਼ਦੀਕ ਹੈ, ਗੁਰੂ ਬਾਬੇ ਨੇ ਕਿਹਾ ਹੈ'' :

ਪਉੜੀ ॥......ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥ ੧੩ ॥

ਸਾਰੰਗ (ਵਾਰ) ਮਹਲਾ ੪, ਸਫ਼ਾ ੧੨੪੨

''ਨਾਮ ਨਿਰੰਜਨ ਦੀ ਅਭਿਪ੍ਰੇਰਣਾ (induction) ਨਾਲ ਸੁਰਤਿ ਵਿਚ ਚੇਤਨਾ ਦੀ ਲਹਿਰ ਫੈਲ ਜਾਂਦੀ ਹੈ। ਚੇਤਨਾ ਵਿਚ ਜਾਗੀ ਹੋਈ ਸੁਰਤਿ, ਮਨ ਨੂੰ ਲਹਿਰਾਉ ਦੇ ਕੇ ਬੁਧੀ ਵਿਚ ਤਰੰਗਤ ਹੋ ਉਠਦੀ ਹੈ। ਬੁਧੀ ਨੂੰ ਵੀ ਹਿਲੋਰਾ ਦੇਂਦੀ ਹੋਈ ਇਹ ਫਿਰ ਹੋਰ ਅਗਾਂਹ ਵਧਦੀ ਹੈ, ਇਹ ਬੁਧੀ ਮੰਡਲ ਦੀ ਹੱਦ ਟਪ ਜਾਂਦੀ ਹੈ, ਇਸ ਤਰ੍ਹਾਂ ਪੰਜ ਗਿਆਨ ਇੰਦਰੀਆਂ ਦੀ 'ਅਕਲ ਕੈਦ' ਤੋਂ ਛਲਾਂਗ ਮਾਰਦੀ ਹੋਈ ਇਹ 'ਸੁਧ' ਬਣ ਜਾਂਦੀ ਹੈ''।

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥ ੨ ॥

ਗਉੜੀ ਕਬੀਰ-੭੨, ਸਫ਼ਾ ੩੩੯

''ਇਹ ਹਿਰਦੇ ਵਿਚ ਬੈਠੇ ਨਾਮ ਨਿਰੰਜਨ ਦਾ ਕ੍ਰਿਸ਼ਮਾਂ ਹੈ ਕਿ ਸੁਰਤਿ ਨੂੰ ਮਨ ਬੁਧੀ ਦੇ ਕਾਰਾਵਾਸ ਦੇ ਬੰਧਨਾਂ ਤੋਂ ਮੁਕਤਿ ਕਰ ਦੇਂਦਾ ਹੈ। 'ਸੁਧ' ਇਕ ਕਿਸਮ ਦਾ ਸੁਤੇ ਸਿਧ ਗਿਆਨ ਹੈ ਜਿਸ ਵਿਚ ਦੇਸ਼ ਕਾਲ ਵਸਤੂ ਦੀ ਨਿਰਭਰਤਾ ਨਹੀਂ। ਸੁਧ ਇਕ ਪ੍ਰਕਾਰ ਦਾ ਅਨੁਭਵੀ ਫੁਰਨਾ ਹੈ। ਇਸ ਨੂੰ ਅੰਗਰੇਜ਼ੀ ਵਿਚ (intuition) ਕਿਹਾ ਹੈ। ਇਹ ਅੰਤਰ ਦ੍ਰਿਸ਼ਟੀ ਦਾ ਅਨੁਭਵ ਪ੍ਰਕਾਸ਼ ਹੈ। ਇਹ ਸੁਰਤਿ ਵਾਲਿਆਂ ਦਾ ਨਜ਼ਰ ਉਜਾਲਾ ਹੈ। ਇਸ ਦਾ ਨਾਮ ਨਿਰੰਜਨ ਨਾਲ ਨਿਕਟ ਵਰਤੀ ਸੰਬੰਧ ਹੈ।''



Digitized by Panjab Digital Library | www.panjabdigilib.org

"ਸੁਰਤਿ ਵਿਚ ਇਕ ਹੋਰ ਸ਼ਕਤੀ ਵੀ ਹੈ। ਉਹ ਉਲਟਾਵੀਂ ਤਾਕਤ ਹੈ। ਉਹ ਸਰਗੁਣ ਨੂੰ ਨਿਰਗੁਣ ਵਿਚ ਪਲਟ ਦੇਂਦੀ ਹੈ। ਇਹ ਗਲ ਕਿਸ ਤਰ੍ਹਾਂ ਹੋ ਜਾਂਦੀ ਹੈ। ਅਸੀਂ ਜੋ ਬੋਲੀ ਬੋਲਦੇ ਹਾਂ, ਉਸ ਨੂੰ ਬੈਖ਼ਰੀ ਬਾਣੀ ਕੀਹੰਦੇ ਹਨ। ਇਹ ਅਖਰਾਂ ਵਾਲੀ ਬਾਣੀ ਹੈ, ਇਹ ਸਾਡੀ ਜ਼ਬਾਨ ਉਤੇ ਵਸਦੀ ਹੈ। ਪਰ ਜ਼ਬਾਨ ਤੋਂ ਹੇਠਾਂ ਅੰਦਰਵਾਰ ਇਹ ਬੈਖਰੀ ਨਹੀਂ। ਇਹ ਭਾਵ ਰੂਪ ਹੈ, ਉਸ ਨੂੰ ਮਧਮਾ ਕਹਿੰਦੇ ਹਨ। ਮਧਮਾਂ ਤੋਂ ਵੀ ਹੇਠਾਂ ਹੋਰ ਅੰਦਰ ਵਲ ਨੂੰ ਇਹ ਪ੍ਰਕਾਸ਼ ਰੂਪ ਹੈ। ਇਸ ਨੂੰ ਪਸ਼ਯੰਤੀ ਬਾਣੀ ਕਹਿੰਦੇ ਹਨ। ਪਸ਼ਯੰਤੀ ਦੇ ਅਰਥ ਨੇ ਜੋ ਦਿਸਦੀ ਨਹੀਂ। ਇਸ ਡੂੰਘਾਈ ਵਿਚ ਬਾਣੀ ਕਹਿਣ ਸੁਣਨ ਦਾ ਵਿਸ਼ਯ ਨਹੀਂ, ਇਹ ਜੋਤਿ ਰੂਪ ਹੈ। ਪਸ਼ਯੰਤੀ ਅਵਸਥਾ ਵਿਚ ਬਾਣੀ ਇਕ ਨਿਰਮਲ ਉਜਾਲਾ ਹੈ, ਇਹ ਪ੍ਰਣਵ ਰੂਪ ਹੈ, ਇਹ ਓਅੰਕਾਰ ਹੈ, ਇਹ ਸ਼ਬਦ ਬ੍ਰਹਮ ਹੈ। ਇਸ ਤੋਂ ਹੇਠਾਂ ਪਰਾ ਬਾਣੀ ਹੈ। ਜੋ ਪਾਰਬ੍ਰਹਮ ਦੀ ਸੂਚਕ ਹੈ। ਇਸ ਤਰ੍ਹਾਂ ਸੁਰਤਿ ਸਰਗੁਣ ਨੂੰ ਨਿਰਗੁਣ ਵਿਚ ਬਦਲਦੀ ਹੈ। ਉਹ ਪਹਿਲੇ ਗੁਣਾਂ ਦੇ ਜ਼ਰੀਏ ਨਾਮ ਨੂੰ ਧਾਰਨ ਕਰਦੀ ਹੈ। ਫਿਰ ਪਲਟਾਵਾਂ ਚਕਰ ਹੈ, ਇਸ ਨਾਲ ਚਾਰ ਬਾਣੀਆਂ ਪਰਾ, ਪਸ਼ਯੰਤੀ, ਮਧਮਾ, ਬੈਖਰੀ ਉਲਟਾ ਗੇੜ ਲੈਂਦੀਆਂ ਹਨ। ਇਸ ਤਰ੍ਹਾਂ ਸਰਗੁਣ ਨਾਮ, ਜੋ ਬੈਖਰੀ ਨਾਮ ਹੈ, ਉਹ ਅੰਦਰ ਵਲ ਧਸਦਾ, ਭਾਵ ਵਿਖੇ ਪਲਟਦਾ ਹੋਇਆ ਪ੍ਰਕਾਸ਼ ਵਿਚ ਉਲਟੀਂਦਾ "ਅਜਪਾ" ਹੋ ਜਾਂਦਾ ਹੈ। ਸੁਰਤਿ ਦੋ ਭਾਸ਼ੀਆਂ ਹੋਣ ਕਰ ਕੇ ਨਿਰਗੁਣ ਨੂੰ ਸਰਗੁਣ ਵਿਚ ਅਤੇ ਸਰਗੁਣ ਨੂੰ ਨਿਰਗੁਣ ਵਿਚ ਪਲਟ ਦੇਂਦੀ ਹੈ। ਸਰਗੁਣ ਅਤੇ ਨਿਰਗੁਣ ਦੀ ਸਾਵੀਂ ਏਕਤਾ ਦੀ ਸਮਝ ਦਾ ਨਾਮ "ਸੁਰਤਿ ਹੈ। ਸੁਰਤਿ ਬਾਹਰ ਵਲ ਤਾਂ ਗੁਣ ਦੇਖ ਕੇ ਵਿਸਮਾਦ ਵਿਚ ਜਾਂਦੀ ਹੈ, ਅੰਦਰ ਵਲ ਉਹੋ ਚੀਜ਼ ਨਿਰਗੁਣ ਹੋ ਕੇ ਹਿਰਦੇ ਦੀਆਂ ਨਿਰਾਕਾਰ ਮਹਰਾਬਾਂ ਵਿਚ ਅਨਹਦ ਦੀ ਗੂੰਜ ਗੂੰਜਦੀ ਹੈ" :

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾਰਾਮ ॥ ੪ ॥
ਸੂਹੀ ਮਹਲਾ ੧-੩, ਸਫ਼ਾ ੭੬੫

"ਇਥੋਂ ਸਪਸ਼ਟ ਹੋ ਜਾਵੇਗਾ ਕਿ ਫ਼ਰਕ ਕਿਥੇ ਹੈ। ਇਕ ਪਾਸੇ ਤਾਂ ਹਠ ਯੋਗ ਦੀ ਸਾਧਨਾ ਜੋ ਕੁਦਰਤ ਵਲੋਂ ਮੂੰਹ ਮੋੜਦੀ ਹੈ, ਦੂਜੇ ਪਾਸੇ ਸੁਰਤਿ ਵਾਲੀ ਜੁਗਤ ਹੈ ਜੋ ਬਾਹਰ ਅੰਦਰ ਦੀ ਕੁਦਰਤ ਦੀ ਇਕੋ ਜਿਹੀ ਵਿਸਮਾਦਤਾ ਦੀ



Digitized by Panjab Digital Library | www.panjabdigilib.org

ਅਭੇਦਤਾ ਦੇ ਰੰਗ ਵਿਚ ਰੰਗੀ ਹੋਈ ਕਾਰਜ ਸਾਧਕ ਜੀਵਨ ਬਸਰ ਕਰਦੀ ਹੈ।"

"ਸਿੱਖੀ ਵਿਚ ਮੂਰਤੀ ਪੂਜਾ ਨਹੀਂ, ਨਾ ਹੀ ਅਵਤਾਰਵਾਦ ਦੀ ਵਿਸ਼ੇਸ਼ਤਾ ਹੈ, ਨਾ ਹੀ ਯਗ ਅਗਨੀ ਦੀ ਆਤਸ਼ ਪ੍ਰਸਤੀ ਹੈ। ਨਾ ਹੀ ਚਿੰਨ੍ਹਾਂ ਲਈ (ਜੈਸੇ ਸਾਲਿਗਰਾਮ, ਸ਼ਿਵਲਿੰਗ ਆਦ ਲਈ) ਕੋਈ ਆਦਰ ਭਾਵ ਹੈ। ਨਾ ਹੀ ਪਸ਼ੂ ਪੰਛੀਆਂ ਲਈ (ਬੈਲ, ਗਰੁੜ, ਨਾਗ ਆਦਿਕ ਲਈ) ਕੋਈ ਸ਼ਰਧਾ ਭਾਵ ਹੈ। ਨਾ ਹੀ ਦਰਖਤਾਂ, ਦਰਿਆਵਾਂ ਲਈ ਮਨੌਤ ਹੈ। ਸਿੱਖੀ ਵਿਚ ਵੇਦ ਪ੍ਰਮਾਣ ਪੁਸਤਕ ਵੀ ਨਹੀਂ। ਇਨ੍ਹਾਂ ਸਾਰੀਆ ਵਸਤਾਂ ਨੂੰ ਅਲਗ ਕਰਕੇ ਇਨ੍ਹਾਂ ਦੀ ਸਥਾਨ ਪੂਰਤੀ ਕੀਤੀ ਹੈ। ਇਨ੍ਹਾਂ ਦੇ ਬਦਲੇ ਗੁਰੂ ਹੈ; ਗੁਰੂ ਦਾ ਉਪਦੇਸ਼ ਹੈ, ਗੁਰੂ ਦਾ ਸ਼ਬਦ ਹੈ, ਗੁਰੂ ਕੀ ਬਾਣੀ ਹੈ, ਗੁਰੂ ਕਾ ਬਚਨ ਅਤੇ ਗੁਰੂ ਇਕੋ ਰੂਪ ਹਨ" :

ਸਤਿਗੁਰ ਬਚਨ ਬਚਨ ਹੈ ਸਤਿਗੁਰ... ॥.........॥ ੫ ॥
ਕਾਨੜਾ (ਅਸਟ) ਮਹਲ ੪-੩, ਸਫ਼ਾ ੧੩੧੦

"ਗੁਰੂ ਦੀ ਬਾਣੀ ਨਿਰੀ ਛੰਦ ਰਚਨਾ ਦਾ ਕਾਵਯ ਸੰਗ੍ਰਹਿ ਨਹੀਂ। ਗੁਰੂ ਦਾ ਵਾਕ ਇਕ ਸੁਤੰਤਰ ਅਧਿਕਾਰ ਵਿਚ ਸ਼ਖਸੀਅਤ ਧਾਰ ਲੈਂਦਾ ਹੈ। ਇਹ ਪੁਰਖ ਬਣ ਜਾਂਦਾ ਹੈ, ਪੁਰਖੋਤਮ ਹੋ ਜਾਂਦਾ ਹੈ, ਇਹ ਅਪਣੇ ਸਤ ਸਰੂਪ ਵਿਚ ਅਕਾਲ ਪੁਰਖ ਨਾਲ ਅਭੇਦ ਵਰਤਦਾ ਹੈ" :

ਸਤਿਗੁਰ ਬਾਣੀ ਪੁਰਖ ਪੁਰਖੋਤਮ ॥ ੨ ॥ (ਕਾਨੜਾ ਅਸਟ)
ਮਹਲਾ ੪, ਸਫ਼ਾ ੧੩੦੮

ਪੁਨਾ : ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ.........॥ ੯ ॥
ਗਉੜੀ (ਵਾਰ) ਮਹਲਾ ੪ ਸਫ਼ਾ ੩੦੪

"ਇਸ ਤਰ੍ਹਾਂ ਸ਼ਬਦ ਸੁਰਤਿ ਵਾਲੇ ਨੂੰ ਕਿਸੇ ਉਪਰਲੇ ਪ੍ਰਮਾਣ ਦੀ ਲੋੜ ਨਹੀਂ ਰਹਿੰਦੀ। ਸ਼ਬਦ ਸੁਰਤਿ ਵਾਲੇ ਨੂੰ ਕਿਸੇ ਓਪਰੇ ਆਸਰੇ ਦੀ ਜ਼ਰੂਰਤ ਨਹੀਂ। ਉਸ ਦਾ ਯੋਗ ਅੰਦਰ ਬਾਹਰ ਦਾ ਯੋਗ ਹੈ। ਉਸ ਦੀ ਸਾਧਨਾ ਵਿਚ ਹਠ ਯੋਗ ਦੀ ਕ੍ਰਿਆ ਨਹੀਂ, ਨਾ ਹੀ ਲਯ ਯੋਗ ਦਾ ਕੁੰਡਲਨੀ ਕਰਮ ਹੈ,



Digitized by Panjab Digital Library | www.panjabdigilib.org

ਪ੍ਰਾਣਾਯਾਮ ਵੀ ਵਾਧੂ ਗਲ ਹੈ। ਨਿਉਲੀ ਆਦਿਕ ਖਟ ਕਰਮ ਵੀ ਜ਼ਾਇਜ਼ ਨਹੀਂ। ਸੁਰਤਿ ਵਾਲੇ ਦਾ ਤਰੀਕਾ ਰਸ ਦਾ ਮਾਰਗ ਹੈ, ਹੁਸਨ ਦਾ ਨੂਰ ਝਮੱਕਾ ਹੈ, ਕੁਦਰਤ ਦਾ ਵਿਸਮਾਦ ਹੈ, ਸ਼ਬਦ ਦੀ ਕਮਾਈ ਹੈ'' :

ਨਿਉਲੀ ਕਰਮ ਭੁਇਅੰਗਮ ਭਾਠੀ ॥
ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀਂ ਹਰਿ ਸਉ
ਗੁਰ ਸਬਦ ਮਹਾ ਰਸੁ ਪਾਇਆ ॥ ੧੪ ॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥
ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥ ੧੫ ॥

ਮਾਰੂ (ਸੋਹਲੇ) ਮਹਲਾ ੧ ॥ ੨੨, ਸਫ਼ਾ ੧੦੪੩

''ਸੁਰਤਿ ਸ਼ਬਦ ਦੀ ਅੰਤਮ ਪੌੜੀ ਬਹੁਤੀ ਉਚੀ ਹੈ। ਗੁਰੂ ਦਾ ਬਚਨ ਜੋ ਪ੍ਰਮਾਣ ਰੂਪ ਸੀ, ਉਹ ਜੋ ਬਾਹਰ ਸੀ, ਉਹ ਅੰਦਰ ਪੂਰੀ ਤਰ੍ਹਾਂ ਨਿੱਠ ਕੇ ਬੈਠ ਜਾਂਦਾ ਹੈ। ਉਸਦੀ ਅੰਤ੍ਰੀਵਤਾ ਬੜੀ ਡੂੰਘੀ ਹੋ ਜਾਂਦੀ ਹੈ, ਉਹ ਪਾਰਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ। ਪਰਤੀਤ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਬਦ ਹੈ ਜੋ ਪਰਮਾਣ ਰੂਪ ਗੁਰੂ ਹੈ। ਨਾਲ ਹੀ ਪਰਤਖ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਕਤੀ ਹੈ ਜੋ ਉਸ ਗੁਰੂ ਦੇ ਹੁਕਮ ਨੂੰ ਸਮਝਦੀ ਹੈ। ਇਹ ਸੁਰਤਿ ਹੈ। ਇਸ ਤਰ੍ਹਾਂ ਸੁਰਤਿ ਵਾਲਾ ਮਨੁਖ ਬੇਗਾਨੀਆਂ ਮੁਥਾਜੀਆਂ ਤੋਂ ਸੁਤੰਤਰ ਹੋ ਜਾਂਦਾ ਹੈ। ਉਹ ਆਪਣੀਆਂ ਅੰਦਰ ਦੀਆਂ ਰੁਚੀਆਂ ਤੋਂ ਵੀ ਛੁਟਕਾਰਾ ਪਾ ਲੈਂਦਾ ਹੈ। ਉਹ ਲੁਕੀਆਂ ਛਿਪੀਆਂ ਕਾਮਨਾ ਦੀ ਪ੍ਰੇਰਣਾ ਤੋਂ ਆਜ਼ਾਦ ਹੋ ਜਾਂਦਾ ਹੈ। ਉਹ ਕਰਮ ਸੰਸਕਾਰਾਂ ਦੇ ਪ੍ਰਤਿਬੰਧਾਂ ਤੋਂ ਉਪਰ ਹੋ ਜਾਂਦਾ ਹੈ। ਇਸ ਅਵਸਥਾ ਤੋਂ ਪਹਿਲੇ ਉਹ ਆਪਣਾ ਜੀਵਨ ਨਹੀਂ ਸੀ ਜੀ ਰਿਹਾ। ਉਹ ਮਜਬੂਰੀ ਵਿਚ ਦਿਨ ਕਟ ਰਿਹਾ ਸੀ। ਬਾਹਰ ਚੌਗਿਰਦੇ ਦੇ ਪ੍ਰਭਾਵਾਂ ਦੀ ਮਜਬੂਰੀ ਸੀ, ਅੰਦਰ, ਫਿਤਰਤ ਦਾ ਦਬਾਉ ਸੀ। ਇਸ ਸ਼ਕੰਜੇ ਵਿਚ ਦਿਨ ਕਟੀ ਹੋ ਰਹੀ ਸੀ। ਹੁਣ ਅਵਸਥਾ ਬਦਲ ਗਈ ਹੈ, ਦੋਨੋਂ ਮਜਬੂਰੀਆਂ ਹਟ ਗਈਆਂ ਹਨ। ਉਹ ਸੁਤੰਤਰ ਹੋ ਗਿਆ ਹੈ। ਉਹ ਆਪਣਾ ਰਹਿਨੁਮਾਂ ਆਪ ਹੈ। **ਉਸ ਦਾ ਪਥ ਪ੍ਰਦਰਸ਼ਕ ਕੇਵਲ ਸ਼ਬਦ ਹੈ, ਜੋ ਗੁਰੂ ਰੂਪ ਅੰਦਰ ਵਸ ਰਿਹਾ ਹੈ।** ਉਹ


Digitized by Panjab Digital Library | www.panjabdigilib.org

ਸ਼ਬਦ ਨਿਤ ਹੈ । ਉਸੇ ਦੀ ਧੁਨ ਉਹ ਸੁਣ ਰਿਹਾ ਹੈ, ਉਸ ਲਈ ਇਹੋ ਪ੍ਰਮਾਣ ਹੈ, ਜਿਸ ਨਾਲ ਸੰਸ਼ੇ ਨਵਿਰਤ ਰਹਿੰਦੇ ਹਨ। ਇਸ ਤਰ੍ਹਾਂ ਉਹ ਜੀਵਨ ਮੁਕਤ ਅਵਸਥਾ ਵਿਖੇ ਸ਼ਰਧਾ ਭਰਪੂਰ ਪ੍ਰੇਮ ਅਦਵੈਤ ਵਿਚ ਵਿਚਰਦਾ ਹੈ, ਜਿਥੇ ਇਹ ਅਟਲ ਅਸੂਲ ਜ਼ਹੂਰ ਵਿਚ ਆ ਰਿਹਾ ਹੈ :

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ..................੪੪ ॥

(ਰਾਮ : (ਗੋਸਟਿ) ਮਹਲਾ ੧, ਸਫ਼ਾ ੬੪੩)

□



Digitized by Panjab Digital Library | www.panjabdigilib.org

# ਸਬਦੁ ਗੁਰੂ

ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ ॥
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ ॥
ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ ॥
ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ
ਜਿਨ ਸਦਹੀ ਵਰਤੈ ਨਾਲਿ ॥ ੧ ॥

ਸਲੋਕ ਮ: ॥ ੫ ॥ ਪੰਨਾ-੯੫੭

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅੱਗੇ ਇਕ ਸਿਖ ਬੇਨਤੀ ਕਰਦਾ ਹੈ ਕਿ ਹੇ ਮਹਾਰਾਜ ! ਮੈਨੂੰ ਸਤਿਗੁਰੂ ਦੇ ਦਰਸ਼ਨ ਕਰਾਉ । ਮੈਂ ਐਸੇ ਸਤਿਗੁਰੂ ਅੱਗੇ ਆਪਣਾ ਮਨ ਅਰਪਨ ਕਰਾਂਗਾ ਤੇ ਸਤਿਗੁਰੂ ਨੂੰ ਆਪਣੇ ਹਿਰਦੇ ਵਿਚ ਸੰਭਾਲ ਕੇ ਰਖਾਂਗਾ । ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਮੇਰਾ ਜੀਵਨ ਧ੍ਰਿਗ ਹੈ । ਗੁਰੂ ਮਹਾਰਾਜ ਇਸ ਦਾ ਜਵਾਬ ਇਹ ਦੇਂਦੇ ਨੇ ਕਿ ਭਾਈ, ਸਤਿਗੁਰੂ ਦਾ ਮਿਲਾਪ ਉਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਨਾਲ ਉਹ ਸਦਾ ਵਰਤਦਾ ਹੈ ਜਾਂ ਇਉਂ ਕਹਿ ਲਵੋ ਕਿ ਜਿਹੜੇ ਉਸ ਨੂੰ ਆਪਣੇ ਅੰਗ ਸੰਗ ਸਮਝਦੇ ਨੇ ਤੇ (ਪਾਪਾਂ ਤੋਂ ਡਰਦੇ ਹੋਏ) ਨਾਮ ਸਿਮਰਨ ਦੁਆਰਾ ਸਦਾ ਹੀ ਉਸ ਨੂੰ ਸੰਭਾਲੀ ਰਖਦੇ ਹਨ ।

ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਸਤਿਗੁਰਾਂ ਅੱਗੇ ਜਾ ਕੇ ਇਹ ਬੇਨਤੀ ਕਰਨੀ ਕਿ ਸੱਚੇ ਪਾਤਸ਼ਾਹ ਮੈਨੂੰ ਸਤਿਗੁਰੂ ਦੇ ਦਰਸ਼ਨ ਕਰਾਉ । ਸਪਸ਼ਟ ਹੈ ਕਿ ਉਹ ਸਿੱਖ ਉਸ ਅਰੂਪ ਗੁਰੂ ਦੇ ਦਰਸ਼ਨਾਂ ਨੂੰ ਲੋਚਦਾ ਹੈ ਜੋ ਸਬਦੁ ਰੂਪ ਵਿਚ ਸਾਡੇ ਹਿਰਦੇ ਵਿਚ ਬਿਰਾਜਮਾਨ ਹੈ । ਜਿਸ ਨੂੰ ਅੱਖਾਂ ਨਹੀਂ ਦੇਖ ਸਕਦੀਆਂ, ਉਸ ਤਕ ਕੇਵਲ ਸੁਰਤਿ ਹੀ ਪਹੁੰਚ ਸਕਦੀ ਹੈ । ਜਿਸ ਦੇ ਅੱਗੇ ਪੈਸੇ ਰਖ ਕੇ ਮੱਥਾ ਨਹੀਂ ਟੇਕ ਸਕਦੇ । ਕਿਉਂ ਜੋ ਉਹ ਹਿਰਦੇ ਵਿਚ ਬੈਠਾ ਹੈ, ਉਥੇ ਪੈਸੇ



Digitized by Panjab Digital Library | www.panjabdigilib.org

ਕਿਸ ਤਰ੍ਹਾਂ ਜਾ ਸਕਦੇ ਹਨ। ਉਸ ਅੱਗੇ ਕੋਈ ਅਰੂਪ ਚੀਜ਼ ਰਖ ਕੇ ਹੀ ਮਥਾ ਟੇਕ ਸਕਦੇ ਹਾਂ। ਇਸੇ ਲਈ ਉਹ ਸਿੱਖ ਕਹਿੰਦਾ ਹੈ ਕਿ ਜੇ ਇਕ ਵਾਰੀ ਮੇਰਾ ਮੇਲ (ਸਬਦੁ) ਸਤਿਗੁਰੂ ਨਾਲ ਹੋ ਜਾਵੇ, ਤਾਂ ਮੈਂ ਉਸ ਅੱਗੇ ਆਪਣਾ ਮਨ ਅਰਪਨ ਕਰਕੇ ਮੱਥਾ ਟੇਕਾਂਗਾ ਤੇ ਮੈਂ ਸਿਮਰਨ ਦੁਆਰਾ ਨਿੱਤ ਉਸ ਨੂੰ ਹਿਰਦੇ ਵਿਚ ਸੰਭਾਲੀ ਰਖਾਂਗਾ। ਕਿਉਂ ਜੋ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਜੀਵਨ ਧ੍ਰਿਗ ਹੈ।

ਗੁਰਬਾਣੀ ਦਾ ਚੰਗੀ ਤਰ੍ਹਾਂ ਅਧਿਅਨ ਕਰਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜਦ ਤਕ ਗੁਰੂ ਜੋਤ ਦੇਹ ਵਿਚ ਰਹੀ, ਉਨ੍ਹਾਂ ਦਾ ਉਪਦੇਸ ਇਹੀ ਸੀ ਕਿ ਗੁਰੂ ਜੋਤ ਦਾ ਦੇਹ ਵਿਚ ਆਉਣ ਦਾ ਮਕਸਦ ਇਹੀ ਹੈ ਕਿ ਤੁਸੀਂ ਦ੍ਰਿਸ਼ਟਮਾਨ ਨੂੰ ਝੂਠ ਸਮਝੋ। ਕਿਸੇ ਵੀ ਦੇਹ ਤੇ ਪਰਤੀਤ ਨਾ ਲਿਆਉ ਤੇ ਸਬਦੁ ਗੁਰੂ ਦੇ ਮਿਲਾਪ ਲਈ ਆਹਰ ਕਰੋ। ਸਾਰੀ ਦੀ ਸਾਰੀ ਬਾਣੀ ਸਬਦੁ ਗੁਰੂ ਦੀ ਮਹਿਮਾਂ ਵਿਚ ਉਚਾਰਨ ਹੋਈ ਹੈ। ਕਿਸੇ ਵੀ ਦੇਹ ਨੂੰ ਮਹਾਰਾਜ ਨੇ ਮਾਨਤਾ ਨਹੀਂ ਦਿਤੀ।

ਹੁਕਮ ਹੈ :—

ਤਿਸ ਸਿਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥
ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾਂ ਵਿਟਹੁ ਕੁਰਬਾਣੁ ॥ ੨ ॥

ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧, ॥ ਪੰਨਾਂ ੧੪੧੦

ਮਹਾਰਾਜ ਦਸਦੇ ਨੇ ਕਿ ਜਿਹੜਾ ਵੀ ਚਲਣਹਾਰ ਹੈ! ਉਸ ਨਾਲ ਨੇਹੁ ਨ ਕਰੋ। ਉਸ ਤੇ ਪਰਤੀਤ ਨਾ ਲਿਆਉ। ਜਿਨ੍ਹਾਂ ਨੇ ਵੀ ਇਸ ਅਸਲੀਅਤ ਨੂੰ ਜਾਨ ਲਿਆ ਹੈ, ਮੈਂ ਉਸ ਤੋਂ ਕੁਰਬਾਨ ਹਾਂ। ਮਤਲਬ ਸਾਫ਼ ਹੈ ਹਰ ਦੇਹ ਚਲਣਹਾਰ ਹੈ। ਮਹਾਰਾਜ ਦੀ ਆਪਣੀ ਵੀ, ਇਸ ਲਈ ਸਬਦੁ ਗੁਰੂ ਤੇ ਹੀ ਪਰਤੀਤ ਲਿਆਉਣੀ ਬਣਦੀ ਹੈ।

ਸਬਦੁ ਗੁਰੂ ਬਾਰੇ ਵਿਚਾਰ ਜੋ ਸਿਧ ਗੋਸਟਿ ਵਿਚੋਂ ਹੋ ਰਹੀ ਸੀ, ਉਹ ਸਬਦੁ ਗੁਰੂ ਸੁਰਤਿ ਧੁਨਿ ਚੇਲਾ ਤਕ ਚਲੀ ਸੀ।

ਅਗੋਂ ਇਸ ਵਿਸ਼ੇ ਉਤੇ ਸਿਧ ਸਵਾਲ ਕਰਦੇ ਹਨ :

ਉਨ੍ਹਾਂ ਨੇ ਫੇਰ ਪੁੱਛਿਆ ਕਿ ਇਹ ਜੋ ਆਪਨੇ ਸਬਦੁ ਗੁਰੂ ਸੁਰਤਿ ਧੁਨਿ



Digitized by Panjab Digital Library | www.panjabdigilib.org

ਚੇਲਾ ਵਾਲਾ ਸਿਧਾਂਤ ਰਖਿਆ ਹੈ ਤੇ ਕਹਿੰਦੇ ਹੋ ਕਿ ਸਬਦੁ ਸੁਰਤਿ ਦੇ ਮਿਲਾਪ ਤੋਂ ਬਿਨਾਂ ਭਵਜਲ ਤਰਿਆ ਹੀ ਨਹੀਂ ਜਾ ਸਕਦਾ। ਤੁਸੀਂ ਦਸੋ ਕਿ:

ਸੁ ਸਬਦੁ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ
ਭਵਜਲੁ ਸੰਸਾਰੋ ॥ ੫੮ ॥ ੯੪੪

ਜਿਸ ਸਬਦੁ ਦੁਆਰਾ ਭਵਜਲ ਤਰਿਆ ਜਾ ਸਕਦਾ ਹੈ। ਉਸ ਸਬਦੁ ਦਾ ਵਾਸਾ ਕਿਥੇ ਹੈ?

ਉੱਤਰ :—

ਸੋ ਸਬਦੁ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥......
ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ
ਮਾਇਆ ਨਾਨਕ ਸਬਦੁ ਪਛਾਣੈ ॥ ੫੯ ॥ ੯੪੪

ਉਸ ਸਬਦੁ ਦਾ ਨਿਰੰਤਰ ਵਾਸ ਹੈ, ਉਹ ਨਿਰੰਤ੍ਰੀ ਜੋਤ ਹੈ, ਉਹ ਸਾਰੇ ਬ੍ਰਹਮੰਡ ਵਿਚ ਫੈਲਿਆ ਹੋਇਆ ਹੈ। ਪਰ ਉਹ ਅਲਖੰ ਹੈ। ਅਸੀਂ ਉਸ ਨੂੰ ਲਖ ਨਹੀਂ ਸਕਦੇ ਕਿਉਂ ਜੋ ਉਹ ਅਰੂਪ ਹੈ, ਗਿਆਨ ਇੰਦਰੀਆਂ ਤੇ ਮਨ ਬੁਧੀ ਦੀ ਪਹੁੰਚ ਤੋਂ ਪਰੇ ਹੈ। ਪਰ ਸਬਦੁ ਸੁਰਤਿ ਦਾ ਮੇਲ ਹੋਣ ਦੇ ਕਾਰਨ, ਮੈਂ ਜਿਥੇ ਵੀ ਦੇਖਦਾ ਹਾਂ, ਮੈਨੂੰ ਉਹ 'ਸਰਬ ਵਿਆਪਕ' ਹਰ ਜਗ੍ਹਾਂ ਦਿਸ ਰਿਹਾ ਹੈ। ਕਿਉਂ ਜੋ :—

"ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥
ਪੰਨਾ ੫੭੭

ਭਾਵ ਇਹ ਹੈ ਕਿ ਉਹ ਅੱਖਾਂ ਚਮੜੇ ਦੀਆਂ ਨਹੀਂ, ਜਿਨ੍ਹਾਂ ਨਾਲ ਮੇਰਾ ਪਿਰ ਦਿਸਦਾ ਹੈ। ਉਹ ਅੱਖਾਂ ਹੋਰ ਹੀ ਨੇ, ਉਸ ਨੂੰ ਸ਼ੁੱਧ ਹੋ ਚੁਕੀ ਸੁਰਤਿ ਕਹਿੰਦੇ ਹਨ। ਉਸ ਸਬਦੁ ਦਾ ਨ ਕੋਈ ਚਿੰਨ੍ਹ ਹੈ, ਨ ਵਰਨ ਹੈ, ਨਾ ਹੀ ਉਸ ਵਿਚ ਛਾਇਆ (ਅਗਿਆਨਤਾ) ਹੈ। ਉਸ ਤੇ ਮਾਇਆ ਦੀ ਮੈਲ ਵੀ ਨਹੀਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਸਬਦੁ ਗੁਰੂ ਦੀ ਸੋਝੀ ਪ੍ਰਾਪਤ ਕਰੀਏ। ਕਿਉਂ ਜੋ ਸਬਦੁ ਗੁਰੂ (ਦੇ ਉਪਦੇਸ਼) ਦੁਆਰਾ ਹੀ ਅਸੀਂ ਉਸ ਇਕੋ ਨੂੰ ਵਿਆਪਕ



Digitized by Panjab Digital Library | www.panjabdigilib.org

ਵੇਖਾਂਗੇ ਤੇ ਇਸ ਤਰਾਂ ਭਵਸਾਗਰ ਤਰ ਸਕਾਂਗੇ ।

......ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ
ਮਨ ਕਾ ਭਵਨਾ......॥ ੬੪ ॥ ੬੪੫

ਸਿਧਾਂ ਨੇ ਫਿਰ ਪੁੱਛਿਆ ਕਿ ਤੁਸੀਂ ਸਾਨੂੰ ਵਿਸਤਾਰ ਨਾਲ ਦਸੋ ਕਿ ਉਹ ਸਬਦੁ ਕਿਥੇ ਵਸਦਾ ਹੈ ਜਿਸ ਦੇ ਮਿਲਾਪ ਨਾਲ ਮਨ ਦੀ ਭਟਕਨਾ ਬੰਦ ਹੋ ਜਾਵੇ ।

......ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ
ਸਬਦਿ ਲਹੈ ॥.........ਅਨਹਦ ਬਾਣੀ ਗੁਰਮੁਖਿ ਜਾਣੀ
ਬਿਰਲੋ ਕੋ ਅਰਥਾਵੈ ॥......॥ ੬੫———੯੪੫

**ਉੱਤਰ :—**

ਉਹ ਸਬਦੁ ਸਰਬ ਨਿਰੰਤਰ (ਸਾਰੇ ਬ੍ਰਹਮੰਡ ਵਿਚ ਫੈਲਿਆ ਹੋਇਆ) ਵੀ ਹੈ ਤੇ ਨਿਜ ਘਰ (ਘਟ ਘਟ ਅੰਤਰ) ਵੀ ਹੈ । ਤ੍ਰਿਭਵਣ ਜੋਤ (ਹਰੀ) ਨੂੰ ਸਬਦੁ ਗੁਰੂ ਦੇ ਪ੍ਰਸਾਦਿ ਦੁਆਰਾ ਹੀ ਪਾਇਆ ਜਾ ਸਕਦਾ ਹੈ । ਇਹ ਸਬਦੁ ਹੀ ਅਨਹਦ ਬਾਣੀ ਹੈ । ਇਹ ਸਾਰਾ ਗਿਆਨ ਸਾਨੂੰ ਸਬਦੁ ਗੁਰੂ (ਗੁਰਮੁਖਿ) ਦੁਆਰਾ ਹੀ ਪ੍ਰਾਪਤ ਹੋਇਆ ਹੈ, ਤੇ ਕੋਈ ਵਿਰਲਾ ਹੀ ਇਸ ਦੀ ਕਮਾਈ ਕਰਦਾ ਹੈ ।

**ਸਵਾਲ :—**

ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ ੬੬ ॥
ਪੰਨਾ ੯੪੫

ਜਦੋਂ ਸ੍ਰਿਸ਼ਟੀ ਦੀ ਕੋਈ ਰੂਪ ਰੇਖਾ ਹੀ ਨਹੀਂ ਸੀ ਤਦੋਂ ਇਹ ਸਬਦੁ ਕਿਥੇ ਲਿਵ ਲਾਈ ਬੈਠਾ ਸੀ ।

**ਉੱਤਰ :**

ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ
ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥......
ਵਰਨੁ ਭੇਖੁ ਅਸਰੂਪੁ ਸੁ ਏਕੋ
ਏਕੋ ਸਬਦੁ ਵਿਡਾਣੀ ॥......੬੭ ॥ ੯੪੫-੯੪੬



Digitized by Panjab Digital Library | www.panjabdigilib.org

ਜਦੋਂ ਸ੍ਰਿਸ਼ਟੀ ਦੀ ਕੋਈ ਰੂਪ ਰੇਖਾ ਜਾਂ ਆਕਾਰ ਨਹੀਂ ਸਨ ਤਦੋਂ ਸਬਦੁ ਅਕੁਲੀਣ ਵਿਚ (ਅਕਾਲ ਪੁਰਖ ਵਿਚ) ਸਮਾਇਆ ਹੋਇਆ ਸੀ। ਉਸ ਏਕੋ (ਸੁੰਨ ਸਮਾਧ ਸਰੂਪ) ਦਾ ਵਰਨ ਭੇਖ ਤੇ ਰੂਪ ਇਕੋ ਹੈ ਤੇ ਉਹ ਸਬਦੁ ਹੈ। ਇਹੀ ਅਸਚਰਜ ਵਾਲੀ ਗੱਲ ਹੈ।

ਇਸ ਵਿਚਾਰ ਤੋਂ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਗਈ ਹੈ, ਕਿ ਸਬਦੁ ਅਕਾਲ ਪੁਰਖ ਦਾ ਸਰੂਪ ਹੈ। ਉਹ ਸਾਡੀ ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ। ਉਸ ਦਾ ਸਰੂਪ ਅਨਹਦ ਬਾਣੀ ਹੈ। ਉਹ ਸਬਦ ਸਰਬ ਨਿਰੰਤਰ (ਸਾਰੇ ਬ੍ਰਹਮੰਡ ਵਿਚ ਵਿਆਪਕ) ਹੈ ਤੇ ਘਟ ਘਟ ਅੰਤਰ (ਹਰ ਪ੍ਰਾਣੀ ਦੇ ਹਿਰਦੇ) ਵਿਚ ਵੀ ਉਹੀ ਹੈ। ਜਿਸਦਾ ਉਪਦੇਸ਼ ੨੪ ਘੰਟੇ ਸੁਣਿਆ ਜਾ ਸਕਦਾ ਹੈ। ਉਹ ਤਦੇ ਹੀ ਹੋਵੇਗਾ ਜੇ ਸਬਦੁ ਗੁਰੂ ਤੇ ਸੁਰਤਿ ਦਾ ਮਿਲਾਪ ਹੋ ਜਾਵੇ।

ਸਚਾ ਸਤਿਗੁਰ ਸਬਦੁ ਅਪਾਰਾ ॥
ਤਿਸਦੈ ਸਬਦਿ ਨਿਸਤਰੈ ਸੰਸਾਰਾ ॥
ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥ ੪ ॥
ਮਾਰੂ ਮਹਲਾ ੩ ॥ ੧੦੫੫

ਸਬਦੁ ਗੁਰੂ ਜੋ ਅਪਾਰ ਹੈ। ਜਿਸਦਾ ਕੋਈ ਵੀ ਪਾਰਾਵਾਰ ਨਹੀਂ ਪਾ ਸਕਦਾ। ਉਹੀ ਸੱਚਾ ਸਤਿਗੁਰੂ ਹੈ। ਉਸਦੇ ਸਬਦਿ (ਉਪਦੇਸ਼) ਦੁਆਰਾ ਸਾਰੇ ਸੰਸਾਰ ਦਾ ਨਿਸਤਾਰਾ ਹੋ ਸਕਦਾ ਹੈ। ਉਹ ਸਬਦੁ ਗੁਰੂ ਅਕਾਲ ਪੁਰਖ ਦਾ ਸਰੂਪ ਹੈ। ਅਕਾਲ ਪੁਰਖ ਸ੍ਰਿਸਟੀ ਨੂੰ ਰਚ ਕੇ ਦੇਖ ਵੀ ਰਿਹਾ ਹੈ ਤੇ ਸਵਾਸ ਤੇ ਖਾਣਾ ਵੀ ਦੇ ਰਿਹਾ ਹੈ।

ਸਬਦੁ ਗੁਰੂ ਬਾਰੇ ਕੁਝ ਵੇਰਵੇ ਜੋ ਸਿਧ ਗੋਸਟਿ ਦੀ ਵਿਚਾਰ ਵਿਚ ਹੋਰ ਨੇ ਹੁਣ ਸਾਨੂੰ ਉਸ ਤੇ ਵਿਚਾਰ ਕਰਨੀ ਚਾਹੀਦੀ।

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ
ਤਾ ਨਿਜ ਘਰਿ ਹੋਵੈ ਵਾਸੋ ॥
ਜਿਨਿ ਰਚਿ ਰਚਿਆ ਤਿਸੁ ਸਬਦਿ
ਪਛਾਣੈ ਨਾਨਕੁ ਤਾ ਕਾ ਦਾਸੋ ॥ ੨੧ ॥ ੯੪੦



Digitized by Panjab Digital Library | www.panjabdigilib.org

ਜੇ (ਸਬਦੁ) ਗੁਰੂ ਦੇ ਸਬਦਿ (ਉਪਦੇਸ਼) ਦੁਆਰਾ ਹਉਮੈ ਦੀ ਜ਼ਹਿਰ ਨੂੰ ਮਾਰ ਦੇਵੇ ਤਾਂ ਨਿਜ ਘਰ ਵਾਸਾ ਹੋ ਜਾਵੇਗਾ, ਮਨ ਦਾ ਭਟਕਨਾ ਬੰਦ ਹੋ ਜਾਵੇਗਾ।

ਜਿਸ ਨੇ ਇਹ ਸਾਰੀ ਰਚਨਾ ਰਚੀ ਹੈ। ਉਸ ਨੂੰ ਸਬਦਿ (ਸਬਦੁ ਗੁਰੂ ਦੇ ਉਪਦੇਸ਼) ਦੁਆਰਾ ਪਛਾਣੋ। ਮਹਾਰਾਜ ਕਹਿੰਦੇ ਨੇ ਕਿ ਅਸੀਂ ਵੀ ਉਸੇ ਹਰੀ ਦੇ ਹੀ ਦਾਸ ਹਾਂ।

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥
ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥
ਕਿਤੁ ਬਿਧਿ ਆਸਾ ਮਨਸਾ ਖਾਈ ॥
ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥
ਬਿਨੁ ਦੰਤਾ ਕਿਉ ਖਾਈਐ ਸਾਰੁ ॥
ਨਾਨਕ ਸਾਚਾ ਕਰਹੁ ਬੀਚਾਰੁ ॥ ੧੯, ਪੰਨਾ ੯੪੦

ਸਿਧਾਂ ਨੇ ਪੁੱਛਿਆ ਕਿ ਆਪ ਨੇ ਕਿਸ ਤਰ੍ਹਾਂ ਇਕ ਗ੍ਰਹਸਤੀ ਤੋਂ ਉਪਦੇਸ਼ਕ ਵਾਲਾ ਜੀਵਨ ਬਣਾਇਆ ਹੈ ? ਇਹ ਮਨ ਜੋ ਦੌੜਦਾ ਫਿਰਦਾ ਹੈ ਉਹ ਤੁਸਾਂ ਕਿਸ ਤਰ੍ਹਾਂ ਬਨ੍ਹ ਕੇ ਰਖਿਆ ਹੋਇਆ ਹੈ ? ਆਸਾ ਤੇ ਮਨਸਾ ਤੁਸਾਂ ਕਿਸ ਤਰ੍ਹਾਂ ਖਾਧੀ ਹੈ ? ਤੇ ਕਿਸ ਤਰ੍ਹਾਂ ਤੁਸਾਂ ਨਿਰੰਤਰ ਜੋਤ (ਰੱਬ) ਨੂੰ ਪਾਇਆ ਹੈ ? ਦੰਦਾਂ ਤੋਂ ਬਿਨ੍ਹਾਂ ਲੋਹਿਆ ਕਿਸ ਤਰ੍ਹਾਂ ਚੱਬਿਆ ਜਾ ਸਕਦਾ ਹੈ, ਭਾਵ ਯੋਗ ਸਾਧਨਾ ਤੋਂ ਬਿਨਾਂ ਮਾਇਆ ਤੋਂ ਕਿਸ ਤਰ੍ਹਾਂ ਪਿੱਛਾ ਛੁਡਾਇਆ ਜਾ ਸਕਦਾ ਹੈ ? ਇਸ ਬਾਰੇ ਤੁਸੀਂ ਸਾਡੇ ਨਾਲ ਵਿਚਾਰ ਕਰੋ।

**ਉੱਤਰ :—**

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥
ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥
ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥
ਨਾਨਕ ਤਾਰੇ ਤਾਰਣ ਹਾਰੁ ॥ ੨੦ ॥ ਪੰਨਾ-੯੪੦



Digitized by Panjab Digital Library | www.panjabdigilib.org

ਸਬਦੁ ਗੁਰੂ ਸਾਡਾ ਗੁਰੂ ਵੀ ਹੈ ਤੇ ਪਿਤਾ ਵੀ ਹੈ। ਜਦੋਂ ਸਬਦੁ ਗੁਰੂ ਨਾਲ ਸੁਰਤਿ ਦਾ ਮਿਲਾਪ ਹੋਇਆ ਮਾਨੋ ਅਸੀਂ ਸਤਿਗੁਰੂ ਦੇ ਘਰ ਜੰਮ ਪਏ। ਤੇ ਉਸਦੇ ਉਪਦੇਸ਼ ਦੀ ਕਮਾਈ ਕਰ ਕੇ ਆਵਾਗਵਨ ਮਿਟਾ ਲਿਆ। ਸਾਡਾ ਮਨ ਸਬਦੁ ਗੁਰੂ ਦੀ ਅਨਹਦ ਬਾਣੀ ਵਿਚ ਲੀਣ ਰਹਿੰਦਾ ਹੈ, ਉਹ ਕਿਧਰੇ ਦੌੜਦਾ ਨਹੀਂ। ਸਬਦੁ ਗੁਰੂ ਦੇ ਉਪਦੇਸ਼ ਦੀ ਕਮਾਈ ਕਰ ਕੇ ਆਸਾ ਤੇ ਮਨਸਾ ਸਾੜ ਸੁੱਟੀ ਹੈ ਤੇ ਉਸ ਦੀ ਮਿਹਰ ਦੁਆਰਾ ਅਸੀਂ ਨਿਰੰਤਰ ਜੋਤ (ਹਰੀ) ਨੂੰ ਪਾ ਲਿਆ ਹੈ। ਇਸ ਤਰ੍ਹਾਂ ਅਸੀਂ ਤ੍ਰੈ ਗੁਣਾਂ ਤੋਂ ਉਤੇ ਚੌਥੇ ਪਦ ਵਿਚ ਵਿਚਰਦੇ ਹਾਂ ਤੇ ਲੋਹਿਆਂ (ਮਾਇਆ ਦੇ ਮੋਹ) ਨੂੰ ਖਾ ਲਿਆ ਹੈ। ਭਵਸਾਗਰ ਤੋਂ ਤਾਰਨ ਵਾਲਾ ਪ੍ਰਭੂ ਆਪ ਹੀ ਹੈ ਤੇ ਉਹੀ ਅਪਣੀ ਮਿਹਰ ਕਰਕੇ ਤਾਰਦਾ ਹੈ।

ਹੁਣ ਅਸੀਂ ਇਹ ਵਿਚਾਰ ਕਰਨੀ ਹੈ ਕਿ ਸਬਦੁ ਗੁਰੂ ਆਪਣੇ ਸਿੱਖ ਉਤੇ ਪ੍ਰਸਾਦਿ ਕਰਨ ਵਿਚ ਕਿੰਨਾਂ ਸਮਰਥ ਹੈ। ਜਦੋਂ ਅਸੀਂ ਆਪਣਾ ਮਨ ਸਬਦੁ ਗੁਰੂ ਅੱਗੇ ਭੇਟਾ ਵਜੋਂ ਰੱਖ ਦੇਈਏ ਤਾਂ ਸਬਦੁ ਗੁਰੂ ਸਾਡੇ ਉਤੇ ਪ੍ਰਸੰਨ ਹੋ ਕੇ ਕਿੰਨਾਂ ਕੁ ਪ੍ਰਸਾਦਿ ਕਰਦਾ ਹੈ। ਇਕ ਸੁਹਾਗਨ ਸਿਖ ਸਤਿਗੁਰ ਪੰਚਮ ਪਾਤਸ਼ਾਹ ਅੱਗੇ ਆਪਣੀ ਅਵਸਥਾ ਇਸ ਤਰ੍ਹਾਂ ਦਸਦਾ ਹੈ।

ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿਨਾਮੋ ਮੰਤ੍ਰ ਦ੍ਰਿੜਾਇਦਾ ਕਟੇ ਹਉਮੈਂ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨ੍ਹਾਂ ਧੁਰੇ ਪਇਆ ਸੰਜੋਗੁ ॥ ੧੧ ॥

ਰਾਮਕਲੀ ਕੀ ਵਾਰ ਮਹਲਾ ੫ ਸਲੋਕ ਮ: ੫ ਪੰਨਾ-੯੫੭

ਉਹ ਸੁਹਾਗਨ ਸਿਖ ਕਹਿੰਦਾ ਹੈ ਕਿ ਹੇ ਮਹਾਰਾਜ ! ਸਤਿਗੁਰੂ (ਸਬਦੁ ਗੁਰੂ) ਦੇ ਬਾਰੇ ਜੋ ਜਾਣਕਾਰੀ ਆਪ ਜੀ ਕੋਲੋਂ ਸੁਣੀ ਸੀ ਤੇ ਹੋਰ ਸੁਹਾਗਨ ਸਿੱਖਾਂ ਕੋਲੋਂ ਵੀ ਸੁਣਿਆ ਸੀ, ਮੈਂ ਸਬਦੁ ਗੁਰੂ ਦੇ ਦਰਸ਼ਨ ਕਰ ਕੇ ਬਿਲਕੁਲ ਉਸੇ ਤਰ੍ਹਾਂ ਹੀ ਡਿੱਠਾ ਹੈ। ਉਹ ਸਤਿਗੁਰੂ ਵਿਛੜੀਆਂ ਆਤਮਾਵਾਂ ਨੂੰ ਪ੍ਰਭੂ ਨਾਲ ਮੇਲਦਾਂ ਹੈ। ਕਿਉਂ ਜੋ ਉਸਦਾ ਰਸੂਖ ਹਰ ਦਰਗਹ (ਮਨੁਖੀ ਹਿਰਦੇ ਦਾ ਉਹ ਅਸਥਾਨ ਜਿਥੇ ਨਾਮੁ ਨਿਰੰਜਨ ਦਾ ਪੁਰਖ ਰੂਪ ਵਿਚ ਨਿਵਾਸ ਹੈ) ਤਕ ਹੈ। ਉਹ ਆਪਣੇ ਚੇਲੇ ਨੂੰ ਹਰਿਨਾਮੁ ਮੰਤਰ ਦ੍ਰਿੜ ਕਰਵਾ ਕੇ ਹਉਮੈ ਦਾ ਰੋਗ ਕਟ



Digitized by Panjab Digital Library | www.panjabdigilib.org

ਦੇਂਦਾ ਹੈ। ਇਸ ਤਰ੍ਹਾਂ ਉਹ ਵਿਛੜੀ ਆਤਮਾ ਨੂੰ ਪ੍ਰਭੂ ਨਾਲ ਮੇਲ ਦੇਂਦਾ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥

ਪੰਨਾ-੧੨੬੩

ਗੁਰੂ ਅਰਜਨ ਦੇਵ ਜੀ ਉਸ ਸੁਹਾਗਨ ਸਿਖ ਨੂੰ ਕਹਿੰਦੇ ਨੇ ਕਿ ਭਾਈ ਜਿਨ੍ਹਾਂ ਦੇ ਧੁਰੋਂ ਹੀ ਸਬਦੁ ਗੁਰੂ ਦੇ ਨਾਲ ਮਿਲਾਪ ਦੇ ਸੰਜੋਗ ਲਿਖੇ ਹੋਣ ਉਹੀ ਸਤਿਗੁਰੂ ਨੂੰ ਪਾ ਸਕਦੇ ਹਨ।

ਧੁਰੋਂ ਸੰਜੋਗ ਦਾ ਮਤਲਬ ਇਹ ਲਗਦਾ ਹੈ ਕਿ ਪਿਛਲੇ ਜਨਮਾਂ ਵਿਚ ਕਿਸੇ ਨੇ ਕਿੰਨੀ ਕੁ ਨਾਮੁ ਦੀ ਕਮਾਈ ਕੀਤੀ ਹੈ। ਉਸਦਾ ਮਨ ਕਿੰਨਾਂ ਕੁ ਮੈਲਾ ਹੈ ਜਾਂ ਕਿੰਨਾਂ ਕੁ ਸਾਫ਼ ਹੈ। ਜੇ ਅਸੀਂ ਚਾਹੀਏ ਤਾਂ ਹੁਣ ਤੋਂ ਹੀ ਨਵੇਂ ਸਿਰਿਉਂ ਨਾਮੁ ਦੀ ਕਮਾਈ ਸ਼ੁਰੂ ਕਰ ਦੇਈਏ ਤੇ ਗੁਰ ਪ੍ਰਸਾਦਿ ਲਈ ਯਾਚਨਾ ਸ਼ੁਰੂ ਕਰ ਦੇਈਏ। ਇਸ ਲੇਖ ਦਾ ਮਨੋਰਥ ਵੀ ਇਹੀ ਹੈ ਕਿ ਸਾਧ ਸੰਗਤ ਵਿਚ ਇਕ ਚਾਅ ਉਠੇ ਕਿ ਅਸੀਂ ਵੀ ਸਬਦੁ ਗੁਰੂ ਦੇ ਦਰਸ਼ਨ ਕਰਨੇ ਹਨ, ਉਸ ਲਈ ਅਸੀਂ ਦੁਨੀਆਂ ਦੇ ਕੌੜੇ ਰਸਾਂ ਨੂੰ ਛੱਡਣ ਲਈ ਤਿਆਰ ਹੋ ਜਾਈਏ ਤੇ ਦਿਸਦੀਆਂ ਚੀਜ਼ਾਂ ਨਾਲੋਂ ਮੋਹ ਤੋੜ ਕੇ ਅਦ੍ਰਿਸ਼ਟ ਪ੍ਰਭੂ ਦੇ ਨਾਲ ਮਿਲਾਪ ਲਈ ਤਾਂਘੀਏ।

ਹੋਰ ਸੁਣੋ ਸ਼ਬਦ ਗੁਰੂ ਆਪਣੇ ਸਿਖ ਉਤੇ ਬਖਸ਼ਿਸ਼ ਕਰਨ ਲਈ ਕਿੰਨਾਂ ਕੁ ਉਦਾਰ ਹੈ:

ਸਲੋਕੁ ॥ ਸਤਿਪੁਰਖ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ ੧ ॥

ਪੰਨਾ-੨੮੬

ਜਿਸ ਦੀ ਜਾਣ ਪਛਾਣ ਜਾਂ ਰਸੂਖ ਉਸ ਪ੍ਰਭੂ ਨਾਲ ਹੈ, ਜੋ ਸਤਿ ਵੀ ਹੈ ਤੇ ਪੁਰਖ ਵੀ ਹੈ, ਸਤਿਗੁਰੂ ਕੇਵਲ ਉਹੀ ਹੈ। ਉਸੇ ਦਾ ਨਾਮ ਹੀ ਸਤਿਗੁਰੂ ਹੈ। ਉਸੇ ਦੀ ਸੰਗਤ ਕਰ ਕੇ ਸਿਖ ਦਾ ਉੱਧਾਰ ਹੋ ਸਕਦਾ ਹੈ। ਕਿਉਂ ਜੋ ਉਹ ਸਤਿਗੁਰੂ ਸਿਖ ਕੋਲੋਂ ਹਰੀ ਗੁਨ ਗਾਨ ਕਰਵਾਉਂਦਾ ਹੈ।

ਹੁਣ ਦੇਖਣਾ ਇਹ ਹੈ ਕਿ ਕਿਸ ਸਤਿਗੁਰੂ ਦਾ ਰਸੂਖ ਹਰੀ ਨਾਲ ਹੈ। ਹਰੀ ਆਪ ਹੀ ਸਬਦੁ ਰੂਪ ਵਿਚ ਗੁਰੂ ਹੈ ਤੇ ਆਪ ਹੀ ਸਤਿਪੁਰਖੁ ਹੈ। ਕੇਵਲ



Digitized by Panjab Digital Library | www.panjabdigilib.org

ਮਹਿਕਮੇ (Portfolios) ਵੱਖੋ ਵੱਖ ਹਨ। ਉਸ ਦੇ ਟਾਕਰੇ ਉਤੇ ਕੀ ਕਿਸੇ ਮਨੁੱਖ ਦਾ ਰਸੂਖ ਵੱਧ ਹੋ ਸਕਦਾ ਹੈ ? ਕਦੀ ਵੀ ਨਹੀਂ। ਜਿਸ ਵੇਲੇ ਸੁਰਤਿ ਚੇਲੇ ਦਾ ਮਿਲਾਪ ਸਬਦੁ ਗੁਰੂ ਨਾਲ ਹੁੰਦਾ ਹੈ ਤਾਂ ਉਹ ਸਤਿਗੁਰੂ ਸਿਖ ਨੂੰ ਅਪਨੇ ਪੇਟੇ* ਪਾ ਲੈਂਦਾ ਹੈ ਤੇ ੨੪ ਘੰਟੇ ਉਸ ਨੂੰ ਆਪਣੇ ਉਪਦੇਸ਼ ਦੁਆਰਾ ਹਰੀ ਗੁਣ ਗਾਣ ਕਰਵਾਂਦਾ ਹੈ ਜਿਸ ਨਾਲ ਨਾਮੁ ਦ੍ਰਿੜ੍ਹ ਹੋ ਜਾਂਦਾ ਹੈ। ਤੇ ਹਉਮੈ ਦੀ ਭੀਤ ਟੁੱਟ ਜਾਂਦੀ ਹੈ। ਜੇ ਉਸ ਦੇ ਟਾਕਰੇ ਤੇ ਕੋਈ ਦੇਹ ਧਾਰੀ ਗੁਰੂ ਹੋਵੇ, ਅਵਲ ਤਾਂ ਉਸਦਾ ਰਸੂਖ ਹੀ ਸਤਿ ਪੁਰਖ ਨਾਲ ਨਹੀਂ ਹੁੰਦਾ। ਜੇ ਤੁਸੀਂ ਉਸ ਦੇ ਝਾਂਸੇ ਵਿਚ ਆ ਹੀ ਜਾਉ ਤਾਂ ਉਸਦੀ ਸੰਗਤ ਆਪ ਘੰਟਾਂ ਦੋ ਘੰਟੇ ਤੋਂ ਵੱਧ ਨਹੀਂ ਕਰ ਸਕਦੇ। ਉਸ ਸੰਗਤ ਤੋਂ ਮਗਰੋਂ ਬਾਹਰ ਨਿਕਲਦਿਆਂ ਹੀ ਮਾਇਆ ਆ ਘੇਰਦੀ ਹੈ, ਤੇ ਮਨ ਨੂੰ ਮੈਲਾ ਕਰਨਾ ਸ਼ੁਰੂ ਕਰ ਦੇਂਦੀ ਹੈ। ਕੇਵਲ ਸਬਦੁ ਗੁਰੂ ਹੀ ਸਮਰੱਥ ਹੈ ਜੋ ਸੁਰਤਿ ਨੂੰ ਆਪਣੇ ਪੇਟੇ ਪਾ ਕੇ ਅਨਹਦ ਬਾਣੀ ਦੁਆਰਾ, ਮਨ ਨੂੰ ਬਾਹਰ ਦੌੜਣ ਨਹੀਂ ਦੇਂਦਾ ਤੇ ਹਰੀ ਨਾਲ ਮੇਲ ਕਰਵਾ ਦੇਂਦਾ ਹੈ। ਇਸ ਬਾਰੇ ਕਬੀਰ ਜੀ ਵੀ ਦਸਦੇ ਹਨ ਕਿ :—

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥
ਸਹਜ ਸੁਭਾਇ ਮੇਰਾ ਮਨ ਮਾਨਿਆ ॥ ੧ ॥ ਰਹਾਉ ॥

ਗਉੜੀ ਕਬੀਰ ਜੀ ਪੰਨਾ-੩੨੭

ਮੈਂ ਸਬਦ ਗੁਰੂ ਨੂੰ ਅਪਣਾ ਮਨ ਅਰਪਨ ਕੀਤਾ ਤੇ ਸਬਦ ਗੁਰੂ ਨੇ ਮੈਨੂੰ ਰੱਬ ਨਾਲ ਮੇਲ ਦਿਤਾ। ਇਸ ਸੌਦੇ ਨਾਲ ਮੈਂ ਮਨ ਦੇ ਕੇ ਰਾਮ ਨੂੰ ਖਰੀਦ ਲਿਆ ਹੈ। ਹੁਣ ਰਾਮ ਮੇਰਾ ਹੈ ਮੈਂ ਉਸ ਨੂੰ ਆਪਣਾ ਕਰਕੇ ਜਾਣਦਾ ਹਾਂ।

---

* ਪੇਟੇ ਪਾਣਾ ਬਿਉਪਾਰੀਆ ਦੀ ਬੋਲੀ ਹੈ। ਇਸ ਦਾ ਮਤਲਬ ਇਸ ਤਰ੍ਹਾਂ ਹੈ ਕਿ ਸਾਡਾ ਮਨ ਮਾਇਆ ਦੇ ਅਧੀਨ ਹੈ, ਮਾਇਆ ਕੋਲ ਗਿਰਵੀ ਪਿਆ ਹੋਇਆ ਹੈ। ਸੁਰਤਿ ਬੇਨਤੀ ਕਰਦੀ ਹੈ ਕਿ ਹੇ ਸਬਦੁ ਗੁਰੂ ਜੀ ਮੈ ਆਪ ਜੀ ਅਗੇ ਅਪਨਾ ਮਨ ਅਰਪਨ ਕਰਨੀ ਹਾਂ, ਪਰ ਉਹ ਮਾਇਆ ਅਗੇ ਗਹਿਣੇ ਪਿਆ ਹੋਇਆ ਹੈ। ਆਪ ਮੇਰਾ ਮਨ ਮਾਇਆ ਕੋਲੋ ਛੁਡਾ ਕੇ ਅਪਨੇ ਪੇਟੇ (ਪੱਲੇ) ਪਾ ਲਵੋ।



Digitized by Panjab Digital Library | www.panjabdigilib.org

ਸਹਜ ਅਵਸਥਾ ਵਿਚ ਵਿਚਰਦਾ ਹਾਂ। ਮੇਰੇ ਮਨ ਵਿਚ ਹੁਣ ਰਾਮ ਤੇ ਪੂਰਨ ਪਰਤੀਤ ਹੈ ਤੇ ਦ੍ਰਿਸ਼ਟਮਾਨ ਦਾ ਮੋਹ ਟੁੱਟ ਗਿਆ ਹੈ।

ਤੁਸੀਂ ਕਹੋਗੇ ਕਿ ਕਬੀਰ ਜੀ ਨੇ ਤਾਂ ਸਬਦੁ ਗੁਰੂ ਦੀ ਕੋਈ ਗੱਲ ਨਹੀਂ ਕੀਤੀ ਤੇ ਮੈਂ ਬਦੋਬਦੀ ਸਬਦੁ ਗੁਰੂ ਨੂੰ ਵਿਚ ਲੈ ਆਂਦਾ ਹੈ। ਪਰ ਸਤਿਗੁਰਮਤਿ ਇਹੀ ਦਸਦਾ ਹੈ ਤੇ ਕਬੀਰ ਜੀ ਵੀ ਇਸ ਗੱਲ ਤੇ ਸਹਿਮਤ ਨੇ ਕਿ ਗੁਰੂ ਤੋਂ ਬਿਨਾਂ ਰਾਮ ਦੀ ਪ੍ਰਾਪਤੀ ਨਹੀਂ। ਸਬਦੁ ਗੁਰੂ ਬਾਰੇ ਉਨ੍ਹਾਂ ਦੇ ਵਿਚਾਰ ਸੁਣ ਲਉ।

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ।
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥ ੪ ॥ ੨ ॥

ਰਾਗੁ ਆਸਾ ਬਾਣੀ ਭਗਤਾ ਕੀ, ਪੰਨਾ-੪੭੬

ਬਾਣੀ ਵਿਚ ਸਤਿਗੁਰ ਭੇਟੇ ਸਬਦੁ ਗੁਰੂ ਲਈ ਹੀ ਆਇਆ ਹੈ। ਸਤਿਗੁਰ ਮਤਿ ਦਾ ਇਹ ਅਟਲ ਵਿਸ਼ਵਾਸ ਹੈ ਕਿ ਸਬਦੁ ਸੁਰਤਿ ਦੇ ਮਿਲਾਪ ਤੋਂ ਬਿਨਾਂ ਪੁਨਰ ਜਨਮ ਵਿਚ ਆਉਣਾ ਪਵੇਗਾ।

ਪੁਨਾ :

ਤੂੰ ਪਿੰਜੁਰੁ ਹਉ ਸੁਅਟਾ ਤੋਰ ॥
ਜਮੁ ਜੰਦਾਰੁ ਕਹਾ ਕਰੈ ਮੋਰ ॥ ੨ ॥
ਤੂੰ ਤਰਵਰੁ ਹਉ ਪੰਖੀ ਆਹਿ ॥
ਮੰਦ ਭਾਗੀ ਤੇਰੋ ਦਰਸਨੁ ਨਾਹਿ ॥ ੩ ॥
ਤੂੰ ਸਤਿਗੁਰ ਹਉ ਨਉਤਨੁ ਚੇਲਾ ॥
ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ ੪ ॥ ੨ ॥

ਗਉੜੀ ਕਬੀਰ ਜੀ, ਪੰਨਾ-੩੨੩

ਕਬੀਰ ਸਾਹਿਬ ਅਕਾਲ ਪੁਰਖ ਨੂੰ ਸੰਬੋਧਨ ਕਰਦਿਆਂ ਦਸਦੇ ਨੇ ਕਿ ਹੇ ਅਕਾਲ ਪੁਰਖ ! ਜੇ ਤੂੰ ਪਿੰਜਰਾਂ ਹੈਂ ਤਾਂ ਮੈਂ ਤੇਰਾ ਤੋਤਾ ਵਾਂ। ਜੇ ਤੂੰ ਰੁੱਖ ਹੈ ਤਾਂ ਮੈਂ ਪੰਛੀ ਹਾਂ। ਹੇ ਅਕਾਲ ਪੁਰਖ ਦੇ ਗੁਰੂ ਸਰੂਪ ! ਮੈਂ ਤੇਰਾ ਨਵਾਂ ਨਵਾਂ ਚੇਲਾ ਹਾਂ, ਇਸ ਲਈ ਤੂੰ ਮੇਰਾ ਮਿਲਾਪ ਆਪਣੇ ਹਰੀ ਸਰੂਪ ਨਾਲ ਕਰਾ ਦੇ। ਇਹ ਜੋ ਮੇਰਾ ਜਨਮ ਹੈ, ਇਹ ਅੰਤਮ ਹੋਵੇ।



Digitized by Panjab Digital Library | www.panjabdigilib.org

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥
ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥ ੧੫੭ ॥

ਪੰਨਾ ੧੩੭੨

ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥
ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥ ੧੮੩ ॥

ਪੰਨਾ ੧੩੭੪

ਕਬੀਰ ਸਾਹਿਬ ਦੀ ਬਾਣੀ ਜਾਂ ਹੋਰ ਭਗਤਾਂ ਦੀ ਬਾਣੀ ਬਾਰੇ ਪੰਥ ਵਿਚ ਇਕੋ ਇਕ ਰਾਇ ਇਹ ਹੈ ਕਿ ਇਹ ਬਾਣੀ ਅਕਾਲ ਪੁਰਖ ਪ੍ਰਾਇਣ ਹੈ ।

ਸੋ ਸਬਦੁ ਅਖਰ ਬਾਣੀ ਵਿਚ ਅਕਾਲ ਪੁਰਖ ਦੇ ਨਿਰਗੁਨ ਸਰੂਪ ਲਈ ਹੀ ਵਰਤਿਆ ਗਿਆ ਹੈ। ਸਬਦੁ ਦੇ ਦੱਦੇ ਨੂੰ ਔਂਕੜ ਹੈ ਤੇ ਕਰਤਾ ਕਾਰਕ ਇਕ ਵਚਨ ਹੈ। ਜੋ ਅਕਾਲ ਪੁਰਖ ਵਾਚਕ ਹੈ ।

ਭਗਤ ਨਾਮ ਦੇਵ ਜੀ ਵੀ ਦਸਦੇ ਨੇ ਕਿ :

ਗੁਰ ਕੈ ਸਬਦਿ ਇਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥

ਪੰਨਾ-੧੩੫੦

ਸਬਦੁ ਗੁਰੂ ਦੇ ਉਪਦੇਸ਼ ਦੁਆਰਾ ਇਹ ਮਨ ਨਾਮੁ ਰੰਗ ਵਿਚ ਰੰਗਿਆ ਗਿਆ ਹੈ ਤੇ ਦੁਬਿਧਾ ਸਹਿਜ ਅਵਥਾ ਵਿਚ ਸਮਾ ਗਈ ਹੈ ।

ਸਾਨੂੰ ਇਹ ਗੱਲ ਮੰਨਣੀ ਪਵੇਗੀ ਕਿ ਕਬੀਰ ਸਾਹਿਬ ਤੇ ਹੋਰ ਭਗਤ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਸਬਦੁ ਸੁਰਤਿ ਦੇ ਮਿਲਾਪ ਵਾਲੇ ਸਨ ।

ਸੁਖਮਨੀ ਸਾਹਿਬ ਦੇ ੧੮ ਵੇਂ ਸਲੋਕ ਨੂੰ ਅਸੀਂ ਵਿਚਾਰ ਚੁੱਕੇ ਹਾਂ । ਹੁਣ ਅਸਟਪਦੀ ਦੇ ਅਰਥ ਵਿਚਾਰੀਏ ।

ਅਸਟਪਦੀ ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿਨਾਮੁ ਉਚਰੈ ॥



Digitized by Panjab Digital Library | www.panjabdigilib.org

ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ ੧ ॥

ਮਹਾਰਾਜ ਅਸਟਪਦੀ ਵਿਚ ਦਸਦੇ ਨੇ ਕਿ ਜਦ ਸੁਰਤਿ ਰੂਪੀ ਚੇਲਾ ਸਬਦੁ ਗੁਰੂ ਦੇ ਪੇਟੇ (ਪੱਲੇ) ਪੈ ਗਿਆ ਤਾਂ ਸਤਿਗੁਰੂ ਦਾ ਬਿਰਦ ਹੋ ਜਾਂਦਾ ਹੈ ਕਿ ਉਹ ਆਪਣੇ ਚੇਲੇ ਦਾ ਪਾਲਣ ਪੋਸਨ ਕਰੇ। ਸੁਰਤਿ ਨੂੰ ਅੰਨ ਪਾਣੀ ਨਹੀਂ ਚਾਹੀਦਾ। ਸੁਰਤਿ ਨੂੰ ਤਾਂ ਨਾਮ ਦੀ ਭੁੱਖ ਹੈ। ਗੁਰੂ, ਸੇਵਕ ਤੇ ਸਦਾ ਦਇਆਲ ਰਹਿੰਦਾ ਹੈ ਤੇ ਉਸ ਨੂੰ ਅਨਹਦ ਬਾਣੀ ਦੁਆਰਾ ਨਿਹਾਲ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਗੁਰੂ ਸਿੱਖ ਦੀ ਦੁਰਮਤਿ ਤੇ ਪਾਪਾਂ ਦੀ ਮੈਲ ਧੋ ਦੇਂਦਾ ਹੈ। ਸਿੱਖ ਗੁਰੂ ਦੇ ਉਪਦੇਸ਼ ਦੁਆਰਾ ਹਮੇਸ਼ਾ ਹਰੀ ਨਾਮ ਦਾ ਉਚਾਰਨ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਗੁਰੂ ਮਿਹਰ ਨਾਲ ਉਸਦੇ ਮਾਇਆ ਦੇ ਬੰਧਨ ਕੱਟੇ ਜਾਂਦੇ ਨੇ ਤੇ ਸਿੱਖ ਵਿਕਾਰਾਂ ਤੋਂ ਪੂਰੀ ਤਰ੍ਹਾਂ ਖਲਾਸੀ ਪਾ ਲੈਂਦਾ ਹੈ। ਗੁਰ ਕਾ ਸਿੱਖ ਵਡਭਾਗੀ ਹੈ, ਕਿਉਂ ਜੋ ਸਤਿਗੁਰੂ ਸਿੱਖ ਨੂੰ ਨਾਮੁ ਧਨ ਦੀ ਦਾਤ ਬਖਸ਼ਿਸ਼ ਵਜੋਂ ਦੇਂਦਾ ਹੈ। ਇਸ ਤਰ੍ਹਾ ਸਿੱਖ ਦਾ ਇਹ ਲੋਕ ਵੀ ਤੇ ਪਰਲੋਕ ਵੀ ਦੋਹਾਂ ਵਿਚ ਮੁਖ ਉਜਲਾ ਹੁੰਦਾ ਹੈ।

ਇਸ ਸਾਰੀ ਅਸਟਪਦੀ ਦਾ ਸਾਰ ਮਹਾਰਾਜ ਨੇ ਅਖੀਰਲੀ ਤੁਕ ਵਿਚ ਦਸਿਆ ਹੈ ਕਿ ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਕਲੇਜੇ ਨਾਲ ਲਾ ਕੇ ਸੰਭਾਲਦੀ ਹੈ। ਉਸੇ ਤਰ੍ਹਾਂ ਸਤਿਗੁਰ ਸਿੱਖ ਦੀ ਸੰਭਾਲ ਕਰਦਾ ਹੈ।

ਇਥੇ ਕਈ ਸੱਜਨ ਇਹ ਕਹਿ ਸਕਦੇ ਨੇ ਕਿ ਕਲੇਜਾ ਜਾਂ ਜੀਅ ਤਾਂ ਮਨੁੱਖ ਦਾ ਹੁੰਦਾ ਹੈ। ਸਬਦੁ ਤਾਂ ਅਰੂਪ ਹੈ। ਉਸਦਾ ਉੱਤਰ ਇਹ ਹੈ ਕਿ :

ਬਿਲਾਵਲ ਮਹਲਾ ੫ ॥ ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥
ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾ ਕਾ ਹਿਰਦੈ ਧਰਿ ਮਨ ਧਿਆਨੁ ॥
॥ ਰਹਾਉ ॥ ਪੰਨਾ-੮੨੭

Digitized by Panjab Digital Library | www.panjabdigilib.org

ਕੀ ਅਰੂਪ ਹਰੀ ਦੇ ਚਰਨ ਹੁੰਦੇ ਨੇ ? ਜੇ ਹੋਣ ਵੀ ਤਾਂ ਚਰਨ ਕੌਣ ਜਪਦਾ ਹੈ। ਪਰ ਇਥੇ ਭਾਵ ਇਹ ਹੈ ਕਿ ਦਾਸੀ ਭਾਵ ਨਾਲ ਹਰੀ ਦਾ ਨਾਮ ਜਪੋ। ਫੇਰ ਦਸਦੇ ਨੇ ਕਿ ਮੇਰਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਹੈ। ਗੁਰੂ ਇਕੋ ਹੀ ਹੁੰਦਾ ਹੈ, ਇਕ ਤੋਂ ਵੱਧ ਨਹੀਂ ਹੁੰਦੇ। ਅਸੀਂ ਪਰਮੇਸ਼ਵਰ ਤੋਂ ਬਿਨਾਂ ਹੋਰ ਕਿਸੇ ਨੂੰ ਗੁਰੂ ਨਹੀਂ ਸਮਝ ਸਕਦੇ। ਇਸੇ ਤਰ੍ਹਾਂ ਇਥੇ ਕਲੇਜੇ ਤੋਂ ਮਤਲਬ ਅਰੂਪ ਕਲੇਜਾ ਹੈ। ਜਿਸ ਤਰ੍ਹਾਂ ਹਰੀ ਦੇ ਚਰਨ ਕਮਲ ਅਰੂਪ ਨੇ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ।
ਗੁਰ ਕੀ ਆਗਿਆ ਮਨ ਮਹਿ ਸਹੈ ।
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥ ਪੰਨਾ-੨੮੬-੨੮੭

ਜਿਸ ਤਰ੍ਹਾਂ ਕਈ ਆਦਮੀ ਕਿਸੇ ਘਰ ਵਿਚ ੨੪ ਘੰਟੇ ਦੀ ਨੌਕਰੀ ਕਰ ਲੈਂਦੇ ਨੇ। ਉਥੇ ਹੀ ਸਾਰਾ ਦਿਨ ਕੰਮ ਕਰਦੇ ਨੇ, ਰਾਤ ਨੂੰ ਉਥੇ ਹੀ ਸੌਂਦੇ ਨੇ ਜਦੋਂ ਮਾਲਕ ਦਾ ਜੀਅ ਚਾਹੇ ਉਹ ਰਾਤ ਨੂੰ ਵੀ ਸੁੱਤੇ ਪਏ ਨੂੰ ਉਠਾ ਕੇ ਕੰਮ ਦਸ ਦੇਂਦਾ ਹੈ। ਐਸਾ ਸੇਵਕ ਜੋ ਗੁਰੂ ਦਾ ੨੪ ਘੰਟੇ ਦਾ ਗੁਲਾਮ ਹੋ ਜਾਵੇ ਉਸ ਬਾਰੇ ਕਹਿੰਦੇ ਨੇ ਕਿ ਗੁਰੂ ਨੇ ਇਸ ਨੂੰ ਆਪਣੇ ਪੋਟੇ (ਪੱਲੇ) ਪਾ ਲਿਆ ਹੈ ਤੇ ਇਹ ਰਿਸ਼ਤਾ ਕੇਵਲ ਸੁਰਤਿ ਸਬਦੁ ਦਾ ਹੀ ਹੁੰਦਾ ਹੈ। ਇਸ ਤਰ੍ਹਾਂ ਦੇ ਰਿਸ਼ਤੇ ਬਾਰੇ ਇਕ ਸੁਹਾਗਨ ਇਸ ਤਰ੍ਹਾਂ ਦਸਦੀ ਹੈ।

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਮਾਰੂ ਮਹਲਾ ੧ ॥ ਪੰਨਾ ੯੯੧

Digitized by Panjab Digital Library | www.panjabdigilib.org

ਮੈਂ ਮੁਲ ਵਿਕਿਆ ਹੋਇਆ ਗੁਲਾਮ ਹਾਂ। ਮੇਰਾ ਨਾਮ ਸੁਭਾਗਾ ਪੈ ਗਿਆ ਹੈ। ਮੈਂ ਵੱਡੇ ਭਾਗਾਂ ਵਾਲਾ ਹਾਂ ਜੋ ਸਬਦੁ ਗੁਰੂ ਨੇ ਮੈਨੂੰ ਖਰੀਦ ਲਿਆ ਹੈ। ਸੌਦਾ ਕਿੰਨੇ ਤੋਂ ਹੋਇਆ ? ਮੈਂ ਕਹਿਆ, ਆਪ ਮੈਨੂੰ ਹਰ ਵੇਲੇ ਗੁਰਬਚਨ ਸੁਣਾਂਦੇ ਰਿਹਾ ਕਰੋ, ਤੇ ਤੁਸੀਂ ਜੋ ਉਪਦੇਸ਼ ਕਰੋਗੇ ਜਾਂ ਜੋ ਹੁਕਮ ਕਰੋਗੇ ਮੈਂ ਉਸ ਨੂੰ ਮੰਨਾਂਗਾ।

ਸੋ ਜੋ ਸੇਵਕ ਗੁਰੂ ਦੀ ਆਗਿਆ ਦਾ ਪਾਲਣ ਮਨ ਲਾ ਕੇ ਕਰੇ, ਆਪਣੇ ਆਪ ਨੂੰ ਜਨਾਵੇ ਨਾ ਕਿ ਮੈਂ ਗੁਰੂ ਦਾ ਹੁਕਮ ਮੰਨਨ ਵਾਲਾ ਹਾਂ। ਸਦਾ ਹੀ ਮਨ ਨਾਲ ਤੇ ਧਿਆਨ ਨਾਲ ਨਾਮ ਸਿਮਰਨ ਕਰਦਾ ਰਹੇ ਤੇ ਆਪਣਾ ਮਨ ਸਤਿਗੁਰੂ ਨੂੰ ਅਰਪਨ ਕਰ ਦੇਵੇ, ਇਹੀ ਗੁਰੂ ਕੀ ਚਾਕਰੀ ਹੈ। ਗੁਰੂ, ਨਾਮ ਸਿਮਰਨ ਤੋਂ ਬਿਨਾਂ ਆਪਣੇ ਸੇਵਕ ਕੋਲੋਂ ਹੋਰ ਕੋਈ ਸੇਵਾ ਨਹੀਂ ਲੈਂਦਾ, ਐਸੇ ਸੇਵਕ ਦੇ ਕਾਰਜ ਰਾਸ ਹੋ ਗਏ। ਮਾਨੋ ਸਤਿਗੁਰ ਉਸ ਤੇ ਪ੍ਰਸੰਨ ਹੋ ਗਏ। ਇਸ ਤਰ੍ਹਾਂ ਸੇਵਾ ਕਰਦਿਆਂ (ਨਾਮ ਸਿਮਰਨ ਕਰਦਿਆਂ) ਕਿਸੇ ਦੁਨਿਆਵੀ ਚੀਜ਼ ਦੀ ਤ੍ਰਿਸ਼ਨਾ ਮਨ ਵਿਚ ਨ ਆਵੇ। ਉਸ ਨੂੰ ਫਿਰ ਸਬਦੁ ਗੁਰੂ ਦੇ ਪ੍ਰਸਾਦ ਨਾਲ ਸੁਆਮੀ (ਅਕਾਲ ਪੁਰਖ) ਦੀ ਪ੍ਰਾਪਤੀ ਹੁੰਦੀ ਹੈ। ਜਿਸ ਉਤੇ ਰੱਬ ਦੀ ਮਿਹਰ ਹੋ ਜਾਵੇ ਉਹ ਸੇਵਕ ਗੁਰੂ ਦੀ ਮਤ ਲੈ ਕੇ ਸੁਆਮੀ ਦੀ ਪ੍ਰਾਪਤੀ ਗੁਰੂ ਮਿਹਰ ਨਾਲ ਕਰ ਲੈਂਦਾ ਹੈ।

ਹੁਣ ਅਸੀਂ ਇਸ ਗੱਲ ਤੇ ਵਿਚਾਰ ਕਰਨੀ ਹੈ ਕਿ ਸਤਿਗੁਰੂ ਦੇ ਮਿਲਾਪ, ਜਾਂ ਸਬਦੁ ਸੁਰਤਿ ਦੇ ਮਿਲਾਪ ਦੀ ਨਿਸ਼ਾਨੀ ਕੀ ਹੈ। ਅਸੀਂ ਐਵੇਂ ਭੁਲੇਖੇ ਵਿਚ ਹੀ ਨ ਸਮਝ ਲਈਏ ਕਿ ਸਾਡਾ ਸਬਦੁ ਸੁਰਤਿ ਦਾ ਮਿਲਾਪ ਹੋ ਗਿਆ ਹੈ। ਇਸ ਤੇ ਮਹਾਰਾਜ ਸਪਸ਼ਟ ਨਿਰਨਾ ਦੇਂਦੇ ਹਨ :

ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥

ਰਾਮਕਲੀ ਮਹਲਾ ੩ ਅਨੰਦੁ ਪੰਨਾ ੯੧੭



Digitized by Panjab Digital Library | www.panjabdigilib.org

ਜਿਸ ਅਨੰਦ ਦੀ ਪ੍ਰਾਪਤੀ ਲਈ ਸਾਰੀ ਦੁਨੀਆ ਤਰਸ ਰਹੀ ਹੈ ਤੇ ਪਦਾਰਥਾਂ ਦੇ ਭੋਗਾਂ ਵਿਚੋਂ ਲਭਣ ਦਾ ਅਸਫਲ ਯਤਨ ਕਰ ਰਹੀ ਹੈ, ਉਸ ਬਾਰੇ ਸਤਿਗੁਰ ਸਚੇ ਪਾਤਸਾਹ ਦਸਦੇ ਹਨ ਕਿ, ਉਹ ਅਨੰਦ ਤਦੇ ਹੀ ਪ੍ਰਾਪਤ ਹੋ ਸਕਦਾ ਹੈ ਜਦ ਸੁਰਤਿ ਤੇ ਸਬਦੁ ਦਾ ਮਿਲਾਪ ਹੋ ਜਾਵੇ। ਸਤਿਗੁਰੂ ਦਸਦੇ ਨੇ ਕਿ ਜਦੋਂ ਸਤਿਗੁਰੂ ਨੂੰ ਪਾ ਲਈਦਾ ਹੈ ਜਾਂ ਸਤਿਗੁਰੂ ਅਪਣਾ ਹੋ ਜਾਂਦਾ ਹੈ :

"ਮਨੁ ਦੇ ਰਾਮੁ ਲੀਆ ਹੈ ਮੋਲਿ ॥"

ਤਾਂ ਹੇ ਮੇਰੀ ਮਾਂ, ਮੈਨੂੰ ਅਨੰਦ ਅਵਸਥਾ ਦੀ ਪ੍ਰਾਪਤੀ ਹੋਈ। ਅਨੰਦ ਮਈ ਅਵਸਥਾ ਕੇਵਲ ਦੁਖਾਂ ਦਾ ਅਭਾਵ ਹੀ ਨਹੀਂ, ਚਿੰਤਾ ਜਾਂ ਤੌਖਲਿਆ ਦਾ ਅਭਾਵ ਹੀ ਨਹੀਂ, ਬਲਕਿ ਮਨ ਵਿਚ ਖੇੜਾ, ਚਾਅ ਤੇ ਖੁਸ਼ੀਆਂ ਸਦਾ ਲਈ ਪ੍ਰਾਪਤ ਹੋ ਗਈਆਂ। "ਸਤਿਗੁਰ ਤ ਪਾਇਆ ਸਹਜ ਸੇਤੀ" ਸਤਿਗੁਰੂ ਦੇ ਮਿਲਾਪ ਦੀ ਨਿਸ਼ਾਨੀ ਇਹ ਹੈ ਕਿ ਸਹਜ ਅਵਸਥਾ ਦੀ ਪ੍ਰਾਪਤੀ ਹੋ ਗਈ ਖੁਸ਼ੀ ਦੇ ਸ਼ਾਦਿਆਨੇ ਵੱਜੇ। ਅਨਹਦ ਬਾਣੀ ਵਿਚ ਮਨ ਲੀਨ ਹੋ ਗਿਆ। ਹੇ ਸਰੀਰ ਦੇ ਇੰਦਰਿਉ ਤੁਸੀਂ ਵੀ ਹਰੀ ਦੇ ਗੁਣ ਗਾਉ। ਜਿਸ ਦੀ ਬਖਸ਼ਿਸ਼ ਦੁਆਰਾ ਸੁੰਞੇ ਮਨ ਵਿਚ ਨਾਮੁ ਦਾ ਵਾਸ ਹੋ ਗਿਆ ਹੈ। ਸਤਿਗੁਰੂ ਦੀ ਪ੍ਰਾਪਤੀ ਨਾਲ ਅਨੰਦ ਹੀ ਅਨੰਦ ਹੈ।

ਸਬਦੁ ਸੁਰਤਿ ਦੇ ਮਿਲਾਪ ਦੀ ਸਭ ਤੋਂ ਵਡੀ ਪ੍ਰਾਪਤੀ ਹੈ ਸਹਜ ਅਵਸਥਾ। ਭਗਤ ਰਵਿਦਾਸ ਜੀ, ਆਪਣੀ ਸਹਜ ਅਵਸਥਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥


Digitized by Panjab Digital Library | www.panjabdigilib.org

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

ਰਾਗ ਗਉੜੀ ਰਵੀਦਾਸ, ਪੰਨਾ ੩੪੫

ਭਗਤ ਰਵੀਦਾਸ ਜੀ ਕਹਿੰਦੇ ਹਨ ਕਿ ਮਨ ਦੀ ਜਿਸ ਅਵਸਥਾ ਵਿਚ ਅਸੀਂ ਵਿਚਰਦੇ ਹਾਂ, ਉਸ ਨੂੰ ਅਸੀਂ ਬੇਗਮਪੁਰਾ (ਗ਼ਮ ਰਹਿਤ) ਅਵਸਥਾ ਕਹਿੰਦੇ ਹਾਂ। ਅਸੀਂ ਆਪਣੇ ਆਪ ਨੂੰ ਬੇਗਮ ਪੁਰੇ (ਅਨੰਦਪੁਰ) ਦੇ ਵਸਨੀਕ ਸਮਝਦੇ ਹਾਂ। ਉਥੇ (ਸਾਡੇ ਮਨ ਵਿਚ) ਦੁਖ ਤੇ ਚਿੰਤਾਂ ਨੂੰ ਕੋਈ ਥਾਂ ਨਹੀਂ। ਨਾ ਸਾਨੂੰ ਕੋਈ ਘਬਰਾਹਟ ਤੇ ਨਾ ਟੈਕਸ ਉਗਰਾਹੁਣ ਵਾਲਿਆਂ (ਪੰਜ ਦੁਸ਼ਟਾਂ) ਦਾ ਡਰ ਹੈ। ਅਸੀਂ ਕਿਸੇ ਤੋਂ ਡਰਦੇ ਨਹੀਂ ਤੇ ਨਾ ਹੀ ਸਾਡੇ ਕੋਲੋਂ ਕੋਈ ਭੁਲ ਹੁੰਦੀ ਹੈ। ਨਾ ਹੀ ਸਾਨੂੰ ਮਨ ਦੀ ਇਸ ਉਚੀ ਅਵਸਥਾ ਤੋਂ ਡਿਗਣ ਦਾ ਡਰ ਹੈ। ਹੁਣ ਮੈਨੂੰ ਐਸਾ ਵਤਨ ਲੱਭ ਪਿਆ ਹੈ ਜਿਥੇ ਸਦਾ ਖ਼ੈਰ ਹੈ। ਮੈਨੂੰ ਅਟਲ ਬਾਦਸ਼ਾਹੀ ਮਿਲੀ ਹੈ। ਮਾਨੋ ਮੈਂ ਕਿਸੇ ਦਾ ਮੁਥਾਜ ਨਹੀਂ। ਸਾਡੇ ਸਤਿਸੰਗੀਆਂ ਵਿਚ ਕੋਈ ਊਚ ਨੀਚ ਨਹੀਂ। ਸਭ ਅਵਲ ਹੀ ਅਵਲ ਹਾਂ। ਸਾਡੀ ਵਸੋਂ ਇਸ ਗੱਲ ਲਈ ਮਸ਼ਹੂਰ ਹੈ ਕਿ ਉਥੇ ਸਾਰੇ ਹੀ ਧਨੀ (ਨਾਮ ਧਨ ਵਾਲੇ) ਵਸਦੇ ਹਨ। ਅਸੀਂ ਹਰ ਸਮੇਂ ਇਸੇ ਅਵਸਥਾ ਵਿਚ ਵਿਚਰਦੇ ਹਾਂ ਤੇ ਸਾਨੂੰ ਕੋਈ ਰੋਕਣ ਵਾਲਾ ਨਹੀਂ।

ਭਗਤ ਰਵੀਦਾਸ ਜੀ ਕਹਿੰਦੇ ਹਨ ਕਿ ਮਾਇਆ ਦੀ ਗੁਲਾਮੀ ਤੋਂ ਸਾਡੀ ਖਲਾਸੀ ਹੋ ਚੁੱਕੀ ਹੈ। ਜੋ ਸਾਡੇ ਵਰਗੀ ਅਵਸਥਾ ਦਾ ਆਦਮੀ ਹੈ, ਉਹ ਸਾਡਾ ਮਿੱਤਰ ਹੈ। ਸੋ ਭਗਤ ਰਵੀਦਾਸ ਜੀ ਅਨੰਦ ਮਈ ਅਵਸਥਾ ਦੀਆਂ ਇਹ ਨਿਸ਼ਾਨੀਆਂ ਦਸਦੇ ਹਨ।

ਸਬਦੁ ਗੁਰੂ ਦੇ ਮਿਲਾਪ ਦੀਆਂ ਕੁਝ ਹੋਰ ਨਿਸ਼ਾਨੀਆਂ ਅਨੰਦੁ ਸਾਹਿਬ ਵਿਚ ਇਸ ਪਰਕਾਰ ਹਨ :

ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰੁ
ਮੇਰਾ ਜਿਨਿ ਭੁਖਾ ਸਭਿ ਗਵਾਈਆ ॥



Digitized by Panjab Digital Library | www.panjabdigilib.org

ਕਰਿ ਸਾਂਤਿ ਸੁਖੁ ਮਨਿ ਆਇ ਵਸਿਆ ਜਿਨਿ ਇਛਾ ਸਭ ਪੁਜਾਈਆ ।।
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਇਹਿ ਵਡਿਆਈਆ ।।
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ।।
ਸਾਚਾ ਨਾਮੁ ਮੇਰਾ ਆਧਾਰੋ ।। ੪ ।।

ਅਨੰਦੁ ਸਾਹਿਬ ਪੰਨਾ-੯੧੭

ਸਹਜ ਅਵਸਥਾ ਦੀ ਪ੍ਰਾਪਤੀ ਦੇ ਨਾਲ ਹੁਣ ਸਾਚਾ ਨਾਮੁ ਜੀਵ ਆਤਮਾ ਦਾ ਆਧਾਰ ਹੈ ਤੇ ਤ੍ਰਿਸ਼ਨਾ ਦੀ ਭੁਖ ਮੁਕ ਗਈ ਹੈ। ਨਾਮੁ ਦੇ ਮਨ ਵਿਚ ਵਸ ਜਾਨ ਨਾਲ ਮਨ ਸ਼ਾਂਤ ਰਹਿੰਦਾ ਹੈ, ਮਾਨੋਂ ਸਾਰੀਆਂ ਇਛਾਂ ਪੂਰੀਆ ਹੋ ਗਈਆਂ। ਇਹ ਸਭ ਵਡਿਆਈਆਂ ਸਬਦੁ ਗੁਰੂ ਦੇ ਪ੍ਰਸਾਦਿ ਦੀਆਂ ਹਨ ਤੇ ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ।

ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਭਾਈ ! ਤੁਸੀਂ ਵੀ ਸਬਦੁ ਗੁਰੂ ਦੇ ਨਾਲ ਪਿਆਰ ਪਾਓ, ਮੇਰਾ ਆਧਾਰ ਤਾਂ ਹੁਣ ਅਕਾਲ ਪੁਰਖ ਹੀ ਹੈ ਜੋ ਸਚੁ ਵੀ ਹੈ ਤੇ ਨਾਮੁ ਵੀ ਹੈ।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ।। ੫ ।।

ਅਨੰਦੁ ਸਾਹਿਬ, ਪੰਨਾ-੯੧੭

ਸਤਿਗੁਰ ਮਤਿ ਵਿਚ ਪੰਚ ਸ਼ਬਦ ਜੋਗੀਆਂ ਵਾਲਾ ਪੰਚ ਸ਼ਬਦ ਨਹੀਂ। ਉਹ ਲੋਗ ਪੰਜ ਕਿਸਮਾਂ ਦੇ ਸਾਜ਼ਾਂ ਦੀ ਧੁਨ (ਤਾਰ, ਚੰਮ, ਧਾਤ ਘੜੇ ਤੇ ਫੂਕ ਵਾਲੇ ਸਾਜ਼ਾਂ ਦੀ ਸਾਂਝੀ ਅਵਾਜ਼) ਨੂੰ ਪੰਚ ਸ਼ਬਦ ਆਖਦੇ ਹਨ, ਪਰ ਸਤਿਗੁਰ ਮਤਿ ਵਿਚ ਸਬਦੁ ਗੁਰੂ ਦੀ ਅਨਹਦ ਬਾਣੀ ਨੂੰ ਹੀ ਪੰਚ ਸਬਦ ਜਾਂ ਸ੍ਰੇਸ਼ਟ ਸ਼ਬਦ ਆਖਦੇ ਹਨ।

ਹੇ ਸਤਿਗੁਰੂ ! ਜਿਸ ਘਰ (ਹਿਰਦੇ) ਵਿਚ ਤੂੰ ਕਲਾਧਾਰੀ ਹੈ (ਪ੍ਰਗਟ ਹੋਇਆ ਹੈਂ) ਉਸ ਹਿਰਦੇ ਵਿਚ ਸ੍ਰੇਸ਼ਟ ਸਬਦ (ਅਨਹਦ ਬਾਣੀ) ਸੁਰਤਿ ਨੂੰ



Digitized by Panjab Digital Library | www.panjabdigilib.org

ਸੁਨਾਈ ਦੇਣ ਲਗ ਪੈਂਦੀ ਹੈ। ਉਸ ਅਨਹਦ ਬਾਣੀ ਦੇ ਉਪਦੇਸ਼ ਦੁਆਰਾ ਪੰਚ ਦੂਤ (ਕਾਮ ਆਦਿ), ਤੇਰੀ ਬਖਸ਼ਿਸ਼ ਨਾਲ, ਉਸ ਸੁਭਾਗੇ ਚੇਲੇ ਦੇ ਵਸ ਹੋ ਜਾਂਦੇ ਹਨ। ਕਾਲ ਦਾ ਡਰ ਦੂਰ ਹੋ ਜਾਂਦਾ ਹੈ। ਉਹ ਨਿਸਚਿੰਤ ਹੋ ਕੇ ਹਰੀ ਨਾਮ ਸਿਮਰਨ ਵਿਚ ਲੱਗ ਜਾਂਦੇ ਹਨ। ਇਹ ਸਾਰੀ ਬਖਸ਼ਿਸ਼ ਉਨ੍ਹਾਂ ਤੇ ਹੁੰਦੀ ਹੈ, ਜਿਨ੍ਹਾਂ ਲਈ ਧੁਰੋਂ ਹੀ ਲਿਖਤ ਪਈ ਹੁੰਦੀ ਹੈ। ਮਹਾਰਾਜ ਦਸਦੇ ਨੇ ਕਿ ਜਿਥੇ ਸਬਦੁ ਗੁਰੂ ਪ੍ਰਗਟ ਹੁੰਦਾ ਹੈ,. ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ ਤੇ ਅਨਹਦ ਸਬਦ ਸੁਰਤਿ ਵਿਚ ਵਜਦਾ ਰਹਿੰਦਾ ਹੈ।

ਜਿਸ ਵੇਲੇ ਸਤਿਗੁਰੂ ਦਾ ਮਿਲਾਪ ਹੋਇਆ ਤੇ ਅਪਨਾ ਮਨ ਉਸ ਨੂੰ ਅਰਪਣ ਕਰ ਦਿਤਾ ਤਾਂ ਸਤਿਗੁਰੂ ਸਿੱਖ ਨੂੰ ਆਪਣੇ ਪੇਟੇ ਪਾ ਲੈਂਦਾ ਹੈ ਤੇ ਆਪਣੇ ਉਧਦੇਸ਼ ਦੁਆਰਾ ਪਾਪਾਂ ਦੀ ਮੈਲ ਧੋ ਕੱਢਦਾ ਹੈ। ਉਸ ਵੇਲੇ ਸਿੱਖ ਜੋ ਕੁਝ ਵੀ ਕਰਦਾ ਹੈ ਗੁਰੂ ਦੇ ਹੁਕਮ ਵਿਚ ਹੀ ਕਰਦਾ ਹੈ। ਸੁਰਤ ੨੪ ਘੰਟੇ ਗੁਰੂ ਦੀ ਆਗਿਆ ਦਾ ਪਾਲਣ ਕਰਦੀ ਹੈ। ਪਹਿਲੇ ਸੁਰਤ ਮਨ ਤੇ ਬੁੱਧੀ ਦੇ ਅਧੀਨ ਸੀ, ਹੁਣ ਗੁਰੂ ਦੇ ਅਧੀਨ ਹੈ ਤੇ ਮਨ ਤੇ ਬੁੱਧੀ ਸੁਰਤਿ ਦੇ ਅਧੀਨ ਹਨ। ਇਸੇ ਨੂੰ ਹੀ ਹੁਕਮ ਰਜਾਈ ਚਲਨਾ ਕਹਿੰਦੇ ਹਨ। ਹੁਣ ਕੂੜ ਦੀ ਪਾਲ ਟੁਟ ਗਈ ਹੈ, ਸਿੱਖ ਦੇ ਪਿਛਲੇ ਪਾਪ ਧੋਤੇ ਗਏ, ਅੱਗੋਂ ਤੋਂ ਗੁਰੂ ਦੇ ਹੁਕਮ ਵਿਚ ਚਲਿਆ। ਇਸ ਦਾ ਮਤਲਬ ਇਹ ਹੈ ਕਿ ਅੱਗੋਂ ਤੋਂ ਉਹ ਨਾ ਪਾਪ ਕਰਦਾ ਹੈ, ਨਾ ਪੁੰਨ ਕਰਦਾ ਹੈ। ਉਹ ਤਾਂ ਕੇਵਲ ਗੁਰੂ ਦਾ ਹੁਕਮ, ਬਿਨਾਂ ਸੋਚੇ ਸਮਝੇ, ਮੰਨਦਾ ਹੈ। ਇਸ ਕਰਕੇ ਉਹ ਪਾਪ ਪੁੰਨ ਤੋਂ ਬਰੀ ਹੈ। ਪਾਪ ਪੁੰਨ ਦਾ ਫਲ ਭੁਗਤਨ ਲਈ ਹੀ ਜਨਮ ਲੈਣਾ ਪੈਂਦਾ ਹੈ। ਜੇ ਨ ਪਾਪ ਕਰੀਏ ਤੇ ਨ ਹੀ ਪੁੰਨ ਕਰੀਏ ਤਾਂ ਜਨਮ ਮਰਨ ਕਟਿਆ ਗਿਆ। ਇਹ ਹੈ ਪੂਰੇ ਗੁਰੂ ਦੀ ਵਡਿਆਈ।

ਮ: ੫ ॥ ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆਂ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥
ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥


Digitized by Panjab Digital Library | www.panjabdigilib.org

ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮੁ ਪਰਮੇਸੁਰ ਅਪਰੰਪਰ ਅਲਖ ਅਭੇਵ ॥ ੧੯ ॥
ਰਾਗ ਗੂਜਰੀ ਵਾਰ ਮਹਲਾ ੫, ॥ ਪੰਨਾ ੫੨੨

ਮਹਾਰਾਜ ਦਸਦੇ ਹਨ ਕਿ ਸਤਿਗੁਰੂ (ਸਬਦੂ ਗੁਰੂ) ਦੇ ਮਿਲਾਪ ਨਾਲ ਭਵ ਸਾਗਰ ਤਰਨ ਦੀ ਜੁਗਤ ਪੂਰੀ ਹੋ ਗਈ। ਸਤਿਗੁਰੂ ਦੇ ਹੁਕਮ ਰਜਾਈ ਚਲਨ ਨਾਲ ਪਾਪ ਪੁੰਨ ਤੋਂ ਬਚ ਗਏ। ਹੁਣ ਜੇ ਅਸੀਂ ਹੱਸਦੇ ਖੇਡਦੇ, ਖਾਂਦੇ ਪੀਂਦੇ ਤੇ ਪਹਿਨਦੇ ਹਾਂ, ਇਹ ਸਭ ਹੁਕਮ ਰਜਾਈ ਹੀ ਚਲ ਰਹੇ ਹਾਂ। ਹੁਣ ਸਾਨੂੰ ਤ੍ਰੈ ਗੁਣੀ ਮਾਇਆ ਤੋਂ ਮੁਕਤੀ ਮਿਲ ਗਈ ਹੈ।

ਪਉੜੀ ॥ ਐਸੇ ਸਤਿਗੁਰੂ ਦਾ ਜਿੰਨਾਂ ਵੀ ਧੰਨਵਾਦ ਕਰੀਏ ਥੋੜ੍ਹਾ ਹੈ, ਜਿਸ ਨੇ ਮਾਇਆ ਦਾ ਰਚਿਆ ਭਰਮ ਭ੍ਰਾਂਤੀ ਦਾ ਕਿਲਾ ਤੋੜ ਦਿਤਾ ਹੈ। ਐਸੇ ਸਤਿਗੁਰੂ ਨੂੰ ਵਾਹੁ ਵਾਹੁ ਆਖਦੇ ਹਾਂ, ਜਿਸ ਨੇ ਸਾਨੂੰ ਹਰੀ ਨਾਲ ਜੋੜ ਦਿਤਾ ਹੈ। ਸਤਿਗੁਰੂ ਨੇ ਹਉਮੈ ਦਾ ਰੋਗ ਕੱਟਨ ਲਈ ਨਾਂ ਮੁੱਕਨ ਵਾਲਾ ਨਾਮੁ ਦਾ ਖਜ਼ਾਨਾ ਬਖਸ਼ ਦਿਤਾ ਹੈ। ਇਸ ਦਾਰੂ ਨਾਲ ਹਉਮੈ ਦਾ ਭਿਆਨਕ ਰੋਗ ਦੂਰ ਹੋ ਗਿਆ ਹੈ। ਨਾਮ ਨਿਧਾਨੁ ਜੋ ਸੱਚਾ ਖਜ਼ਾਨਾ ਹੈ ਉਸ ਨੂੰ ਪਾ ਕੇ ਅਸੀਂ ਆਪਣੇ ਆਪੇ ਨੂੰ ਪਛਾਣ ਲਿਆ ਹੈ। ਕਿ ਅਸੀਂ ਦੇਹ ਨਹੀਂ, ਅਸੀਂ ਤਾਂ ਜੋਤ ਸਰੂਪ ਹਾਂ। ਇਸ ਲਈ ਅਸੀਂ ਇਹ ਜਨਮ ਜਿਤ ਕੇ ਚਲੇ ਹਾਂ। ਪੂਜਣ ਯੋਗ ਸਮਰਥ ਗੁਰੂ ਦੀ ਮਹਿਮਾ ਕਹਿਣੀ ਕਠਨ ਹੈ। ਕਿਉਂ ਜੋ ਪਾਰਬ੍ਰਹਮ ਪਰਮੇਸਰ ਜੋ ਪਰੇ ਤੋਂ ਪਰੇ ਹੈ, ਜੋ ਲਖਿਆ ਨਹੀਂ ਜਾ ਸਕਦਾ, ਜਿਸਦਾ ਭੇਦ ਧਾਇਆ ਹੀ ਨਹੀਂ ਜਾ ਸਕਦਾ, ਉਹੀ ਸਬਦੂ ਰੂਪ ਗੁਰੂ ਹੈ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ੪ ॥ ੧ ॥
ਆਸਾ ਮਹਲਾ ੪, ਪੰਨਾ-੪੪੨

ਅਸੀਂ ਸਰੀਰ ਰੂਪੀ ਸਮੁੰਦਰ ਨੂੰ ਵਿਰੋਲ ਕੇ ਦੇਖਿਆ ਹੈ। ਉਸਦੇ ਅੰਦਰ ਇਕ ਅਨੂਪ ਵਸਤੂ ਦਿਖਾਈ ਦਿਤੀ ਹੈ। ਉਥੇ (ਸਰੀਰ ਦੇ ਅੰਦਰ) ਗੋਬਿੰਦ


Digitized by Panjab Digital Library | www.panjabdigilib.org

ਵੀ ਹੈ ਤੇ ਗੁਰੂ ਵੀ ਹੈ। ਪਰ ਗੋਬਿੰਦ ਹੀ ਗੁਰੂ ਹੈ ਤੇ ਗੁਰੂ ਹੀ ਗੋਬਿੰਦ ਹੈ। ਇਨ੍ਹਾਂ ਦੋਹਾਂ ਵਿਚ ਕੋਈ ਭੇਦ ਨਹੀਂ।

ਮਿਸਾਲ ਵਜੋਂ ਜੇ ਇਕੋ ਮਨੁੱਖ ਖਜ਼ਾਨਾ ਮੰਤਰੀ ਵੀ ਹੋਵੇ ਤੇ ਰੇਲ ਮੰਤਰੀ ਵੀ ਹੋਵੇ। ਜੇ ਉਹ ਖਜਾਨੇ ਵਾਲੇ ਦਫਤਰ ਵਿਚ ਬੈਠਾ ਹੋਵੇਗਾ ਤਾਂ ਬਾਹਰ ਬੋਰਡ ਉਤੇ ਖਜਾਨਾ ਮੰਤਰੀ ਲਿਖਿਆ ਹੋਵੇਗਾ ਤੇ ਜੇ ਉਹ ਰੇਲ ਵਾਲੇ ਦਫਤਰ ਵਿਚ ਬੈਠਾ ਹੋਵੇਗਾ ਤਾਂ ਬਾਹਰ ਬੋਰਡ ਉਤੇ ਰੇਲ ਮੰਤਰੀ ਲਿਖਿਆ ਹੋਵੇਗਾ। ਇਹੋ ਹੀ ਢੰਗ ਸਮਝਣ ਲਈ ਵਰਤਣ ਦੀ ਲੋੜ ਹੈ ਕਿ ਗੁਰੂ ਦੇ ਭਿੰਨ ਰੂਪ ਅਤੇ ਕਰਮ ਕਿਵੇਂ ਵੱਖ ਸਮਝੇ ਜਾ ਸਕਦੇ ਹਨ।

ਹੁਣ ਚੇਲੇ ਨੇ ਸਬਦੁ ਗੁਰੂ ਦੇ ਮਿਲਾਪ ਦੁਆਰਾ ਪੰਜਾਂ ਦੁਸ਼ਟਾਂ ਨੂੰ ਜਿਤ ਲਿਆ, ਸਤਿ ਸੰਤੋਖ ਤੇ ਹੋਰ ਗੁਣਾਂ ਨੂੰ ਧਾਰਨ ਕਰ ਲਿਆ। ਮੌਤ ਦਾ ਡਰ ਦੂਰ ਹੋ ਗਿਆ, ੨੪ ਘੰਟੇ ਅਨਹਦ ਬਾਣੀ ਦੁਆਰਾ ਗੁਰ ਉਪਦੇਸ਼ ਸੁਨਣ ਨਾਲ਼ ਮਨ ਬਾਹਰ ਨਹੀਂ ਜਾਂਦਾ। ਪਰ ਕੀ ਇਹ ਸਭ ਕੁਝ ਕਾਫੀ ਹੈ? ਉੱਤਰ ਨਹੀਂ ਵਿਚ ਹੈ। ਅਸੀਂ ਆਪਣੇ ਪਤੀ ਨਾਲੋਂ ਵਿਛੜੀਆਂ ਹੋਈਆਂ ਹਾਂ। ਪਤੀ ਮਿਲਾਪ ਤੋਂ ਬਿਨਾਂ ਧੀਰਜ ਕਿਥੇ। ਜੇ ਕਿਸੇ ਇਸਤਰੀ ਨੂੰ ਇਸ ਸੰਸਾਰ ਵਿਚ ਰਹਿੰਦੀਆਂ ਹੋਇਆ ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੋਣ, ਕੋਠੀਆਂ ਕਾਰਾਂ, ਨੌਕਰ, ਚਾਕਰ, ਧਨ ਆਮ ਹੋਵੇ, ਨੂੰਹਾਂ ਪੁੱਤਰ ਆਗਿਆ ਕਾਰੀ ਹੋਣ, ਸਮਾਜ ਵਿਚ ਉਸਦਾ ਮਾਨ ਸਤਿਕਾਰ ਕੀਤਾ ਜਾਂਦਾ ਹੋਵੇ, ਪਰ ਜੇ ਉਹ ਵਿਧਵਾ ਹੋਵੇ ਤਾਂ ਉਸਦਾ ਬਦਨ ਕੁਮਲਾਉਣਾ ਸ਼ੁਰੂ ਹੋ ਜਾਵੇਗਾ। ਪਤੀ ਵਿਛੋੜੇ ਦਾ ਦੁਖ ਉਸ ਨੂੰ ਘੁਣ ਵਾਂਙੂ ਲਗਾ ਰਹੇਗਾ, ਪਲਰ੍ਹਨ ਨਹੀਂ ਦੇਵੇਗਾ।

ਸਤਿਗੁਰੂ ਦੇ ਹਜ਼ੂਰ ਇਕ ਸੁਹਾਗਨ ਸਿਖ ਆਪਣੀ ਬਿਰਥਾ ਇਸ ਤਰ੍ਹਾਂ ਦਸਦਾ ਹੈ:

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ॥
ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ॥ ੧॥
ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥
ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ॥੧॥
ਰਹਾਉ॥........
ਮੁਕਤਿ ਭਈ ਬੰਧਨ ਗੁਰਿ ਖੋਲੇ ਸਬਦਿ ਸੁਰਤਿ ਪਤਿ ਪਾਈ॥



Digitized by Panjab Digital Library | www.panjabdigilib.org

ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲ ਮਿਲਾਈ ॥ ੫ ॥ ੪ ॥

ਮਲਾਰ ਮਹਲਾ ੧ ॥ ਪੰਨਾ-੧੨੫੫

ਉਹ ਸੁਹਾਗਣ ਸਤਿਗੁਰਾਂ ਨੂੰ ਕਹਿੰਦੀ ਹੈ ਕਿ ਮੇਰਾ ਪਿਰ ਨਾਲ ਮਿਲਾਪ ਹੋ ਗਿਆ ਹੈ। ਮੈਂ ਕਹਿੰਦੀ ਹਾਂ ਕਿ ਹੇ ਮਿਹਰਾਂ ਤੇ ਰਹਮਤਾਂ ਦੇ ਬਦਲ ਵਸੋ, ਕਿਉਂ ਜੋ ਮੇਰਾ ਪਤੀ ਨਾਮੁ ਨਿਰੰਜਨ ਹਿਰਦੇ ਵਿਚ ਪ੍ਰਗਟ ਹੋ ਗਿਆ ਹੈ। ਮੈਂ ਆਪਣੇ ਪਿਆਰੇ (ਸਬਦੁ) ਗੁਰੂ ਤੋਂ ਸਦਕੇ ਜਾਂਦੀ ਹਾਂ ਜਿਸ ਦੀ ਬਖਸ਼ਿਸ਼ ਸਦਕਾ ਮੈਨੂੰ ਆਪਣੇ ਪਤੀ ਦਾ ਮਿਲਾਪ ਹੋਇਆ ਹੈ। ਪਰ ਜਿਨ੍ਹਾਂ ਜੀਵ ਆਤਮਾਵਾਂ ਨੇ ਧਨ ਪਿਰ ਵਾਲਾ ਸੁਆਦ ਹੀ ਨਹੀਂ ਜਾਣਿਆ, ਪੁਰਖ ਨਿਰੰਜਨ ਨਾਲ ਸੇਜ ਹੀ ਨਹੀਂ ਮਾਣੀ, ਉਨ੍ਹਾਂ ਦੇ ਬਦਨ (ਜੀਵ ਆਤਮਾ) ਉਸੇ ਤਰ੍ਹਾਂ ਕੁਮਲਾ ਜਾਂਦੇ ਹਨ, ਜਿਸ ਤਰ੍ਹਾਂ ਕੋਈ ਬਿਰਖ ਜਾਂ ਬਨਸਪਤੀ ਪਾਣੀ ਤੋਂ ਬਿਨਾਂ ਕੁਮਲਾ ਜਾਂਦੀ ਹੈ। ਜਿਨ੍ਹਾਂ ਨੂੰ ਸਬਦੁ ਗੁਰੂ ਦੀ ਪ੍ਰਾਪਤੀ ਨਹੀਂ ਹੋਈ, ਉਹ ਭਰਮ ਭ੍ਰਾਂਤੀ ਦੇ ਜਾਲ ਵਿਚੋਂ ਨਹੀਂ ਨਿਕਲ ਸਕਦੇ ਤੇ ਭੁਲੇਖਿਆਂ ਵਿਚ ਪੈ ਕੇ ਪਏ ਭਟਕਦੇ ਹਨ। ਪਿਛਲੇ ਕਮਾਏ ਮਾੜੇ ਕਰਮਾਂ ਦੇ ਕਾਰਨ ਉਹ ਨਿਰਾਸ ਹੋ ਕੇ ਭਟਕਦੇ ਫਿਰਦੇ ਹਨ। ਉਹ ਸੁਹਾਗਨ ਮਹਾਰਾਜ ਨੂੰ ਦਸਦੀ ਹੈ ਕਿ ਸਬਦੁ ਸੁਰਤਿ ਦੇ ਮਿਲਾਪ ਕਾਰਨ ਗੁਰੂ ਨੇ ਮੇਰੇ ਮਾਇਆ ਦੇ ਬੰਧਨ ਖੋਹਲ ਦਿਤੇ ਨੇ ਤੇ ਮੈਨੂੰ ਮਾਣ ਬਖਸ਼ਿਆ ਹੈ। ਹੁਣ ਮੇਰੇ ਤਲ ਹੀਅਲ ਵਿਚ ਨਾਮੁ ਦਾ ਨਿਵਾਸ ਹੈ। ਗੁਰਮੁਖਿ (ਸਬਦੁ ਗੁਰੂ) ਦੀ ਬਖਸ਼ਿਸ਼ ਦੁਆਰਾ ਮੇਰਾ ਆਪਣੇ ਪਤੀ ਨਾਲ ਮੇਲ ਹੋਇਆ ਹੈ।

ਇਸ ਬਾਰੇ ਵਿਚ ਸ਼ੇਖ ਫਰੀਦ ਜੀ ਭੀ ਫੁਰਮਾਉਂਦੇ ਹਨ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦ ॥

ਪੰਨਾ-੧੩੭੯

ਸ਼ੇਖ ਫਰੀਦ ਜੀ ਜਿਨ੍ਹਾਂ ਦਾ ਰੱਬ ਨਾਲ ਧਨ ਪਿਰ ਵਾਲਾ ਮੇਲ ਸੀ ਕਹਿੰਦੇ ਨੇ ਕਿ ਅਸੀਂ ਅੱਜ ਉਸਦਾ ਮਿਲਾਪ ਨਹੀਂ ਮਾਣ ਸਕੇ ਤੇ ਸਾਡੇ ਅੰਗ ਮੁੜ ਮੁੜ ਪਏ ਜਾਂਦੇ ਨੇ। ਉਨ੍ਹਾਂ ਡੁਹਾਗਣਾਂ ਨੂੰ ਪੁਛਣਾ ਚਾਹੀਦਾ ਹੈ ਕਿ ਪਤੀ ਤੋਂ ਬਿਨਾਂ ਤੁਹਾਡੀ ਉਮਰ ਰੂਪੀ ਰਾਤ ਕਿਸ ਤਰ੍ਹਾਂ ਲੰਘ ਰਹੀ ਹੈ।

ਇਸ ਲਈ ਜੀਵ ਆਤਮਾਂ ਸਬਦੁ ਗੁਰੂ ਪਿਤਾ ਅੱਗੇ ਬੇਨਤੀ ਕਰਦੀ ਹੈ ਕਿ



Digitized by Panjab Digital Library | www.panjabdigilib.org

ਹੇ ਸਤਿਗੁਰੂ ਜੀ ਮੈਂ ਆਪ ਜੀ ਦੇ ਘਰ ਜਨਮ ਲਿਆ ਹੈ । ਆਪ ਮੇਰੇ ਮਾਪੇ ਹੋ, ਆਪ ਮੇਰੇ ਲਈ ਵਰ ਢੂੰਡੋ ।

"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" (ਸਿਧ ਗੋਸਟਿ) ੯੪੦

ਜਿਸ ਵੇਲੇ ਸਬਦੁ ਸੁਰਤ ਦਾ ਮਿਲਾਪ ਹੁੰਦਾ ਹੈ, ਉਸ ਵੇਲੇ ਜੀਵਨ ਪਲਟਾ ਖਾ ਜਾਂਦਾ ਹੈ । ਅਸੀਂ ਗੁਰੂ ਦੇ ਹੋ ਜਾਂਦੇ ਹਾਂ । ਅਸੀਂ ਗੁਰੂ ਦੇ ਘਰ ਨਵਾਂ ਜਨਮ ਲੈਂਦੇ ਹਾਂ । ਉਹ ਸਾਨੂੰ ਆਪਣੀ ਧੀ ਸਮਝ ਕੇ ਚਜ ਆਚਾਰ ਸਿਖਾਂਦਾ ਹੈ।

ਕੰਤ ਦੇ ਮਿਲਾਪ ਲਈ ਹਉਮੈ ਦੀ ਕੰਧ ਤੋੜਨ ਦੀ ਲੋੜ ਹੈ । ਕਿਉਂ ਜੋ :—

ਧਨ ਪਿਰ ਏਕੈ ਸੰਗਿ ਬਸੇਰਾ ॥
ਸੇਜ ਏਕ ਪੈ ਮਿਲਨੁ ਦੁਹੇਰਾ ॥

ਆਸਾ ਸ੍ਰੀ ਕਬੀਰ ਜੀ, ਪੰਨਾ–੪੮੩

ਏਕਾ ਸੇਜ ਵਿਛੀ ਧਨ ਕੰਤਾ ॥
ਧਨ ਸੂਤੀ ਪਿਰੁ ਸਦ ਜਾਗੰਤਾ ॥

ਸੂਹੀ ਮਹਲਾ ੫ ॥ ਪੰਨਾ ੭੩੭

ਜੇ ਧਨ ਤੇ ਪਿਰ ਦਾ ਇਕੋ ਸੇਜ ਤੇ ਵਾਸਾ ਹੈ ਤਾਂ ਉਨ੍ਹਾਂ ਦਾ ਮੇਲ ਕਿਉਂ ਨਹੀਂ ਹੁੰਦਾ ?

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥ ੪ ॥ ੧ ॥

ਮਲਾਰ ਮਹਲਾ ੪–੧੨੬੩

ਪਤੀ ਤੇ ਪਤਨੀ ਦੇ ਇਕੋ ਸੇਜ ਤੇ ਹੋਣ ਤੇ ਵੀ ਹਉਮੈ ਦੀ ਕੰਧ ਕਾਰਨ ਮਿਲਾਪ ਨਹੀਂ ਹੋ ਰਿਹਾ । ਹਉਮੈ ਦੀ ਭੀਤ ਸਬਦੁ ਗੁਰੂ ਤੋਂ ਬਿਨਾਂ ਕੌਣ ਤੋੜੇ । ਕੋਈ ਵੀ ਦੇਹ ਧਾਰੀ ਇਸ ਦੇ ਸਮਰਥ ਨਹੀਂ ।

ਇਸ ਲਈ ਜੀਵ ਆਤਮਾ ਬੇਨਤੀ ਕਰਦੀ ਹੈ ਕਿ :

ਸਿਰੀ ਰਾਗੁ ਮਹਲਾ ੪ ਘਰੁ ੨ ਛੰਤ ॥

ੴ ਸਤਿਗੁਰ ਪ੍ਰਸਾਦਿ ॥

ਮੁੰਧ ਇਆਣੀ ਪੇਈਅੜੈ ਕਿਉਕਰਿ ਹਰਿਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥



Digitized by Panjab Digital Library | www.panjabdigilib.org

ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥ ੧ ॥

ਸਿਰੀ ਰਾਗੁ ਮਹਲਾ ੪ ਘਰ ੨ ਛੰਤ ॥ ਪੰਨਾ-੭੮

ਜੀਵ ਆਤਮਾ ਪ੍ਰਭੂ ਅੱਗੇ ਅਰਦਾਸ ਕਰਦੀ ਹੈ ਕਿ ਹੇ ਹਰੀ ਜੀ, ਮੈਂ ਅੰਜਾਣੀ ਇਸਤਰੀ ਪੇਕੇ ਬੈਠੀ ਹਾਂ। ਮੈਨੂੰ ਆਪ ਜੀ ਦਾ ਦਰਸ਼ਨ ਕਿਸ ਤਰ੍ਹਾਂ ਹੋਵੇ। ਹੇ ਹਰੀ ਜੀ ਜੇ ਤੁਸੀਂ ਕਿਰਪਾ ਕਰੋ ਤਾਂ ਮੈਂ, ਆਪਣੇ ਪਿਤਾ ਗੁਰਮੁਖਿ (ਸਬਦੁ ਗੁਰੂ) ਦੇ ਉਪਦੇਸ਼ ਦੁਆਰਾ ਅਜਿਹੇ ਕੰਮ ਸਿੱਖਾਂ, ਐਸੇਚੱਜ ਆਚਾਰ ਸਿੱਖਾਂ ਜਿਹੜੇ ਸਹੁਰੇ ਜਾਣ ਤੋਂ ਪਹਿਲਾਂ ਜ਼ਰੂਰ ਸਿਖਣੇ ਚਾਹੀਦੇ ਹਨ। ਗੁਰੂ ਦੇ ਉਪਦੇਸ਼ ਦੁਆਰਾ ਸਹੁਰੇ ਜਾਣ ਵਾਲੇ ਕੰਮ (ਚੱਜ ਅਚਾਰ) ਸਿਖਣ ਲਈ ਸਭ ਤੋਂ ਪਹਿਲਾਂ ਹਰੀ ਨਾਮੁ ਨੂੰ ਧਿਆਨ ਵਿਚ ਵਸਾਉਨਾ ਹੈ। ਤਦ ਉਹ ਵਹੁਟੀ ਹਰ ਦਰਗਹ (ਸਹੁਰੇ) ਜਾ ਕੇ ਬਾਹਾਂ ਲੁਡਾ ਕੇ ਫਿਰੇਗੀ ਤੇ ਸਖੀਆਂ ਵਿਚ ਸ਼ੋਭਾ ਪਾਏਗੀ। ਹਰਿ ਹਰਿ ਨਾਮ ਜਪ ਕੇ ਧਰਮ ਰਾਏ ਦੇ ਲੇਖੇ ਉਤੇ ਤੇ ਉਸਦੀ ਬਾਕੀ ਰਹਿੰਦੀ ਰਕਮ ਉਤੇ ਲਕੀਰ ਫਿਰ ਜਾਏਗੀ। ਅੰਜਾਣ ਇਸਤਰੀ ਨੇ ਪੇਕੇ ਘਰ ਵਿਚ ਗੁਰੂ ਦੀ ਮਤ ਲੈ ਕੇ ਹਰਿ ਹਰਿ ਨਾਮ ਧਿਆਨ ਵਿਚ ਵਸਾ ਲਿਆ ਹੈ, ਤੇ ਹੁਣ ਉਹ ਹਰਿ ਦਰਸ਼ਨ ਪਿਖਨ ਦੇ ਯੋਗ ਹੋ ਗਈ ਹੈ।

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰਿ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥ ੨ ॥

ਪੰਨਾ-੭੮

ਹੇ ਮੇਰੇ ਬਾਬਲ ਜੀ ! ਆਪ ਨੇ ਮੇਰਾ ਵਿਆਹ ਹਰੀ ਨਾਲ ਨਿਸਚਿਤ (ਪੱਕਾ) ਕਰ ਦਿਤਾ ਹੈ। ਆਪ (ਗੁਰੂ) ਦੀ ਮਿਹਰ ਦੁਆਰਾ ਮੈਂ ਹਰੀ ਨੂੰ ਪਾ ਲਿਆ ਹੈ।



Digitized by Panjab Digital Library | www.panjabdigilib.org

ਵਿਆਹ ਤੋਂ ਪਹਿਲਾਂ ਆਪ ਜੀ ਨੇ ਮੈਨੂੰ ਚੱਜ ਆਚਾਰ ਸਿਖਾਏ ਹਨ। ਆਪ ਜੀ ਨੇ ਮੇਰਾ ਅਗਿਆਨਤਾ ਦਾ ਹਨੇਰਾ ਕੱਟਿਆ ਹੈ ਤੇ ਗੁਰੂ ਗਿਆਨ ਦਾ ਤੇਜ਼ ਰੋਸ਼ਨੀ ਵਾਲਾ ਚਾਣਨਾ ਕਰ ਦਿਤਾ ਹੈ। ਗੁਰੂ ਦੇ ਗਿਆਨ ਰੂਪੀ ਚਾਨਣ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ ਹੈ ਤੇ ਹਰੀ ਜਿਹੜਾ ਰਤਨਾਂ ਵਰਗਾ ਪਦਾਰਥ ਹੈ ਉਹ ਮੇਰਾ ਹੋ ਗਿਆ ਹੈ। ਆਪ ਜੀ ਨੇ ਮੇਰਾ ਹਉਮੈ ਦਾ ਰੋਗ ਦੂਰ ਕਰ ਦਿਤਾ ਹੈ ਤੇ ਦੁੱਖਾਂ ਦਾ ਨਾਸ ਹੋ ਗਿਆ ਹੈ। ਗੁਰੂ ਦੀ ਮਤ ਦੁਆਰਾ ਹਉਮੈ ਖਾਧੀ ਗਈ ਹੈ। ਮੈਨੂੰ ਵਰ ਐਸਾ ਮਿਲਿਆ ਹੈ ਜਿਸਦੀ ਹਸਤੀ ਕਾਲ ਦੇ ਅਧੀਨ ਨਹੀਂ, ਉਹ ਨਾਸ ਰਹਿਤ ਹੈ, ਨਾ ਕਦੇ ਮਰਦਾ ਹੈ ਤੇ ਨ ਜੰਮਦਾ ਹੈ। ਹੁਣ ਮੇਰਾ ਸੁਹਾਗ ਅਟਲ ਹੈ। ਹੇ ਮੇਰੇ ਬਾਬੁਲ ਜੀ, ਆਪ ਨੇ ਮੇਰਾ ਵਿਆਹ ਹਰੀ ਨਾਲ ਪੱਕਾ ਕਰ ਦਿਤਾ ਹੈ ਤੇ ਆਪ ਜੀ ਦੀ ਬਖਸ਼ਿਸ਼ ਸਦਕਾ ਮੈਂ ਹਰੀ ਨੂੰ ਪਾ ਲਿਆ ਹੈ।

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥ ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥ ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿਜਨ ਮਿਲਿ ਜੰਞ ਸੋਹੰਦੀ ॥ ੩ ॥

ਪੰਨਾ-੭੮

ਹੇ ਮੇਰੇ ਗੁਰੂ ਪਿਤਾ ਜੀਓ ! ਹਰੀ ਜਿਹੜਾ ਸੱਚੋ ਸਚੁ ਹੈ ਉਹ ਅਪਨੇ ਭਗਤਾਂ ਦੀ ਜੰਞ ਲੈ ਕੇ ਢੁਕਿਆ ਹੈ। ਹਰੀ ਲਾੜਾ ਤੇ ਉਸ ਦੇ ਭਗਤਾਂ ਦੀ ਜੰਞ ਕਿੰਨੀ ਸੋਭਾ ਦੇ ਰਹੀ ਹੈ।

"ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥"

ਪੰਨਾ-੭੭੪

ਉੱਧਰ ਮੈਂ ਵੀ ਪੇਕੇ (ਗੁਰੂ ਦੇ ਘਰ) ਹਰੀ ਨਾਮ ਜਪ ਕੇ ਸ਼ੋਭਾ ਖੱਟੀ ਹੈ। ਹੁਣ ਮੈਂ ਸਹੁਰੇ ਜਾ ਕੇ ਸ਼ੋਭਾ ਪਾਵਾਂਗੀ। ਸਹੁਰੇ ਘਰ ਜਾ ਕੇ ਉਹੀ ਸ਼ੋਭਾ ਪਾਏਗੀ ਜਿਸ ਨੇ ਪੇਕੇ ਨਾਮ ਜਪਿਆ ਹੈ ਤੇ ਉਸ ਨੂੰ ਸੰਭਾਲਿਆ ਹੈ। ਉਨ੍ਹਾਂ ਦਾ ਹੀ


Digitized by Panjab Digital Library | www.panjabdigilib.org

ਜਨਮ ਸਫਲ ਹੈ, ਜਿਨ੍ਹਾਂ ਨੇ ਗੁਰੂ ਦੀ ਮਤ ਦੁਆਰਾ ਮਨ ਨੂੰ ਜਿਤ ਕੇ ਪਾਸਾ ਢਾਲਿਆ ਹੈ। ਹਰੀ ਦੇ ਜਨ (ਮੁਕਤ ਹੋਈਆਂ ਆਤਮਾਵਾਂ, ਪੰਚ ਪਰਵਾਨ), ਜੋ ਜੰਞ ਵਿਚ ਸ਼ਾਮਲ ਹੋਏ ਹਨ, ਉਨ੍ਹਾਂ ਨਾਲ ਇਹ ਵਿਆਹ ਦਾ ਕਾਰਜ ਸ਼ੋਭਾ ਦੇ ਰਿਹਾ ਹੈ। ਉਹ ਅਨੰਦ ਸਰੂਪ ਪੁਰਖ ਮੈਨੂੰ ਵਰ ਰੂਪ ਵਿਚ ਮਿਲਿਆ ਹੈ। ਹੇ ਮੇਰੇ ਪਿਤਾ ਜੀਓ ! ਉਹ ਹਰੀ ਸੱਚੋ ਸੱਚ ਹੈ ਤੇ ਉਸਦੇ ਭਗਤ ਜਨ ਜੰਞ ਦੀ ਸ਼ੋਭਾ ਵਧਾ ਰਹੇ ਹਨ।

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ੪ ॥

ਪੰਨਾ-੭੯

ਗੁਰੂ ਪਿਤਾ ਪੁੱਛਦੇ ਨੇ ਕਿ ਹੇ ਧੀਏ ! ਮੈਂ ਤੇਰੇ ਦਾਜ ਵਿਚ ਕੀ ਦਾਨ ਦਿਆਂ। ਜੀਵ ਆਤਮਾ ਕਹਿੰਦੀ ਹੈ ਕਿ ਪਿਤਾ ਜੀ ! ਮੈਨੂੰ ਹਰੀਨਾਮੁ ਸਿਮਰਨ ਦਾਜ ਵਿਚ ਦਿਉ। ਹਰੀ ਨਾਮੁ ਰੂਪੀ ਕਪੜੇ ਤੇ ਹਰੀ ਦੀ ਸ਼ੋਭਾ ਕਰਨੀ, ਗੁਣ ਗਾਉਣੇ ਦਿਉ, ਜਿਸ ਨਾਲ ਮੇਰਾ ਕੰਮ ਸੌਰ ਜਾਵੇ। ਹਰੀ ਦੀ ਭਗਤੀ, ਸ਼ੋਭਾ ਦੇਣ ਵਾਲਾ ਕੰਮ ਹੈ। ਗੁਰੂ ਸਤਿਗੁਰੂ ਨੇ ਇਹੀ ਦਾਜ ਵਜੋਂ ਦਿਤਾ ਹੈ। ਉਧਰੋਂ ਹਰੀ ਨਾਮੁ ਰੂਪੀ ਦਾਜ ਲੈ ਕੇ ਹਰੀ ਲਾੜੇ ਦੀ ਸ਼ੋਭਾ ਇਸ ਪ੍ਰਿਥਵੀ ਵਿਚ ਤੇ ਸਾਰੇ ਬ੍ਰਹਮੰਡ ਵਿਚ ਹੋਈ ਹੈ। ਕਿਉਂ ਜੋ ਐਸਾ ਵਧੀਆ ਦਾਨ ਦਾਜ ਵਜੋਂ ਕੋਈ ਨਹੀਂ ਦੇਂਦਾ। ਇਸ ਦਾਨ ਦਾ ਟਾਕਰਾ ਹੋਰ ਕੋਈ ਦਾਨ ਨਹੀਂ ਕਰ ਸਕਦਾ। ਮਨਮੁਖ ਲੋਗ ਜਿਹੜੇ ਦਾਜ ਵਿਚ ਚੀਜ਼ਾਂ ਵਸਤਾਂ ਰੱਖ ਕੇ ਦਿਖਾਵਾ ਕਰਦੇ ਹਨ, ਉਹ ਕੂੜ ਹੰਕਾਰ ਦੇ ਅਧੀਨ ਹੋ ਕੇ ਕਰਦੇ ਹਨ ਤੇ ਉਹ ਝੂਠਾ ਪਾਖੰਡ ਹੈ। ਇਸ ਲਈ ਮੇਰੇ ਪਿਤਾ ਜੀ ! ਮੈਨੂੰ ਹਰੀ ਨਾਮੁ ਸਿਮਰਨ ਦਾਜ ਵਜੋਂ ਦਾਨ ਵਿਚ ਦੇਵੋ ॥

ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥

Digitized by Panjab Digital Library | www.panjabdigilib.org 

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵੰਧਦੀ ॥ ੫ ॥ ੧ ॥
ਸਿਰੀ ਰਾਗੁ ਮਹਲਾ ੪ ਘਰ ੨ ਛੰਤ, ਪੰਨਾ-੭੯

ਹੇ ਮੇਰੇ ਬਾਬਲਾ ! ਉਹ ਹਰੀ ਜੋ ਰਾਮ ਹੈ ਉਹੀ ਮੇਰਾ ਪਤੀ ਹੈ । ਪਤੀ ਦੇ ਮਿਲਾਪ ਨਾਲ ਸਾਡੀ ਵੇਲ ਵਧੇਗੀ । ਹਰੀ ਵੀ ਜੁਗਾਂ ਜੁਗਾਂ ਤੋਂ ਹੈ ਤੇ ਗੁਰੂ ਵੀ ਜੁਗਾਂ ਜੁਗਾਂ ਤੋਂ । ਇਹ ਪੀੜ੍ਹੀ ਸਤਿਗੁਰੂ ਦੀ ਜੁਗਾਂ ਜੁਗਾਂ ਤੋਂ ਚਲ ਰਹੀ ਹੈ । ਜਿਨ੍ਹਾਂ ਸੁਰਤਾਂ ਦਾ ਮਿਲਾਪ ਸਬਦੁ-ਗੁਰੂ ਨਾਲ ਹੋ ਜਾਂਦਾ ਹੈ, ਉਨ੍ਹਾਂ ਸਭਨਾਂ ਨੂੰ ਗੁਰੂ ਧੀਆ ਵਾਂਗੂ ਚੱਜ ਆਚਾਰ ਸਿਖਾ ਕੇ ਹਰੀ ਨਾਲ ਵਿਆਹ ਦੇਂਦਾ ਹੈ। ਇਹੀ ਗੁਰੂ ਦੀ ਪੀੜੀ ਹੈ ਜੋ ਜੁਗਾਂ ਜੁਗਾਂ ਤੋਂ ਚਲ ਰਹੀ ਹੈ । ਜਿਨ੍ਹਾਂ ਨੇ ਸਬਦੁ ਗੁਰੂ (ਗੁਰਮੁਖਿ) ਦਾ ਉਪਦੇਸ਼ ਮੰਨ ਕੇ ਨਾਮੁ ਧਿਆਨ ਵਿਚ ਵਸਾ ਲਿਆ ਹੈ ਉਹੀ ਗੁਰੂ ਕੀ ਵੰਸ਼ ਹੈ । ਮਤਲਬ ਇਹ ਜਾਪਦਾ ਹੈ ਕਿ ਕੋਈ ਇਹ ਨਾ ਸਮਝੇ ਕਿ ਸਤਿਗੁਰ ਮਤ ਦੇ ਬਾਰੇ ਵਿਚ ਜੋ ਵਿਚਾਰ ਹੋਈ ਹੈ, ਨਾਮੁ ਸਿਮਰਨ, ਵਿਕਾਰਾਂ ਤੋਂ ਬਚਨਾ, ਮਾਇਕ ਪਦਾਰਥਾਂ ਦਾ ਮੋਹ ਤਿਆਗਨਾਂ, ਇਹ ਕਠਨ ਰਸਤਾ ਹੈ । ਮਹਾਰਾਜ ਦਸਦੇ ਹਨ ਕਿ ਇਹ ਪੀੜ੍ਹੀ ਜੁਗਾਂ ਜੁਗਾਂ ਤੋਂ ਚਲ ਰਹੀ ਹੈ । ਅਨੇਕਾਂ ਜੀਵ ਆਤਮਾਵਾਂ ਸਬਦੁ ਸੁਰਤਿ ਦਾ ਮਿਲਾਪ ਕਰਕੇ ਹਰੀ ਨਾਲ ਵਿਆਹੀਆਂ ਜਾਂਦੀਆਂ ਨੇ । ਉਹ ਸਕੂਲ ਹੀ ਕੀ ਹੋਇਆ ਜਿਥੇ ਕੋਈ ਬੱਚਾ ਪਾਸ ਨਾ ਹੋਵੇ । ਅਨੇਕਾਂ ਜੀਵ ਗੁਰੂ ਮਿਹਰ ਦੁਆਰਾ ਪਾਸ ਹੋ ਰਹੇ ਹਨ । ਸੋ ਇਹ ਰਸਤਾ, ਕਠਨ ਨਹੀਂ, ਸੌਖਾ ਹੈ । ਗੁਰੂ ਮਿਹਰ ਲਈ ਅਰਦਾਸ, ਮਨ ਵਿਚੋਂ ਖੋਟ ਕੱਢ ਕੇ, ਕਰਨ ਨਾਲ ਸਾਰੇ ਕੰਮ ਸੌਰ ਜਾਂਦੇ ਹਨ ।

ਹਰੀ ਪੁਰਖ ਜੋ ਹੈ, ਉਹ ਅਬਨਾਸੀ ਹੈ ਤੇ ਉਹ ਵਿਛੜੀਆਂ ਹੋਈਆਂ ਆਤਮਾਵਾਂ ਨੂੰ ਨਾਮੁ ਦਾਨ ਵੰਡਦਾ ਰਹਿੰਦਾ ਹੈ । ਹੋਰ ਵਧ ਵਧ ਕੇ ਦੇਂਦਾ ਹੈ, ਤਾਂ ਜੋ ਇਹ ਪੀੜ੍ਹੀ ਬੜੀ ਚੰਗੀ ਤਰ੍ਹਾਂ ਚਲਦੀ ਰਹੇ । ਸੰਤ ਜਨ ਹਰੀ ਨਾਮ ਜਪ ਕੇ ਹਰੀ ਨਾਲ ਇਕ ਮਿੱਕ ਹੋ ਜਾਂਦੇ ਨੇ ਤੇ ਸ਼ੋਭਾ ਪਾਉਂਦੇ ਹਨ । ਹੇ ਮੇਰੇ ਬਾਬਲਾ ! ਪਤੀ ਨੂੰ ਮਿਲ ਕੇ ਧਨ ਦੀ ਵੇਲ ਵਧਦੀ ਹੈ । ਮਾਨੋ ਧਨ ਪਿਰ ਦੇ



Digitized by Panjab Digital Library | www.panjabdigilib.org

ਮਿਲਾਪ ਨੂੰ ਦੇਖ ਕੇ ਹੋਰ ਲੋਕਾਂ ਵਿਚ ਨਾਮੁ ਸਿਮਰਨ ਲਈ ਉਤਸ਼ਾਹ ਉਪਜਦਾ ਹੈ। ਇਹੀ ਵੇਲ ਵਧਨੀ ਹੈ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ
ਜਪੈ ਅਵਰਹ ਨਾਮੁ ਜਪਾਵੈ ॥ ਵਾਰ ਗਉੜੀ ੩੦੫-੩੦੬

ਜਿਹੜਾ ਆਦਮੀ ਨਾਮੁ ਜਪ ਜਪ ਕੇ ਆਪਣੇ ਆਚਰਨ ਨੂੰ ਉਚਾ ਕਰ ਲੈਂਦਾ ਹੈ ਤੇ ਲੋਕਾਂ ਲਈ ਇਕ ਮਿਸਾਲ ਬਣ ਜਾਂਦਾ ਹੈ। ਲੋਕ ਉਸ ਦੇ ਆਚਾਰ ਵਿਹਾਰ ਨੂੰ ਦੇਖਕੇ ਉਤਸ਼ਾਹਿਤ ਹੁੰਦੇ ਨੇ ਕਿ ਅਸੀਂ ਵੀ ਇਸ ਦੇ ਪੂਰਨਿਆਂ ਤੇ ਚਲ ਕੇ ਸਬਦੁ ਸੁਰਤਿ ਦੀ ਕਮਾਈ ਕਰੀਏ, ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਮੈਂ ਉਸ ਗੁਰਸਿੱਖ ਦੀ ਸੰਗਤ (ਧੂੜ) ਲੋਚਦਾ ਹਾਂ।

ਸੋ ਇਸ ਤਰ੍ਹਾਂ ਸਬਦੁ ਗੁਰੂ ਦੀ ਪੀੜ੍ਹੀ ਜੁਗਾਂ ਜੁਗਾਂ ਤੋਂ ਚਲਦੀ ਆਈ ਹੈ। ਜਦ ਤਕ ਦੁਨੀਆਂ ਕਾਇਮ ਹੈ ਲੋਕ ਸਬਦੁ ਸੁਰਤਿ ਦੀ ਕਮਾਈ ਕਰਕੇ ਗੁਰੂ ਦੀਆਂ ਧੀਆਂ ਬਣਦੇ ਰਹਿਣਗੇ ਤੇ ਗੁਰੂ ਉਨ੍ਹਾਂ ਦਾ ਵਿਆਹ ਪੁਰਖੁ ਨਿਰੰਜਨੁ ਨਾਲ ਕਰਦਾ ਰਹੇਗਾ। ਇਸ ਤਰ੍ਹਾਂ ਇਹ ਵੇਲ ਵਧਦੀ ਰਹੇਗੀ। ਗੁਰੂ ਦੀ ਪੀੜ੍ਹੀ ਸਦਾ ਚਲਦੀ ਰਹੇਗੀ।

ਇਸਦੇ ਮਗਰੋਂ ਲਾਵਾਂ ਦਾ ਉਪਦੇਸ਼ ਹੈ। ਜੋ ਸਤਿਗੁਰਾਂ ਨੇ ਸੂਹੀ ਮਹਲਾ ੪ ॥ ਪੰਨਾ-੭੭੩-੭੭੪ ਤੇ ਦਿਤਾ ਹੈ।

ਲੇਖ ਦਾ ਆਕਾਰ ਜ਼ਿਆਦਾ ਨਾ ਹੋ ਜਾਵੇ, ਇਸ ਲਈ ਅਸੀਂ ਕੇਵਲ ਚੌਥੀ ਲਾਵ ਦਾ ਹੀ ਵਿਚਾਰ ਕਰਾਂਗੇ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ. ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ ੪ ॥ ੨ ॥

ਮਹਾਰਾਜ ਚੌਥੀ ਲਾਵ ਦਾ ਉਪਦੇਸ਼ ਕਰਦੇ ਨੇ ਕਿ ਜੀਵ ਆਤਮਾ ਦਾ



Digitized by Panjab Digital Library | www.panjabdigilib.org

ਮਨ ਹਰੀ ਨਾਲ ਚੌਥੀ ਲਾਵ ਵੇਲੇ ਸਹਜ ਅਵਥਾ ਵਿਚ ਵਿਚਰ ਰਿਹਾ ਹੈ। ਕਿਉਂ ਜੋ ਉਸ ਨੂੰ ਵਰ ਰੂਪ ਵਿਚ ਹਰੀ ਦੀ ਪ੍ਰਾਪਤੀ ਹੋ ਗਈ ਹੈ। ਗੁਰਮੁਖਿ (ਸਤਿਗੁਰੂ) ਦੀ ਮਿਹਰ ਸਦਕਾ ਸਹਜੇ ਹੀ ਮੇਲ ਹੋ ਗਿਆ ਹੈ। ਹਰੀ ਮਨ ਨੂੰ ਤੇ ਤਨ ਨੂੰ ਮਿੱਠਾ ਲੱਗ ਰਿਹਾ ਹੈ। ਪ੍ਰਭੂ ਨੂੰ ਇਹ ਭਾਇਆ ਤੇ ਉਸ ਨੇ ਆਪਣੀ ਅਪਾਰ ਮਿਹਰ ਕੀਤੀ। ਹਰੀ ਮਿੱਠਾ ਲਗਣ ਲਗ ਪਿਆ। ਦਿਨ ਰਾਤ ਹਰੀ ਨਾਲ ਹੀ ਲਿਵ ਜੁੜੀ ਰਹਿੰਦੀ ਹੈ। ਜੋ ਮਨ ਦੀ ਮੁਰਾਦ ਸੀ, ਉਹੀ ਫਲ ਸੁਆਮੀ ਦੇ ਰੂਪ ਵਿਚ ਮਿਲ ਗਿਆ ਹੈ। ਜੋ ਅਨਹਦ ਬਾਣੀ ਦੀ ਝੁਨਕਾਰ ਹੋ ਰਹੀ ਹੈ ਮਾਨੋ ਹਰੀ ਨਾਮ ਦੀਆਂ ਵਧਾਈਆਂ ਵਜ ਰਹੀਆਂ ਨੇ। ਹਰੀ ਪ੍ਰਭੂ ਜੋ ਠਾਕੁਰ ਹੈ ਉਸ ਦੀ ਬਖਸ਼ਿਸ਼ ਨਾਲ ਇਹ ਵਿਆਹ ਦਾ ਕਾਰਜ ਰਚਿਆ ਗਿਆ ਹੈ ਤੇ ਧਨ (ਜੀਵ ਆਤਮਾ) ਮਨ ਵਿਚ ਨਾਮੁ ਦੇ ਵਿਗਾਸ ਦੁਆਰਾ ਖੇੜੇ ਵਿਚ ਆ ਰਹੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਚਉਥੀ ਲਾਂਵ ਹੋਣ ਤੇ ਜੀਵ ਆਤਮਾ ਨੇ ਉਸ ਅਬਨਾਸੀ ਪ੍ਰਭੂ ਨੂੰ ਪਾ ਲਿਆ ਹੈ।

ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥
ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥ ੪ ॥ ੩ ॥

ਤੁਖਾਰੀ ਮਹਲਾ ੧ ਪੰਨਾ-੧੧੧੧

ਜੀਵ ਆਤਮਾ ਦਸਦੀ ਹੈ ਕਿ ਪੁਰਖ ਨਿਰੰਜਨ ਦਾ ਮਿਲਾਪ ਜਿਨ੍ਹਾਂ ਨੂੰ ਹੋ ਗਿਆ ਉਨ੍ਹਾਂ ਦਾ ਆਣਾ ਜਾਣਾ ਮੁੱਕ ਗਿਆ। ਗੁਰੂ ਨੇ ਹਉਮੈ ਮਿਟਾ ਦਿਤੀ। ਇਹ ਗੱਲ ਹੁਣ ਦੁਨੀਆਂ ਵਿਚ ਪਰਗਟ ਹੋ ਗਈ ਹੈ, ਤੇ ਸੋਗ ਸੰਤਾਪ ਮੁੱਕ ਗਏ ਹਨ। ਜਦੋਂ ਮੈਂ ਆਪਣੇ ਆਪ ਨੂੰ ਪਛਾਣ ਲਿਆ, ਕਿ ਮੈਂ ਤਾਂ ਜੋਤ ਸਰੂਪ ਹਾਂ, ਤਾਂ ਮੈਂ ਪਿਰ ਨਾਲ ਅੰਕ ਨਾਲ ਅੰਕ ਸਮਾ ਗਈ। ਪੇਕੇ (ਸਬਦੁ ਗੁਰੂ) ਘਰ ਵਿਚ ਮੈਂ ਸਬਦੁ (ਅਨਹਦ ਬਾਣੀ) ਨਾਲ ਪਤੀਜੀ ਹੋਈ ਸਾਂ ਤੇ ਸਹੁਰੇ ਘਰ, ਸਚ ਖੰਡ ਵਿਚ, (ਸਚ ਖੰਡ ਮਨੁੱਖੀ ਹਿਰਦੇ ਦਾ ਉਹ ਹਿੱਸਾ ਹੈ ਜਿਥੇ ਨਾਮੁ ਨਿਰੰਜਨ



Digitized by Panjab Digital Library | www.panjabdigilib.org

ਵਸਦਾ ਹੈ) ਆਪਣੇ ਪਿਰ ਨੂੰ ਚੰਗੀਂ ਲਗਦੀ ਹਾਂ। ਸਤਿਗੁਰੂ ਨੇ ਹੀ ਮੈਨੂੰ ਅਕਾਲ ਪੁਰਖ ਦਾ ਮਿਲਾਪ ਬਖਸ਼ਿਆ ਹੈ, ਹੁਣ ਲੋਕਾਂ ਦੀ ਮੁਥਾਜੀ ਮੁੱਕ ਗਈ ਹੈ।

ਆਸਾ ॥ ਤਨੁ ਰੈਨੀ ਮਨੁ ਪੁਨ ਰਪਿ ਕਰਿਹਉ ਪਾਚਉ ਤਤ ਬਰਾਤੀ ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗ ਰਾਤੀ ॥ ੧ ॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ੧ ॥ ਰਹਾਉ ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡ ਭਾਗ ਹਮਾਰਾ ॥ ੨ ॥
ਸੁਰਿਨਰ ਮੁਨਿਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕੁ ਭਗਵਾਨਾ ॥ ੩ ॥

ਪੰਨਾ-੪੮੨

ਇਸ ਸਬਦੁ ਵਿਚ ਭਗਤ ਕਬੀਰ ਜੀ ਨੇ ਹਰੀ ਨਾਲ ਆਪਣੇ ਵਿਆਹ ਦਾ ਵਰਨਣ ਕੀਤਾ ਹੈ।

ਰਹਾਉ ਦੀ ਤੁਕ ਵਿਚ ਦਸਦੇ ਨੇ ਕਿ ਹੇ ਜੀਵ ਆਤਮਾ ਰੂਪੀ ਵਹੁਟੀਏ ! ਖੁਸ਼ੀ ਦੇ ਸੋਹਿਲੇ ਗਾਉ। ਮੇਰੇ ਹਿਰਦੇ ਰੂਪੀ ਘਰ ਵਿਚ ਰਾਜਾ ਰਾਮ (ਅਕਾਲ ਪੁਰਖ), ਲਾੜੇ ਦੇ ਰੂਪ ਵਿਚ, ਪਰਗਟ ਹੋ ਗਿਆ ਹੈ। ਮੈਂ ਆਪਣੇ ਤਨ ਨੂੰ ਹਰੀ ਦੇ ਪ੍ਰੇਮ ਦਾ ਰੰਗ ਬਣਾ ਕੇ ਮਨ ਨੂੰ ਮੁੜ ਉਸ ਵਿਚ ਰੰਗਾਂਗਾਂ। ਜਿਸ ਨਾਲ ਦੂਜੇ ਭਾਉ ਵਾਲਾ ਮੈਲਾ ਰੰਗ ਉਤਰ ਜਾਵੇਗਾ ਤੇ ਪੰਜੇ ਤੱਤ (ਅੱਗ, ਪਾਣੀ, ਹਵਾ ਮਿੱਟੀ ਤੇ ਅਕਾਸ਼) ਮਾਨੋ ਬਰਾਤੀ ਬਨਣਗੇ। ਮੇਰੀ ਆਤਮਾ ਰਾਮ ਰਾਇ ਦੇ ਪ੍ਰੇਮ ਵਿਚ ਰੰਗੀ ਹੋਈ ਹੈ। ਹੁਣ ਮੈਂ ਉਸ ਨਾਲ ਫੇਰੇ ਲਵਾਂਗਾਂ। ਨਾਭ ਕੰਵਲ (ਹਿਰਦੇ) ਵਿਚ ਮੈਂ ਵਿਆਹ ਦੀ ਵੇਦੀ ਰਚਾਂਗਾਂ ਤੇ ਵੇਦ ਮੰਤਰਾਂ ਦੀ ਥਾਂ ਈਸ਼ਵਰੀ ਗਿਆਨ ਦਾ ਉਚਾਰਨ ਹੋਵੇਗਾ। ਮੇਰਾ ਐਡਾ ਵੱਡਾ ਭਾਗ ਹੈ ਕਿ ਮੈਨੂੰ ਰਾਮ ਰਾਇ ਦੀ, ਲਾੜੇ ਦੇ ਰੂਪ ਵਿਚ, ਪ੍ਰਾਪਤੀ ਹੋਈ ਹੈ। ਭਲੇ ਪੁਰਖ ਤੇ ਮੁਨੀਜਨ ਇਸ ਵਿਆਹ ਨੂੰ ਦੇਖਣ ਆਏ ਹਨ ਤੇ ੩੩ ਕਰੋੜ ਦੇਵਤੇ ਭੀ ਆਪਣੇ ਵਿਮਾਨਾਂ ਵਿਚ ਇਸ ਕਉਤਕ ਨੂੰ ਦੇਖਣ ਆਏ ਹਨ। ਭਗਤ ਕਬੀਰ ਜੀ ਦਸਦੇ ਹਨ ਕਿ



Digitized by Panjab Digital Library | www.panjabdigilib.org

ਉਹ ਭਗਵਾਨ ਜੋ ਇਕੁ ਹੈ, ਪੁਰਖੁ ਹੈ, ਮੈਨੂੰ ਵਿਆਹ ਕੇ ਲੈ ਚਲਿਆ ਹੈ ।

ਵਿਆਹ ਹੋ ਗਿਆ, ਵਹੁਟੀ ਆਪਣੇ ਅੰਦਰ ਝਾਤੀ ਮਾਰਦੀ ਹੈ । ਕਹਿੰਦੀ ਹੈ ਮੇਰਾ ਪਤੀ, ਭਗਵਾਨ, ਸਰਬ ਕਲਾ ਸਮਰਥ ਹੈ ਉਹ ਉਚੇ ਤੋਂ ਉਚਾ ਹੈ । ਮੈਂ ਨੀਵੀਂ ਤੋਂ ਨੀਵੀਂ ਗੁਣ ਹੀਣ । ਇਹ ਉਸ ਦੀ ਮਇਆ ਹੈ ਉਸਨੇ ਮੇਰੇ ਵਰਗੀ ਕੁਚੱਜੀ ਨੂੰ ਵੀ ਅਪਣਾਅ ਲਿਆ ਹੈ :—

ਨਾ ਮੈ ਕੁਲੁ ਨਾ ਸੋਭਾਵੰਤ ॥
ਕਿਆ ਜਾਨਾ ਕਿਉ ਭਾਨੀ ਕੰਤ ॥
ਮੋਹਿ ਅਨਾਥ ਗਰੀਬ ਨਿਮਾਨੀ ॥
ਕੰਤ ਪਕਰਿ ਹਮ ਕੀਨੀ ਰਾਨੀ ॥ ੩ ॥
ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥
ਸੂਖ ਸਹਜ ਮੇਰਾ ਧਨੁ ਸੋਹਾਗਾ ॥
ਕਹੁ ਨਾਨਕ ਮੋਰੀ ਪੂਰਨ ਆਸਾ ॥
ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥ ੪ ॥ ੧ ॥ ੯੫ ॥

ਆਸਾ ਮਹਲਾ ੫–੩੯੪

ਪ੍ਰਭੂ ਜਿਹੜਾ ਗੁਣਾਂ ਦਾ ਖਜ਼ਾਨਾ ਹੈ ਉਸ ਨੇ, ਸਤਿਗੁਰੂ ਦੀ ਸਿਫਾਰਸ਼ ਤੇ, ਮੈਨੂੰ ਪਸੰਦ ਕਰ ਲਿਆ ਹੈ । ਇਹ ਸਤਿਗੁਰੂ ਦੀ ਮਿਹਰ ਦਾ ਸਦਕਾ ਹੈ । ਨਹੀਂ ਤੇ ਮੇਰੇ ਵਿਚ ਤਾਂ ਇਕ ਵੀ ਗੁਣ ਨਹੀਂ ।

ਗੁਨੁ ਅਵਗੁਨੁ ਮੇਰੋ ਕਛੁ ਨ ਬੀਚਾਰੋ ॥
ਨਹ ਦੇਖਿਓ ਰੂਪ ਰੰਗ ਸੀਗਾਰੋ ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥
ਬਾਹ ਪਕਰਿ ਪ੍ਰਿਅ ਸੇਜੈ ਆਨੀ ॥ ੧ ॥
ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥
ਕਰੁ ਮਸਤਕਿ ਧਾਰਿ ਰਾਖਿਉ ਕਰਿ ਅਪੁਨਾ
ਕਿਆ ਜਾਨੈ ਇਹੁ ਲੋਕੁ ਅਜਾਨਾ ॥ ੧ ॥ ਰਹਾਉ ॥
ਸੁਹਾਗੁ ਹਮਾਰੋ ਅਬ ਹੁਣਿ ਸੋਹਿਉ ॥
ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਉ ॥



Digitized by Panjab Digital Library | www.panjabdigilib.org

ਆਂਗਨਿ ਮੇਰੈ ਸੋਭਾ ਚੰਦ ॥
ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥
ਬਸਤ੍ਰ ਹਮਾਰੇ ਰੰਗਿ ਚਲੂਲ ॥
ਸਗਲ ਆਭਰਣ ਸੋਭਾ ਕੰਠਿ ਫੂਲ ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥
ਦੁਸਟ ਦੂਤ ਕੀ ਚੂਕੀ ਕਾਨਿ ॥ ੩ ॥
ਸਦ ਖੁਸੀਆ ਸਦਾ ਰੰਗ ਮਾਣੇ ॥
ਨਉਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥
ਕਹੁ ਨਾਨਕ ਜਉ ਪਿਰਹਿ ਸੀਗਾਰੀ ॥
ਥਿਰੁ ਸੋਹਾਗਨਿ ਸੰਗ ਭਤਾਰੀ ॥ ੪ ॥ ੭ ॥

ਆਸਾ ਮਹਲਾ ੫ ॥ ਪੰਨਾ–੩੭੨

ਵਹੁਟੀ ਕਹਿੰਦੀ ਹੈ ਕਿ ਹਰੀ ਨੇ, ਨਾ ਤਾਂ ਮੇਰੇ ਗੁਣ ਅਵਗੁਣ ਦੀ ਪਰਖ ਕੀਤੀ ਹੈ, ਨ ਮੇਰਾ ਰੂਪ ਰੰਗ ਤੇ ਨਾ ਹੀ ਸੀਗਾਰ ਦੇਖਿਆ ਹੈ। ਮੈਨੂੰ ਕੁਚੱਜੀ ਨੂੰ ਚਜ ਆਚਾਰ ਦੀ ਵੀ ਕੋਈ ਵਿਧੀ ਨਹੀਂ ਆਉਂਦੀ। ਉਸਨੇ ਮੇਰੇ ਸਾਰੇ ਅਵਗੁਣ ਦੇਖ ਕੇ ਅਣਡਿੱਠ ਕਰ ਦਿਤੇ ਨੇ ਤੇ ਮੈਨੂੰ ਬਾਹੋਂ ਪਕੜ ਕੇ ਸੇਜ ਤੇ ਲੈ ਆਂਦਾ ਹੈ। ਇਹ ਸਭ ਗੁਰ ਪ੍ਰਸਾਦਿ ਦੇ ਕਾਰਨ ਹੋਇਆ ਹੈ। ਹੇ ਸਖੀ ਸੁਣ ! ਮੇਰੇ ਕੰਤ ਨੇ ਮੈਨੂੰ ਖਸਮ ਵਾਲੀ (ਸੁਹਾਗਨ) ਕਰ ਲਿਆ ਹੈ। ਉਸ ਨੇ ਮੇਰੇ ਮਥੇ ਤੇ ਹੱਥ ਰੱਖ ਕੇ ਮੈਨੂੰ ਅਪਣਾਇਆ ਹੈ। ਜਿਹੜੇ ਲੋਕ ਨਾਮੁ ਨਹੀਂ ਜਪਦੇ (ਅਣਜਾਨ ਲੋਕ) ਉਹ ਇਸ ਅਵਸਥਾ ਨੂੰ ਕੀ ਜਾਨਣ ? ਮੇਰਾ ਸੁਹਾਗ ਹੁਣ ਸ਼ੋਭਾ ਦੇ ਰਿਹਾ ਹੈ। ਕੰਤ ਦੇ ਮਿਲਾਪ ਨਾਲ ਮੇਰਾ ਵਿਛੋੜੇ ਦਾ ਸਾਰਾ ਦੁੱਖ ਦੂਰ ਹੋ ਗਿਆ ਹੈ। ਮੇਰੇ ਹਿਰਦੇ ਰੂਪੀ ਵਿਹੜੇ ਵਿਚ ਸਿਫਤੋ ਸਾਲਾਹ ਰੂਪੀ ਚੰਦ ਹਰ ਵੇਲੇ ਚੜ੍ਹਿਆ ਰਹਿੰਦਾ ਹੈ ਤੇ ਦਿਨ ਰਾਤ ਮੈਂ ਪ੍ਰਭੂ ਦੇ ਮਿਲਾਪ ਕਾਰਨ ਅਨੰਦ ਅਵਸਥਾ ਵਿਚ ਰਹਿੰਦੀ ਹਾਂ। ਸੁਹਾਗਨਾਂ ਵਾਲ਼ੀਆਂ ਸਾਰੀਆਂ ਨਿਸ਼ਾਨੀਆਂ ਨੇ, ਮੇਰੇ ਬਸਤਰ ਗੂੜੇ ਲਾਲ ਰੰਗ ਦੇ ਨੇ ਤੇ ਕੰਠ ਫੂਲ ਆਦਿ ਸਾਰੇ ਗਹਿਣੇ ਵੀ ਹਨ। ਉਸਦੇ ਪ੍ਰੇਮ ਵਿਚ ਰੰਗੀ ਜਾਨ ਕਰਕੇ ਮੈਨੂੰ ਇਨ੍ਹਾਂ ਦੁਨਿਆਵੀ ਵਸਤਾਂ ਦੀ ਲੋੜ ਨਹੀਂ, ਨਾਮੁ ਸਿਮਰਨ ਹੀ ਮੇਰੇ ਗਹਿਣੇ ਤੇ ਕਪੜੇ ਹਨ। ਮੇਰਾ ਪਿਰ ਜਿਸ ਵੇਲੇ ਮੇਰੇ



Digitized by Panjab Digital Library | www.panjabdigilib.org

ਵਲ ਦੇਖਦਾ ਹੈ ਤਾਂ ਮਾਨੋ ਮੈਂ ਸਾਰੇ ਖਜ਼ਾਨੇ ਪਾ ਲਏ। ਪੰਜਾਂ ਦੁਸ਼ਟਾਂ (ਕਾਮ ਆਦਿ) ਦੀ ਮੁਥਾਜੀ ਮੁੱਕ ਗਈ ਹੈ। ਮੈਨੂੰ ਸਦਾ ਹੀ ਖੁਸ਼ੀਆਂ ਨੇ ਤੇ ਸਦਾ ਹੀ ਪ੍ਰੇਮ ਰੰਗ ਮਾਣਦੀ ਹਾਂ। ਮੇਰੇ ਪੱਲੇ ਨਾਮੁ ਦਾ ਖਜ਼ਾਨਾ ਹੈ ਤੇ ਮੇਰੀ ਤ੍ਰਿਸ਼ਨਾਂ ਮੁੱਕ ਗਈ ਹੈ। ਮਨ ਸੰਤੋਖ ਵਿਚ ਹੈ ਤੇ ਉਹ ਬਾਹਰ ਨੂੰ ਨਹੀਂ ਦੌੜਦਾ, ਨਿਜ ਘਰ ਵਿਚ ਟਿਕਿਆ ਹੋਇਆ ਹੈ।

ਵਹੁਟੀ ਕਹਿੰਦੀ ਹੈ ਕਿ ਮੈਨੂੰ ਪਿਰ ਨੇ ਸੁਹਾਗ ਦੇ ਗਹਿਣੇ ਨਾਲ ਸੀਗਾਰਿਆ ਹੈ। ਮੇਰਾ ਸੁਹਾਗ ਥਿਰ ਹੈ ਕਦੇ ਵੀ ਨਾਸ਼ ਨਹੀਂ ਹੋਵੇਗਾ ਤੇ ਭਤਾਰ ਦਾ ਸੰਗ ਹਮੇਸ਼ਾ ਬਣਿਆ ਰਹੇਗਾ।

ਵਹੁਟੀ ਹੁਣ ਹੋਰ ਵੇਰਵਾ ਇਸ ਤਰ੍ਹਾਂ ਦਸਦੀ ਹੈ :

ਮੇਰੀ ਸੇਜੜੀਐ ਆਡੰਬਰੁ ਬਣਿਆ ॥
ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥
ਪ੍ਰਭ ਮਿਲੇ ਸੁਆਮੀ ਸੁਖਹਗਾਮੀ ਚਾਵ ਮੰਗਲ ਰਸ ਭਰੇ ॥
ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥
ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥
ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ॥੨॥

ਆਸਾ ਮਹਲਾ ੫ ਛੰਤ ਪੰਨਾ-੪੫੯

ਮੈਂ ਹਿਰਦੇ ਰੂਪੀ ਸੇਜ ਨੂੰ ਆਪਣੇ ਗੁਣਾਂ ਨਾਲ ਚੰਗੀ ਤਰ੍ਹਾਂ ਸੁਵਾਰ ਤੇ ਸਜਾ ਲਿਆ ਹੈ। ਹੁਣ ਪਤੀ ਦੇ ਆਉਣ ਦੀ ਉਡੀਕ ਹੈ। ਜਦੋਂ ਮੈਂ ਪ੍ਰਭੂ ਨੂੰ ਆਉਂਦਿਆ ਸੁਣਿਆ ਤਾਂ ਮੇਰਾ ਮਨ ਅਨੰਦ ਤੇ ਚਾਅ ਨਾਲ ਭਰ ਗਿਆ। ਪ੍ਰਭੂ ਸੁਆਮੀ ਜੋ ਸੁਖਾਂ ਦਾ ਦਾਤਾ ਹੈ ਉਸ ਨਾਲ ਮਿਲਾਪ ਹੋ ਗਿਆ। ਮੈਂ ਬੜੇ ਚਾਅ ਖੁਸ਼ੀਆਂ ਤੇ ਰਸ ਨਾਲ ਭਰੀ ਗਈ। ਅੰਕ ਨਾਲ ਅੰਕ ਸਮਾ ਗਏ। ਜੋਤੀ ਵਿਚ ਜੋਤ ਲੀਨ ਹੋ ਗਈ, ਸਾਰੇ ਦੁਖ ਭੱਜ ਗਏ, ਪ੍ਰਾਣ, ਮਨ, ਤਨ, ਆਦਿ ਖਿੜ ਗਏ। ਮੇਰੇ ਮਨ ਦੀ ਇੱਛਾ ਪੂਰੀ ਹੋ ਗਈ। ਹੁਣ ਪ੍ਰਭੂ ਨੂੰ ਧਿਆਨ ਵਿਚ ਵਸਾ ਲਿਆ ਹੈ। ਸੰਕਲਪ ਵਿਕਲਪ ਉਠਨੇ ਬੰਦ ਹੋ ਗਏ ਹਨ। ਇਹ ਸੰਜੋਗ ਦਾ ਸਮਾਂ ਬੜਾ ਸ਼ੁਭ ਹੈ। ਹੁਣ ਮੈਨੂੰ ਸ੍ਰੀਧਰ (ਪ੍ਰਭੂ) ਦਾ ਮਿਲਾਪ ਹੋ ਗਿਆ ਹੈ, ਮੈਂ ਅਨੰਦ ਰਸ ਵਿਚ ਭਿੱਜੀ ਹੋਈ ਹਾਂ॥



Digitized by Panjab Digital Library | www.panjabdigilib.org

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥
ਸਾਚੇ ਸਾਹਿਬ ਸਭਿ ਗੁਣੋ ਅਉਗਣ ਸਭਿ ਅਸਾਹ ॥ ੧ ॥

ਸ੍ਰੀ ਰਾਗੁ ਮਹਲਾ ੧, ਪੰਨਾ-੧੭

ਹੇ ਸਤਿ ਸੰਗੀਉ ! ਆਉ ਮਿਲ ਬੈਠ ਕੇ ਸਤ ਸੰਗਤ ਕਰੀਏ, ਤੇ ਆਪਣੇ ਸਮਰਥ ਕੰਤ ਦੀਆਂ ਗੱਲਾਂ ਕਰੀਏ । ਉਹ ਜੋ ਸਚਾ ਸਾਹਿਬ ਹੈ ਸਾਰੇ ਗੁਣ ਉਸ ਵਿਚ ਹੀ ਨੇ, ਅਸੀਂ ਸਭ ਅਵਗੁਣ ਭਰਪੂਰ ਹਾਂ ।

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ ॥
ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ ॥
ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ ਗਾਵਹੇ ॥
ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ ॥
ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜ ਸਮਾਣੀ ॥ ੩ ॥

ਆਸਾ ਮਹਲਾ ੫ ਛੰਤ, ਪੰਨਾ-੪੫੯

ਸਖੀਆਂ, ਸੁਹਾਗਣ ਨੂੰ ਪੁਛਦੀਆਂ ਨੇ ਕਿ ਤੂੰ ਸਾਨੂੰ ਕੰਤ ਦੀ ਨਿਸ਼ਾਨੀ ਦਸ, ਉਹ ਕਿੰਨਾ ਕੁ ਸਮੱਰਥ ਹੈ ? ਉੱਤਰ ਵਿਚ ਸੁਹਾਗਨ ਕਹਿੰਦੀ ਹੈ ਕਿ ਮੈਂ ਤੁਹਾਨੂੰ ਕੀ ਦਸਾਂ, ਮੈਂ ਤਾਂ ਪ੍ਰੇਮ ਰਸ ਨਾਲ ਭਰਪੂਰ ਹਾਂ । ਇਸ ਕਾਰਨ ਬੋਲਣ ਨੂੰ ਜੀਅ ਨਹੀਂ ਕਰਦਾ । ਪਰ ਫਿਰ ਵੀ ਮੈਂ ਕੁਝ ਨਾ ਕੁਝ ਜ਼ਰੂਰ ਦਸਾਂਗੀ । ਉਸ ਕਰਤੇ ਦੇ ਗੁਣ ਬੜੇ ਡੂੰਘੇ ਨੇ, ਗੁਝੇ ਤੇ ਬੇਅੰਤ ਨੇ, ਉਸਦੇ ਗੁਣਾਂ ਦਾ ਅੰਤ ਵੇਦ ਵੀ ਨਹੀਂ ਪਾ ਸਕਦੇ । ਸਾਡਾ ਫਰਜ਼ ਇਹੀ ਬਣਦਾ ਹੈ ਕਿ ਪ੍ਰੇਮਾ ਭਗਤੀ ਦੁਆਰਾ ਆਪਣੇ ਸੁਆਮੀ ਨੂੰ ਧਿਆਨ ਵਿਚ ਵਸਾਈਏ ਤੇ ਸਦਾ ਉਸਦੇ ਗੁਣ ਗਾਉਂਦੇ ਰਹੀਏ । ਉਹ ਪ੍ਰਭੂ ਜੋ ਸਾਰੇ ਗੁਣਾਂ ਤੇ ਸਾਰੇ ਸ੍ਰੇਸ਼ਟ ਗਿਆਨਾਂ ਵਿਚ ਪੂਰਨ ਹੈ, ਮੈਂ ਉਸ ਨੂੰ ਭਾ ਗਈ ਹਾਂ ਤੇ ਉਸਦੇ ਪ੍ਰੇਮ ਵਿਚ ਰੰਗੀ ਹੋਈ ਸਹਜ ਅਵਸਥਾ ਵਿਚ ਸਮਾਈ ਰਹਿੰਦੀ ਹਾਂ ।

ਹੁਣ ਅਸੀਂ ਸਬਦੁ ਗੁਰੂ ਦੀ ਸਮਰੱਥਾ ਦਾ ਕੁਝ ਕੁ ਅਨੁਮਾਨ ਲਾ ਲਿਆ ਹੈ । ਸਾਡੀ ਤੁੱਛ ਬੁੱਧੀ ਉਸਦੇ ਗੁਣਾਂ ਦਾ ਵਰਨਣ ਕਿਥੋਂ ਤੱਕ ਕਰ ਸਕਦੀ ਹੈ. ਉਹ ਤਾਂ ਡੂੰਘੇ ਤੋਂ ਡੂੰਘਾ ਹੈ ।



Digitized by Panjab Digital Library | www.panjabdigilib.org

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥

ਸੋਰਠ ਮਹਲਾ ੧, ਪੰਨਾ ੬੩੫

ਸਬਦੁ ਹੀ ਸਾਡਾ ਗੁਰੂ ਜਾਂ ਪੀਰ ਹੈ । ਉਹ ਇਤਨਾ ਗਹਰਾ (ਡੂੰਘਾ) ਹੈ ਕਿ ਕੋਈ ਵੀ ਉਸ ਦੀ ਥਾਹ ਨਹੀਂ ਪਾ ਸਕਦਾ । ਉਹ ਗੰਭੀਰ ਹੈ, ਸ਼ਾਂਤੀ ਦਾ ਪੁੰਜ ਹੈ । ਸਬਦੁ ਗੁਰੂ ਦੇ ਮਿਲਾਪ ਤੋਂ ਬਿਨਾਂ ਜਗ ਝੱਲਾ ਹੋਇਆ ਫਿਰਦਾ ਹੈ ।

ਸਬਦੁ ਗੁਰੂ ਤੋਂ ਬਿਨਾਂ ਕੋਈ ਵੀ ਦੇਹਧਾਰੀ ਰੱਬ ਨਾਲ ਸਾਡਾ ਮੇਲ ਨਹੀਂ ਕਰਵਾ ਸਕਦਾ ।

ਦੇਖਹੁ ਅਚਰਜੁ ਭਾਇਆ ॥
ਜਿਹ ਠਾਕੁਰ ਕਉ ਸੁਨਤ ਆਗਾਧਿ ਬੋਧਿ
ਸੋ ਰਿਦੇ ਗੁਰਿ ਦਇਆ ॥ ਰਹਾਉ ॥

ਸੋਰਠ ਮਹਲਾ ੫ ॥ ਪੰਨਾ-੬੧੨

ਜਿਹੜਾ ਠਾਕੁਰ ਅਗਾਧ ਬੋਧ ਹੈ, ਗਹਿਰ ਗੰਭੀਰ ਹੈ, ਬੇਅੰਤ ਹੈ, ਅਲਖ ਹੈ, ਉਹ ਹਿਰਦੇ ਵਿਚ ਬੈਠਾ ਹੈ । ਕੇਵਲ ਸਬਦੁ ਗਰੂ ਹੀ ਉਸ ਦਾ ਮਿਲਾਪ ਜੀਵ ਆਤਮਾ ਨਾਲ ਕਰਵਾ ਸਕਦਾ ਹੈ । ਦੇਖੋ ਇਹ ਕਿੰਨੀ ਅਸਚਰਜ ਗੱਲ ਹੈ । ਐਸੇ ਸਤਿਗੁਰੂ ਨੂੰ ਨੇਤ ਨੇਤ ਕਹਿਣਾ ਹੀ ਬਣਦਾ ਹੈ ।

ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗ ਆਇਆ ॥੧੧॥

ਮਾਰੂ ਮਹਲਾ ੧, ਪੰਨਾ-੧੦੩੯

ਅਜਿਹੇ ਜਨ ਵਿਰਲੇ ਹੀ ਨੇ ਜਿਨ੍ਹਾਂ ਨੂੰ ਸਬਦੁ ਗੁਰੂ ਦਾ ਮਿਲਾਪ ਹੋ ਚੁੱਕਾ ਹੈ ਤੇ ਉਹ ਸਬਦੁ ਗੁਰੂ ਦੇ ਵਿਚਾਰ (ਉਪਦੇਸ਼) ਨੂੰ ਕਮਾ ਕੇ ਇਸ ਜਗ ਵਿਚ ਮਾਇਆ ਤੋਂ ਨਿਰਲੇਪ ਹੋ ਕੇ ਰਹਿੰਦੇ ਹਨ । ਆਪ ਤਾਂ ਉਹ ਭਵਜਲ ਪਾਰ ਕਰ ਹੀ ਜਾਣਗੇ ਤੇ ਜਿਹੜੇ ਲੋਗ ਉਨ੍ਹਾਂ ਨਾਲ ਸੰਗਤ ਕਰਨਗੇ ਉਹ ਵੀ ਤਰ ਜਾਣਗੇ । ਐਸੇ [illegible] ਜਿਨ੍ਹਾਂ ਦਾ ਮਿਲਾਪ ਸਬਦੁ ਗੁਰੂ ਨਾਲ ਹੋਇਆ ਹੈ, ਉਨ੍ਹਾਂ ਦਾ ਇਸ ਜਗਤ ਵਿਚ ਆਉਣਾ ਸਫ਼ਲ ਹੋਇਆ ਹੈ ।

ਹੇ ਸਬਦੁ ਗੁਰੂ ਜੀ ! ਸਾਡੀ ਸਭ ਦੀ ਆਪ ਜੀ ਅੱਗੇ ਬੇਨਤੀ ਹੈ ਕਿ ਉਨ੍ਹਾਂ ਵਿਰਲੇ ਜਨਾਂ ਦੀ ਸੰਗਤ ਸਾਨੂੰ ਵੀ ਬਖਸ਼ੋ ਤਾਂ ਜੋ ਉਨ੍ਹਾਂ ਦੀ ਸੰਗਤ ਕਰਕੇ ਲਕੜ ਨਾਲ ਲੋਹਿਆ ਵੀ ਤਰ ਜਾਵੇ ।



Digitized by Panjab Digital Library | www.panjabdigilib.org

# ਨਾਮੁ ਨਿਰੰਜਨੁ

ਨਾਮ ਨਿਰੰਜਨ ਨੂੰ ਬਾਣੀ ਵਿਚ ਪੁਰਖੁ ਨਿਰੰਜਨੁ ਵੀ ਕਿਹਾ ਗਿਆ ਹੈ ਤੇ ਕੇਵਲ ਨਾਮੁ ਵੀ। ਉਹ ਅਕਾਲ ਪੁਰਖ ਦਾ ਉਹ ਸਰੂਪ ਹੈ, ਜੋ ਸਾਰੀ ਦੀ ਸਾਰੀ ਕਾਇਨਾਤ ਵਿਚ ਭਰਪੂਰ ਵੀ ਹੋ ਰਿਹਾ ਹੈ, ਤੇ ਘਟ ਘਟ ਵਿਚ ਵੀ ਰਵ ਰਵ ਰਿਹਾ ਹੈ। ਇਸ ਦੀ ਵਿਆਖਿਆ ਮੂਲ ਮੰਤਰ ਦੇ ਵਿਚਾਰ ਵੇਲੇ ਹੋ ਚੁੱਕੀ ਹੈ। ਨਾਮੁ ਦਾ ਨਿਵਾਸ ਪ੍ਰਾਣੀ ਦੇ ਹਿਰਦੇ ਵਿਚ ਹੈ। ਹਿਰਦੇ ਦਾ ਮਤਲਬ ਮਨੁੱਖੀ ਦਿਲ ਨਹੀਂ। ਹਿਰਦਾ ਅਰੂਪ ਹੈ, ਨਾਮੁ ਵੀ ਅਰੂਪ ਹੈ। ਇਹ ਨਾਮੁ ਹੀ ਜ਼ਿੰਦਗੀ ਹੈ। ਜਿਸ ਵੇਲੇ ਨਾਮੁ ਦੇਹ ਵਿਚੋਂ ਨਿਕਲ ਜਾਂਦਾ ਹੈ ਤਦ ਮਨੁੱਖ ਦੀ ਮੌਤ ਹੋ ਜਾਂਦੀ ਹੈ।

ਦੇਹੀ ਅੰਦਰਿ ਨਾਮੁ ਨਿਵਾਸੀ ॥
ਆਪੇ ਕਰਤਾ ਹੈ ਅਬਿਨਾਸੀ ॥

ਪੰਨਾ-੧੦੨੬

ਅਕਾਲ ਪੁਰਖ ਦੇ ਨਿਵਾਸ ਸਥਾਨ ਨੂੰ ਹੀ ਬਾਣੀ ਨੇ ਸਚ ਖੰਡ ਮੰਨਿਆ ਹੈ।

"ਸਚ ਖੰਡਿ ਵਸੈ ਨਿਰੰਕਾਰੁ" ॥

ਇਹ ਅਰੂਪ ਸਥਾਨ ਮਨੁੱਖੀ ਹਿਰਦੇ ਵਿਚ ਹੈ ਪਰ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਪੰਨਾ-੬੯੫

ਦੇ ਹੁਕਮ ਅਨੁਸਾਰ ਜੇ ਹਿਰਦੇ ਵਿਚ ਸਚਖੰਡ ਹੈ ਤਾਂ ਬਾਹਰ ਵੀ ਜ਼ਰੂਰ ਹੋਣਾ ਚਾਹੀਦਾ ਹੈ। ਪ੍ਰਾਣੀਆਂ ਦੇ ਹਿਰਦੇ ਵਿਚ ਅਕਾਲ ਪੁਰਖ ਦੇ ਸੰਪੂਰਨ ਆਪੇ ਦਾ ਇਕ ਨਿੱਕਾ ਜਿਹਾ ਅੰਸ਼ ਹੀ ਹੁੰਦਾ ਹੈ। ਇਸ ਲਈ ਹੋ ਸਕਦਾ ਹੈ ਕਿ



Digitized by Panjab Digital Library | www.panjabdigilib.org

ਉਸ ਦੀ ਸੰਪੂਰਨ ਸ਼ਕਤੀ ਕਿਸੇ ਜਗ੍ਹਾਂ ਕੇਂਦਰਿਤ ਹੋਵੇ, ਪਰ ਜੇ ਹੋਵੇ ਵੀ ਤਾਂ ਉਹ ਨਿਰਾਕਾਰ ਰੂਪ ਵਿਚ ਹੀ ਹੋ ਸਕਦੀ ਹੈ। ਸਾਕਾਰ ਰੂਪ ਵਿਚ ਨਹੀਂ ਤੇ ਉਹ ਸਚ ਖੰਡ ਵੀ ਨਿਰਾਕਾਰ ਹੀ ਹੋਵੇਗਾ।

ਹੁਕਮ ਹੈ:

ਆਪਹਿ ਸੁੰਨ ਆਪਹਿ ਸੁਖ ਆਸਨ ॥
ਆਪਹਿ ਸੁਨਤ ਆਪ ਹੀ ਜਾਸਨ ॥

ਪੰਨਾ-੨੫੦

ਸੁੰਨ ਅਵਸਥਾ ਵੀ ਉਹ ਆਪ ਹੀ ਹੈ ਤੇ ਸੁੰਨ ਅਵਸਥਾ ਦੇ ਨਾਲ ਨਾਲ ਜਦੋਂ ਉਸਨੇ ਸ੍ਰਿਸ਼ਟੀ ਦੀ ਰਚਨਾ ਵੀ ਕੀਤੀ, ਤਾਂ ਸੁਖ ਆਸਨ ਸਰੂਪ ਧਾਰਨ ਕੀਤਾ, ਜੋ ਸਾਰੇ ਬ੍ਰਹਮੰਡਾਂ ਦੀ ਦੇਖ ਰੇਖ ਕਰਦਾ ਹੈ। ਉਸ ਦਾ ਜੋ ਜਸ ਇਸ ਸ੍ਰਿਸ਼ਟੀ ਤੇ ਹੋ ਰਿਹਾ ਹੈ ਉਹ ਆਪ ਵੀ ਸੁਣ ਰਿਹਾ ਹੈ।

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥

(ਜਪੁ ਸਾਹਿਬ)

ਸੋ ਜੋ ਉਸਦਾ ਸੁਖ ਆਸਨ ਸਰੂਪ ਹੈ, ਉਹ ਸਾਰੇ ਬ੍ਰਹਮੰਡਾਂ ਤੋਂ ਵੱਖ ਜਾਂ ਨਿਰਾਲਾ ਹੀ ਹੋਵੇਗਾ। ਉਸ ਅਰੂਪ ਸਥਾਨ ਨੂੰ ਵੀ ਸਚ ਖੰਡ ਕਿਹਾ ਜਾ ਸਕਦਾ ਹੈ। ਗੁਰਬਾਣੀ ਅਦ੍ਰਿਸ਼ਟ ਦੇ ਬਾਰੇ ਵਿਚ ਅਟਕਲਾਂ ਲਾਉਣ ਤੋਂ ਸਾਨੂੰ ਰੋਕਦੀ ਹੈ। ਪਰ ਕਈ ਸੱਜਨਾਂ ਦਾ ਇਹ ਵਿਸ਼ਵਾਸ ਹੈ ਕਿ ਮਰਨ ਤੋਂ ਮਗਰੋਂ ਹੀ ਸਚ ਖੰਡ ਵਿਚ ਜਾਂ ਗੁਰੂ ਚਰਨਾਂ ਵਿਚ ਸਥਾਨ ਮਿਲੇਗਾ। ਗੁਰਬਾਣੀ ਉਸਦਾ ਖੰਡਨ ਕਰਦੀ ਹੈ ਤੇ ਦਸਦੀ ਹੈ ਕਿ ਸਚ ਖੰਡ ਤੇਰੇ ਅੰਦਰ ਹੈ ਜੇ ਤੂੰ ਚਾਹੇਂ, ਤਾਂ ਗੁਰੂ ਦੀ ਮੱਤ ਲੈ ਕੇ, ਸੁਰਤਿ ਸਬਦੁ ਦੇ ਮੇਲ ਦੁਆਰਾ ਸਚ ਖੰਡ ਤਕ ਪਹੁੰਚ ਸਕਦਾ ਹੈਂ ਤੇ ਪ੍ਰਭੂ ਦਾ ਮਿਲਾਪ ਮਾਣ ਸਕਦਾ ਹੈਂ। ਤੂੰ ਇਹ ਕੰਮ ਕੇਵਲ ਜਿਉਂਦੇ ਜੀਅ ਹੀ ਕਰ ਸਕਦਾ ਹੈਂ। ਮਰਨ ਤੋਂ ਮਗਰੋਂ ਤੇਰਾ ਖਾਤਾ ਉਸੇ ਵੇਲੇ ਬੰਦ ਹੋ ਜਾਵੇਗਾ ਤੇ ਉਸ ਤੋਂ ਮਗਰੋਂ ਪਿਛਲਿਆਂ ਵਲੋਂ ਕੀਤਾ ਕੋਈ ਵੀ ਕਰਮ ਤੇਰੇ ਕੰਮ ਨਹੀਂ ਆਵੇਗਾ। ਮਰਨ ਤੋਂ ਪਿੱਛੋਂ ਜੋ ਕੁਝ ਵੀ ਕੀਤਾ ਜਾਂਦਾ ਹੈ, ਉਹ ਕੇਵਲ ਲੋਕ ਦਿਖਾਵੇ ਲਈ ਹੀ ਕੀਤਾ ਜਾਂਦਾ ਹੈ।

ਹੁਣ ਤਕ ਗੁਰਬਾਣੀ ਦੀ ਜੋ ਵਿਚਾਰ ਹੋਈ ਹੈ। ਉਸ ਤੋਂ ਇਹ ਸਪਸ਼ਟ ਹੋ



Digitized by Panjab Digital Library | www.panjabdigilib.org

ਗਿਆ ਹੈ ਕਿ ਪ੍ਰਭੂ ਦਾ ਮਿਲਾਪ ਇਸੇ ਜਨਮ ਵਿਚ ਹੀ ਹੋ ਸਕਦਾ ਹੈ। ਕਿਉਂ ਜੋ ਪ੍ਰਭੂ ਬੈਠਾ ਹੀ ਸਾਡੇ ਹਿਰਦੇ ਵਿਚ ਹੈ। ਜੇ ਅਸੀਂ ਇੰਨੇ ਨੇੜੇ ਹੁੰਦੇ, ਉਸ ਨੂੰ ਨਹੀਂ ਮਿਲ ਸਕਦੇ ਤਾਂ ਬਾਹਰ ਕਿਥੇ ਮਿਲਾਂਗੇ। ਇਸੇ ਲਈ ਮਹਾਰਾਜ ਦਸਦੇ ਹਨ :

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥ ੧ ॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ॥
ਸਦਾ ਸਦਾ ਹਰਿ ਕੇਲਾ ਜੀਉ ॥ ੨ ॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥ ੩ ॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ॥
ਬਹੁੜ ਨ ਹੋਈਐ ਜਉਲਾ ਜੀਉ ॥ ੪ ॥ ੧੯ ॥ ੨੬ ॥

ਮਾਝ ਮਹਲਾ ੫ ॥ ਪੰਨਾ-੧੦੨

ਹੇ ਜੀਵ ! ਤੂੰ ਪ੍ਰਭੂ ਦੇ ਮਿਲਾਪ ਲਈ ਬਾਹਰ ਦੌੜਦਾ ਫਿਰਦਾ ਹੈਂ, ਪਰ ਗੁਰੂ ਵੀ ਤੇ ਪ੍ਰਭੂ ਵੀ ਤੇਰੇ ਅੰਦਰ ਬੈਠੇ ਹਨ। ਜਿਹੜੇ ਲੋਗ ਦੇਹ ਧਾਰੀਆਂ ਦੇ ਪਿੱਛੇ ਦੌੜ ਰਹੇ ਨੇ, ਉਹ ਭਰਮ ਵਿਚ ਭੁੱਲੇ ਪਏ ਹਨ। ਸਬਦੁ ਗੁਰੂ ਦੇ ਪ੍ਰਸਾਦਿ ਦੁਆਰਾ ਜਿਨ੍ਹਾਂ ਨੇ ਆਪਣੇ ਘਰ ਵਿਚ ਹੀ ਪ੍ਰਭੂ ਪ੍ਰਾਪਤੀ ਕਰ ਲਈ ਹੈ ਉਨ੍ਹਾਂ ਦੇ ਮੁਖ, ਅੰਦਰ ਗੁਰੂ ਕੋਲ ਤੇ ਬਾਹਰ ਸਾਰੇ ਜਗਤ ਵਿਚ ਉਜਲੇ ਨੇ, ਤੇ ਉਹ ਸ਼ੋਭਾ ਪਾ ਰਹੇ ਹਨ। ਮਹਾਰਾਜ ਦਸਦੇ ਹਨ ਕਿ ਤੇਰੇ ਅੰਦਰ ਹੀ ਅੰਮ੍ਰਿਤੁ ਹੈ, ਉਹ ਹੈ



Digitized by Panjab Digital Library | www.panjabdigilib.org

ਸਬਦੁ ਗੁਰੂ ਦਾ ਉਪਦੇਸ਼। ਉਹ ਅੰਮ੍ਰਿਤ ਧਾਰਾ ਝਿਮ ਝਿਮ ਵਸਦੀ ਰਹਿੰਦੀ ਹੈ ਤੇ ਮਨ ਸਬਦੁ ਗੁਰੂ ਦੀ ਵਿਚਾਰ, ਜੋ ਅੰਮ੍ਰਿਤ ਧਾਰਾ ਹੈ, ਪੀਂਦਾ ਰਹਿੰਦਾ ਹੈ।

ਅਨਹਦ ਬਾਣੀ ਦੀ ਰਸ ਭਿੰਨੀ ਝੁਨਕਾਰ, ਸਬਦੁ ਗੁਰੂ ਦੀ ਵਿਚਾਰ (ਉਪਦੇਸ਼), ਦਿਨ ਰਾਤ ਸੁਣ ਸੁਣ ਕੇ ਮਨ ਅਨੰਦ ਤੇ ਖੇੜੇ ਵਿਚ ਆਉਂਦਾ ਹੈ ਤੇ ਸਦਾ ਹੀ ਹਰੀ ਨਾਲ ਕਲੋਲ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਅੰਮ੍ਰਿਤ ਧਾਰਾ ਪੀ ਕੇ ਜਨਮਾਂ ਜਨਮਾਂ ਦਾ ਵਿਛੋੜਾ ਮੁੱਕ ਜਾਂਦਾ ਹੈ ਤੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਇਹ ਸਭ ਸਾਧ-ਗੁਰੂ (ਸਬਦੁ ਗੁਰੂ) ਦੀ ਮਿਹਰ ਨਾਲ ਹੁੰਦਾਂ ਹੈ, ਮਾਨੋ ਸੁੱਕੇ ਬੂਟੇ ਹਰੇ ਹੋ ਜਾਂਦੇ ਹਨ। ਜਿੰਨ੍ਹਾਂ ਨੇ ਗੁਰਮੁਖਿ (ਗੁਰੂ) ਦੇ ਉਪਦੇਸ਼ ਦੁਆਰਾ ਚੰਗੀ ਮੱਤ ਪਾਕੇ, ਨਾਮੁ ਧਿਆਨ ਵਿਚ ਵਸਾ ਲਿਆ, ਉਨ੍ਹਾਂ ਦਾ ਮਿਲਾਪ ਪ੍ਰਭੂ ਨਾਲ ਹੋ ਗਿਆ। ਜਿਸ ਤਰ੍ਹਾਂ ਪਾਣੀ ਦੀ ਲਹਿਰ ਤੇ ਪਾਣੀ ਵਿਚ ਕੋਈ ਫਰਕ ਨਹੀਂ ਪਰ ਦਿੱਸਣ ਵਿਚ ਵੱਖੋ ਵੱਖ ਨੇ। ਲਹਿਰ ਪਾਣੀ ਵਿਚ ਸਮਾਂ ਵੀ ਜਾਂਦੀ ਹੈ ਤੇ ਵੱਖ ਵੀ ਦਿਸਦੀ ਹੈ। ਇਸੇ ਤਰ੍ਹਾਂ ਹੀ ਜਿਨ੍ਹਾਂ ਦਾ ਪ੍ਰਭੂ ਨਾਲ ਮਿਲਾਪ ਹੋ ਗਿਆ, ਉਨ੍ਹਾਂ ਦੀ ਜੀਵ ਆਤਮਾ ਪਰਮ ਆਤਮਾ ਵਿਚ ਜਾ ਮਿਲੀ। ਮਾਨੋਂ ਦੋਨਾਂ ਜੋਤਾਂ ਦਾ ਆਪਸ ਵਿਚ ਮਿਲਾਪ ਹੋ ਗਿਆ, ਪਰ ਆਪਣੀ ਅੱਡਰੀ ਹਸਤੀ ਕਾਇਮ ਰਹੀ। ਮਹਾਰਾਜ ਦਸਦੇ ਨੇ ਕਿ ਇਹ ਸਭ ਕੁਝ ਤਦੋਂ ਹੁੰਦਾ ਹੈ ਜਦੋਂ ਸਬਦੁ ਗੁਰੂ ਭਰਮ ਦੇ ਕਿਵਾੜ ਜਾਂ ਹਉਮੈਂ ਦੀ ਕੰਧ ਤੋੜ ਦੇਂਦਾ ਹੈ। ਉਸ ਤੋਂ ਮਗਰੋਂ ਫਿਰ ਆਵਾਗਵਣ ਮੁਕ ਜਾਂਦਾ ਹੈ।

ਇਸ ਲਈ ਸਾਨੂੰ ਹੁਕਮ ਹੈ ਕਿ ਅਸੀਂ ਬਾਹਰ ਮੁਖੀ ਜੀਵਨ ਛੱਡ ਕੇ ਅੰਤਰ ਮੁਖੀ ਹੋ ਜਾਈਏ। ਬਾਹਰ ਜੋ ਕੁਝ ਵੀ ਦੇਖਦੇ ਹਾਂ ਉਹ ਚਲਨਹਾਰ ਹੈ। ਥਿਰ ਰਹਿਣ ਵਾਲੀ ਹਸਤੀ ਸਾਡੇ ਅੰਦਰ ਬੈਠੀ ਹੈ। ਇਸ ਲਈ ਗੁਰੂ ਦੀ ਮਤ ਲੈ ਕੇ ਸਾਨੂੰ ਹੁਣ ਤੋਂ ਹੀ ਨਾਮੁ ਦੀ ਕਮਾਈ ਵਿਚ ਲਗ ਜਾਣਾ ਚਾਹੀਦਾ ਹੈ।

ਪਰ ਇਹ ਪ੍ਰਭੂ ਮਿਲਾਪ ਵਾਲਾ ਰਸਤਾ ਕੋਈ ਬੱਚਿਆ ਦੀ ਖੇਡ ਨਹੀਂ। ਜੇ ਇਹ ਸਮਝੀਏ ਕਿ ਕਿਸੇ ਦੇਹ ਧਾਰੀ ਸਾਧੂ-ਸੰਤ ਨੂੰ ਪਰਸ਼ਾਦ ਛਕਾ ਕੇ ਜਾਂ ਉਸ ਨੂੰ ਕੁਝ ਚੀਜ਼ਾਂ ਵਸਤਾਂ ਦੇ ਕੇ ਉਸ ਨੂੰ ਪ੍ਰਸੰਨ ਕਰ ਕੇ ਉਸਦੀ ਅਸੀਸ ਲੈ ਲਈਏ ਤਾਂ ਨਾਮੁ ਸਿਮਰਨ ਸੌਖਾ ਹੋ ਜਾਵੇਗਾ, ਅਜਿਹਾ ਨਹੀਂ ਹੈ। ਇਹ ਤਾਂ ਗੁਰੂ ਦੀ ਮਤ ਲੈ ਕੇ ਨਾਮੁ ਜਪਨਾ ਪਵੇਗਾ ਤੇ ਆਚਾਰ ਬਨਾਉਣਾ ਪਵੇਗਾ



Digitized by Panjab Digital Library | www.panjabdigilib.org

ਜਿਸਦੀ ਵਿਚਾਰ ਵੇਰਵੇ ਸਹਿਤ ਅੱਗੇ ਚਲ ਕੇ ਕਰਾਂਗੇ ।

ਜਦੋਂ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਹੀ ਲੋਕ ਆਪਣੇ ਜੀਵਨ ਨੂੰ ਸੁਖੀ ਬਨਾਉਣ ਲਈ ਕਰਮ ਕਰਦੇ ਆਏ ਹਨ। ਸ਼ੁਭ ਅਸ਼ੁਭ ਕਰਮਾਂ ਕਾਰਨ ਕੋਈ ਰੱਬ ਦੇ ਨੇੜੇ ਹੋ ਜਾਂਦਾ ਰਿਹਾ ਹੈ ਤੇ ਕੋਈ ਦੂਰ। ਪਰ ਸ਼ੁਭ ਜਾਂ ਅਸ਼ੁਭ ਕਰਮਾਂ ਦਾ ਫਲ ਭੋਗਣ ਲਈ ਜਨਮ ਜ਼ਰੂਰ ਲੈਣਾ ਪੈਂਦਾ ਹੈ। ਅਸੀਂ ਜੋ ਅਜੇ ਤਕ ਇਸ ਸ੍ਰਿਸ਼ਟੀ ਤੇ ਜਨਮ ਧਾਰ ਕੇ ਵਿਚਰ ਰਹੇ ਹਾਂ, ਇਸ ਦਾ ਮਤਲਬ ਇਹ ਹੈ ਕਿ ਅਸੀਂ ਅਜੇ ਤਕ ਜੂਨਾਂ ਹੀ ਧਾਰਦੇ ਰਹੇ ਹਾਂ। ਪ੍ਰਭੂ ਮਿਲਾਪ ਵਾਲੇ ਪਾਸੇ ਨਹੀਂ ਗਏ। ਜੇ ਅਸੀਂ ਪਾਪ ਜਾਂ ਪੁੰਨ ਕਰਾਂਗੇ ਤਾਂ ਉਸਦਾ ਫਲ ਭੋਗਣ ਲਈ ਜਨਮ ਲੈਣਾ ਹੀ ਪਵੇਗਾ।

ਇਸ ਲਈ ਮਹਾਰਾਜ ਉਪਦੇਸ਼ ਕਰਦੇ ਨੇ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਸਲੋਕੁ ॥ (ਜਪੁ ਸਾਹਿਬ)

ਅਸੀਂ ਇਹ ਵਿਚਾਰ ਕਰ ਚੁੱਕੇ ਹਾਂ ਕਿ ਸਬਦੁ ਗੁਰੂ ਹੀ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ। ਉਹੋ ਸਾਡੇ ਮਾਪੇ ਨੇ ਤੇ ਸਾਡੇ ਲਈ ਵਰ ਲੱਭਣ ਦੇ ਉਹੀ ਸਮਰੱਥ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ।

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥

ਪਉੜੀ ॥ ਵਾਰ ਮਾਰੂ ਮ: ੫, ਪੰਨਾ-੧੧੦੧

ਸਤਿਗੁਰੂ ਸਾਨੂੰ ਇਹ ਦਸਦੇ ਨੇ ਕਿ ਹਰੀ ਹੀ ਸਾਡਾ ਮਾਤਾ ਪਿਤਾ ਤੇ ਗੁਰੂ ਹੈ। ਪਰ ਸਾਡਾ ਵਾਹ ਜਨਮ ਤੋਂ ਲੈ ਕੇ ਮਰਨ ਤਕ ਦ੍ਰਿਸ਼ਟਮਾਨ ਨਾਲ ਪੈਂਦਾ ਹੈ। ਅਸੀਂ ਹਰ ਚੀਜ਼ ਇਸੇ ਦ੍ਰਿਸ਼ਟਮਾਨ ਵਿਚੋਂ ਹੀ ਲੱਭਣ ਦਾ ਯਤਨ



Digitized by Panjab Digital Library | www.panjabdigilib.org

ਕਰਦੇ ਹਾਂ। ਰੱਬ ਨੂੰ ਭੁੱਲ ਕੇ ਪਵਨ ਜਾਂ ਪਾਣੀ ਕੋਲੋਂ ਡਰਦੇ ਫਿਰਦੇ ਹਾਂ ਤੇ ਉਨ੍ਹਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਪੂਜਾ ਕਰਦੇ ਹਾਂ। ਧਰਤੀ ਦੀ ਪੂਜਾ ਵੀ ਆਮ ਹੈ। ਅਨੇਕਾਂ ਦੇਵੀ ਦੇਵਤੇ ਗ੍ਰਿਹ ਤੇ ਨਛਤਰ ਨੇ, ਜਿਨ੍ਹਾਂ ਕੋਲੋਂ ਡਰ ਕੇ ਉਨ੍ਹਾਂ ਨੂੰ ਪਰਸੰਨ ਕਰਨ ਲਈ ਯਤਨ ਕਰਦੇ ਹਾਂ ਤਾਂ ਜੋ ਸਾਡੇ ਉਤੇ ਇਨ੍ਹਾਂ ਦੀ ਕਰੋਪੀ ਨਾ ਹੋਵੇ। ਅਕਾਲ ਪੁਰਖ ਜੋ ਕਰਨ ਕਾਰਨ ਸਮਰਥ ਹੈ, ਇਹ ਦੇਵੀ ਦੇਵਤੇ ਜਿਸ ਦੇ ਭੈ ਵਿਚ ਨੇ, ਜਿਸ ਦੇ ਹੁਕਮ ਵਿਚ ਸਾਰੀ ਕਾਰ ਕਰ ਰਹੇ ਨੇ, ਉਸ ਨੂੰ ਭੁੱਲ ਜਾਂਦੇ ਹਾਂ ਤੇ :

ਪਉਣੁ ਗੁਰੂ ਪਾਣੀ ਪਿਤ ਜਾਤਾ ॥
ਉਦਰ ਸੰਜੋਗੀ ਧਰਤੀ ਮਾਤਾ ॥
ਰੈਣਿ ਦਿਨਸੁ ਦੁਇ ਦਾਈ ਦਾਇਆ
ਜਗੁ ਖੇਲੈ ਖੇਲਾਈ ਹੇ ॥ ੧੦ ॥

ਮਾਰੂ ਮਹਲਾ ੧, ਪੰਨਾ ੧੦੨੧

ਅਸੀਂ ਭੁਲੇਖੇ ਵਿਚ ਆ ਕੇ ਪਉਣ ਨੂੰ ਗੁਰੂ, ਪਾਣੀ ਨੂੰ ਪਿਤਾ, ਤੇ ਧਰਤੀ ਨੂੰ ਮਾਤਾ ਸਮਝ ਲਿਆ, ਜਿਸ ਤਰ੍ਹਾਂ ਉਸ ਦੇ ਪੇਟ 'ਚੋਂ ਹੀ ਜੰਮੇ ਹੁੰਦੇ ਹਾਂ। ਮਹਾਰਾਜ ਨੇ ਇਹ ਕੇਵਲ ਵੰਨਗੀ ਮਾਤਰ ਦਸਿਆ ਹੈ। ਨਹੀਂ ਤੇ ਅਸੀਂ ਤਾਂ ਕੁਦਰਤ ਦੀ ਕੋਈ ਐਸੀ ਸ਼ਕਤੀ ਨਹੀਂ ਜਿਸ ਤੋਂ ਭੈ ਨਾ ਖਾਂਦੇ ਹੋਈਏ। ਅਸਲ ਪਰਯੋਜਨ ਇਸ ਮਿਸਾਲ ਦੇਣ ਦਾ ਇਹ ਹੈ ਕਿ ਅਸੀਂ ਕੁਦਰਤ ਦੀਆਂ ਚੀਜ਼ਾਂ ਵਿਚ ਹੀ ਸੁਖ ਭਾਲਣ ਦਾ ਯਤਨ ਕਰ ਰਹੇ ਹਾਂ। ਕੁਦਰਤ ਦੀਆਂ ਉਹ ਸ਼ਕਤੀਆਂ ਜਿਹੜੀਆਂ ਪ੍ਰਭੂ ਦੇ ਭੈ ਵਿਚ ਨੇ, ਉਨ੍ਹਾਂ ਸ਼ਕਤੀਆਂ ਕੋਲੋਂ ਡਰ ਕੇ ਉਨ੍ਹਾਂ ਦੀ ਪੂਜਾ ਕਰਦੇ ਹਾਂ। ਇਸ ਤਰ੍ਹਾਂ ਅਸੀਂ ਬਾਹਰ ਮੁਖੀ ਜੀਵਨ ਬਤੀਤ ਕਰ ਰਹੇ ਹਾਂ ਤੇ ਡਰ ਦੇ ਕਾਰਨ ਸਹਿਮੇਂ ਰਹਿੰਦੇ ਹਾਂ। ਤੌਖਲਿਆਂ ਵਿਚ ਗ੍ਰਸਤ ਹੋ ਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਸਹੇੜ ਲੈਂਦੇ ਹਾਂ। ਜੀਵ ਆਤਮਾਂ ਦੀ ਖੁਰਾਕ ਨਾਮੁ ਹੈ। ਨਾਮੁ ਨੂੰ ਭੁਲੱਣ ਦੇ ਕਾਰਨ ਜੀਵ ਆਤਮਾ ਘਬਰਾਂਦੀ ਰਹਿੰਦੀ ਹੈ। ਉਸ ਨੂੰ ਪਤਾ ਨਹੀਂ ਮੈਂ ਕਿਉਂ ਘਬਰਾ ਰਹੀ ਹਾਂ। ਮਨ ਕਿਸੇ ਕੰਮ ਵਿਚ ਲਗਦਾ ਨਹੀਂ। ਸਮਾਂ ਬਤੀਤ ਕਰਨ ਲਈ ਮਨੋਰਜੰਨ ਦੇ ਕਈ ਤਰੀਕੇ ਵਰਤੇ ਜਾਂਦੇ ਹਨ। ਚਲੋ ਪਿਕਨਿਕ ਤੇ ਚਲੀਏ। ਨ੍ਰਿਤ ਨਾਟ ਦੇਖੀਏ, ਆਦਿ। ਇਹ



Digitized by Panjab Digital Library | www.panjabdigilib.org

ਖਡੌਣੇ ਨੇ ਮਨ ਨੂੰ ਪਤਿਆਉਣ ਦੇ । ਜੀਵ ਆਤਮਾ ਨੂੰ ਸੁਖ ਤਦੇ ਹੀ ਮਿਲੇਗਾ ਜਦੋਂ ਉਸ ਨਾਲ ਨਾਮੁ ਦਾ ਮਿਲਾਪ ਹੋਵੇਗਾ । ਮਹਾਰਾਜ ਇਸੇ ਦ੍ਰਿਸ਼ਟਾਂਤ ਨੂੰ ਸਪਸ਼ਟ ਕਰਦੇ ਨੇ ਕਿ ਦਿਨ ਤੇ ਰਾਤ, ਜਿਸ ਨੂੰ ਅਸੀਂ ਸਮਾਂ ਕਹਿੰਦੇ ਹਾਂ, ਇਹ ਦਾਈ ਦਾਇਆ ਬਣ ਕੇ ਸਾਨੂੰ ਪਰਚਾ ਰਹੇ ਹਨ । ਜਿਸ ਤਰ੍ਹਾਂ ਕਿਸੇ ਦੁਧ ਪੀਂਦੇ ਬੱਚੇ ਦੀ ਮਾਂ ਇਕ ਦੋ ਦਿਨਾਂ ਲਈ ਬਾਹਰ ਚਲੀ ਜਾਵੇ ਤੇ ਆਪਣਾ ਬੱਚਾ ਦਾਈ ਦੇ ਸਪੁਰਦ ਕਰ ਜਾਵੇਂ । ਜਿਸ ਵੇਲੇ ਭੁੱਖ ਲਗੇਗੀ ਤਾਂ ਬੱਚਾ ਰੋਏਗਾ । ਦਾਈ ਕੋਲ ਦੁਧ ਤਾਂ ਹੈ ਨਹੀਂ, ਦੁਧ ਤਾਂ ਮਾਂ ਦੇ ਥਣਾਂ ਵਿਚ ਹੈ । ਉਹ ਬੱਚੇ ਨੂੰ ਖਡੌਣੇ ਦਿਖਾ ਕੇ ਚੁੱਪ ਕਰਾਏਗੀ, ਕਦੀ ਉਸ ਨੂੰ ਚੁੱਕ ਕੇ ਫਿਰੇਗੀ, ਕਦੀ ਹੋਰ ਆਹਰ ਕਰੇਗੀ ਕਿ ਉਹ ਬਹੁਤਾ ਨਾ ਰੋਵੇ । ਪਰ ਜਿਸ ਨੂੰ ਦੁਧ ਦੀ ਭੁਖ ਹੋਵੇ ਉਹ ਖਿਡੌਣਿਆਂ ਨਾਲ ਕਿਥੋਂ ਤਕ ਪਸੀਜੇਗਾ ? ਜੇ ਉਸ ਨੂੰ ਦੋ ਚਾਰ ਦਿਨ ਦੁੱਧ ਨਾ ਮਿਲੇ ਤਾਂ ਉਸਦਾ ਮਿਹਦਾ ਜੋ ਦੁਧ ਮੰਗਦਾ ਸੀ, ਉਹ ਸਰੀਰ ਦੇ ਖ਼ੂਨ ਤੇ ਚਰਬੀ ਨੂੰ ਹੀ ਆਪਣਾ ਆਹਾਰ ਬਣਾ ਲਵੇਗਾ ਤੇ ਸਰੀਰ ਢਲਣਾ ਸ਼ੁਰੂ ਹੋ ਜਾਵੇਗਾ । ਜਿਸ ਕਾਰਨ ਮੌਤ ਵੀ ਹੋ ਸਕਦੀ ਹੈ । ਸੋ ਮਹਾਰਾਜ ਇਸ ਦ੍ਰਿਸ਼ਟਾਂਤ ਦੁਆਰਾ ਦਸਦੇ ਨੇ ਕਿ ਤੂੰ ਨਾਮੁ ਨੂੰ ਭੁਲ ਕੇ, ਜੋ ਜੀਵ ਆਤਮਾ ਦਾ ਆਧਾਰ ਹੈ, ਦ੍ਰਿਸ਼ਟਮਾਨ ਖਡੌਣਿਆਂ ਵਿਚ ਮਸਤ ਹੋ ਗਿਆ ਹੈਂ । ਇਸ ਦੇ ਫਲ ਸਰੂਪ ਤੇਰੀ ਜੀਵ ਆਤਮਾ ਕੁਮਲਾ ਰਹੀ ਹੈ, ਸੁਰਤਿ ਮੁਰਦਾ ਹੋ ਰਹੀ ਹੈ। ਸਮੇਂ ਦੇ ਚਕਰ ਵਿਚ ਫਸ ਕੇ ਕੇਵਲ ਧਨ ਕਮਾਣ ਦੇ ਆਹਰ ਵਿਚ ਲੱਗਾ ਹੋਇਆ ਹੈਂ । ਫਿਰ ਤੂੰ ਇਹ ਸੋਚਦਾ ਹੈ ਕਿ ਹੇਰਾ ਫੇਰੀ ਕਰ ਕੇ ਬਹੁਤ ਧੰਨ ਕਮਾਇਆ ਹੈ । ਕੁਝ ਦਾਨ ਵਜੋਂ ਦੇ ਦਿਆਂ ਤਾਂ ਜੋ ਅੱਗੇ ਜਾ ਕੇ ਕੰਮ ਆਵੇਗਾ । ਇਸ ਤਰ੍ਹਾਂ ਪਾਪ ਤੇ ਪੁੰਨ ਦੋਨੋਂ ਹੀ ਕਮਾਣ ਦੇ ਚਕਰ ਵਿਚ ਪਿਆ ਰਹਿੰਦਾ ਹੈ ਤੇ ਪ੍ਰਭੂ ਕੋਲੋਂ ਦੂਰ ਹੁੰਦਾਂ ਜਾਂਦਾ ਹੈ । ਚੰਗਿਆਈਆਂ ਬੁਰਿਆਈਆਂ ਦੀ ਪਰਖ ਸਮੇਂ ਚੰਗੀਂ ਜਾਂ ਮੰਦੀ ਜੂਨ ਤੈਨੂੰ ਮਿਲ ਜਾਵੇਗੀ । ਪਰ ਪ੍ਰਭੂ ਦਾ ਮਿਲਾਪ ਨਹੀਂ । ਪਰੰਤੂ ਜਿੰਨ੍ਹਾਂ ਨੇ ਨਾਮ ਧਿਆਇਆ ਹੈ :

"ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿਨਾਮੁ ਧਿਆਵਾ ॥"

ਪੰਨਾ-੪੫੦

ਘਾਲ ਕੇਵਲ ਉਨ੍ਹਾਂ ਦੀ ਹੀ ਥਾਇ ਪੈਂਦੀ ਹੈ ਜਿਨ੍ਹਾਂ ਦੇ ਧਿਆਨ ਵਿਚ



Digitized by Panjab Digital Library | www.panjabdigilib.org

ਨਾਮੁ ਵਸ ਜਾਂਦਾ ਹੈ। ਧਿਆਨ ਵਿਚ ਜਿਹੜੇ ਸੰਕਲਪ ਵਿਕਲਪ ਹਰ ਵੇਲੇ ਉਠਦੇ ਰਹਿੰਦੇ ਨੇ, ਉਹ ਬੰਦ ਹੋ ਜਾਣ ਤੇ ਨਾਮੁ ਉਨ੍ਹਾਂ ਦੀ ਥਾਂ ਮੱਲ ਲਵੇ। ਇਹ ਤਦ ਹੀ ਹੁੰਦਾਂ ਹੈ ਜਦ ਸਬਦੁ ਗੁਰੂ ਦੇ ਪ੍ਰਸਾਦ ਦੁਆਰਾ ਹਉਮੈ ਦੀ ਕੰਧ ਟੁੱਟ ਜਾਵੇ।

ਸੋ ਜਿਨ੍ਹਾਂ ਦੇ ਧਿਆਨ ਵਿਚ ਨਾਮ ਵਸ ਗਿਆ, ਉਨ੍ਹਾਂ ਨੇ ਉਹ ਘਾਲ ਘਾਲੀ ਹੈ, ਜਿਸਦੀ ਉਨ੍ਹਾਂ ਨੂੰ ਮਸਕਤਿ (ਮਜੂਰੀ) ਮਿਲੇਗੀ। ਜਾਂ ਇਉਂ ਕਹਿ ਲਵੋ ਕਿ ਉਨ੍ਹਾਂ ਦੀ ਘਾਲ ਥਾਂਇ ਪਈ ਹੈ। ਕੇਵਲ ਉਹੀ ਮੁਖ ਉਜਲੇ ਹਨ। ਉਨ੍ਹਾਂ ਦੀ ਸੰਗਤ ਕਰਕੇ ਹੋਰ ਵੀ ਅਨੇਕਾਂ ਭਵਸਾਗਰ ਪਾਰ ਕਰ ਸਕਦੇ ਹਨ।

ਇਸ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਨਾਮੁ ਸਿਮਰਨ ਤੋਂ ਬਿਨਾਂ ਅਸੀਂ ਜੋ ਵੀ ਕੰਮ, ਸ਼ੁਭ ਕਰਮ ਸਮਝ ਕੇ ਕਰਦੇ ਹਾਂ, ਉਹ ਪ੍ਰਭੂ ਦੇ ਦਰ ਤੇ ਕਬੂਲ ਨਹੀਂ। ਨਾਮ ਸਿਮਰਨ ਤੋਂ ਬਿਨਾਂ ਜੋ ਵੀ ਅਖੌਤੀ ਧਰਮ ਦੇ ਕੰਮ ਨੇ, ਮਹਾਰਾਜ ਉਸ ਨੂੰ ਕਰਮ ਕਾਂਡ ਕਹਿੰਦੇ ਨੇ। ਜਿਨ੍ਹਾਂ ਦੇ ਕਰਨ ਨਾਲ ਮੁੱਲ ਇਕ ਕੌਡੀ ਵੀ ਨਹੀਂ ਪੈਣਾ। ਕੇਵਲ ਆਪਣਾ ਸਮਾਂ ਹੀ ਗੁਆਣਾ ਹੈ।

ਕੇਵਲ ਨਾਮੁ ਸਿਮਰਨ ਦੁਆਰਾ ਉਸਦੇ ਪ੍ਰੇਮ ਵਿਚ ਰੰਗੇ ਜਾਣਾ, ਇਕੋ ਇਕ ਘਾਲ ਹੈ ਜੋ ਥਾਇ ਪੈਂਦੀ ਹੈ। ਨਾਮੁ ਸਿਮਤਨ ਦੁਆਰਾ ਹੀ ਗੁਣਵਾਨ ਹੋ ਸਕੀਦਾ ਹੈ। ਪਰ ਜੇ ਨਾਮੁ ਸਿਮਰਨ ਤੋਂ ਬਿਨਾਂ ਗੁਣ ਧਾਰਣ ਕਰਨ ਦੀ ਕੋਸ਼ਿਸ਼ ਕਰੀਏ ਤਾਂ ਉਹ ਟਿਕ ਨਹੀਂ ਸਕਦੇ ਤੇ ਗਲ ਜਾਂਦੇ ਹਨ।

ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਤਰ ਤੇਰੇ ਗੁਣ ਗਲਿਆ ॥ ੧ ॥

ਆਸਾ ਮਹਲਾ ੧ ॥ ਪੰਨਾ-**੧੨**

ਹੇ ਮਨ ! ਤੂੰ ਅਕਾਲ ਪੁਰਖ ਨੂੰ ਚੇਤੇ ਵਿਚ ਨਹੀਂ ਵਸਾਂਦਾ। ਹੇ ਮੂਰਖ ਮਨ ! ਹਰੀ ਨੂੰ ਵਿਸਾਰਨ ਨਾਲ ਤੇਰੇ ਸਾਰੇ ਗੁਣ ਗਲ ਜਾਣਗੇ।

ਸਾਡਾ ਅਸਲ ਪ੍ਰਯੋਜਨ ਤਾਂ ਦੂਜੇ ਭਾਉਂ ਨੂੰ ਆਪਣੇ ਮਨ ਵਿਚੋਂ ਦੂਰ ਕਰਨਾ ਹੈ, ਜਿਸ ਕਾਰਨ ਮਨ ਵਿਚ ਸੰਕਲਪ ਵਿਕਲਪ ਉਠਦੇ ਰਹਿੰਦੇ ਨੇ ਤੇ ਨਾਮ ਨੂੰ ਧਿਆਨ ਵਿਚ ਵਸਨ ਨਹੀਂ ਦੇਂਦੇ। ਇਸ ਲਈ ਸਾਨੂੰ ਚਾਹੀਦਾ ਹੈ ਕਿ ਪ੍ਰਭੂ ਦੇ ਮਿਲਾਪ ਲਈ ਸਾਡੇ ਮਨ ਵਿਚ ਚਾਅ ਉਠੇ, ਤਾਂਜੋ ਉਸ ਰਸਤੇ ਅਸੀਂ



Digitized by Panjab Digital Library | www.panjabdigilib.org

ਵੀ ਚਲ ਸਕੀਏ ਤੇ ਉਸ ਅਵਸਥਾ ਤੇ ਪਹੁੰਚ ਸਕੀਏ, ਜਿਸ ਅਵਸਥਾ ਨੂੰ "ਨਾਮੁ ਧਿਆਇਆ" ਗੁਰਬਾਣੀ ਨੇ ਕਿਹਾ ਹੈ। ਜਿਸਦਾ ਦੂਸਰੇ ਅੱਖਰਾਂ ਵਿਚ ਮਤਲਬ ਹੈ ਨਾਮੁ ਨਿਧਾਨੁ ਨਾਲ ਮਿਲਾਪ।

ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ
ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥

ਬਿਹਾਗੜਾ ਮਹਲਾ ੪, ਪੰਨਾ-੫੩੯

ਨਾਮੁ ਨਿਰੰਜਨ ਦਾ ਮਿਲਾਪ ਕੇਵਲ ਇਕੋ ਇਕ ਤਰੀਕੇ ਨਾਲ ਹੋ ਸਕਦਾ ਹੈ। ਉਹ ਹੈ ਸਬਦੁ ਗੁਰੂ ਦਾ ਪ੍ਰਸਾਦ। ਜੇ ਅਸੀਂ ਨਾਮੁ ਨਿਧਾਨੁ ਦੇ ਗੁਣਾਂ ਤੇ ਵਿਚਾਰ ਕਰੀਏ ਤਾਂ ਸਾਡੇ ਮਨ ਵਿਚ ਉਤਸ਼ਾਹ ਉਠੇਗਾ। ਇਸ ਲਈ ਉਸ ਸੁਹਾਗਣ ਦੀ ਕਥਾ ਸੁਣ ਕੇ ਉਤਸ਼ਾਹਿਤ ਹੋਈਏ। ਮਹਾਰਾਜ ਇਕ ਸੁਹਾਗਣ ਦੀ ਅਵਸਥਾ ਇਸ ਤਰ੍ਹਾਂ ਦਸਦੇ ਹਨ :

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥
ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥
ਗਹਿ ਭੁਜਾ ਲੀਨੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥
ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥
ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥ ੩ ॥

ਬਿਲਾਵਲ ਮਹਲਾ ੫, ॥ ਪੰਨਾ-੮੪੬

ਸੁਹਾਗਨ ਕਹਿੰਦੀ ਹੈ ਕਿ ਮੈਂ ਆਪਣੇ ਅਬਨਾਸੀ ਪ੍ਰਭੂ ਦੇ ਗੁਣ ਦੇਖ ਕੇ ਬਿਸਮਾਦ ਵਿਚ ਆ ਗਈ, ਵਜਦ ਵਿਚ ਆ ਗਈ। ਉਸ ਨੇ ਮੇਰੀ ਬਾਂਹ ਆਪਣੇ ਹੱਥ ਨਾਲ ਪਕੜ ਲਈ। ਜਿਸ ਨਾਲ ਜਮ ਦੀ ਫਾਂਸੀ ਕਟੀ ਗਈ, ਜਮ ਜਾਂ ਮੌਤ ਦਾ ਡਰ ਮੁਕ ਗਿਆ। ਪਤੀ ਤੇ ਪਤਨੀ ਦੋਨੋਂ ਹੀ ਅਰੂਪ ਨੇ, ਇਸ ਲਈ ਹੱਥ ਜਾਂ ਬਾਂਹ ਫੜਣ ਤੋਂ ਭਾਵ ਹੈ ਕਿ ਉਸ ਨੇ ਮੈਨੂੰ ਅਪਨਾਅ ਲਿਆ। ਮਾਨੋ ਮੇਰੇ ਭਾਗ ਜਾਗ ਪਏ। ਮੇਰੀ ਮਾੜੀ ਬੁੱਧੀ, ਮੋਹ ਤੇ ਵਿਕਾਰ ਸਭ ਨਸ ਗਏ ਤੇ ਨਿਰਮਲ ਦਿਹਾੜੇ ਆ ਗਏ। ਉਨ੍ਹਾਂ ਨੇ ਜਦੋਂ ਮੇਰੇ ਵਲ ਦੇਖਿਆ, ਉਹ ਕਿਡੀ ਪਿਆਰੀ ਦ੍ਰਿਸ਼ਟੀ ਸੀ। ਉਸ ਦ੍ਰਿਸ਼ਟੀ ਦੀ ਤਾਬ ਮੇਰੀ ਦੁਰਮਤਿ



Digitized by Panjab Digital Library | www.panjabdigilib.org

ਨ ਸਹਾਰ ਸਕੀ ਤੇ ਉਹ ਡਰ ਕੇ ਭੱਜ ਗਈ। ਦੁਰਮਤਿ ਦੇ ਭੱਜ ਜਾਣ ਨਾਲ ਮੈਂ ਪੂਰੀ ਤਰ੍ਹਾਂ ਨਿਰਮਲ ਹੋ ਗਈ। ਇਹ ਸਭ ਕੁਝ ਉਸ ਅਬਨਾਸੀ ਪ੍ਰਭੂ ਦੇ ਮਿਲਾਪ ਕਾਰਨ ਹੋਇਆ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥ ੪ ॥ ੨ ॥

ਬਿਲਾਵਲ ਮਹਲਾ ੫ ॥ ਪੰਨਾ-੮੪੬

ਉਹ ਸੁਹਾਗਣ ਹੋਰ ਦਸਦੀ ਹੈ ਕਿ ਜਦੋਂ ਸਾਡਾ ਆਪਸ ਵਿਚ ਮਿਲਾਪ ਹੋਇਆ ਤਾਂ ਮਾਨੋ ਅਜਿਹਾ ਲਗਾ ਜਿਸ ਤਰ੍ਹਾਂ ਸੂਰਜ ਤੇ ਉਸ ਦੀਆਂ ਕਿਰਨਾਂ ਇਕ ਮਿਕ ਹੋ ਜਾਣ। ਜਾਂ ਲਹਿਰਾਂ ਜਲ ਵਿਚ ਰਲ ਕੇ ਫਿਰ ਜਲ ਹੀ ਦਿਸਣ ਲਗ ਪੈਣ। ਦੋਵੇ ਜੋਤਾਂ, ਪਰਮ ਆਤਮਾ ਤੇ ਜੀਵ ਆਤਮਾ, ਆਪਸ ਵਿਚ ਲੀਨ ਹੋ ਗਈਆਂ ਤੇ ਪਤੀ ਪਤਨੀ ਦੇ ਮਿਲਾਪ ਦਾ ਕਾਰਜ ਸੰਪੂਰਨ ਹੋ ਗਿਆ। ਹੁਣ ਹਰ ਜਗ੍ਹਾ ਬ੍ਰਹਮ ਹੀ ਦਿਸਦਾ ਹੈ ਤੇ ਬ੍ਰਹਮ ਹੀ ਸੁਣਾਈ ਦੇਂਦਾ ਹੈ। ਮੈਂ ਏਕੁ ਏਕੁ (ਬ੍ਰਹਮ) ਦਾ ਹੀ ਉਚਾਰਨ ਕਰ ਰਹੀ ਹਾਂ। ਇਹ ਜੋ ਸਾਰਾ ਪਸਾਰਾ ਪਸਰਿਆ ਹੋਇਆ ਹੈ, ਇਹ ਉਸੇ ਇਕ ਦਾ ਹੀ ਹੈ। ਉਹੀ ਕਰਨ ਕਾਰਨ ਸਮਰਥ ਹੈ। ਮੈਨੂੰ ਹਰ ਜਗ੍ਹਾ ਉਹੀ ਦਿਸਦਾ ਹੈ। ਉਸ ਤੋਂ ਬਿਨਾਂ ਕੋਈ ਨਹੀਂ। ਇਸ ਕਾਰਨ ਮੇਰੀ ਦਵੈਤ ਦੂਰ ਹੋ ਗਈ ਹੈ। ਉਹੀ ਕਰਤਾ ਹੈ, ਉਹੀ ਭੋਗਣ ਵਾਲਾ ਹੈ। ਇਹ ਸਾਰਾ ਕਾਰਣ ਉਸੇ ਦਾ ਹੀ ਕੀਤਾ ਹੋਇਆ ਹੈ। ਇਹ ਗੱਲਾਂ ਕਹਿਣ ਸੁਨਣ ਦੀਆਂ ਨਹੀਂ, ਇਹ ਉਹੀ ਜਾਣ ਸਕਦੇ ਨੇ ਜਿਨ੍ਹਾਂ ਨੇ ਹਰੀ ਰਸ ਪੀਤਾ ਹੈ, ਤੇ ਸੁਹਾਗਣ ਦੀ ਅਵਸਥਾ ਨੂੰ ਪਹੁੰਚੇ ਹੋਏ ਹਨ।

ਹੁਣ ਜੀਵ ਆਤਮਾ ਦਾ ਮਿਲਾਪ ਪਰਮ ਆਤਮਾ ਨਾਲ ਹੋ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਜੋਤ ਨਾਲ ਜੋਤ ਮਿਲ ਗਈ ਤੇ ਬਸ। ਜੀਵ ਆਤਮਾ ਦੀ ਹੋਂਦ ਖਤਮ ਨਹੀਂ ਹੋਈ। ਜੀਵ ਆਤਮਾ ਸਮੁੰਦਰ ਦੀਆਂ



Digitized by Panjab Digital Library | www.panjabdigilib.org

ਲਹਿਰਾਂ ਵਾਂਗ ਵਖ ਵੀ ਹੈ ਤੇ ਵਿਚ ਵੀ ਹੈ। ਉਹ ਪ੍ਰਭੂ ਨਾਲ ਪ੍ਰੇਮ ਦਾ ਰਸ ਵੀ ਮਾਣਦੀ ਹੈ ਤੇ ਦੁਨੀਆਂ ਵਿਚ ਰਹਿੰਦੀਆਂ ਹੋਇਆ ਗ੍ਰਿਹਸਤ ਦੇ ਸਾਰੇ ਕੰਮ ਵੀ ਕਰਦੀ ਹੈ। ਪਰ ਲਿਵ ਹਰ ਵੇਲੇ ਆਪਣੇ ਪੁਰਖ ਨਾਲ ਜੁੜੀ ਰਹਿੰਦੀ ਹੈ।

ਸਤਿਗੁਰੰ ਕੀ ਐਸੀ ਵਡਿਆਈ ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੨ ॥
ਧਨਾਸਰੀ ਮਹਲਾ ੧ ॥ ੬੬੧

ਇਹ ਸਤਿਗੁਰੂ ਦੀ ਹੀ ਵਡਿਆਈ ਹੈ ਜੋ ਉਹ ਸਾਨੂੰ ਆਪਣੇ ਪੇਟੇ (ਪੱਲੇ) ਪਾ ਕੇ ਸਾਨੂੰ ਹਰੀ ਨਾਲ ਵੀ ਜੋੜ ਦੇਂਦਾ ਹੈ ਤੇ ਅਸੀਂ ਦੁਨੀਆਂ ਦੇ ਸਾਰੇ ਕੰਮ ਵੀ ਕਰਦੇ ਰਹਿੰਦੇ ਹਾਂ।

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧ ॥
ਬਾਹਰਿ ਸੂਤ ਸਗਲ ਸਿਉ ਮਉਲਾ ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥
ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥
ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥ ੪ ॥ ੩ ॥ ੫੪ ॥
ਆਸਾ ਮਹਲਾ ੫ ॥ ਪੰਨਾ-੩੮੪-੩੮੫

ਮਹਾਰਾਜ ਉਸ ਸੁਹਾਗਣ ਦੀ ਅਵਸਥਾ ਦਸਦੇ ਹਨ, ਉਸਦਾ ਮਨ ਤਾਂ ਉਸ ਹਰੀ ਦੇ ਵਿਚ, ਜੋ ਸਚੁ ਹੈ ਤੇ ਨਾਮੁ ਹੈ, ਖੁਭਾ ਰਹਿੰਦਾ ਹੈ ਤੇ ਲੋਕਾਂ ਨਾਲ ਉਹ ਹਾਸੇ ਠੱਠੇ ਦੀਆਂ ਗੱਲਾਂ ਵੀ ਕਰਦਾ ਹੈ। ਉਹ ਕਹਿੰਦਾ ਹੈ ਕਿ ਮੈਂ ਉਪਰੋਂ ਉਪਰੋਂ ਤਾਂ ਸਭ ਨਾਲ ਸ਼ਿਸ਼ਟਾਚਾਰ ਨਿਭਾਉਂਦਾ ਹਾਂ। ਸਭ ਦੀ ਗ਼ਮੀ ਖੁਸ਼ੀ ਵਿਚ ਸ਼ਰੀਕ ਹੁੰਦਾ ਹਾਂ, ਪਰ ਮੈਂ ਇਹ ਸਭ ਕੁਝ ਕਰਦਾ ਹੋਇਆ ਵੀ ਇਸ ਦੁਨੀਆਂ ਵਿਚ ਨਿਰਲੇਪ ਰਹਿੰਦਾ ਹਾਂ। ਮੂੰਹ ਜਬਾਨੀ ਮੈਂ ਸਭ ਲੋਕਾਂ ਨਾਲ ਗੱਲਾਂ ਕਰਦਾ ਹਾਂ, ਪਰ ਮਨ ਤਾਂ ਮੇਰਾ ਗੁਰੂ ਦੇ ਪੇਟੇ ਪਿਆ ਹੋਇਆ ਹੈ।



Digitized by Panjab Digital Library | www.panjabdigilib.org

ਇਸ ਦੁਨੀਆਂ ਵਿਚ ਮੈਂ ਜੋ ਕੁਝ ਵੀ ਕਰਦਾ ਹਾਂ, ਗੁਰੂ ਦਾ ਹੁਕਮ ਵਜਾਉਂਦਾ ਹਾਂ। ਇਸ ਲਈ ਜੀਅ ਨਾਲ ਮੈਂ ਹਰ ਵਕਤ ਪ੍ਰਭੂ ਨੂੰ ਸੰਭਾਲੀ ਰਖਦਾ ਹਾਂ। ਮੇਰੇ ਮਸਤਕ ਤੇ ਨਾਮੁ ਦਾ ਜਲਾਲ ਹੈ, ਇਸ ਲਈ ਮੈਂ ਉਪਰੋਂ ਤਾਂ ਰੁਅਬ ਦਾਬ ਵਾਲਾ ਲਗਦਾ ਹਾਂ ਪਰ, ਮੇਰਾ ਮਨ ਤਾਂ ਨਿਮਰਤਾ ਨਾਲ ਭਰਪੂਰ ਹੈ, ਮੈਂ ਸਭ ਦੀ ਚਰਨ ਧੂੜ ਹਾਂ। ਮਹਾਰਾਜ ਕਹਿੰਦੇ ਨੇ ਕਿ ਭਾਈ, ਜਿਨ੍ਹਾਂ ਨੂੰ ਵੀ ਪੂਰੇ ਗੁਰੂ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਨੂੰ ਅੰਦਰ ਵੀ ਤੇ ਬਾਹਰ ਕੁਦਰਤ ਵਿਚ ਵੀ ਏਕੁ (ਹਰੀ) ਹੀ ਦਿਸਦਾ ਹੈ।

ਜਿਸ ਤਰ੍ਹਾਂ ਸਤਿਗੁਰੂ ਸਬਦੁ ਰੂਪ ਹੈ, ਅਨਹਦ ਬਾਣੀ ਹੈ, ਇਸ ਤਰ੍ਹਾਂ ਨਾਮੁ ਨਿਰੰਜਨ ਵੀ ਅੰਮ੍ਰਿਤ ਬਾਣੀ ਹੈ। ਜੀਵ ਆਤਮਾ ਨਾਮੁ ਨਿਰੰਜਨ ਦੇ ਮਿਲਾਪ ਨਾਲ ਉਸ ਦੀ ਅੰਮ੍ਰਿਤ ਬਾਣੀ ਸੁਣਦੀ ਹੈ ਤੇ ਵਿਸਮਾਦ ਵਿਚ ਆਉਂਦੀ ਹੈ।

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ। ਅਤਿ ਸੁੰਦਰ
ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥ ੧ ॥ ਰਹਾਉ ॥
ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ ਪੰਨਾ-੫੩੪

ਹੇ ਮੇਰੇ ਅਤੀ ਸੁਦਰ ਮਨਮੋਹਨ ਪ੍ਰੀਤਮ ! ਤੂੰ ਸਾਰੇ ਪ੍ਰਾਣੀਆਂ ਦੇ ਵਿਚ ਵੀ ਹੈ ਤੇ ਉਨ੍ਹਾਂ ਤੋਂ ਨਿਆਰਾ ਵੀ ਹੈਂ। ਤੂੰ ਘਟ ਘਟ ਅੰਤਰ ਸਰਬ ਨਿਰੰਤਰ ਹੈ। ਹੇ ਮੇਰੇ ਭਰਤਾ ! ਤੇਰੇ ਬਚਨ ਅੰਮ੍ਰਿਤੁ ਹਨ। ਮੈਂ ਚਾਹੁੰਦੀ ਹਾਂ ਕਿ ਹਰ ਵੇਲੇ ਤੇਰੇ ਅੰਮ੍ਰਿਤੁ ਬਚਨ ਸੁਣਦੀ ਰਹਾਂ। ਮੈਂ ਦੁਨੀਆਂ ਦਾ ਰਾਜ ਕੀ ਕਰਨਾ ਹੈ। ਨਾ ਹੀ ਮੈਨੂੰ ਮੁਕਤੀ ਦੀ ਲੋੜ ਹੈ। ਇਹ ਜਿੰਨੀਆਂ ਵੀ ਦੁਨਿਆਵੀ ਚੀਜ਼ਾਂ ਨੇ ਇਹ ਤੇਰੇ ਅੰਮ੍ਰਿਤੁ ਬਚਨਾਂ ਅੱਗੇ ਤੁੱਛ ਹਨ। ਮੇਰਾ ਮਨ ਚਾਹੁੰਦਾ ਹੈ ਕਿ ਮੈਨੂੰ ਆਪ ਜੀ ਦੇ ਚਰਨ ਕਮਲਾਂ ਦੀ (ਦਾਸੀ ਭਾਵ ਵਾਲੀ) ਪ੍ਰੀਤ ਸਦਾ ਮਿਲੀ ਰਹੇ, ਤੇ ਮੈਂ ਆਪ ਜੀ ਦੀ ਅੰਮ੍ਰਿਤ ਬਾਣੀ ਸਦਾ ਸੁਣਦੀ ਰਹਾਂ।

ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ।
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ।
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ।
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥ ੧੩ ॥
ਸਾਰੰਗ ਕੀ ਵਾਰ ਮਹਲਾ ੪ ॥ ਪਉੜੀ : ਪੰਨਾ-੧੨੪੨



Digitized by Panjab Digital Library | www.panjabdigilib.org

**ਸਵਾਲ :**

ਨਾਮੁ ਨਿਰੰਜਨ ਜੋ ਮਨੁਖ ਦੀ ਲਖਤਾ ਤੋਂ ਬਾਹਰ ਹੈ, ਜੋ ਅਦ੍ਰਿਸ਼ਟ ਹੈ, ਉਸ ਦੇ ਦਰਸ਼ਨ ਕਿਸ ਤਰ੍ਹਾਂ ਹੋਣ ? ਨਾਮੁ ਨਿਰੰਜਨ ਜੋ ਸਾਡੇ ਨਾਲ ਹੈ, ਸਾਡੇ ਹਿਰਦੇ ਵਿਚ ਹੈ, ਉਸ ਨੂੰ ਕਿਸ ਤਰ੍ਹਾਂ ਪਾਇਆ ਜਾਵੇ ? ਮਹਾਰਾਜ ਉੱਤਰ ਵਿਚ ਕਹਿੰਦੇ ਨੇ ਕਿ ਨਾਮੁ ਨਿਰੰਜਨ ਹਿਰਦੇ ਵਿਚ ਵੀ ਹੈ ਤੇ ਸਰਬ ਵਿਆਪਕ ਵੀ ਹੈ। ਉਹ ਪਾਇਆ ਜਾ ਸਕਦਾ ਹੈ ਪੂਰੇ ਗੁਰੂ (ਸਬਦੁ ਗੁਰੂ) ਦੀ ਮਿਹਰ ਨਾਲ। ਉਹ ਪੂਰਾ ਗੁਰੂ ਹਿਰਦੈ ਵਿਚ ਹੀ ਨਾਮੁ ਨਿਰੰਜਨ ਨਾਲ ਮਿਲਾਪ ਕਰਵਾ ਦੇਂਦਾ ਹੈ। ਹਰੀ ਦੀ ਮਿਹਰ ਨਾਲ ਹੀ ਅਜਿਹੇ ਗੁਰੂ ਦਾ ਮਿਲਾਪ ਹੁੰਦਾ ਹੈ।

ਇਸ ਦਾ ਭਾਵ ਇਹ ਨਿਕਲਿਆ ਕਿ ਜਿਨੀਂ ਦੇਰ ਸੁਰਤਿ ਦਾ ਮਿਲਾਪ ਸਬਦੁ ਗਰੂ ਨਾਲ ਨਾ ਹੋਵੇ ਉਤਨੀ ਦੇਰ ਨਾਮੁ ਨਿਰੰਜਨੁ ਨਾਲ ਮਿਲਾਪ ਨਹੀਂ ਹੋ ਸਕਦਾ। ਕਿਉਂ ਜੋ ਉਸ ਅਲਖ ਨੂੰ ਸਾਡੀਆਂ ਚਮੜੇ ਦੀਆਂ ਅੱਖਾਂ ਨਹੀਂ ਦੇਖ ਸਕਦੀਆਂ। ਮਹਾਰਾਜ ਨੇ ਪੂਰੀ ਤਰ੍ਹਾਂ ਖੋਲ੍ਹ ਕੇ ਦਸ ਦਿਤਾ ਹੈ ਕਿ ਕੋਈ ਵੀ ਦੇਹ ਜੀਵ ਆਤਮਾਂ ਦਾ ਮਿਲਾਪ ਨਾਮੁ ਨਿਰੰਜਨੁ ਨਾਲ ਕਰਵਾਉਣ ਦੇ ਸਮਰੱਥ ਨਹੀਂ ਹੈ, ਕੇਵਲ ਸਬਦ ਗੁਰੂ ਹੀ ਸਮਰਥ ਹੈ।

ਇਸ ਲਈ ਕਿਸੇ ਵੀ ਮਨੁਖ ਤੇ ਪਰਤੀਤ ਕਰਨੀ ਕਿ ਉਹ ਸਾਡਾ ਮਿਲਾਪ ਰੱਬ ਨਾਲ ਕਰਵਾ ਸਕਦਾ ਹੈ, ਭੁਲੇਖੇ ਵਿਚ ਰਹਿਣਾ ਹੈ ਤੇ ਇਸ ਭੁਲੇਖੇ ਵਿਚ ਹੀ ਅਨਮੋਲ ਜਨਮ ਜੋ ਪਤਾ ਨਹੀਂ ਕਿੰਨੀਆਂ ਜੂਨਾਂ ਵਿਚ ਭਟਕਨ ਮਗਰੋਂ ਮਿਲਿਆ ਹੈ ਬਿਰਥਾ ਜਾ ਸਕਦਾ ਹੈ। ਜੇ ਅਸੀਂ ਇਹ ਜਨਮ ਕਿਸੇ ਮਨੁਖ ਤੇ ਪਰਤੀਤ ਲਿਆ ਕੇ ਗੁਆ ਲਿਆ ਤਾਂ ਅਗਲਾ ਮਨੁਖਾ ਜਨਮ ਪਤਾ ਨਹੀਂ ਕਦ ਮਿਲੇਗਾ ਜਾਂ ਨਹੀਂ ਮਿਲੇਗਾ।

ਹੁਣ ਸਵਾਲ ਇਹ ਉਠੇਗਾ ਕਿ ਜੇ ਰੱਬ ਤੋਂ ਬਿਨਾਂ ਸਾਡਾ ਕੋਈ ਗੁਰੂ ਹੀ ਨਹੀਂ, (ਕਿਉਂ ਜੋ ਗੁਰੂ ਤਾਂ ਇਕੋ ਹੀ ਹੁੰਦਾ ਹੈ, ਇਕ ਤੋਂ ਵਧ ਗੁਰੂ ਨਹੀਂ ਹੋ ਸਕਦੇ) ਫਿਰ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਕਿਸ ਤਰ੍ਹਾਂ ਕਹਿ ਸਕਦੇ ਹਾਂ ਤੇ ਗੁਰਬਾਣੀ ਨੂੰ ਗੁਰੂ ਕਿਸ ਤਰ੍ਹਾਂ ਮੰਨਦੇ ਹਾਂ। ਇਸ ਮਸਲੇ ਤੇ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ।



Digitized by Panjab Digital Library | www.panjabdigilib.org

# ਗੁਰੂ ਨਾਨਕ ਸਾਹਿਬ

ਗੁਰਬਾਣੀ ਸਤਿਗੁਰੂ ਦੀ ਪਛਾਣ ਇਸ ਤਰ੍ਹਾਂ ਦਸਦੀ ਹੈ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ ੧੩ ॥

ਰਾਗ ਸੂਹੀ ਮਹਲਾ ੪ ਅਸਟਪਦੀਆ-੭੫੯

ਸਤਿਗੁਰੂ=ਉਹ ਗੁਰੂ ਜੋ ਤਿਨਾਂ ਕਾਲਾਂ ਵਿਚ ਸਤਿ ਹੈ ।

ਮੇਰਾ ਸਤਿਗੁਰੂ ਸਦਾ ਤੋਂ ਹੀ ਹੈ ਉਹ ਆਵਾ ਗਵਨ ਦੇ ਚੱਕਰ ਵਿਚ ਨਹੀਂ, ਉਹ ਨਾਸ ਰਹਿਤ ਹੈ, ਉਹ ਪੁਰਖ ਹੈ ਤੇ ਸਭ ਵਿਚ ਸਮਾ ਰਿਹਾ ਹੈ । ਘਟ ਘਟ ਅੰਤਰ ਸਰਬ ਨਿਰੰਤਰ ਹੈ ।

ਸਤਿਗੁਰੂ ਦੀ ਜੋ ਵਡਿਆਈ ਉਪਰ ਦਿਤੀ ਗਈ ਹੈ ਕੀ ਉਸ ਪਰਖ ਉਤੇ ਕੋਈ ਵੀ ਦੇਹ ਟਿਕ ਸਕਦੀ ਹੈ ? ਉਤਰ ਨਹੀਂ ਵਿਚ ਹੈ ।

ਇਹ ਘੁੰਡੀ ਭਾਈ ਗੁਰਦਾਸ ਜੀ ਨੇ ਖੋਹਲੀ ਹੈ । ਭਾਈ ਗੁਰਦਾਸ ਜੀ ਦਾ ਸਮਾਂ ਚੌਥੇ ਪਾਤਸ਼ਾਹ ਤੋਂ ਛੇਵੇਂ ਪਾਤਸ਼ਾਹ ਤਕ ਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜਦੋਂ ਸੰਪਾਦਨ ਹੋਈ ਤਾਂ ਉਸਦੇ ਲਿਖਾਰੀ ਹੋਣ ਦਾ ਮਾਨ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਹੀ ਬਖਸ਼ਿਆ ।

ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜੋ ਪ੍ਰਸੰਗ ਲਿਖੇ ਨੇ ਉਹ ਪੂਰੀ ਤਰ੍ਹਾਂ ਪ੍ਰਮਾਣਿਕ ਹਨ, ਕਿਉਂ ਜੋ ਜੇ ਉਹ ਦਰੁਸਤ ਨਾ ਹੁੰਦੇ ਤਾਂ ਗੁਰੂ ਮਹਾਰਾਜ ਨੇ ਹੁਕਮ ਕਰਕੇ ਉਨ੍ਹਾਂ ਨੂੰ ਮੁੜ ਠੀਕ ਕਰਵਾਉਣਾ ਸੀ ।

ਭਾਈ ਗੁਰਦਾਸ ਜੀ ਲਿਖਦੇ ਹਨ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਿਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ ॥



Digitized by Panjab Digital Library | www.panjabdigilib.org

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ ॥
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ ॥
ਕਲਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰ ਨਾਨਕ ਆਇਆ ॥ (ਵਾਰ ੧ ਪਉੜੀ ੨੩
ਭਾਈ ਗੁਰਦਾਸ ਜੀ)

ਭਾਈ ਸਾਹਿਬ ਜੀ ਦਸਦੇ ਨੇ ਕਿ ਪ੍ਰਭੂ ਨੇ ਦੁਖੀਆਂ ਦੀ ਪੁਕਾਰ ਸੁਣ ਕੇ ਗੁਰੂ ਨਾਨਖ ਜੀ ਨੂੰ ਜਗਤ ਵਿਚ ਭੇਜਿਆ। ਉਹ ਕਿਸ ਤਰ੍ਹਾਂ ਹੋਇਆ ਇਸ ਦਾ ਵੇਰਵਾ ਭਾਈ ਸਾਹਿਬ ਜੀ ਅਗਲੀ (੨੪ ਵੀ) ਪਉੜੀ ਵਿਚ ਦੇਂਦੇ ਹਨ।

## ੨੪—[ਗੁਰੂ ਨਾਨਕ ਦੇਵ ਜੀ ਦਾ ਪਹਿਲਾ ਪ੍ਰਸੰਗ]

ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲ ਕਮਾਈ।
ਰੇਤੁ ਅਕੁ ਆਹਾਰੁ ਕਰਿ, ਰੋੜਾ ਦੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਪਤਸਿਆ, ਵਡੇ ਭਾਗ ਹਰਿ ਸਿਉ ਬਣਿ ਆਈ ॥
ਬਾਬਾ ਪੈਧਾ ਸਚਿਖੰਡਿ ਨਉਨਿਧ ਨਾਮੁ ਗਰੀਬੀ ਪਾਈ ॥
ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ, ਉਦਾਸੀ ਦੀ ਰੀਤਿ ਚਲਾਈ ॥
ਚੜਿਆ ਸੋਧਣਿ ਧਰਤਿ ਲੁਕਾਈ ॥ ੨੪ ॥
(ਵਾਰ ੧ ਪਉੜੀ ੨੪ ਭਾਈ ਗੁਰਦਾਸ ਜੀ)

ਭਾਈ ਗੁਰਦਾਸ ਜੀ ਦਸਦੇ ਨੇ ਕਿ ਬਾਬੇ ਨੇ ਜਦੋਂ ਨਾਮ ਦੀ ਕਮਾਈ ਸ਼ੁਰੂ ਕੀਤੀ ਤਾਂ ਉਹ ਬਖਸ਼ ਦਰ (ਕਰਮ ਖੰਡ) ਵਾਲੀ ਅਵਸਥਾ ਵਿਚ ਵਿਚਰ ਰਹੇ ਸਨ। ਆਮ ਲੋਕਾਂ ਤੇ ਬਾਬੇ ਵਿਚ ਇਹ ਫਰਕ ਸੀ ਕਿ ਅਸੀਂ ਜਨਮ ਲੈਂਦਿਆਂ ਹੀ ਨਾਮੁ ਨੂੰ ਭੁਲ ਜਾਂਦੇ ਹਾਂ। ਪਰ ਬਾਬੇ ਦੀ ਲਿਵ ਜਨਮ ਲੈਣ ਤੇ ਵੀ ਨਹੀਂ ਟੁੱਟੀ ਤੇ ਉਹ ਉਸੇ ਤਰ੍ਹਾਂ ਕਰਮ ਖੰਡ ਵਿਚ ਵਿਚਰਦੇ ਰਹੇ।



Digitized by Panjab Digital Library | www.panjabdigilib.org

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ
ਮਾਇਆ ਪਾਇਆ ॥ ੨੯ ॥

ਰਾਮਕਲੀ ਮਹਲਾ ੩ ਅਨੰਦੁ-ਪੰਨਾ-੯੨੧

ਉਸ ਕਰਤੇ ਦਾ ਖੇਲ ਅਜਿਹਾ ਹੈ ਕਿ ਜੈਸੀ ਨਾ ਦਿਸਣ ਵਾਲੀ ਅਗਨ ਉਦਰ ਵਿਚ ਹੈ, ਤੈਸੀ ਹੀ ਨਾ ਦਿਸਣ ਵਾਲੀ ਅਗਨ ਬਾਹਰ ਮਾਇਆ ਦੇ ਰੂਪ ਵਿਚ ਹੈ। ਮਾਤਾ ਦੇ ਉਦਰ ਵਿਚ ਖੁਲ੍ਹੀ ਹਵਾ, ਪਾਣੀ, ਧੁੱਪ ਆਦਿ ਨਹੀਂ ਮਿਲਦੇ, ਇਥੋਂ ਤਕ ਕਿ ਹਿੱਲਨਾ ਜੁਲਨਾ ਵੀ ਕਠਨ ਹੈ ਤੇ ਉਥੇ ਘੁੱਪ ਹਨੇਰਾ ਹੈ। ਉੱਥੇ ਬਚਣ ਦਾ ਇਕੋ ਇਕ ਤਰੀਕਾ ਹੈ ਕਿ ਸਾਡੀ ਲਿਵ ਹਰੀ ਨਾਲ ਜੁੜੀ ਰਹੇ। ਲਿਵ ਜੁੜਣ ਦਾ ਸਦਕਾ ਸਾਡੇ ਪਾਪ ਵੀ ਧੁਲਦੇ ਰਹਿੰਦੇ ਹਨ।ਮਾਤਾ ਦੇ ਗਰਭ ਵਿਚ ਤਾਂ ਸਾਨੂੰ ਲਿਵ ਬਚਾਈ ਰਖਦੀ ਹੈ। ਪਰ ਜਦੋਂ ਅਸੀਂ ਹੁਕਮ ਅਨੁਸਾਰ ਜਿਸ ਪਰਵਾਰ ਵਿਚ ਜਨਮ ਲੈਂਦੇ ਹਾਂ, ਉਸ ਪਰਵਾਰ ਨੂੰ ਖੁਸ਼ੀ ਹੁੰਦੀ ਹੈ। ਉਹ ਲੋਕ, ਕਈ ਤਰ੍ਹਾਂ ਖਡੌਣੇ ਦਿਖਾ ਕੇ ਜਾਂ ਹੋਰ ਕਈ ਤਰ੍ਹਾਂ ਦੇ ਮਨੋਰੰਜਨ ਦੇ ਸਾਧਨਾ ਨਾਲ, ਜਨਮ ਲੈਣ ਵਾਲੇ ਬੱਚੇ ਦੀ ਲਿਵ ਤੋੜ ਦੇਂਦੇ ਹਨ ਤੇ ਮਾਇਆ ਉਸ ਬੱਚੇ ਉਤੇ ਆਪਣਾ ਗ਼ਲਬਾ ਪਾ ਲੈਂਦੀ ਹੈ। ਇਹ ਮਾਇਆ ਜਿਸ ਕਿਸੇ ਤੇ ਵੀ ਗ਼ਲਬਾ ਪਾ ਲੈਂਦੀ ਹੈ ਉਸ ਵਿਚ ਮੋਹ ਪੈਦਾ ਕਰਦੀ ਹੈ। ਉਹ ਆਦਮੀ ਰੱਬ ਨੂੰ ਵਿਸਾਰ ਕੇ ਦੂਜੀ ਕੁਦਰਤ ਦੇ ਪਦਾਰਥਾਂ ਵਿਚ ਮੋਹ ਪਾ ਲੈਂਦਾ ਹੈ। ਪਰ ਮਹਾਰਾਜ ਕਹਿੰਦੇ ਹਨ ਕਿ ਗੁਰੂ ਮਿਹਰ ਨਾਲ ਜਿਨ੍ਹਾਂ ਦੀ ਲਿਵ ਲਗ ਜਾਵੇ ਉਹ ਮਾਇਆ ਵਿਚ ਰਹਿੰਦਿਆਂ ਹੋਇਆਂ ਵੀ ਹਰੀ ਨੂੰ ਪਾ ਲੈਂਦੇ ਹਨ।

ਬਾਬੇ ਨਾਲ ਵੀ ਐਸਾ ਹੀ ਹੋਇਆ। ਪਰਿਵਾਰ ਵਾਲਿਆਂ ਦੇ ਅਨੇਕਾਂ ਯਤਨ ਕਰਨ ਤੇ ਵੀ ਬਾਬੇ ਦੀ ਲਿਵ ਨਹੀਂ ਟੁੱਟੀ। ਉਹ ਬਖਸ-ਦਰ (ਕਰਮ ਖੰਡ) ਵਾਲੀ ਅਵਸਥਾ ਵਿਚ ਹੀ ਵਿਚਰਦੇ ਰਹੇ ਤੇ ਸਿਮਰਨ ਵਾਲੀ ਅਵਸਥਾ



Digitized by Panjab Digital Library | www.panjabdigilib.org

ਜਿਉਂ ਕੀ ਤਿਉਂ ਬਣੀ ਰਹੀ। ਨਾਮ ਰਸ ਦੇ ਟਾਕਰੇ ਤੇ ਬਾਬੇ ਨੇ ਦੁਨਿਆਵੀ ਸੁਖਾਂ ਨੂੰ ਤੁੱਛ ਜਾਣਿਆਂ, ਜੀਭ ਦੇ ਸੁਆਦ ਲਈ ਭੋਜਨ ਨਹੀਂ ਖਾਧਾ। ਰੁੱਖਾ ਮਿਸਾ ਪਰ ਪੌਸ਼ਟਿਕ ਆਹਾਰ ਕੀਤਾ ਜਿਸ ਨਾਲ ਦੇਹ ਅਰੋਗ ਰਹੇ (ਰੇਤ ਅੱਕ ਆਹਾਰ)। ਦੁਨਿਆਵੀ ਸੁਖਾਂ ਵਿਚ ਨਹੀਂ ਪਏ ਤੇ ਸਰੀਰ ਕੋਲੋਂ ਕੰਮ ਲੈਂਦੇ ਰਹੇ (ਰੋੜਾਂ ਦੀ ਵਿਛਾਈ)। ਇਸ ਤਰ੍ਹਾਂ ਨਾਮੁ ਦੀ ਕਮਾਈ ਕਰਦਿਆਂ ਹਰੀ ਦੀ ਪ੍ਰਸੰਨਤਾ ਪ੍ਰਾਪਤ ਹੋਈ। ਬਾਬੇ ਨੂੰ ਸਚ ਖੰਡ ਵਿਖੇ ਸਿਰੋਪਾਉ ਨਾਲ ਨਿਵਾਜਿਆ ਗਿਆ। ਉਹ ਸੀ ਨਾਮੁ ਅੰਮ੍ਰਿਤੁ ਦਾ ਖਜਾਨਾ ਤੇ ਗਰੀਬੀ (ਨਿਮਰਤਾ)।

ਅਜ ਕਲ ਅਸੀਂ ਗੁਰ ਮੰਤਰ ਦੇਣ ਦੀ ਰਸਮ ਨੂੰ ਨਾਮੁ-ਅੰਮ੍ਰਿਤੁ ਸੰਚਾਰ ਦੀ ਰਸਮ ਕਹਿੰਦੇ ਹਾਂ, ਪਰ ਭਾਈ ਗੁਰਦਾਸ ਜੀ ਦੇ ਸਮੇਂ ਇਸ ਰਸਮ ਨੂੰ ਨਾਮੁ ਦੇਣਾ ਹੀ ਕਹਿੰਦੇ ਸਨ। ਸੋ ਅਕਾਲ ਪੁਰਖ ਨੇ ਬਾਬੇ ਨੂੰ ਗੁਰ ਮੰਤਰ ਨਾਲ ਨਿਵਾਜਿਆ ਤੇ ਨਾਮ ਦਾ ਪਿਆਲਾ ਪਿਲਾਇਆ। ਫਿਰ ਹੁਕਮ ਹੋਇਆ, ਬਾਬਾ ਦੇਖ, ਪ੍ਰਿਥਵੀ ਤੇ ਕੀ ਹੋ ਰਿਹਾ ਹੈ। ਜਦੋਂ ਬਾਬੇ ਨੇ ਦੇਖਿਆ ਪ੍ਰਿਥਵੀ ਦੇ ਲੋਕ, ਈਹਖਾ, ਦਵੈਤ, ਤ੍ਰਿਸ਼ਨਾ ਕ੍ਰੋਧ ਆਦਿ ਰੂਪੀ ਅੱਗ ਵਿਚ ਸੜ ਰਹੇ ਸਨ। ਸਭ ਨੂੰ ਆਪੋ ਆਪਣੀ ਪਈ ਹੋਈ ਸੀ। ਹਰ ਜਗ੍ਹਾਂ ਨਿਜ ਸੁਆਰਥ ਦਿਸ ਰਿਹਾ ਸੀ ਤੇ ਦੁਨੀਆਂ ਵਿਚ ਹਾਹਾਕਾਰ ਮਚੀ ਹੋਈ ਸੀ। ਅਕਾਲ ਪੁਰਖ ਨੇ ਹੁਕਮ ਕੀਤਾ "ਬਾਝ ਗੁਰੂ ਗੁਬਾਰ ਹੈ।" 'ਸਬਦੁ ਗੁਰੂ' ਦੇ ਸਿਧਾਂਤ ਨੂੰ ਪ੍ਰਗਟ ਕੀਤੇ ਤੋਂ ਬਿਨ੍ਹਾਂ ਤੇ ਉਸ ਸਿਧਾਂਤ ਦਾ ਜ਼ੋਰ ਸ਼ੋਰ ਨਾਲ ਪਰਚਾਰ ਕੀਤੇ ਬਿਨਾਂ ਇਹ ਗੁਬਾਰ ਹਟ ਨਹੀਂ ਸਕਦਾ। ਇਸ ਕਰਕੇ ਆਪ 'ਸਬਦੁ ਗੁਰੂ' ਸਿਧਾਂਤ ਦਾ ਪਰਚਾਰ ਕਰੋ। ਇਹ ਕੰਮ ਕਿਸੇ ਮਨੁਖ ਦਾ ਨਹੀਂ ਸੀ। ਇਸ ਲਈ ਅਕਾਲ ਪੁਰਖ ਨੇ ਆਪਣੀ ਗੁਰੂ ਜੋਤਿ ਬਾਬੇ ਵਿਚ ਰੱਖੀ। ਭਾਈ ਗੁਰਦਾਸ ਜੀ ਨੇ ਇਸ ਦਾ ਪੂਰਾ ਵੇਰਵਾ ਨਹੀਂ ਦਿਤਾ, ਪਰ ਗੁਰਬਾਣੀ ਵਿਚ ਇਸ ਦਾ ਵੇਰਵਾ ਆਉਂਦਾ ਹੈ, ਜਿਸ ਦੀ ਵਿਚਾਰ ਪੰਨਾ ੧੨੭ ਤੋਂ ਹੋਵੇਗੀ।

ਸਤਿਗੁਰਮਤਿ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਗੁਰੂ ਨਹੀਂ ਮੰਨਦਾ। ਅਕਾਲ ਪੁਰਖ ਸਾਰੇ ਪ੍ਰਾਣੀਆਂ ਵਿਚ ਸਬਦੁ ਗੁਰੂ ਰੂਪ ਵਿਚ ਭਰਪੂਰ ਹੈ, ਪਰ ਉਸਦਾ ਆਪਣਾ ਗੁਰੂ ਸਰੂਪ ਅੱਡ ਹੈ। ਉਹੀ ਗੁਰੂ ਸਰੂਪ ਜਾਂ ਗੁਰੂ ਜੋਤਿ ਜਿਸ ਦੇਹ ਵਿਚ ਰਖੀ ਗਈ, ਉਸ ਦੇਹ ਦਾ ਨਾਮ ਨਾਨਕ ਸੀ। ਇਸ ਲਈ ਗੁਰੂ ਜੋਤਿ ਗੁਰੂ ਨਾਨਕੁ ਦੇ ਨਾਮ ਨਾਲ ਹੀ ਮਸ਼ਹੂਰ ਹੋ ਗਈ।



Digitized by Panjab Digital Library | www.panjabdigilib.org

ਇਸ ਦਾ ਮਤਲਬ ਇਹ ਹੋਇਆ ਕਿ ਗੁਰੂ ਨਾਨਕ ਕਿਸੇ ਦੇਹ ਦਾ ਨਾਮ ਨਹੀਂ। ਗੁਰੂ ਜੋਤ ਦਾ ਹੀ ਨਾਮ ਹੈ। ਜਿੰਨੇ ਵੀ ਗੁਰੂ ਵਿਅਕਤੀਆਂ ਨੇ ਬਾਣੀ ਉਚਾਰੀ, ਬਾਣੀ ਉਚਾਰਨ ਵਾਲੇ ਦਾ ਨਾਮ ਨਾਨਕ ਹੀ ਹੈ। ਇਸ ਤਰ੍ਹਾਂ ਅਕਾਲ ਪੁਰਖ ਵਲੋਂ ਗੁਰ ਮੰਤਰ ਦੇਣ ਦਾ ਹੱਕ ਗੁਰੂ ਜੋਤ ਨੂੰ ਮਿਲ ਗਿਆ। ਗੁਰੂ ਜੋਤ ਨੇ ਉਸੇ ਤਰੀਕੇ ਨਾਲ ਹੀ ਅਗੋਂ ਲੋਕਾਂ ਵਿਚ ਗੁਰ ਮੰਤਰ ਦੀ ਦਾਤ ਬਖਸ਼ੀ ਜਿਸ ਤਰੀਕੇ ਨਾਲ ਬਾਬੇ ਨੂੰ ਬਖਸ਼ੀ ਗਈ ਸੀ। ਉਹੀ ਤਰੀਕਾ, ਗੁਰ ਮੰਤਰ ਦੇਣ ਦਾ, ਹੁਣ ਤਕ ਚਲ ਰਿਹਾ ਹੈ।

ਬਾਬੇ ਨੇ ਬਹੁਤਾ ਸਮਾਂ ਨਹੀਂ ਬੀਤਣ ਦਿਤਾ, ਜਲਦੀ ਤੋਂ ਜਲਦੀ ਪਰਚਾਰ ਫੇਰੀ ਦੀ ਤਿਆਰੀ ਕੀਤੀ, ਆਪਣਾ ਪਹਿਰਾਵਾ ਧਰਮ ਪ੍ਰਚਾਰਕਾਂ ਵਾਲਾ ਕਰ ਲਿਆ ਤੇ ਪਹਿਲੀ ਉਦਾਸੀ ਤੇ ਧਰਤੀ ਦੇ ਲੋਕਾਂ ਨੂੰ ਸੋਧਨ ਲਈ ਟੁਰ ਪਏ। ਇਹ ਉਹੀ ਸਮਾਂ ਹੈ ਜਦੋਂ ਮਹਾਰਾਜ ਨੇ ਵੇਈਂ ਨਦੀ ਵਾਲਾ ਕੌਤਕ ਕੀਤਾ। ਭਾਈ ਗੁਰਦਾਸ ਜੀ ਨੇ ਇਸ ਪ੍ਰਸੰਗ ਦਾ ਸਿਰਲੇਖ ਜੋ ਦਿਤਾ ਹੈ, ਉਹ ਇਸ ਤਰ੍ਹਾਂ ਹੈ :—

੨੪—"ਗੁਰੂ ਨਾਨਕ ਦੇਵ ਜੀ ਦਾ ਪਹਿਲਾ ਪ੍ਰਸੰਗ" ਇਸ ਤੋਂ ਭਾਵ ਇਹ ਨਿਕਲਦਾ ਹੈ ਕਿ ਇਸ ਘਟਨਾਂ ਤੋਂ ਪਹਿਲੇ ਜਿੰਨੀਆਂ ਵੀ ਸਾਖੀਆਂ ਨੇ ਉਹ ਗੁਰੂ ਨਾਨਕੁ ਦੀਆਂ ਨਹੀਂ ਬਾਬੇ ਨਾਨਕ ਦੀਆਂ ਹਨ। ਗੁਰੂ ਨਾਨਕ ਦਾ ਪਹਿਲਾ ਪ੍ਰਸੰਗ ਉਸ ਵੇਲੇ ਤੋਂ ਸ਼ੁਰੂ ਹੁੰਦਾ ਹੈ ਜਦ ਤੋਂ ਅਕਾਲ ਪੁਰਖ ਦੀ ਗੁਰੂ ਜੋਤਿ ਬਾਬੇ ਦੀ ਦੇਹ ਵਿਚ ਆਈ। ਇਸ ਘਟਨਾ ਤੋਂ ਪਹਿਲਾਂ ਦੀ ਕੋਈ ਵੀ ਸਾਖੀ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਨਹੀਂ ਲਿਖੀ ਪਰ ਗੁਰੂ ਜੋਤਿ ਦੇ ਆਗਮਨ ਤੋਂ ਮਗਰੋਂ ਦੀਆਂ ਸਾਰੀਆਂ ਚੋਣਵੀਆਂ ਘਟਨਾਰਾਂ ਭਾਈ ਜੀ ਨੇ ਵੇਰਵੇ ਸਹਿਤ ਲਿਖੀਆਂ ਹਨ। ਇਸ ਦਾ ਮਤਲਬ ਇਹ ਹੋਇਆ ਕਿ ਗੁਰੂ ਨਾਨਕੁ ਕਿਸੇ ਦੇਹ ਦਾ ਨਾਮ ਨਹੀਂ ਅਕਾਲ ਪੁਰਖ ਦੀ ਗੁਰੂ ਜੋਤਿ ਦਾ ਨਾਮ ਹੈ। ਜਿਸ ਦੇਹ ਵਿਚ ਇਹ ਗੁਰੂ ਜੋਤਿ ਟਿਕਦੀ ਰਹੀ, ਉਸੇ ਦੇਹ ਦੇ ਨਾਮ ਤੇ ਹੀ ਗੁਰੂ ਜੋਤਿ ਵੀ ਬੁਲਾਈ ਜਾਂਦੀ ਰਹੀ। ਇਸ ਤਰ੍ਹਾਂ ਦਸ ਜਾਮੇ ਧਾਰਨ ਨਾਲ ਅਕਾਲ ਪੁਰਖ ਦੇ (ਜਿਸ ਦੇ ਅੱਗੇ ਹੀ ਅਨੇਕਾਂ ਨਾਮ ਮਨੁਖ ਨੇ ਰਖੇ ਹੋਏ ਹਨ) ਨਾਮਾਂ ਵਿਚ ਦਸ ਨਾਵਾਂ ਦਾ ਹੋਰ ਵਾਧਾ ਹੋਇਆ। ਪਰ ਬਾਣੀ ਉਚਾਰਨ



Digitized by Panjab Digital Library | www.panjabdigilib.org

ਲਗਿਆਂ ਗੁਰੂ ਜੋਤਿ ਨੇ ਆਪਣਾ ਨਾਮ ਗੁਰੂ ਨਾਨਕੁ ਹੀ ਰਖਿਆ ।

ਹੁਣ ਅਸੀਂ ਇਹ ਵਿਚਾਰਨਾ ਹੈ ਕਿ ਗੁਰੂ-ਜੋਤਿ ਤੇ ਸਬਦੁ-ਗੁਰੂ ਵਿਚ ਕੀ ਫ਼ਰਕ ਹੈ ? ਸਬਦੁ ਗੁਰੂ ਦੇ ਬਾਰੇ ਤਾਂ ਵਿਚਾਰ ਹੋ ਚੁਕੀ ਹੈ ਕਿ ਸਬਦੁ ਗੁਰੂ ਸਭ ਪ੍ਰਾਣੀਆਂ ਦੇ ਹਿਰਦੇ ਵਿਚ ਵਸਦਾ ਹੈ ਤੇ ਜਿਹੜੀ ਵੀ ਸੁਰਤਿ ਉਸ ਤਕ ਪਹੁੰਚ ਜਾਏ ਉਸ ਨੂੰ ਆਪਣੇ ਉਪਦੇਸ਼ ਨਾਲ ਨਿਹਾਲ ਕਰਦਾ ਹੈ । ਇਹ ਸਬਦੁ ਗੁਰੂ, ਬਾਬੇ ਨਾਨਕ ਦੇ ਹਿਰਦੇ ਵਿਚ ਉਸ ਵੇਲੇ ਵੀ ਸੀ ਜਦੋਂ ਅਕਾਲ ਪੁਰਖ ਨੇ ਆਪਣੀ ਗੁਰੂ ਜੋਤਿ ਬਾਬਾ ਜੀ ਵਿਚ ਸਥਾਪਤ ਕੀਤੀ । ਮੂਲ ਮੰਤਰ ਵਿੰਚ ਸਬਦੁ ਬਾਰੇ ਤਾਂ ਓਅੰਕਾਰ ਵਰਤਿਆ ਗਿਆ ਹੈ ਤੇ "ਗੁਰ" ਅੱਖਰ ਗੁਰੂ ਜੋਤਿ ਤੇ ਸਬਦੁ ਗੁਰੂ ਦੋਹਾਂ ਵਾਸਤੇ ਵਰਤਿਆ ਗਿਆ ਹੈ । ਜਿਥੇ ਓਅੰਕਾਰ ਜਾਂ ਸਬਦੁ ਘਟ ਘਟ ਬਿਰਾਜ ਰਿਹਾਂ ਹੈ । ਉਥੇ ਗੁਰ ਕੇਵਲ ਨਿਰੰਕਾਰ ਵਿਚ ਹੀ ਸਮਾਇਆ ਹੋਇਆ ਹੈ । ਉਹ ਗੁਰੂ ਜੋਤਿ ਜੋ ਕੇਵਲ ਨਿਰੰਕਾਰ ਵਿਚ ਹੀ ਸਮਾਈ ਹੋਈ ਹੈ, ਉਹੀ ਗੁਰੂ ਜੋਤਿ ਨਿਰੰਕਾਰ ਨੇ ਬਾਬੇ ਦੀ ਦੇਹ ਵਿਚ ਰਖੀ । ਭਟਾਂ ਨੇ ਇਸ ਬਾਰੇ ਇਸ ਤਰ੍ਹਾਂ ਵੇਰਵਾ ਦਿਤਾ ਹੈ :—

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥ ੧ ॥

ਪੰਨਾ-੧੪੦੮

ਹਰੀ ਜੋ ਦੇਹ ਧਾਰੀ ਨਹੀਂ, ਜੋਤ ਰੂਪ ਹੈ, ਨਿਰੰਕਾਰ ਹੈ, ਉਸ ਨੇ ਆਪਣੇ ਆਪ ਨੂੰ ਗੁਰੂ ਨਾਨਕੁ ਕਹਾਇਆ । ਉਸੇ ਜੋਤਿ ਤੋਂ ਹੀ ਅੰਗਦ ਹੋਏ । ਜਦੋਂ ਗੁਰੂ ਜੋਤਿ ਵਾਲਾ ਤਤੁ ਭਾਈ ਲਹਿਣਾ ਜੀ ਦੇ ਸ੍ਰੀਰਕ ਤਤੁ ਵਿਚ ਮਿਲ ਗਿਆ, ਤਦ ਉਸੇ ਗੁਰੂ ਜੋਤਿ ਨੇ ਹੀ ਦੂਜੇ ਜਾਮੇਂ ਵਿਚ ਆਪਣੇ ਆਪ ਨੂੰ (ਗੁਰੂ) ਅੰਗਦ ਅਖਵਾਇਆ । ਗੁਰੂ ਅੰਗਦ ਜੀ ਨੇ ਕਿਰਪਾ ਕਰਕੇ ਅਮਰ ਦਾਸ ਜੀ ਨੂੰ ਸਤਿਗੁਰ ਮੁਕੱਰਰ ਕੀਤਾ । ਇਸ ਤਰ੍ਹਾਂ ਗੁਰੂ, ਜੋਤਿ ਤੀਜੇ ਜਾਮੇਂ ਵਿਚ ਚਲੀ ਗਈ । ਇਸੇ



Digitized by Panjab Digital Library | www.panjabdigilib.org

ਤਰ੍ਹਾਂ ਗੁਰੂ ਅਮਰਦਾਸ ਜੀ ਨੇ ਇਹ ਅਟਲ ਛਤਰ ਗੁਰੂ ਰਾਮ ਦਾਸ ਜੀ ਨੂੰ ਦਿਤਾ ਤੇ ਗੁਰੂ ਜੋਤਿ ਚੌਥੇ ਜਾਮੇਂ ਵਿਚ ਜਾ ਟਿਕੀ। ਮਥੁਰਾ ਭਟ ਜੀ ਕਹਿੰਦੇ ਹਨ ਕਿ ਗੁਰੂ ਰਾਮ ਦਾਸ ਜੀ ਦੇ ਦਰਸ਼ਨ ਪਰਸ ਕੇ ਉਨ੍ਹਾਂ ਦੇ ਅੰਮ੍ਰਿਤ ਬਚਨਾਂ ਦੀ ਕਮਾਈ ਕਰਨ ਵਾਲੀ ਪੰਜਵੀਂ ਕਾਇਆ, ਗੁਰੂ ਅਰਜੁਨ ਦੇਵ ਜੀ ਦੇ ਦਰਸ਼ਨ ਕਰੋ।

"ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥
ਪੰਨਾ-੧੪੦੯

ਗੁਰੂ ਰਾਮਦਾਸ ਜੀ ਨੇ, ਜਗਤ ਦਾ ਉੱਧਾਰ ਕਰਨ ਲਈ, ਗੁਰੂ ਜੋਤਿ ਅਰਜੁਨ ਜੀ ਵਿਚ ਧਰ ਦਿਤੀ। ਗੁਰੂ ਜੋਤਿ ਦੀ ਮਹਿਮਾ ਜੋ ਭਟਾਂ ਨੇ ਕਹੀ ਹੈ ਉਹ ਆਪ ਨੇ ਪੜ੍ਹ ਲਈ ਹੈ। ਹੁਣ ਸ੍ਰੀ ਮੁਖ ਬਾਕੁ ਬਾਣੀ, ਗੁਰੂ ਨਾਨਕੁ (ਅਕਾਲ ਪੁਰਖ ਦੀ ਗੁਰੂ ਜੋਤ) ਦੀ ਮਹਿਮਾ ਇਸ ਤਰ੍ਹਾਂ ਕਰਦੀ ਹੈ :—

ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥
ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥
ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥
ਧੰਨਿ ਧੰਨਿਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥
ਹਰਿ ਗੁਰੁ ਨਾਨਕੁ ਜਿਨ ਪਰਸਿਉ ਸਿ ਜਨਮ ਮਰਣ ਦੁਹ ਥੇ
ਰਹਿਉ ॥ ੫ ॥ ਸਵਯੇ ਸ੍ਰੀ ਮੁਖ ਬਾਕੁ ਮਹਲਾ ੫ ॥ ਪੰਨਾ-੧੩੮੬

ਗੁਰੂ ਨਾਨਕੁ (ਗੁਰੂ ਜੋਤਿ) ਨਿਰੰਕਾਰ ਦਾ ਆਕਾਰ ਹੈ। ਗੁਰੂ ਨਾਨਕ ਨਾਛਲਿਆ ਜਾਣ ਵਾਲਾ ਪੂਰਣ ਅਬਨਾਸੀ ਹੈ, ਉਹ ਅਟੱਲ ਹੈ। ਗੁਰੂ ਨਾਨਕ ਸਦਾ ਪ੍ਰਸੰਨਚਿਤ, ਬੇਅੰਤ ਰੂਪ ਨਿਰਮਲ ਤੇ ਸਦਾ ਖੇੜੇ ਵਿਚ ਰਹਿਣ ਵਾਲੇ ਹਨ। ਅਨੇਕਾਂ ਲੋਕ ਉਨ੍ਹਾਂ ਦੇ ਗੁਣ ਗਾਉਂਦੇ ਹਨ, ਪਰ ਉਸ ਬੇਅੰਤ ਦਾ ਇਕ ਤਿਲ ਜਿੰਨਾਂ ਵੀ ਅੰਤ ਨਹੀਂ ਪਾਇਆ ਜਾ ਸਕਦਾ। ਜਿਸ ਉਤੇ ਪ੍ਰਭੂ ਦਿਆਲ ਹੋ ਜ਼ਾਵੇ, ਹੇ ਗੁਰੂ ਨਾਨਕ! ਉਸ ਨੂੰ ਪ੍ਰਭੂ ਤੇਰਾ ਮਿਲਾਪ ਬਖਸ਼ ਦੇਂਦਾ ਹੈ। ਉਹ ਲੋਕ ਧੰਨ ਧੰਨ ਹਨ ਜਿੰਨ੍ਹਾਂ ਉਤੇ ਪ੍ਰਭੂ ਕਿਰਪਾਲ ਹੋਇਆ ਹੈ, ਤੇ ਉਨ੍ਹਾਂ ਨੂੰ ਗੁਰੂ ਨਾਨਕ ਦਾ ਮਿਲਾਪ ਹੋ ਗਿਆ ਹੈ। ਕਿਉ ਜੋ ਜਿਸ ਨੇ ਵੀ "ਹਰੀ ਗੁਰੂ



Digitized by Panjab Digital Library | www.panjabdigilib.org

ਨਾਨਕੁ" ਨੂੰ ਪਰਸਿਆ ਹੈ, ਉਸ ਦਾ ਜਨਮ ਮਰਨ ਮੁਕ ਗਿਆ ਹੈ ।

ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਜਿਸ ਨੇ ਵੀ ਗੁਰੂ ਦੀ ਦੇਹ ਦੇ ਦਰਸ਼ਨ ਕਰ ਲਏ ਉਸਦਾ ਜਨਮ ਮਰਨ ਕਟਿਆ ਗਿਆ । ਗੁਰੂ ਨਾਨਕ ਦੇਹ ਨਹੀਂ ਉਹ ਜੋਤਿ ਰੂਪ ਹਨ, ਇਹ ਬਾਣੀ ਉਹ ਆਪਣੇ ਪੰਜਵੇਂ ਜਾਮੇ ਵਿਚ ਉਚਾਰ ਰਹੇ ਹਨ । ਗੁਰੂ ਨਾਨਕ ਵੀ ਹਰੀ ਹੈ, ਸਬਦੁ ਗੁਰੂ ਵੀ ਹਰੀ ਹੈ, ਇਸ ਲਈ ਇਥੇ ਮਤਲਬ ਸਬਦੁ ਗੁਰੂ ਤੋਂ ਹੀ ਬਣਦਾ ਹੈ । ਗੁਰੂ ਜੋਤਿ ਅਰੂਪ ਹੈ ਤੇ ਉਹ ਉਸ ਵੇਲੇ ਕੇਵਲ ਗੁਰੂ ਅਰਜੁਨ ਜੀ ਦੀ ਦੇਹ ਵਿਚ ਹੀ ਸੀ । ਇਸ ਲਈ ਗੁਰੂ ਜੋਤਿ ਦੇ ਦਰਸ਼ਨ ਕੋਈ ਦੂਸਰਾ ਮਨੁਖ ਨਹੀਂ ਸੀ ਕਰ ਸਕਦਾ । ਉਸਦੇ ਟਾਕਰੇ ਤੇ ਸਬਦੁ ਗੁਰੂ ਤਾਂ ਹਰ ਇਕ ਦੇ ਹਿਰਦੇ ਵਿਚ ਹੈ ਤੇ ਉਸਦੇ ਦਰਸ਼ਨ ਹੋ ਸਕਦੇ ਹਨ । ਗੁਰ ਵਾਕ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ ॥

ਸਲੋਕ ਮਹਲਾ ੩ ॥ ਪੰਨਾ-੫੯੪

ਉਸ ਦੇਹ ਨੂੰ ਜਿਸ ਵਿਚ ਸਤਿਗੁਰੂ ਹੈ, ਸੰਸਾਰ ਦੇ ਸਾਰੇ ਲੋਕ ਦੇਖਦੇ ਹਨ । ਪਰ ਕੇਵਲ ਦੇਹ ਦੇ ਦੇਖਣ ਨਾਲ ਮੁਕਤਿ ਨਹੀਂ ਹੁੰਦੀ ਜਿੰਨੀ ਦੇਰ ਸਬਦੁ ਗੁਰੂ ਦੇ ਉਪਦੇਸ਼ਾਂ ਨੂੰ ਕਮਾਇਆ ਨ ਜਾਵੇ ।

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ
ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥ ੨ ॥ ੧੩ ॥

ਸੋਰਠ ਮਹਲਾ ੫ ॥ ਪੰਨਾ-੬੧੨

ਜਿਨ੍ਹਾਂ ਨੇ ਵੀ ਗੁਚੂ ਨਾਨਕ ਨੂੰ ਸੁਣਿਆ ਹੈ ਤੇ ਦਰਸ਼ਨ ਕੀਤੇ ਹਨ ਉਹ ਫਿਰ ਗਰਭ ਜੂਨ ਵਿਚ ਨਹੀਂ ਆਵੇਗਾ ॥

ਸਬਦੁ ਗੁਰੂ ਵੀ ਹਰੀ ਹੈ ਤੇ ਗੁਰੂ ਨਾਨਕੁ ਵੀ ਹਰੀ । ਕੇਵਲ ਸਬਦੁ ਗੁਰੂ ਦੇ ਹੀ ਦਰਸ਼ਨ ਸੁਰਤਿ ਨੂੰ ਹੋ ਸਕਦੇ ਹਨ ਤੇ ਉਸਦੇ ਉਪਦੇਸ਼ ਸੁਰਤਿ ਸੁਣ ਸਕਦੀ ਹੈ । ਇਸ ਲਈ ਇਥੇ ਗੁਰੂ ਨਾਨਕੁ ਦਾ ਮਤਲਬ ਸਬਦੁ ਗੁਰੂ ਹੈ ।

ਉਪਰ ਵਿਚਾਰ ਹੋਈ ਸੀ ਕਿ ਗੁਰੂ ਨਾਨਕ ਹਰੀ ਦਾ ਆਪਣਾ ਕਿਰਤਮ ਨਾਮ ਹੈ । ਮਹਾਰਾਜ ਇਸ ਬਾਰੇ ਦਸਦੇ ਹਨ :



Digitized by Panjab Digital Library | www.panjabdigilib.org

ਗੁਝੀ ਛੰਨੀ ਨਾਹੀ ਬਾਤ ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥

ਆਸਾ ਮਹਲਾ ੫ ॥ ਪੰਨਾ-੩੯੬

ਇਹ ਸ਼ਬਦ ਗੁਰੂ ਨਾਨਕੁ ਨੇ ਆਪਣੇ ਪੰਜਵੇਂ ਜਾਮੇਂ ਵਿਚ ਸਾਹਿਬਜ਼ਾਦਾ ਹਰਗੋਬਿੰਦ ਜੀ ਦੇ ਜਨਮ ਸਮੇਂ ਉਚਾਰ ਕੇ, ਗੁਰੂ ਨਾਨਕੁ (ਅਕਾਲ ਪੁਰਖ) ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਨੇ ਸਪਸ਼ਟ ਤੌਰ ਤੇ ਦੁਨੀਆਂ ਨੂੰ ਦਸ ਦਿਤਾ ਕਿ ਇਸ ਬਾਲਕ ਨੂੰ, ਗੁਰੂ ਨਾਨਕੁ (ਅਕਾਲ ਪੁਰਖ) ਨੇ ਪ੍ਰਸੰਨ ਹੋ ਕੇ ਦਾਤ ਵਜੋਂ ਬਖਸ਼ਿਆ ਹੈ। ਇਹ ਗੱਲ ਕੋਈ ਗੁਝੀ ਜਾਂ ਛੁਪੀ ਹੋਈ ਨਹੀਂ। ਕਿਸੇ ਵੀ ਦੇਹ ਧਾਰੀ ਦੀ ਅਸੀਸ ਜਾਂ ਵਰ ਨਾਲ ਇਹ ਬਾਲਕ ਨਹੀਂ ਜਨਮਿਆ। ਕੇਵਲ ਗੁਰੂ ਨਾਕਕੁ ਦੀ ਦਾਤ ਹੈ।

ਗੁਰੂ ਜੋਤਿ ਬਾਰੇ ਰਾਏ ਬਲਵੰਡ ਤਥਾ ਸਤੈ ਡੂਮਿ ਨੇ ਜੋ ਆਖਿਆ ਹੈ ਹੁਣ ਉਸ ਤੇ ਵਿਚਾਰ ਕਰੀਏ।

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥
ਸਹਿ ਟਿਕਾ ਦਿਤੋਸੁ ਜੀਵਦੈ ॥ ੧ ॥
ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ॥

ਪੰਨਾ-੯੬੬

ਸਹਿ (ਮਾਲਕ ਗੁਰੂ) ਨੇਂ ਜਿਉਂਦਿਆਂ ਹੀ ਗੁਰਿਆਈ ਦਾ ਟਿਕਾ ਦੇ ਦਿਤਾ। ਗੁਰਿਆਈ ਦੇਣ ਤੋਂ ਮਗਰੋਂ ਜੋ ਪਹਿਲਾਂ ਗੁਰੂ ਸੀ, ਉਸ ਨੇ ਮੱਥਾ ਟੇਕਿਆ, ਉਸ ਨੂੰ ਜੋ ਪਹਿਲਾਂ ਚੇਲਾ ਸੀ, ਤੇ ਹੁਣ ਗੁਰੂ ਹੈ, ਗੁਰੂ ਅੰਗਦ। ਗੁਰੂ ਨਾਨਕ ਦੀ ਦੋਹੀ (ਦੁਹਾਈ) ਦੀ ਥਾਂ ਹੁਣ ਲਹਣੇ ਦੀ ਦੋਹੀ ਫਿਰ ਗਈ। ਜੋ ਸੰਸਾਰ ਵਿਚ (ਖਟੀਐ) ਖਸ਼ਬੋ ਵਾਂਗੂ ਫੈਲ ਗਈ। ਗੁਰੂ ਜੋਤਿ ਉਹੀ ਰਹੀ, ਭਵ ਸਾਗਰ ਨੂੰ ਪਾਰ ਕਰਨ ਲਈ ਜੁਗਤ (ਉਪਦੇਸ਼-ਗੁਰੂ ਮਤਿ ਦੇ ਸਿਧਾਂਤ) ਉਹੀ ਰਹੀ, ਮਾਲਕ ਨੇ ਕੇਵਲ ਕਾਇਆ ਬਦਲੀ। ਗੁਰੂ ਜੋਤਿ ਨੇ ਬਾਬਾ ਨਾਨਕ ਦੀ ਦੇਹ ਨੂੰ ਤਿਆਗ ਕੇ, ਭਾਈ ਲਹਿਣਾ ਜੀ ਦੀ ਦੇਹ ਵਿਚ ਪਰਵੇਸ਼ ਕੀਤਾ ਤੇ ਆਪਨੇ ਆਪ ਨੂੰ



Digitized by Panjab Digital Library | www.panjabdigilib.org

ਗੁਰੂ ਅੰਗਦ ਅਖਵਾਇਆ।

ਇਥੇ ਇਹ ਸਿਧਾਂਤ ਪੱਕਾ ਕੀਤਾ ਗਿਆ ਹੈ ਕਿ ਜਿਸ ਵੇਲੇ ਗੁਰੂ ਅੰਗਦ ਸਾਹਿਬ ਗੁਰੂ ਥਾਪੇ ਗਏ (ਗੁਰੂ ਜੋਤਿ ਅੰਗਦ ਜੀ ਵਿਚ ਚਲੀ ਗਈ), ਤਦ ਬਾਬਾ ਨਾਨਕ ਦੀ ਦੇਹ ਵਿਚੋਂ ਗੁਰੂ ਜੋਤਿ ਦੇ ਨਿਕਲ ਜਾਣ ਕਾਰਨ ਉਹ ਗੁਰੂ ਨਾ ਰਹੇ। ਉਸ ਵੇਲੇ ਬਾਬਾ ਨਾਨਕ ਜੀ ਨੇ ਆਪਣੇ ਗੁਰੂ, ਗੁਰੂ ਜੋਤਿ ਨੂੰ, ਜੋ ਗੁਰੂ ਅੰਗਦ ਵਿਚ ਸੀ, ਮੱਥਾ ਟੇਕਿਆ। ਬਾਬਾ ਨਾਨਕ ਨੇ ਗੁਰ ਮੰਤਰ ਅਕਾਲ ਪੁਰਖ ਕੋਲੋਂ ਲਿਆ ਸੀ ਤੇ ਅਕਾਲ ਪੁਰਖ ਆਪਣੇ ਗੁਰੂ ਜੋਤ ਰੂਪ ਵਿਚ ਗੁਰੂ ਅੰਗਦ ਸਾਹਿਬ ਵਿਚ ਬਿਰਾਜਮਾਨ ਸੀ। ਇਸ ਲਈ ਗੁਰੂ ਅੰਗਦ ਹੀ ਬਾਬਾ ਨਾਨਕ ਦੇ ਗੁਰੂ ਹੋ ਗਏ।

ਗੁਰੂ ਜੋਤਿ ਦੇ ਗੁਰੂ ਅੰਗਦ ਵਿਚ ਪ੍ਰਵੇਸ਼ ਕਾਰਨ ਹੁਣ ਗੁਰੂ ਅੰਗਦ ਦੀ ਦੋਹੀ ਫਿਰ ਰਹੀ ਹੈ:—

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥

ਪੰਨਾ-੯੬੭

ਹੁਣ ਗੁਰੂ ਅੰਗਦ ਦੀ ਦੋਹੀ ਫਿਰ ਰਹੀ ਹੈ ਤੇ ਉਹ ਕਰਤਾ ਜੋ ਸਚੁ (ਰੱਬ) ਹੈ, ਉਸ ਨੇ ਇਸ ਦੀ ਪੁਸ਼ਟੀ ਕਰ ਦਿਤੀ ਹੈ (ਬੰਧ ਬਹਾਲੀ)। ਨਾਨਕ ਨੇ ਕਾਇਆ ਪਲਟ ਕੇ ਗੁਰੂ ਅੰਗਦ ਰੂਪ ਵਿਚ ਗੁਰਿਆਈ ਦਾ ਤਖ਼ਤ ਮੱਲ ਲਿਆ ਹੈ, ਜਿਸ ਦੀਆਂ ਸੈਂਕੜੇ ਹੀ ਟਹਿਣੀਆਂ ਜਾਂ ਬ੍ਰਾਂਚਾਂ ਨੇ, ਜਿਸ ਦੀ ਉਮਤ ਬਹੁਤ ਪ੍ਰਫੁਲਤ ਹੈ।

ਸੋ ਇਸ ਵਿਚਾਰ ਤੋਂ ਇਹ ਗੱਲ ਮੁੜ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਕਿਸੇ ਦੇਹ ਦਾ ਨਾਮ ਨਹੀਂ ਅਕਾਲ ਪੁਰਖ ਦੀ ਗੁਰੂ ਜੋਤਿ ਦਾ ਨਾਮ ਹੈ। ਸਤਿਗੁਰ ਮਤਿ ਵਿਚ ਕਿਸੇ ਦੇਹ ਨੂੰ ਗੁਰੂ ਨਹੀਂ ਮੰਨਿਆ ਜਾਂਦਾ। ਪਰ ਗੁਰੂ ਜੋਤਿ ਜਿਸ ਦੇਹ ਵਿਚ ਹੁੰਦੀ ਸੀ ਉਸ ਦੇਹ ਦਾ ਮਾਨ ਸਤਿਕਾਰ ਪੂਰੀ ਤਰ੍ਹਾਂ ਕੀਤਾ ਜਾਂਦਾ ਸੀ। ਜਿਸ ਤਰ੍ਹਾਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਜਾਂਦਾ ਹੈ। ਦੇਹ ਦੀ ਪੂਜਾ ਤੇ ਉਸ ਤੇ ਪਰਤੀਤ ਨਹੀਂ ਸੀ ਕੀਤੀ ਜਾਂਦੀ, ਕਿਉਂ ਜੋ ਦੇਹ ਨਾਸ਼ਵਾਨ ਹੈ। ਪੂਜਾ ਕੇਵਲ ਗੁਰੂ ਜੋਤਿ ਦੀ ਹੀ ਹੁੰਦੀ ਸੀ। ਉਹ ਪੂਜਾ



Digitized by Panjab Digital Library | www.panjabdigilib.org

ਕਿਸ ਤਰ੍ਹਾਂ ਦੀ ਹੈ ਇਸ ਤੇ ਵੀ ਵਿਚਾਰ ਕਰ ਲਈਏ :

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ ੧ ॥
ਸੰਤਹੁ ਗੁਰਮੁਖਿ ਪੂਰਾ ਪਾਈ ॥
ਨਾਮੋ ਪੂਜ ਕਰਾਈ ॥ ੧ ॥ ਰਹਾਉ ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ ੨ ॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥ ੩ ॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥ ੪ ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥ ੫ ॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥ ੬ ॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥ ੭ ॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮਨਾਮਿ ਲਿਵ ਲਾਈ ॥ ੮ ॥

ਰਾਮਕਲੀ ਮਹਲਾ ੩ ॥ ਪੰਨਾ–੯੧੦

ਹੇ ਸੰਤ ਜਨੋ ! ਹਰੀ ਦੀ ਪੂਜਾ ਬੜੀ ਦੁਰਲਭ ਹੈ । ਉਸ ਪੂਜਾ ਦੀ ਵਡਿਆਈ ਕਹੀ ਨਹੀਂ ਜਾ ਸਕਦੀ । ਹੇ ਸੰਤ ਜਨੋ ! ਗੁਰਮੁਖਿ (ਸਬਦੁ ਗੁਰੂ) ਦੁਆਰਾ ਹੀ ਪੂਰਾ (ਪ੍ਰਭੂ) ਪਾਇਆ ਜਾ ਸਕਦਾ ਹੈ । ਕਿਉਂ ਜੋ ਗੁਰੂ, ਨਾਮੁ ਸਿਮਰਨ, ਜੋ ਅਸਲੀ ਪੂਜਾ ਹੈ, ਉਹੀ ਕਰਵਾਏਗਾ । ਹੇ ਸੰਤ ਜਨੋ ! ਜੇ ਤੁਸੀਂ ਉਸ ਅੱਗੇ ਕੋਈ ਪਦਾਰਥ ਭੇਟ ਵਜੋਂ ਰਖਣਾ ਚਾਹੁੰਦੇ ਹੋ, ਤਾਂ ਇਹ ਸਮਝ ਲਵੋ ਕਿ ਹਰੀ ਤੋਂ ਬਿਨਾਂ ਸਾਰੇ ਦੁਨਿਆਵੀ ਪਦਾਰਥ ਜੂਠੇ ਤੇ ਮੈਲੇ ਹਨ । ਹਰੀ ਜੋ ਸੁਚਾ ਹੈ ਉਸ ਅੱਗੇ ਜੂਠੇ ਤੇ ਮੈਲੇ ਪਦਾਰਥ ਰਖ ਕੇ ਉਸ ਦਾ ਅਪਮਾਨ ਨ ਕਰੋ । ਪੂਜਾ ਉਹੀ ਹੈ, ਜੋ ਹਰਿ ਸਚੇ ਨੂੰ ਭਾਵੇ, ਉਹ ਪੂਜਾ ਹੈ ਕਿ ਇਹ ਗੱਲ ਮਨ ਵਿਚ ਚੰਗੀਂ ਤਰ੍ਹਾਂ ਵਸਾ ਲਵੋ ਕਿ ਉਸਦੇ ਭਾਣੇ ਨੂੰ ਮੰਨਣਾ ਹੈ, ਉਸਦੇ ਭਾਣੇ ਵਿਚ ਸਦਾ ਚਲਣਾ ਹੈ । ਮਨਮੁਖਾਂ ਵਾਲੀ ਪੂਜਾ, ਜੋ ਚੀਜ਼ਾਂ ਵਸਤਾਂ ਰੱਖ ਕੇ ਕਰਦੇ ਹਨ, ਸਾਰਾ ਜਗਤ ਉਸ ਭੁਲੇਖੇ ਵਿਚ ਫਸਿਆ ਹੋਇਆ ਹੈ, ਪਰ ਉਹ ਪੂਜਾ ਥਾਂਇ ਨਹੀਂ ਪੈਂਦੀ । ਉਸ ਦੇ ਟਾਕਰੇ ਉਤੇ ਸਬਦੁ ਗੁਰੂ ਨੂੰ ਭੇਟ ਕੇ ਉਸ ਦੇ ਉਪਦੇਸ਼ ਦੁਆਰਾ ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਮਾਰੋ (ਨਿਰਮਲ ਕਰੋ), ਹੇ ਸੰਤ ਜਨੋ ! ਇਹ ਪੂਜਾ ਥਾਂਇ ਪੈਂਦੀ ਹੈ । ਉਹੀ ਜਨ ਪਵਿੱਤਰ ਹਨ, ਪਾਵਨ



Digitized by Panjab Digital Library | www.panjabdigilib.org

ਹਨ, ਤੇ ਸਚੇ ਹਨ ਜਿਨ੍ਹਾਂ ਨੇ ਏਕੁ ਸਬਦੁ (ਹਰੀ) ਨਾਲ ਲਿਵ ਜੋੜੀ ਹੈ। ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਪੂਜਾ ਹੀ ਨਹੀਂ। ਪਰ ਦੁਨੀਆਂ ਦੇ ਲੋਕ ਭਰਮ ਵਿਚ ਭੁਲੇ ਹੋਏ ਦੂਈ ਪੂਜਾ ਕਰਦੇ ਫਿਰਦੇ ਹਨ। ਇਸ ਲਈ ਹੇ ਸੰਤ ਜਨੋਂ! ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਮਤ ਲੈ ਕੇ ਆਪਣੇ ਆਪੇ ਨੂੰ ਪਛਾਣੀਏ; ਕਿ ਅਸੀਂ ਜੋਤਿ ਰੂਪ ਹਾਂ ਦੇਹ ਨਹੀਂ, ਨਾ ਹੀ ਸਾਡਾ ਗੁਰੂ ਦੇਹ ਰੂਪ ਹੈ, ਉਹ ਵੀ ਜੋਤਿ ਰੂਪ ਹੀ ਹੈ। ਆਪਣੇ ਆਪੇ ਨੂੰ ਅਸੀਂ ਤਦ ਹੀ ਪਛਾਣ ਸਕਾਂਗੇ ਜਦੋਂ ਅਸੀਂ ਰਾਮੁ ਨਾਮੁ ਨਾਲ ਲਿਵ ਜੋੜਾਂਗੇ।

ਗੁਰੂ ਨਾਨਕ ਕਿਸੇ ਦੇਹ ਦਾ ਨਾਮੁ ਨਹੀਂ, ਹਰੀ ਦਾ ਆਪਣਾ ਨਾਮ ਹੈ, ਇਸ ਬਾਰੇ ਭੱਟਾਂ ਦੀ ਬਾਣੀ ਦਾ ਕੁਝ ਹੋਰ ਵਿਚਾਰ ਕਰੀਏ :—

ਸਵਈਏ ਮਹਲੇ ਪਹਿਲੇ ਕੇ ੧ -

ੴ ਸਤਿਗੁਰ ਪ੍ਰਸਾਦਿ ॥

ਇਕ ਮਨਿ ਪੁਰਖੁ ਧਿਆਇ ਬਰਦਾਤਾ ॥
ਸੰਤ ਸਹਾਰੁ ਸਦਾ ਬਿਖਿਆਤਾ ॥
ਤਾਸੁ ਚਰਨ ਲੇ ਰਿਦੈ ਬਸਾਵਉ ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥
ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਲਾਦਿਕ ਆਤਮ ਰਸੁ ਜਿਨਿ ਜਾਣਿਉ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਉ ॥ ੨ ॥
ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੩ ॥

... ... ... ...

ਗਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥
ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥



Digitized by Panjab Digital Library | www.panjabdigilib.org

ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨ ਮਾਣਿਓ ॥ ੫ ॥

••• ••• ••• •••

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥

ਪੰਨਾ-੧੩੮੯-੧੩੯੦

ਇਨ੍ਹਾਂ ਸਵਈਆਂ ਬਾਰੇ ਅਸੀਂ ਬਿਲਕੁਲ ਸੰਖੇਪ ਜਿਹੀ ਵਿਚਾਰ ਕਰਦੇ ਹਾਂ ।

ਕਵੀ ਕਲ ਕਹਿੰਦਾ ਹੈ ਕਿ ਮੈਂ ਇਕ ਮਨ ਨਾਲ ਉਸ ਵਰਦਾਤਾ ਪੁਰਖ (ਹਰੀ) ਨੂੰ ਮਨ ਵਿਚ ਵਸਾ ਕੇ, ਜੋ ਸੰਤਾਂ ਦਾ ਸਹਾਰਾ ਤੇ ਸਦਾ ਹੀ ਹਾਜ਼ਰ ਨਾਜ਼ਰ ਹੈ, ਉਸਦੇ ਚਰਨ (ਯਾਦ) ਹਿਰਦੇ ਵਿਚ ਵਸਾ ਕੇ ਤਦ ਗੁਰੂ ਨਾਨਕ ਦੇ ਗੁਣ ਗਾਉਂਦਾ ਹ । ਉਸ ਪਰਮ ਗੁਰੂ ਦੇ ਗੁਣ ਜੋਗੀ ਜੰਗਮ ਇੰਦ੍ਰਾਇਕ, ਭਗਤ ਪ੍ਰਹਲਾਦ ਆਦਿਕ, ਜਨਕਾਦਿ, ਸਨਕਾਦਿ, ਮੁਨ, ਜਨ, ਧੋਮ ਰਿਸ਼ੀ ਆਦਿ, ਚਾਰੇ ਵਰਨ, ਛੇ ਦਰਸ਼ਨ, ਬ੍ਰਹਮਾਦਿਕ, ਸ਼ੇਸ਼ ਨਾਗ ਤੇ ਮਹਾਦੇਵ ਜੀ ਗਾ ਰਹੇ ਹਨ । ਇਸ ਦਾ ਮਤਲਬ ਇਹ ਹੈ ਕਿ ਇਹ ਜੋ ਮਹਾਂ ਪੁਰਸ਼ ਗੁਣ ਗਾ ਰਹੇ ਹਨ ਇਹ ਅਕਾਲ ਪੁਰਖ ਦੇ ਗੁਰੂ ਸਰੂਪ ਦੇ ਹੀ ਗੁਣ ਗਾ ਰਹੇ ਹਨ । ਇਹ ਸਜਣ ਕਈਆਂ ਜੁਗਾਂ ਤੋਂ ਹੀ ਗੁਣ ਗਾ ਰਹੇ ਹਨ । ਸ਼ੇਸ਼ ਨਾਗ ਵੀ ਆਪਣੀਆਂ ਹਜ਼ਾਰ ਜੀਭਾਂ ਨਾਲ ਕਈ ਜੁਗਾਂ ਤੋਂ ਗੁਣ ਗਾ ਰਿਹਾ ਹੈ । ਜਿਸ ਵਕਤ ਭਟਾਂ ਨੇ ਸਵਈਏ ਉਚਾਰੇ ਉਸ ਵਕਤ ਗੁਰੂ ਨਾਨਕ ਸਾਹਿਬ ਦੀ ਦੇਹ ਦੀ ਥੋੜੇ ਸਾਲਾਂ ਦੀ ਗਲ ਸੀ । ਪਰ ਇਹ ਸਾਰੀਆਂ ਉਪਰ ਦਿਤੀਆਂ ਹਸਤੀਆਂ ਤਾਂ ਜੁਗਾਂ ਜੁਗਾਂ ਤੋਂ ਹਰੀ ਦੇ ਗੁਣ ਗਾ ਰਹੀਆਂ ਹਨ । ਸੋ ਕਵੀ ਕਲ ਇਹ ਸਿੱਧ ਕਰ ਰਿਹਾ ਹੈ ਕਿ ਗੁਰੂ ਨਾਨਕ ਕਿਸੇ ਦੇਹ ਦਾ ਨਾਮ ਨਹੀਂ, ਇਹ ਅਕਾਲ ਪੁਰਖ ਦੀ ਗੁਰੂ ਜੋਤਿ ਦਾ ਹੀ ਨਾਮ ਹੈ । ਫਿਰ ਕਵੀ ਕਲ ਜੀ ਦਸਦੇ ਹਨ ਕਿ ਹੇ ਗੁਰੂ ਨਾਨਕ (ਅਕਾਲ ਪੁਰਖ)! ਤੂੰ ਆਪਣਾ ਬਲ ਬਾਵਨ ਵਿਚ ਰੱਖ ਕੇ ਬਲ ਰਾਜੇ ਨੂੰ ਛਲਿਆ ।


Digitized by Panjab Digital Library | www.panjabdigilib.org

ਇਸ ਤਰ੍ਹਾਂ ਤੂੰ ਸਤਿਜੁਗ ਨੂੰ ਮਾਣਿਆ। ਇਸ ਦਾ ਮਤਲਬ ਇਹ ਨਹੀਂ ਕਿ ਅਕਾਲ ਪੁਰਖ ਨੇ ਕਿਸੇ ਦੇਹ ਵਿਚ ਜਨਮ ਲਿਆ। ਉਸ ਨੇ ਕੇਵਲ ਕੁਝ ਸਮੇਂ ਲਈ ਆਪਣੀ ਕਲਾ ਬਾਵਨ ਵਿਚ ਰਖ ਦਿਤੀ। ਉਸ ਕਲਾ ਨੂੰ ਹੀ, ਜੋ ਕੁਝ ਸਮੇਂ ਲਈ ਬਾਵਨ ਵਿਚ ਆਈ ਗੁਰੂ ਨਾਨਕ ਜਾਂ ਅਕਾਲ ਪੁਰਖ ਕਿਹਾ ਗਿਆ ਹੈ। ਇਸੇ ਤਰ੍ਹਾਂ ਤ੍ਰੇਤੇ ਜੁਗ ਵਿਚ ਰਾਵਨ ਨੂੰ ਮਾਰਨ ਲਈ ਹਰੀ ਨੇ ਆਪਣੇ ਬਲ ਦਾ ਕੁਝ ਅੰਸ਼ ਰਾਮ ਚੰਦਰ ਜੀ ਵਿਚ ਰਖ ਕੇ ਰਾਵਨ ਨੂੰ ਮਾਰਿਆ। ਦੁਆਪੁਰ ਜੁਗ ਵਿਚ ਆਪਣੇ ਬਲ ਦਾ ਕੁਝ ਅੰਸ਼ ਕ੍ਰਿਸ਼ਨ ਜੀ ਵਿਚ ਰਖ ਕੇ ਕੰਸ ਨੂੰ ਮੁਕਤ ਕੀਤਾ। ਹਰੀ ਦੀ ਇਹ ਕਲਾ ਜੋ ਕਿਸੇ ਦੇਹ ਵਿਚ ਰਖੀ ਜਾਂਦੀ ਹੈ ਉਹ ਕਿਸੇ ਗਿਣੇ ਮਿਥੇ ਕੰਮ ਲਈ ਹੁੰਦੀ ਹੈ ਤੇ ਥੋੜ੍ਹੇ ਸਮੇਂ ਲਈ ਹੁੰਦੀ ਹੈ।

ਕਲ ਭੱਟ ਜੀ ਦਸਦੇ ਨੇ ਕਿ ਹੇ ਅਕਾਲ ਪੁਰਖ! ਕਲਿਜੁਗ ਵਿਚ ਤੂੰ ਪ੍ਰਸਿੱਧ ਨਾਨਕ ਗੁਰੂ, ਅੰਗਦ, ਅਮਰ ਦਾਸ ਜੀ ਕਹਾਇਆ ਹੈਂ! ਤੇਰੇ ਹੁਕਮ ਅਨੁਸਾਰ ਇਹ ਗੁਰਤਾ ਦਾ ਰਾਜ ਅਟਲ ਤੇ ਅਬਚਲ (ਥਿਰ) ਰਹੇਗਾ। ਇਸ ਤੋਂ ਭਾਵ ਇਹ ਹੈ ਕਿ ਗੁਰੂ ਜੋਤਿ ਕਾਇਆ ਜ਼ਰੂਰ ਬਦਲੇਗੀ। ਪਰ ਗੁਰਤਾ ਦਾ ਰਾਜ ਅਟਲ ਤੇ ਅਬਚਲ ਰਹੇਗਾ। ਸੋ ਉਹੀ ਹੋਇਆ ਹੈ। ਗੁਰੂ ਜੋਤਿ ਨੇ ਦਸ ਜਾਮੇ ਬਦਲ ਕੇ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਿਰ ਆਸਨ ਲਾ ਲਿਆ ਹੈ ਤੇ ਆਪਣਾ ਅਟਲ ਰਾਜ ਕਾਇਮ ਕਰ ਲਿਆ ਹੈ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਦਸਿਆ ਹੈ ਕਿ ਗੁਰੂ ਜੋਤਿ ਦੇ ਪ੍ਰਗਟ ਹੋਣ ਦਾ ਇਕੋ ਇਕ ਮਕਸਦ ਸੀ, ਉਹ ਇਹ ਕਿ ਸਬਦੁ ਗੁਰੂ ਦੇ ਸਿਧਾਂਤ ਦਾ ਪਰਚਾਰ ਕਰਨਾ, ਤੇ ਦੇਹ ਵਾਦ ਦਾ ਖੰਡਨ ਕਰਨਾ। ਗੁਰੂ ਜੋਤਿ ਨੇ ਦੇਹ ਵਿਚ ਰਹਿ ਕੇ ਦੇਹ ਵਾਦ ਦਾ ਖੰਡਨ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਦੇਹ ਧਾਰੀ ਗੁਰੂਆਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਮਹਾਰਾਜ ਨੇ ਜਿਥੇ ਦੇਹ ਦੀ ਅਲਪ ਸਮਰਥਾ ਨੂੰ ਉਘੇੜਿਆ, ਉਥੇ ਆਪਣੀ ਉਮੱਤ ਨੂੰ ਵੀ ਸਾਵਧਾਨ ਕੀਤਾ ਕਿ ਕਿਸੇ ਵੀ ਦੇਹ ਉਤੇ ਪਰਤੀਤ ਨਾ ਲਿਆਉ। ਜਿੰਨੀ ਪਰਤੀਤ ਤੁਸੀਂ ਕਿਸੇ ਦੇਹ ਤੇ ਲਿਆਉਗੇ ਉੱਨੀ ਪਰਤੀਤ ਤੁਹਾਡੀ ਸਬਦੁ ਗੁਰੂ ਤੋਂ ਘਟ ਜਾਵੇਗੀ। ਉਨ੍ਹਾਂ ਨੇ ਸੰਗਤਾਂ ਨੂੰ ਆਪਣੀ ਦੇਹ ਤੇ ਪਰਤੀਪ ਲਿਆਉਣ ਤੋਂ ਵੀ ਰੋਕਿਆ।



Digitized by Panjab Digital Library | www.panjabdigilib.org

ਮਹਾਰਾਜ ਨੇ ਆਪਣੇ ਪੰਜਵੇਂ ਜਾਮੇਂ ਵਿਚ ਹੁਕਮ ਕੀਤਾ :

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥
ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥
ਮਸਤਕਿ ਲਾਇ ਪਰਮ ਪਦੁ ਪਾਵਉ
ਜਿਸੁ ਪ੍ਰਾਪਤਿ ਸੋ ਪਾਵੈਗਾ ॥ ੧੮ ॥
ਜਿਨ ਕਉ ਕ੍ਰਿਪਾ ਕਰੀ ਸੁਖ ਦਾਤੇ ॥
ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥
ਸਗਲ ਨਾਮ ਨਿਧਾਨੁ ਤਿਨ ਪਾਇਆ
ਅਨਹਦ ਸਬਦ ਮਨਿ ਵਾਜੰਗਾ ॥ ੧੯ ॥

ਮਾਰੂ ਮਹਲਾ ੫ ॥ ਪੰਨਾ-੧੦੮੩

ਪੰਚਮ ਪਾਤਿਸਾਹ ਸਪਸ਼ਟ ਕਰਦੇ ਹਣ ਕਿ ਜੋ ਵੀਂ ਦ੍ਰਿਸ਼ਟ-ਮਾਨ ਹੈ, ਸਾਰੀਐਂ ਦੀਆਂ ਸਾਰੀਆਂ ਚੀਜ਼ਾਂ (ਜਿਸ ਵਿਚ ਦੇਹ ਵੀ ਹੈ) ਜਿੰਨ੍ਹਾਂ ਨੂੰ ਅੱਖ ਦੇਖ ਸਕਦੀ ਹੈ, ਉਹ ਸਾਰੀਆਂ ਹੀ ਮਿਥਿਆ ਹਨ। ਗੁਰੂ ਦੀ ਦੇਹ ਵੀ ਦ੍ਰਿਸ਼ਟਮਾਨ ਹੈ ਇਸ ਲਈ ਉਹ ਵੀ ਮਿਥਿਆ ਹੈ। ਇਸ ਲਈ ਸੱਜਣੋਂ ! ਦੇਹ ਦਾ ਮੋਹ ਤਿਆਗ ਕੇ ਆਪਣੀ ਪਰਤੀਤ ਗੁਰੂ ਜੋਤਿ ਤੇ ਲਿਆਉ ਜੋ ਅਬਨਾਸੀ ਹੈ। ਫਿਰ ਮਹਾਰਾਜ ਦਸਦੇ ਹਨ ਕਿ ਗੋਬਿੰਦ ਦੇ ਸੰਤ (ਸਬਦੁ ਗੁਰੂ) ਦੀ ਚਰਨ ਧੂੜ ਦ੍ਰਿਸ਼ਟਮਾਨ ਨਹੀਂ, ਇਸ ਲਈ ਉਹ ਮਿਥਿਆ ਨਹੀਂ, ਮੈਂ ਉਸ ਚਰਨ ਧੂੜ ਦਾ ਯਾਚਕ ਹਾਂ। ਉਹ ਚਰਨ ਧੂੜ ਹੈ, ਸਬਦੁ ਗੁਰੂ ਨਾਲ ਸੰਗਤ ਕਰਨੀ। ਸਤਿ ਸੰਗਤ ਕਰਨ ਨੂੰ ਹੀ ਬਾਣੀ ਵਿਚ ਚਰਨ ਧੂੜ ਕਿਹਾ ਗਿਆ ਹੈ। ਇਸ ਲਈ ਸਬਦੁ ਗੁਰੂ ਨਾਲ ਸਤਿਸੰਗ ਦਾ ਦਾਨ ਮਹਾਰਾਜ ਸਾਡੇ ਲਈ ਮੰਗਦੇ ਹਨ।

ਜਿੰਨ੍ਹਾਂ ਉਪਰ ਸੁਖਾਂ ਦੇ ਦਾਤੇ ਹਰੀ ਨੇ ਕਿਰਪਾ ਕੀਤੀ ਹੈ, ਉਨ੍ਹਾਂ ਨੇ ਸਾਧੂ (ਗੁਰੂ) ਦੇ ਚਰਨ ਲੈ ਕੇ ਹਿਰਦੇ ਵਿਚ ਪਰੋ ਲਏ ਹਨ। ਇਕ ਤਾਂ ਸਾਧੂ (ਗੁਰੂ) ਹੀ ਅਰੂਪ ਹੈ ਫਿਰ ਉਸਦੇ ਚਰਨ ਹਿਰਦੇ ਵਿਚ ਪਰੋ ਲਏ ਹਨ। ਇਸ ਦਾ ਮਤਲਬ ਹੈ ਕਿ ਸਬਦੁ ਗੁਰੂ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਧਾਰਨ ਕਰ ਲਿਆ ਹੈ। ਜਿਨ੍ਹਾਂ ਨੇ ਸਾਧੂ ਦੇ ਚਰਨਾਂ ਨੂੰ ਹਿਰਦੇ ਵਿਚ ਪਰੋ ਲਿਆ ਹੈ, ਉਨ੍ਹਾਂ ਨੇ ਨਾਮੁ ਨਿਧਾਨ (ਸਾਰੇ ਖਜ਼ਾਨੇ) ਪਾ ਲਿਆ ਹੈ ਤੇ ਮਨ ਵਿਚ ਅਨਹਦ ਸਬਦੁ ਵਜੱਣ



Digitized by Panjab Digital Library | www.panjabdigilib.org

ਲਗ ਪਿਆ ਹੈ।

ਸੋ ਇਹ ਹੈ ਸਾਧੂ ਗੁਰੂ ਦੀ ਸੰਗਤ ਦਾ ਫਲ ਜੋ ਸਾਨੂੰ ਉਪਦੇਸ਼ ਕਰਦਾ ਹੈ ਕਿ ਦ੍ਰਿਸ਼ਟਮਾਨ ਨੂੰ ਮਿਥਿਆ ਜਾਣੋ।

ਮਹਾਰਾਜ ਇਕ ਵਾਰੀ ਫਿਰ ਸਾਡੇ ਕੰਨ ਖੋਲ੍ਹ ਕੇ ਉਪਦੇਸ਼ ਕਰਦੇ ਹਨ :

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥ ੧ ॥
ਰਹਾਉ ॥ ਪੰਨਾ-੧੧੮੬

ਹੇ ਸਾਧ ਜਨੋ ! ਇਸ ਤਨ ਨੂੰ ਮਿਥਿਆ ਜਾਨੋ। ਸਾਰੇ ਦਾ ਸਾਰਾ ਦ੍ਰਿਸ਼ਟਮਾਨ ਮਿਥਿਆ ਹੈ। ਇਸ ਲਈ ਇਹ ਤਨ ਕਿਸ ਤਰ੍ਹਾਂ ਸਚੁ ਹੋ ਸਕਦਾ ਹੈ। ਇਸ ਤਨ ਵਿਚ ਜੋ ਰਾਮੁ ਗੁਰੂ ਹੈ, ਕੇਵਲ ਉਹੀ ਸਚੁ ਹੈ।

ਇਸ ਹੁਕਮ ਤੋਂ ਪੂਰੀ ਤ੍ਰਹਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੋਤਿ ਨੇ ਦੇਹ ਵਿਚ ਆ ਕੇ ਦੇਹ ਵਾਦ ਦਾ ਪੂਰੀ ਤਰ੍ਹਾਂ ਖੰਡਣ ਕੀਤਾ। ਉਨ੍ਹਾਂ ਨੇ ਅਪਨੀ ਉਮੱਤ ਨੂੰ ਸਬਦੁ ਗੁਰੂ ਦਾ ਸਿੱਧਾਂਤ ਦ੍ਰਿੜ੍ਹ ਕਰਵਾ ਕੇ ਜਾਗਤ ਜੋਤਿ (ਅਕਾਲ ਪੁਰਖੁ) ਨਾਲ ਪੂਰਨ ਪ੍ਰੇਮ ਤੇ ਪੂਰਨ ਪਰਤੀਤ ਕਰਨ ਦੀ ਤਾਕੀਦ ਕੀਤੀ, ਤੇ ਹੁਕਮ ਕੀਤਾ ਕਿ ਮੇਰੀ ਦੇਹ ਜੋ ਨਾਸ਼ਮਾਨ ਹੈ ਉਸ ਉਤੇ ਪਰਤੀਤ ਨ ਲਿਆਇ. ਉਸ ਨੂੰ ਮਿਥਿਆ ਜਾਣੋ। ਮਹਾਰਾਜ ਨੇ ਖਾਲਸੇ ਦੀ ਨਿਸ਼ਾਨੀ ਦਸਦਿਆਂ ਹੋਇਆਂ ਆਪਣੇ ਦਸਵੇਂ ਜਾਮੇਂ ਵਿਚ ਜੋ ਉਪਦੇਸ਼ ਕੀਤਾ ਹੈ ਹੁਣ ਉਸ ਨੂੰ ਵਿਚਾਰੀਏ :

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥
ਸਵਈਏ ਪਾਤਸਾਹੀ ੧੦ ॥

ਮਹਾਰਾਜ ਖਾਲਸੇ ਦੀ ਨਿਸ਼ਾਨੀ ਦਸਦਿਆਂ ਹੋਇਆ ਸਪਸ਼ਟ ਕਰਦੇ ਨੇ ਕਿ ਖਾਲਸਾ ਉਹ ਹੈ, ਜੋ ਦਿਨ ਰਾਤ ੨੪ ਘੰਟੇ ਜਾਗਤ ਜੋਤਿ, ਅਕਾਲ ਪੁਰਖ ਦਾ ਜਾਪ ਕਰੇ। ਇਹ ਤਦੇ ਹੀ ਹੋ ਸਕਦਾ ਹੈ ਜਦ ਸਬਦੁ ਤੇ ਸੁਰਤਿ ਦਾ ਮਿਲਾਪ ਹੋ ਜਾਵੇ। ਸੋ ਖਾਲਸੇ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਉਸ ਦਾ ਸਬਦੁ



Digitized by Panjab Digital Library | www.panjabdigilib.org

ਗੁਰੂ ਨਾਲ ਮੇਲ ਹੋ ਜਾਵੇ। ਏਕੁ ਜਾਗਤ ਜੋਤਿ ਤੋਂ ਬਿਨਾਂ ਉਸ ਦਾ ਮਨ ਰਤੀ ਜਿੰਨਾਂ ਵੀ ਕੁਦਰਤ (ਦ੍ਰਿਸ਼ਟਮਾਨ) ਤੇ ਪਰਤੀਤ ਨਾ ਲਿਆਵੇ, ਇਸ ਦ੍ਰਿਸ਼ਟਮਾਨ ਵਿਚ ਗੁਰੂ ਦੀ ਦੇਹ ਵੀ ਸ਼ਾਮਲ ਹੈ। ਖਾਲਸਾ ਆਪਣੇ ਆਪ ਨੂੰ ਅਕਾਲ ਪੁਰਖ ਦੇ ਪੂਰਨ ਪ੍ਰੇਮ ਤੇ ਪੂਰਨ ਪਰਤੀਤ ਨਾਲ ਸਜਾਵੇ। ਜਿੰਨੀ ਪਰਤੀਤ ਅਸੀਂ ਕਿਸੇ ਦਿਸਦੀ ਚੀਜ਼ ਉਤੇ ਲਿਵਾਂਗੇ, ਉੱਨੀ ਹੀ ਪਰਤੀਤ ਸਾਡੀ ਹਰੀ ਨਾਲ ਘਟ ਜਾਵੇਗੀ। ਇਸ ਪੂਰਨ ਪਰਤੀਤ ਵਿਚੋਂ ਆਪਣਾ ਹਿੱਸਾ ਵੰਡਾਉਣ ਵਾਲੀਆਂ ਕੁਝ ਕੁ ਚੀਜ਼ਾਂ ਮਹਾਰਾਜ ਨੇ ਨਮੂਨੇ ਮਾਤਰ ਦਸੀਆਂ ਹਨ। ਉਹ ਨੇ—"ਬ੍ਰੂਤ ਗੋਰ ਮੜੀ ਮਟ ਭੂਲ ਨ ਮਾਨੈ।" ਮਨੁਖ ਦੂਜੇ ਭਾਉ ਵਿਚ ਫਸਿਆ ਹੋਇਆ ਆਪਣੀਆਂ ਗਰਜਾਂ ਦੀ ਖਾਤਰ, ਰੱਬ ਨੂੰ ਭੁਲ ਕੇ, ਕਬਰਾਂ, ਮੜੀਆਂ, ਮਸਾਨਾ ਤੇ ਜਾ ਕੇ ਮਨੌਤਾ ਮਨਾਉਂਦਾ ਫਿਰਦਾ ਹੈ, ਸੁਖਨਾ ਪਿਆ ਸੁਖਦਾ ਹੈ। ਕਦੀ ਗ੍ਰਿਹਾਂ ਨੂੰ ਜਾਂ ਥਿਤਾਂ ਵਾਰਾਂ ਨੂੰ ਖੁਸ਼ ਕਰਨ ਦੀ ਖਾਤਰ ਖਾਸ ਖਾਸ ਦਿਨਾਂ ਉਤੇ ਵਰਤ ਰਖਕੇ ਉਨ੍ਹਾਂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦਾ ਹੈ। ਜਿਹੜਾ ਆਦਮੀ ਹਰੀ ਦੀ ਪੂਰਨ ਪਰਤੀਤ ਤੇ ਪ੍ਰੇਮ ਨਾਲ ਸਜਿਆ ਹੋਇਆ ਹੋਵੇ, ਉਹ ਐਸਾ ਕੰਮ ਭੁਲ ਕੇ ਵੀ ਨਹੀਂ ਕਰ ਸਕਦਾ। ਇੰਝ ਕਈ ਲੋਕ ਇਕ ਬੰਨੇ ਤਾਂ ਆਪਣੀਆਂ ਗਟਜ਼ਾਂ ਪੂਰੀਆਂ ਕਰ ਰਹੇ ਹਨ ਤੇ ਦੂਜੇ ਬੰਨੇ ਨਾਮੁ ਸਿਮਰਨ ਨੂੰ ਭੁਲ ਕੇ ਕਰਮ ਕਾਂਡਾਂ ਵਿਚੋਂ ਹੀ ਆਪਣੀ ਆਤਮਕ ਉੱਨਤੀ ਲਭ ਰਹੇ ਹਨ। ਮਹਾਰਾਜ ਨੇ ਨਮੂਨੇ ਮਾਤਰ ਦਸਿਆ ਹੈ ਕਿ ਖਾਲਸਾ "ਤੀਰਥ ਦਾਨ ਦਇਆ ਤਪ ਸੰਜਮ" ਆਦਿ ਇਨ੍ਹਾਂ ਵਿਚੋਂ ਕਿਸੇ ਇਕ ਕਰਮ ਨੂੰ ਵੀ ਨਹੀਂ ਪਛਾਣਦਾਂ। ਉਹ ਤਾਂ ਕੇਵਲ ਏਕੁ ਨਾਲ ਹੀ ਪ੍ਰੇਮ ਕਰਦਾ ਹੈ। ਸੋ ਖਾਲਸਾ ਉਹੀ ਹੈ ਜੋ ਨਾ ਤਾਂ ਦ੍ਰਿਸ਼ਟਮਾਨ ਉਤੇ ਪਰਤੀਤ ਲਿਆਵੇ, ਤੇ ਨਾ ਹੀ ਨਾਮ ਸਿਮਰਨ ਤੋਂ ਬਿਨਾਂ ਕਿਸੇ ਕਰਮ ਕਾਂਡ ਉਤੇ ਵਿਸ਼ਵਾਸ ਰਖੇ। ਇਸ ਤਰ੍ਹਾਂ ਜਦ ਸੁਰਤਿ ੨੪ ਘੰਟੇ, ਦਿਨ ਰਾਤ ਸਬਦੁ ਗੁਰੂ ਦੇ ਪੇਟੇ (ਪੱਲੇ) ਪੈ ਜਾਂਦੀ ਹੈ, ਤਦ ਗੁਰੂ ਮਿਹਰ ਨਾਲ ਪੂਰਨ ਜੋਤਿ (ਅਕਾਲ ਪੁਰਖ) ਘਟ ਵਿਚ ਪਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਜੀਵ ਆਤਮਾਂ ਸੁਹਾਗਣ ਹੋ ਜਾਂਦੀ ਹੈ। ਐਸਾ ਆਦਮੀ ਜਿਸ ਦੇ ਘਟ ਵਿਚ ਹਰੀ ਪਰਗਟ ਹੋ ਜਾਵੇ ਉਹੀ ਖਾਲਸਾ ਹੈ।

"ਸਾਰੇ ਹੀ ਦੇਸ ਕੋ ਦੇਖਿ ਰਹਿਉ ਮਤਿ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥

ਪਾਤਿਸਾਹੀ ਦਸਵੀਂ



Digitized by Panjab Digital Library | www.panjabdigilib.org

ਮਹਾਰਾਜ ਦਸਦੇ ਹਨ ਕਿ ਦੇਸ ਵਿਚ ਜਿੰਨੇ ਵੀ ਮਤਿ ਨੇ, ਅਸੀਂ ਉਨ੍ਹਾਂ ਨੂੰ ਸਤਿਗੁਰ ਮਤਿ ਦੀ ਘਸਵਟੀ ਤੇ ਪਰਖਿਆ ਹੈ। ਪਰ ਉਨ੍ਹਾਂ ਵਿਚੋਂ ਕੋਈ ਵੀ ਪ੍ਰਾਨਪਤੀ ਤੇ ਪੂਰਨ ਪਰਤੀਤ ਦਾ ਪਰਚਾਰ ਨਹੀਂ ਕਰਦਾ। ਸਭ ਦ੍ਰਿਸ਼ਟਮਾਨ ਦੇ ਮੋਹ ਵਿਚ ਫਸੇ ਪਏ ਹਨ।

ਹੁਣ ਅਸਾਂ ਖਾਲਸੇ ਦੀ ਨਿਸ਼ਾਨੀ ਨੂੰ ਸਮਝ ਲਿਆ ਹੈ। ਕੁਝ ਬੇ ਸਮਝ ਲੋਗ, ਜੋ "ਰਾਜ ਕਰੇਗਾ ਖਾਲਸਾ" ਦੇ ਰਹਸ ਨੂੰ ਨਹੀਂ ਸਮਝ ਸਕਦੇ, ਉਹ ਪੰਥ ਦੇ ਖਿਲਾਫ਼ ਝੂਠਾ ਪ੍ਰਚਾਰ ਕਰਦੇ ਹਨ। ਜਿਸ ਤਰ੍ਹਾਂ ਸਤਿਗੁਰਮਤਿ ਜੁਗਾਂ ਜੁਗਾਂ ਤੋਂ ਹੈ, ਉਸੇ ਤਰ੍ਹਾਂ ਖ਼ਾਲਸਾ ਵੀ ਜੁਗਾਂ ਜੁਗਾਂ ਤੋਂ ਹੈ। ਧ੍ਰੂ, ਪ੍ਰਹਿਲਾਦ, ਜਨਕ, ਕਬੀਰ, ਰਵਿਦਾਸ, ਨਾਮ ਦੇਵ, ਫਰੀਦ ਆਦਿ ਅਨੇਕਾਂ ਮਹਾਂ ਪੁਰਖ ਖ਼ਾਲਸਾ ਸਨ। ਖਾਲਸਾ ਹੋਣ ਦੇ ਨਾਤੇ ਇਨ੍ਹਾਂ ਨੇ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ। ਰਾਜ ਸੱਤਾ ਰਾਜਿਆਂ ਕੋਲ ਹੁੰਦੀ ਸੀ। ਰਾਜੇ ਤਾਂ ਡਾਂਗਾਂ ਦੇ ਬਲ ਤੇ ਲੋਕਾਂ ਦੇ ਸਰੀਰਾਂ ਉਤੇ ਰਾਜ ਕਰਦੇ ਸਨ। ਪਰ ਖਾਲਸਾ ਆਪਣੇ ਆਚਰਨ ਦੇ ਬਲ ਤੇ ਲੋਕਾਂ ਦੇ ਦਿਲਾਂ ਉਤੇ ਰਾਜ ਕਰਦਾ ਸੀ।

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥

ਸਲੋਕ ਮ: ੩ ॥ ਪੰਨਾ-੬੪੭-੪੮

ਮਹਾਰਾਜ ਦਸਦੇ ਨੇ ਜਿਸ ਤਰ੍ਹਾਂ ਹਾਥੀ ਦੇ ਸਿਰ ਤੇ ਅੰਕਸ ਹੈ, ਜਿਸ ਨਾਲ ਉਹ ਪੂਰੀ ਤਰ੍ਹਾਂ ਹੁਕਮ ਵਿਚ ਚਲਦਾ ਹੈ। ਤੇ ਅਹਰਨ ਲੁਹਾਰ ਅਗੇ ਅਪਨਾ ਸਿਰ ਰਖ ਦੇਂਦੀ ਹੈ। ਇਸੇ ਤਰ੍ਹਾਂ ਜੋ ਸੱਜਨ ਸਬਦੂ ਗੁਰੂ ਨੂੰ ਅਪਨਾ ਦਿਲ ਦਿਮਾਗ ਅਰਪਨ ਕਰ ਕੇ ਉਸ ਦੀ ਊਭੀ ਸੇਵ ਕਰਦੇ ਹਨ, ਉਹ ਗੁਰੂ ਮਿਹਰ ਦੁਆਰਾ, ਆਪਾ (ਹਉਂ) ਜਿਤ ਲੈਂਦੇ ਹਨ। "ਮਨਿ ਜੀਤੈ ਜਗੁ ਜੀਤ"। ਉਹ ਸਾਰੀ ਸ੍ਰਿਸਟੀ (ਦੇ ਦਿਲਾਂ) ਤੇ ਰਾਜ ਕਰਦੇ ਹਨ। ਜਿਸ ਕਿਸੇ ਤੇ ਹਰੀ ਦੀ ਮਿਹਰ ਹੁੰਦੀ ਹੈ ਉਹ ਇਸ ਅਸਲੀਅਤ ਨੂੰ ਗੁਰੂ ਮਿਹਰ ਦੁਆਰਾ ਸਮਝ ਜਾਂਦਾ ਹੈ।



Digitized by Panjab Digital Library | www.panjabdigilib.org

ਹੁਣ ਵੀ ਜੋ ਖਾਲਸਾ ਹੈ, ਉਹ ਲੋਕਾਂ ਦੇ ਦਿਲਾਂ ਉਪਰ ਰਾਜ ਕਰ ਰਿਹਾ ਹੈ। ਪਰ ਖਾਲਸਾ ਉਹੀ ਹੈ ਜੋ ਉਪਰ ਦਿਤੇ ਸ਼ਬਦ ਦੀ ਪਰਖ ਉਤੇ ਪੂਰਾ ਉਤਰੇ।

ਸੋ ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦਸਦੇ ਨੇ ਕਿ ਗੁਰੂ ਜੋਤਿ ਦੇ ਪ੍ਰਕਾਸ਼ ਦਾ ਇਕੋ ਇਕ ਮਨੋਰਥ ਸੀ, ਸਬਦੁ ਗੁਰੂ ਦੇ ਸਿਧਾਂਤ ਦਾ ਪਰਚਾਰ ਕਰਨਾ, ਜਿਸ ਦੁਆਰਾ ਮਾਇਆ ਦੀ ਗੁਲਾਮੀ ਤੋਂ ਮੁਕਤੀ ਪਾ ਕੇ ਭਵਜਲ ਪਾਰ ਕੀਤਾ ਜਾ ਸਕੇ। ਸਰੀਰਕ ਗੁਲਾਮੀ ਤਦ ਹੀ ਖ਼ਤਮ ਹੋ ਸਕਦੀ ਹੈ ਜੇ ਅਸੀਂ ਆਤਮਕ ਗੁਲਾਮੀ ਵਿਚੋਂ ਨਿਕਲੀਏ। ਕਈ ਆਦਮੀ ਭੁਲੇਖੇ ਵਿਚ ਇਹ ਕਹਿੰਦੇ ਨੇ ਕਿ ਗੁਰੂ ਜੋਤਿ ਦੇ ਪ੍ਰਕਾਸ਼ ਦਾ ਮਨੋਰਥ ਬਾਹਰ ਤੋਂ ਆਏ ਵਿਦੇਸ਼ੀ ਸ਼ਾਸਕਾਂ ਦਾ ਟਾਕਰਾ ਕਰਨ ਲਈ ਜਨਤਾ ਨੂੰ ਤਿਆਰ ਕਰਨਾ ਸੀ। ਮੈਂ ਐਸਾ ਨਹੀਂ ਸਮਝਦਾ। ਗੁਰ ਉਪਦੇਸ਼ ਸਪਸ਼ਟ ਹੈ ਕਿ "ਮਨ ਤੂੰ ਜੋਤਿ ਸਰੂਪ ਹੈ" ਤੂੰ ਆਤਮਕ ਗੁਲਾਮੀ ਵਿਚੋਂ ਨਿਕਲ। ਸਭ ਤੋਂ ਵੱਡੀ ਗੁਲਾਮੀ ਮਾਇਆ ਦੀ ਹੈ। ਮਾਇਆ ਦੀ ਗੁਲਾਮੀ ਵਿਚ ਫਸਿਆ ਹੋਇਆ ਆਦਮੀ ਕਦੀ ਵੀ ਜ਼ੁਲਮ ਦਾ ਮੁਕਾਬਲਾ ਨਹੀਂ ਕਰ ਸਕਦਾ। ਜਦ ਵੀ ਉਸ ਨੂੰ ਕੁਰਸੀ ਦਾ ਲਾਲਚ ਮਿਲੇਗਾ, ਉਹ ਝਟ ਜਨਤਾ ਦੇ ਪੱਖ ਨੂੰ ਛੱਡ ਕੇ ਹਾਕਮਾਂ ਨਾਲ ਜਾ ਮਿਲੇਗਾ। ਮਹਾਰਾਜ ਦੀਆਂ ਨਜ਼ਰਾਂ ਵਿਚ ਹਿੰਦੂ ਮੁਸਲਮਾਨ ਦਾ ਕੋਈ ਭੇਦ ਨਹੀਂ ਸੀ। ਉਨ੍ਹਾਂ ਲਈ ਸਭ ਬਰਾਬਰ ਸਨ। ਪਰ ਉਹ ਜ਼ੁਲਮ ਦਾ ਟਾਕਰਾ ਕਰਨ ਵਿਚ ਕਿਸੇ ਕੋਲੋਂ ਪਿਛੇ ਵੀ ਨਹੀਂ ਸਨ। ਚਾਹੇ ਜ਼ੁਲਮ ਹਿੰਦੂ ਵਲੋਂ ਹੋਵੇ ਜਾਂ ਮੁਸਲਮਾਨ ਵਲੋਂ।

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥......



Digitized by Panjab Digital Library | www.panjabdigilib.org

ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਈਐ ॥ ੨ ॥

ਵਾਰ ਆਸਾ ਮਹਲਾ ੧ ॥ ਪੰਨਾ-੪੭੧-੪੭੨

ਮਹਾਰਾਜ ਦਸਦੇ ਹਨ ਕਿ ਜਨਤਾ ਨੂੰ ਲੁਟਣ ਵਾਲਿਆਂ ਦਾ ਕੋਈ ਧਰਮ ਨਹੀਂ ਹੁੰਦਾ। ਜਨਤਾ ਨੂੰ ਲੁਟ ਕੇ ਆਪਣੇ ਖਜ਼ਾਨੇ ਭਰਨੇ ਇਹੀ ਉਨ੍ਹਾਂ ਦਾ ਇਕੋ ਇਕ ਧਰਮ ਹੈ। ਜੋ ਹਾਕਮ ਮਨੁਖਾਂ ਨੂੰ ਖਾ ਰਹੇ ਹਨ। ਉਹ ਨਿਮਾਜ਼ ਪੜ੍ਹਣ ਵਾਲੇ ਹਨ। ਜੋ ਅਹਲਕਾਰ ਉਨ੍ਹਾਂ ਹਾਕਮਾਂ ਦਾ ਪੇਟ ਭਰਨ ਲਈ ਮਨੁਖਾਂ ਨੂੰ ਲੁਟ ਹਹੇ ਨੇ ਜਾਂ ਜਨਤਾ ਉਤੇ ਛੁਰੀ ਚਲਾ ਰਹੇ ਨੇ, ਉਨ੍ਹਾਂ ਦੇ ਗਲ ਵਿਚ ਜਨੇਊ ਹੈ ਤੇ ਉਹ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਹਨ। ਇਹ ਲੋਕ ਦੇਖਣ ਵਿਚ ਹੀ ਹਿੰਦੂ ਮੁਸਲਮਾਨ ਨੇ ਅਸਲ ਧਰਮ ਇਨ੍ਹਾਂ ਦਾ ਜਨਤਾ ਨੂੰ ਲੁਟਨਾ ਹੈ। ਉਨ੍ਹਾਂ ਜਨੇਊ ਧਾਰੀਆ ਦੇ ਘਰਾਂ ਵਿਚ ਆ ਕੇ ਬ੍ਰਾਹਮਨ ਲੋਗ ਸੰਖ ਵਜਾਂਦੇ ਹਨ, ਦਾਨ ਲੈਂਦੇ ਹਨ ਤੇ ਭੋਜਨ ਖਾਂਦੇ ਹਨ। ਇਹ ਭੋਜਨ ਜਨਤਾ ਦਾ ਖ਼ੂਨ ਚੂਸ ਕੇ ਬਣਿਆ ਹੈ। ਇਸ ਲਈ ਉਨ੍ਹਾਂ ਬ੍ਰਾਹਮਨਾਂ ਨੂੰ ਵੀ ਉਹੀ ਸੁਆਦ ਆਵੇਗਾ, ਜੋ ਉਨ੍ਹਾਂ ਨੇ ਭੋਜਨ ਕੀਤਾ ਹੈ। ਮਹਾਰਾਜ ਦਸਦੇ ਨੇ ਕਿ ਇਸ ਤਰ੍ਹਾਂ ਹਾਕਮ ਲੋਗ ਕੂੜ ਦੀ ਰਾਸ ਨਾਲ ਕੂੜ ਦਾ ਹੀ ਵਪਾਰ ਕਰਦੇ ਹਨ। ਉਸ ਤੋਂ ਜੋ ਨਫ਼ਾ ਹੁੰਦਾ ਹੈ ਉਹ ਵੀ ਕੂੜ (ਗਰੀਬ ਜਨਤਾ ਦਾ ਖ਼ੂਨ), ਉਸੇ ਦਾ ਹੀ ਉਹ ਲੋਗ ਭੋਜਨ ਖਾਂਦੇ ਹਨ। ਉਹ ਲੋਗ ਸਰਮ ਤੇ ਧਰਮ ਨੂੰ ਪੂਰੀ ਤਰ੍ਹਾਂ ਭੁਲ ਗਏ ਹਨ। ਉਹ ਕੇਵਲ ਦਿਖਾਵੇ ਮਾਤਰ ਆਪਣੇ ਆਪ ਨੂੰ ਧਰਮੀ ਕਹਿੰਦੇ ਹਨ। ਹਰ ਜਗ੍ਹਾਂ ਕੂੜ ਪਸਰ ਰਿਹਾ ਹੈ। ਇਸ ਦਾ ਇਲਾਜ ਇਕੋ ਇਕ ਹੈ, ਉਹ ਹੈ, ਸਚੁ (ਰਬ) ਨੂੰ ਧਿਆਨ ਵਿਚ ਵਸਾ ਲਈਏ ਤੇ ਇਸ ਤਰ੍ਹਾਂ ਆਚਰਣ ਦੀ ਸੁਚਤਾ ਪ੍ਰਾਪਤ ਕਰੀਏ। ਤਦ ਅਸੀਂ ਸਚੁ (ਰੱਬ) ਨੂੰ ਪਾ ਲਵਾਂਗੇ। ਤਦ ਅਸੀਂ ਮਨੁਖ ਨੂੰ ਮਨੁਖ ਸਮਝਾਂਗੇ। ਜਾਤ ਜਾਂ ਧਰਮ ਦੇ ਨਾ ਤੇ ਵੰਡੀਆ ਮੁਕ ਜਾਣਗੀਆਂ। ਹਰ ਮਨੁੱਖ ਵਿਚ ਸਾਨੂੰ ਸਚੁ ਹੀ ਸਚੁ ਦਿਸੇਗਾ। ਜ਼ੁਲਮ ਕਰਨੇ ਬੰਦ ਕਰ ਦਿਆਂਗੇ। ਕੁਰਸੀਆਂ ਦੇ ਲਾਲਚ ਖਾਤਰ ਜ਼ਾਲਮ ਹਾਕਮਾਂ ਦਾ ਪੱਖ ਲੈਣਾ ਬੰਦ ਕਰ ਦਿਆਂਗੇ।

ਇਸੇ ਤਰ੍ਹਾਂ ਜਦ ਮਹਾਰਾਜ ਨੇ ਐਮਨਾਬਾਦ ਵਿਚ ਬਾਬਰ ਦੀ ਕਤਲਿਆਮ



Digitized by Panjab Digital Library | www.panjabdigilib.org

ਦੇਖੀ ਤਾਂ ਲੋਕਾਂ ਦੀ ਹਾਹਾਕਾਰ ਜਰ ਨ ਸਕੇ। ਇਸ ਲਈ ਨਹੀਂ ਕਿ ਬਾਬਰ ਮੁਸਲਮਾਨ ਸੀ, ਜਰਵਾਨਿਆਂ ਦਾ ਕੋਈ ਧਰਮ ਨਹੀ ਹੁੰਦਾ। ਲੁੱਟਮਾਰ ਹੀ ਉਨ੍ਹਾਂ ਦਾ ਧਰਮ ਹੁੰਦਾ ਹੈ। ਬਾਬਰ ਨੇ ਹਿੰਦੂ ਮੁਸਲਮਾਨ ਦੋਹਾਂ ਤੇ ਇਕੋ ਜਿਹਾ ਜ਼ੁਲਮ ਕੀਤਾ।

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿੰਦਵਾਣੀਆ ਇਹ ਭੀ ਲੇਖੈ ਲਾਇ ਵੇ ਲਾਲੋ ॥
ਤਿਲੰਗ ਮਹਲਾ ੧ ॥ ਪੰਨਾ-੭੨੨

ਬਾਬਰ ਨੇ ਕਿਸੇ ਨੂੰ ਨਹੀਂ ਬਖਸ਼ਿਆ। ਮੁਸਲਮਾਨੀਆਂ ਇਸ ਔਕੜ ਵੇਲੇ ਕਤੇਬਾਂ (ਕੁਰਾਨ ਸ਼ਰੀਫ਼) ਪੜ੍ਹ ਰਹੀਆਂ ਨੇ, ਖੁਦਾ ਖੁਦਾ ਕਰ ਰਹੀਆਂ ਨੇ ਤੇ ਹਿੰਦਵਾਣੀਆਂ ਦਾ ਵੀ ਇਹੋ ਹਾਲ ਹੈ। ਕਾਜੀਆਂ ਬਾਹਮਨਾਂ ਨੂੰ ਕੋਈ ਨਹੀਂ ਪੁੱਛਦਾ, ਵਿਆਹ ਸ਼ੈਤਾਨ ਪੜ੍ਹਾ ਰਿਹਾ ਹੈ। ਜਿਸ ਦਾ ਮਤਲਬ ਹੈ ਕਿ ਵਿਆਹ ਜਾਂ ਨਿਕਾਹ ਦੀ ਕੋਈ ਲੋੜ ਨਹੀਂ। ਬਿਨਾਂ ਵਿਆਹ ਦੇ ਹੀ ਇਸਤਰੀਆਂ ਨੂੰ ਧੱਕੇ ਨਾਲ ਹਰਮ ਵਿਚ ਦਾਖਲ ਕੀਤਾ ਜਾ ਰਿਹਾ ਹੈ। ਇਹ ਜ਼ੁਲਮ ਹਿੰਦਵਾਨੀਆ ਤੇ ਮੁਸਲਮਾਨੀਆਂ ਦੋਹਾਂ ਤੇ ਹੋ ਰਿਹਾ ਹੈ।

ਬਾਬਰ ਦਾ ਟਾਕਰਾ ਕਰਨ ਲਈ ਮਹਾਰਾਜ ਕੋਲ ਨਾ ਕੋਈ ਫ਼ੌਜ ਸੀ ਤੇ ਨਾ ਹੀ ਜੰਗੀ ਸਾਮਾਨ। ਪਰ ਜੋ ਨਿਰਭਉ ਹੋਵੇ ਉਸ ਨੂੰ ਡਰ ਕਾਹਦਾ। ਸੜਕ ਤੇ ਖਲੋ ਕੇ ਉਨ੍ਹਾਂ ਨੇ ਬਾਬਰ ਨੂੰ ਵੰਗਾਰਿਆ ਕਿ ਤੂੰ ਜ਼ੁਲਮ ਕਰ ਰਿਹਾ ਹੈ। ਆਪਣੇ ਜ਼ੁਲਮ ਤੋਂ ਬਾਜ਼ ਆ। ਉਨ੍ਹਾਂ ਨੂੰ ਪਤਾ ਸੀ ਕਿ ਇਸਦਾ ਨਤੀਜਾ ਮੌਤ ਹੈ, ਪਰ ਨਿਰਭਉ ਨੂੰ ਭਉ ਕਾਹਦਾ। ਇਸ ਤਰ੍ਹਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਤਿਆਗ੍ਰਹਿ ਦੀ ਨੀਂਹ ਰੱਖੀ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮਹਾਰਾਜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਅੰਤ ਵਿਚ ਬਾਬਰ ਨੇ ਆਪਣੀ ਭੁਲ ਨੂੰ ਸਮਝ ਲਿਆ ਤੇ ਮਹਾਰਾਜ ਨੂੰ ਇਜ਼ੱਤ ਨਾਲ ਰਿਹਾ ਕਰ ਦਿੱਤਾ।

ਇਸ ਤਰ੍ਹਾਂ ਮਹਾਰਾਜ ਨੇ ਸਾਨੂੰ ਨਿਰਭੈਤਾ ਨਾਲ ਆਪਣੇ ਵਿਚਾਰ ਪ੍ਰਗਟ ਕਰਨ (liberty) ਦੀ ਜਾਚ ਸਿਖਾਈ। ਇਸ ਦੇ ਨਾਲ ਹੀ ਸੰਗਤ ਤੇ ਪੰਗਤ (fraternity and equality) ਦਾ ਸਬਕ ਸਿਖਾਇਆ। ਇਹ ਸਿਖਿਆ



Digitized by Panjab Digital Library | www.panjabdigilib.org

ਦੁਨੀਆਂ ਵਿਚ ਸਭ ਤੋਂ ਪਹਿਲਾਂ ਸਤਿਗੁਰਾਂ ਨੇ ਦਿਤੀ । ਇਸ ਤੋਂ ਕਈ ਸੌ ਸਾਲ ਮਗਰੋਂ ਫ਼ਰਾਂਸ ਨੇ ਇਸ ਸਿਖਿਆ ਦਾ ਢੰਡੋਰਾ ਪਿਟਿਆ । ਪਰ ਦੁਨੀਆਂ ਦੇ ਲੋਕਾਂ ਨੂੰ ਅਜੇ ਵੀ ਇਹੀ ਪਤਾ ਹੈ ਕਿ ਇਹ ਸਿਖਿਆ ਸਭ ਤੋਂ ਪਹਿਲੇ ਫ਼ਰਾਂਸ ਨੇ ਹੀ ਦਿਤੀ ਸੀ । ਇਹ ਸਾਡੇ ਪਰਚਾਰ ਦੀ ਘਾਟ ਕਾਰਨ ਹੋਇਆ ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਦਸਿਆ ਹੈ ਕਿ ਗੁਰੂ ਜੋਤਿ ਦੇ ਪ੍ਰਕਾਸ਼ ਦਾ ਮਨੋਰਥ ਇਕੋ ਇਕ ਸੀ ਕਿ ਸਬਦੁ ਸੁਰਤਿ ਦੇ ਸਿਧਾਂਤ ਦਾ ਪਰਚਾਰ ਕਰਨਾ । ਇਸ ਗਲ ਤੇ ਸਭ ਤੋਂ ਵੱਡਾ ਇਤਰਾਜ ਇਹ ਹੋ ਸਕਦਾ ਹੈ ਕਿ ਸਤਿਗੁਰ ਮਤਿ ਦੁਨੀਆਂ ਦੇ ਆਰੰਭ ਤੋਂ ਹੀ ਕਾਇਮ ਹੈ । ਉਸ ਨੂੰ ਕਾਇਮ ਹੋਇਆ ਸਾਢੇ ਤਿੰਨ ਯੁਗ ਬੀਤ ਗਏ ਹਨ । ਅਜੇ ਤਕ ਗੁਰੂ ਜੋਤਿ ਨੂੰ ਕਿਸੇ ਸਰੀਰ ਵਿਚ ਆ ਕੇ ਇਸ ਮਤਿ ਦਾ ਪਰਚਾਰ ਕਰਨ ਦੀ ਲੋੜ ਨਹੀਂ ਸੀ ਪਈ । ਹੁਣ ਕਿਹੜੀ ਨਵੀਂ ਗੱਲ ਹੋਈ ਹੈ ।

ਇਸ ਗੱਲ ਦਾ ਉੱਤਰ ਮਹਾਰਾਜ ਇਸ ਤਰ੍ਹਾਂ ਦੇਂਦੇ ਹਨ :—

ਰਾਮਕਲੀ ਮਹਲਾ ੩ ਘਰ ੧ ॥

ੴ ਸਤਿਗੁਰ ਪ੍ਰਸਾਦਿ ॥

ਸਤਿਜੁਗਿ ਸਚੁ ਕਹੈ ਸਭੁ ਕੋਈ ॥
ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਿਜੁਗਿ ਧਰਮੁ ਪੈਰ ਹੈ ਚਾਰਿ ॥
ਗੁਰਮੁਖਿ ਬੂਝੈ ਕੋ ਬੀਚਾਰ ॥ ੧ ॥
ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ
ਨਾਮੁ ਨ ਪਾਵੈ ਕੋਈ ॥ ੧ ॥ ਰਹਾਉ ॥
ਤ੍ਰੇਤੈ ਇਕ ਕਲ ਕੀਨੀ ਦੂਰਿ ॥
ਪਾਖੰਡੁ ਵਰਤਿਆ ਹਰਿ ਜਾਣਹਿ ਦੂਰਿ ॥
ਗੁਰਮੁਖਿ ਬੂਝੈ ਸੋਝੀ ਹੋਈ ॥
ਅੰਤਰਿ ਨਾਮੁ ਵਸੈ ਸੁਖੁ ਸੋਈ ॥ ੨ ॥



Digitized by Panjab Digital Library | www.panjabdigilib.org

ਦੁਆਪੁਰਿ ਦੂਜੈ ਦੁਬਿਧਾ ਹੋਇ ॥
ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥ ੩ ॥
ਕਲਜੁਗਿ ਧਰਮ ਕਲਾ ਇਕ ਰਹਾਏ ॥
ਇਕ ਪੈਰਿ ਚਲੈ ਮਾਇਆ ਮੋਹ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥
ਸਤਿਗੁਰ ਭੇਟੈ ਨਾਮਿ ਉਧਾਰੁ ॥ ੪ ॥......॥ ੬ ॥ ੧ ॥

ਪੰਨਾ-੮੮੦

ਸਤਿਜੁਗ ਵਿਚ ਸਭ ਕੋਈ ਸਚੁ (ਅਕਾਲ ਪੁਰਖ) ਵਖਾਣਦਾ (ਜਪਦਾ) ਸੀ। ਸਬਦੁ ਗੁਰੂ ਦੇ ਉਪਦੇਸ਼ ਦੁਆਰਾ ਘਰ ਘਰ ਭਗਤੀ ਹੁੰਦੀ ਸੀ। ਸਤਿਜੁਗ ਵਿਚ ਧਰਮ ਦੇ ਚਾਰੇ ਪੈਰ ਕਾਇਮ ਸਨ। ਸਤਿਗੁਰੂ (ਸਬਦੁ ਗੁਰੂ) ਦੀ ਮਤ ਲੈ ਕੇ ਇਸ ਗੱਲ ਨੂੰ ਕੋਈ ਹੀ ਵਿਚਾਰਦਾ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਜਦ ਸਬਦੁ ਸੁਰਤਿ ਦਾ ਪਰਚਾਰ ਘਰ ਘਰ ਵਿਚ ਸੀ ਤਾਂ ਗੁਰੂ ਜੋਤਿ ਨੂੰ ਦੇਹ ਵਿਚ ਆ ਕੇ ਪਰਚਾਰ ਕਰਨ ਦੀ ਕੀ ਲੋੜ ਸੀ ?

ਰਹਾਉ ਦੀ ਤੁਕ ਵਿਚ ਮਹਾਰਾਜ ਦਸਦੇ ਹਨ ਕਿ ਚਾਰੇ ਜੁਗਾਂ ਵਿਚ ਨਾਮੁ ਦੀ ਹੀ ਵਡਿਆਈ ਹੋਈ ਹੈ। ਜੋ ਵੀ ਨਾਮੁ (ਅਕਾਲ ਪੁਰਖ) ਨਾਲ ਲਗ ਗਏ (ਮਿਲਾਪ ਹੋ ਗਿਆ), ਉਹੀ ਮੁਕਤਿ ਹੋ ਗਏ, ਪਰ ਸਬਦੁ ਗੁਰੂ ਦੀ ਮਿਹਰ ਤੋਂ ਬਿਨਾਂ ਨਾਮੁ (ਰਬ) ਨਹੀਂ ਪਾਇਆ ਜਾ ਸਕਦਾ।

ਤ੍ਰੇਤੇ ਜੁਗ ਵਿਚ ਇਕ ਕਲ (ਸ਼ਕਤੀ) ਘਟ ਗਈ ਤੇ ਪਾਖੰਡ ਵਰਤ ਗਿਆ। ਕਈ ਲੋਗ ਰਬ ਨੂੰ ਦੂਰ ਜਾਨਣ ਲਗ ਪਏ ਤੇ ਕਈਆਂ ਨੂੰ ਸਬਦੁ ਗੁਰੂ ਦੁਆਰਾ ਰਬ ਦੀ ਸੋਝੀ ਹੋਈ। ਉਨ੍ਹਾਂ ਦੇ ਅੰਦਰ ਨਾਮੁ (ਹਰੀ) ਵਸ ਗਿਆ ਤੇ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਹੋਈ।

ਦੁਆਪਰ ਜੁਗ ਵਿਚ ਧਰਮ ਦੇ ਦੋ ਪੈਰ ਰਹਿ ਗਏ। ਦ੍ਰਿਸ਼ਟਮਾਨ ਚੀਜ਼ਾਂ ਦਾ ਪਿਆਰ ਤੇ ਦੋਚਿਤਾ ਪਨ (ਦੁਬਿਧਾ) ਵਧ ਗਿਆ। ਲੋਕ ਭਰਮ ਵਿਚ ਭੁਲ


Digitized by Panjab Digital Library | www.panjabdigilib.org

ਗਏ ਤੇ ਦਵੈਤ ਵਧ ਗਈ। ਹੁਣ ਜੋ ਲੋਗ ਵੀ ਸਬਦ ਗੁਰੂ ਤਕ ਪਹੁੰਚਦੇ ਸਨ ਉਨ੍ਹਾਂ ਨੂੰ ਨਾਮ ਦ੍ਰਿੜ ਹੋ ਜਾਂਦਾ ਸੀ। ਇਸ ਤਰ੍ਹਾਂ ਸਬਦ ਸੁਰਤਿ ਦੇ ਮਿਲਾਪ ਵਾਲਿਆਂ ਦੀ ਗਿਣਤੀ ਘਟਦੀ ਗਈ।

ਹੁਣ ਕਲਜੁਗ ਵਿਚ ਧਰਮ ਦਾ ਇਕੋ ਪੈਰ ਰਹਿ ਗਿਆ ਹੈ ਤੇ ਮਾਇਆ ਦਾ ਮੋਹ ਵਧ ਗਿਆ ਹੈ। ਇਸ ਕਾਰਨ ਅਗਿਆਨਤਾ ਵਧ ਗਈ ਹੈ, ਪਰ ਮਹਾਰਾਜ ਦਸਦੇ ਹਨ ਕਿ ਹੁਣ ਵੀ ਜੇ ਕੋਈ ਸਬਦੁ ਗੁਰੂ ਨੂੰ ਭੇਟੇ, ਤਾਂ ਸਬਦੁ ਗੁਰੂ ਨਾਮੁ ਦ੍ਰਿੜ ਕਰਵਾ ਕੇ ਉਸਦਾ ਉੱਧਾਰ ਕਰ ਸਕਦਾ ਹੈ।

ਮਹਾਰਾਜ ਨੇ ਇਹ ਸਪਸ਼ਟ ਕੀਤਾ ਹੈ ਕਿ ਸਤਿਜੁਗ ਵਿਚ ਸਬਦੁ ਸੁਰਤਿ ਦਾ ਪਰਚਾਰ ਆਮ ਸੀ। ਅਸੀਂ ਇਹ ਵੀ ਜਾਣਦੇ ਹਾਂ ਕਿ ਸਤਿਜੁਗ ਵਿਚ ਵੈਦਿਕ ਧਰਮ ਦਾ ਬਹੁਤ ਪਰਚਾਰ ਸੀ। ਪਰ ਵੇਦਾਂ ਵਿਚ ਨਾਮੁ ਦਾ ਸਿਧਾਂਤ ਵੀ ਹੈ। ਗੁਰਵਾਕ ਹੈ :—

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

ਪੰਨਾ-੯੧੯

ਸਤਿਜੁਗ ਵਿਚ ਲੋਗ ਸਿੱਧੇ ਤੇ ਭੋਲੇ ਹੁੰਦੇ ਸਨ ਤੇ ਨਾਮੁ ਸਿਮਰਨ ਕਰਦੇ ਸਨ। ਇਸ ਲਈ ਉਨ੍ਹਾਂ ਦਾ ਆਪਣੇ ਆਪ ਹੀ, ਗੁਰੂ ਮਿਹਰ ਨਾਲ, ਸਬਦੁ ਸੁਰਤਿ ਦਾ ਮਿਲਾਪ ਹੋ ਜਾਂਦਾ ਸਹੀ। ਪਰ ਇਹ ਸਿਧਾਂਤ ਲਿਖਤੀ ਰੂਪ ਵਿਚ ਵੇਦਾਂ ਵਿਚ ਨਹੀਂ ਹੈ। ਫਿਰ ਤ੍ਰੇਤਾ ਤੇ ਦੁਆਪਰ ਜੁਗ ਵਿਚ ਪਾਖੰਡ ਤੇ ਦੁਬਿਧਾ ਵਰਤ ਗਈ। ਲੋਕ ਮਾਇਆ ਦੇ ਮੋਹ ਵਿਚ ਫਸ ਗਏ। ਨਾਮ ਸਿਮਰਨ ਵਾਲਿਆਂ ਦੀ ਗਿਣਤੀ ਹੌਲੀ ਹੌਲੀ ਘਟਨੀ ਸ਼ੁਰੂ ਹੋ ਗਈ। ਨਾਮ ਸਿਮਰਨ ਦੀ ਥਾਂ ਜਪ ਤਪ ਨੇ ਲੈ ਲਈ। ਜਪ ਤੇ ਤਪ ਪਦਾਰਥਾ ਲਈ ਕੀਤੇ ਜਾਂਦੇ ਸਨ ਤੇ ਉਸਦੇ ਨਾਲ ਹੀ ਹੋਮ ਤੇ ਯੱਗ ਪਦਾਰਥ ਹਾਸਲ ਕਰਨ ਲਈ ਹੋਣ ਲਗ ਪਏ। ਨਾਮੁ ਦਾ ਸਿਧਾਂਤ ਮਧੱਮ ਹੋਣਾ ਸ਼ੁਰੂ ਹੋ ਗਿਆ। ਇਹ ਸਿਧਾਂਤ ਕਲਜੁਗ ਵਿਚ ਹੋਰ ਵੀ ਘਟ ਗਿਆ, ਪਰ ਪੂਰੀ ਤਰ੍ਹਾਂ ਅਲੋਪ ਨਹੀਂ ਹੋਇਆ। ਕਲਜੁਗ ਵਿਚ ਵੀ ਕਈ ਭਗਤ ਜਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਹੋਏ, ਤੇ ਹੋਰ ਅਨੇਕਾਂ ਗੁਝੇ ਲਾਲ ਹੋਏ, ਜਿਨ੍ਹਾਂ ਦਾ ਨਾਮ ਇਤਿਹਾਸ ਨਹੀਂ ਜਾਣਦਾ। ਉਨ੍ਹਾਂ ਨੇ ਸਬਦੁ ਸੁਰਤਿ ਦੀ ਕਮਾਈ ਕੀਤੀ। ਪਰ ਉਸਦੇ ਨਾਲ ਨਾਲ ਲੋਭ,



Digitized by Panjab Digital Library | www.panjabdigilib.org

ਲਾਲਚ, ਦੁਬਿਧਾ, ਦਵੈਤ, ਤ੍ਰਿਸ਼ਨਾ ਤੇ ਜ਼ੁਲਮ ਦਿਨੋ ਦਿਨ ਵਧਦਾ ਜਾ ਰਿਹਾ ਸੀ। ਇਸ ਲਈ ਅਕਾਲ ਪੁਰਖ ਨੇ ਜੋ ਸਮਾਂ ਗੁਰੂ ਜੋਤਿ ਦੇ ਪ੍ਰਕਾਸ਼ ਦਾ ਮੁਨਾਸਬ ਸਮਝਿਆ ਉਸੇ ਸਮੇਂ ਤੇ ਗੁਰੂ ਜੋਤਿ ਦਾ ਪ੍ਰਕਾਸ਼ ਹੋਇਆ। ਇਸ ਸਿਧਾਂਤ ਦਾ ਪਰਚਾਰ, ਸਤਿਗੁਰੂ ਮਤਿ ਦੇ ਅਰੰਭ ਤੋਂ ਲੈ ਕੇ ਹੁਣ ਤਕ, ਕਈ ਵਾਰੀ ਸਿਖਰਾਂ ਛੋਂਹਦਾ ਰਿਹਾ ਹੈ ਤੇ ਕਈ ਵਾਰੀ ਅਲੋਪ ਹੁੰਦਾ ਰਿਹਾ ਹੈ। ਇਹ ਗੁਰੂ ਦਾ ਖੇਲ ਹੈ ਜਦੋਂ ਚਾਹੇ ਸਾਨੂੰ ਭੁਲਾ ਸਕਦਾ ਹੈ, ਜਦੋਂ ਚਾਹੇ ਸਾਨੂੰ ਆਪਣੇ ਲੜ ਲਾ ਸਕਦਾ ਹੈ। ਇਹ ਸਿਧਾਂਤ ਗੁਰੂ ਜੋਤਿ (ਗੁਰੂ ਨਾਨਕ) ਦੇ ਪ੍ਰਕਾਸ਼ ਤੋਂ ਪਹਿਲਾਂ ਕਿਸੇ ਧਰਮ ਗ੍ਰੰਥ ਵਿਚ ਲਿਖਤੀ ਰੂਪ ਵਿਚ ਨਹੀਂ ਆਇਆ, ਪਰ ਹੁਣ ਗੁਰੂ ਮਿਹਰ ਨਾਲ ਇਹ ਸਿਧਾਂਤ ਲਿਖਤੀ ਰੂਪ ਵਿਚ ਬਾਣੀ ਵਿਚ ਦਰਜ ਹੈ। ਇਹ ਇਸ ਲਈ ਹੋਇਆ ਜਾਪਦਾ ਹੈ ਕਿ ਅੱਗੋਂ ਹੋਰ ਭਿਆਨਕ ਸਮਾਂ ਆ ਸਕਦਾ ਹੈ ਤੇ ਇਸ ਦੇ ਬਚਾ ਲਈ ਇਹ ਇਕੋ ਇਕ ਸਿਧਾਂਤ ਸਾਨੂੰ ਮਾਇਆ ਦੇ ਹੱਲਿਆ ਤੋਂ ਬਚਾ ਸਕਦਾ ਹੈ।

ਹੁਣ ਇਹ ਸਿੱਧ ਹੋ ਗਿਆ ਹੈ ਕਿ ਗੁਰੂ ਨਾਨਕ ਕਿਸੇ ਮਨੁਖ ਦਾ ਨਾਮ ਨਹੀਂ, ਬਲਕਿ ਅਕਾਲ ਪੁਰਖ, ਜੋ ਸਾਡਾ ਸਭ ਦਾ ਗੁਰੂ ਹੈ, ਦੀ ਗੁਰੂ ਜੋਤਿ ਦਾ ਨਾਮ ਹੈ। ਉਸ ਨੇ ਢੁਕਵੇਂ ਸਮੇਂ ਉਤੇ ਆਪਣਾ ਪ੍ਰਕਾਸ਼ ਕੀਤਾ, ਬਾਬਾ ਨਾਨਕ ਦੀ ਦੇਹ ਵਿਚ ਆ ਕੇ ਸਤਿਗੁਰ ਮਤਿ ਦਾ ਪਰਚਾਰ ਕੀਤਾ ਤੇ ਸਾਨੂੰ ਦੇਹ ਧਾਰੀਆਂ ਦੀ ਅਲਪ ਸਮਰਥਾ ਤੋਂ ਸਾਵਧਾਨ ਕੀਤਾ। ਗੁਰੂ ਜੋਤਿ ਨੇ ਸਾਨੂੰ ਇਹ ਗਿਆਨ ਬਖਸ਼ਿਆ ਕਿ ਤੂੰ ਤਾਂ ਆਪ ਜੋਤ ਸਰੂਪ ਹੈ। ਤੇਰਾ ਗੁਰੂ ਦੇਹ ਧਾਰੀ ਕਿਸ ਤਰ੍ਹਾਂ ਹੋ ਸਕਦਾ ਹੈ।

ਹੁਣ ਅਸੀਂ ਇਹ ਵਿਚਾਰ ਕਰਨੀ ਹੈ ਕਿ ਗੁਰਬਾਂਣੀ ਸਾਡਾ ਗੁਰੂ ਕਿਸ ਤਰ੍ਹਾਂ ਹੈ। ਮਹਾਰਾਜ ਫਰਮਾਉਂਦੇ ਹਨ :

ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ
ਜਾਣਹੁ ਗੁਰਸਿਖਹੋ ਹਰਿ ਕਰਤਾ ਆਪਿ ਮੁਹਹੁ ਕਢਾਏ ॥

ਗਉੜੀ ਕੀ ਵਾਰ ਮਹਲਾ ੪ ॥ ਪੰਨਾ-੩੦੮

ਹੇ ਗੁਰਸਿਖੋ ! ਤੁਸੀਂ ਦਿਨ ਰਾਤ ਨਾਮੁ ਜਪੋ, ਇਸ ਤੇ ਪਰਸੰਨ ਹੋ ਕੇ ਹਰਿ



Digitized by Panjab Digital Library | www.panjabdigilib.org

ਕਰਤਾ, ਸਤਿਗੁਰੂ (ਸਬਦੁ ਗੁਰੂ) ਨੂੰ, ਜੋ ਤੁਹਾਡੇ ਹਿਰਦੇ (ਘਰ) ਵਿਚ ਹੀ ਹੈ, ਪ੍ਰਗਟ ਕਰ ਦੇਵੇਗਾ। ਇਹ ਗੁਰਬਾਣੀ, ਜਿਸ ਰਾਹੀਂ ਅਸੀਂ ਤੁਹਾਨੂੰ ਉਪਦੇਸ਼ ਕਰ ਰਹੇ ਹਾਂ, ਇਸ ਨੂੰ ਸਤਿ ਸਤਿ ਕਰਕੇ ਜਾਣੋ। ਸਤਿ ਦਾ ਭਾਵ ਹੈ ਅਕਾਲ ਪੁਰਖ। ਇਸ ਬਾਣੀ ਨੂੰ ਤੁਸੀਂ ਸਤਿ (ਰਬ) ਦਾ ਪ੍ਰਤੱਖ ਸਰੂਪ ਜਾਣੋ। ਕਿਉਂ ਜੋ ਇਹ ਬਾਣੀ ਹਰੀ ਕਰਤੇ ਦੀ ਹੈ ਤੇ ਇਹ ਬਾਣੀ ਉਸੇ ਤਰ੍ਹਾਂ ਹੀ ਸਾਡੇ ਮੂੰਹੋਂ ਨਿਕਲੀ ਹੈ ਜਿਸ ਤਰ੍ਹਾਂ ਉਸ ਨੇ ਸਾਡੇ ਮੂੰਹ ਤੋਂ ਕਢਾਈ ਹੈ। ਅਸੀਂ ਤਾਂ ਕੇਵਲ ਉਚਾਰਨ ਵਾਲੇ ਹਾਂ।

ਸੋ ਇਹ ਬਾਣੀ ਅਕਾਲ ਪੁਰਖ ਦੀ ਹੈ ਤੇ ਆਪ ਅਕਾਲ ਪੁਰਖ ਹੈ।

ਹੁਕਮ ਹੈ :

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥

ਪੰਨਾ–੫੧੪

ਹੇ ਬਾਣੀ ਤੂੰ ਧਨ ਹੈਂ, ਤੂੰ ਧਨ ਹੈਂ, ਕਿਉਂ ਜੋ ਤੂੰ ਸਚੁ (ਹਰੀ) ਹੈ। ਤੈਨੂੰ ਅਸਾਂ ਗੁਰੂ (ਅਕਾਲ ਪੁਰਖ) ਦੀ ਮਿਹਰ ਦੁਆਰਾ ਪ੍ਰਾਪਤ ਕੀਤਾ ਹੈ।

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥

ਪੰਨਾ–੫੧੪

ਹੇ ਬਾਣੀ ਤੂੰ ਧਨ ਹੈਂ, ਤੂੰ ਧਨ ਹੈਂ, ਕਿਉਂ ਜੋ ਤੂੰ ਸਚੁ (ਹਰੀ) ਹੈਂ ਤੇ ਤੂੰ ਸਾਨੂੰ ਸਚੁ ਨਾਲ ਮਿਲਾ ਸਕਦੀ ਹੈਂ।

ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥

ਪੰਨਾ–੫੧੫

ਹਰੀ ਆਪ ਸਚੁ ਹੈ ਇਸੇ ਤਰ੍ਹਾਂ ਉਸ ਦੀ ਗੁਰਬਾਣੀ ਵੀ ਸਚੁ ਹੈ।

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

ਪੰਨਾ–੫੧੫

ਹੇ ਬਾਣੀ ਤੂੰ ਧੰਨ ਹੈਂ ਕਿਉਂ ਜੋ ਤੂੰ ਨਿਰੰਕਾਰ ਹੈਂ। ਤੇਰੇ ਜਿੱਡਾ ਵੱਡਾ ਹੋਰ ਕੋਈ ਨਹੀਂ।

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਗੁਰਬਾਣੀ ਨਿਰੰਕਾਰ, ਜੋ ਸਾਡਾ ਗੁਰੂ ਹੈ, ਦੀ ਹੈ। ਉਹ ਗੁਰੂ ਜੋਤਿ, ਗੁਰੂ ਨਾਨਕੁ, ਤੇ ਉਤਰੀ ਤੇ ਜਿਉਂ ਕੀ



Digitized by Panjab Digital Library | www.panjabdigilib.org

ਤਿਉਂ ਉਚਾਰਨ ਕੀਤੀ ਗਈ। ਉਚਾਰਨ ਕਰਦਿਆਂ ਹੀ ਉਸੇ ਵੇਲੇ ਲਿਖਤ ਵਿਚ ਲੈ ਆਂਦੀ ਗਈ ਤਾਂ ਜੋ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਦੀ ਗੁੰਜਾਇਸ਼ ਨਾ ਰਹੇ। ਇਹ ਬਾਣੀ ਅਕਾਲ ਪੁਰਖ ਦਾ ਗੁਰੂ ਸਰੂਪ ਹੈ। ਸੋ ਇਸ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਅਕਾਲ ਪੁਰਖ ਦੇ ਤਿੰਨ ਤਰ੍ਹਾਂ ਦੇ ਗੁਰੂ ਸਰੂਪ ਹਨ :—

੧. ਸਬਦੁ ਗੁਰੂ

੨. ਗੁਰੂ ਜੋਤਿ

੩. ਗੁਰਬਾਣੀ

ਇਸ ਵਿਚਾਰ ਨੂੰ ਸਪਸ਼ਟ ਕਰਨ ਲਈ ਕੁਝ ਹੋਰ ਵਿਚਾਰ ਜ਼ਰੂਰੀ ਹੈ।

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ।
ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥ ੪ ॥
ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥
ਨਟ ਮਹਲਾ ੪ ॥ ਪੰਨਾ-੯੮੨

ਮਹਾਰਾਜ ਦਸਦੇ ਨੇ ਕਿ ਜਿਸ ਤਰ੍ਹਾਂ ਕਿ ਮਿਰਗ ਦੇ ਆਪਣੇ ਅੰਦਰ ਹੀ ਕਸਤੂਰੀ ਹੋਵੇ, ਪਰ ਉਹ ਭੁਲੇਖੇ ਵਿਚ ਆ ਕੇ ਸਮਝੇ, ਕਿ ਇਹ ਕਸਤੂਰੀ ਦੀ ਖੁਸ਼ਬੋ ਕਿਧਰੋਂ ਬਾਹਰੋਂ ਆ ਰਹੀ ਹੈ। ਉਹ ਉਸ ਖੁਸ਼ਬੋ ਦੇ ਸੋਮੇਂ ਨੂੰ ਲਭਦਾ ਥਾਂ ਥਾਂ ਤੇ ਸਿੰਗ ਮਾਰਦਾ ਫਿਰਦਾ ਹੈ। ਪਰ ਬਾਹਰੋਂ ਉਸ ਨੂੰ ਕੁਝ ਵੀ ਨਹੀਂ ਮਿਲਦਾ। ਇਸੇ ਤਰ੍ਹਾਂ ਸਬਦੁ ਗੁਰੂ ਤਾਂ ਸਾਡੇ ਅੰਦਰ ਬੈਠਾ ਹੈ। ਅਸੀਂ ਦੇਹ ਧਾਰੀਆਂ ਵਿਚੋਂ ਗੁਰੂ ਲਭਣ ਦਾ ਅਸਫਲ ਯਤਨ ਕਰਦੇ ਹਾਂ ਤੇ ਸਾਡੇ ਪੱਲੇ ਖਜਲ ਖੁਆਰੀ ਤੋਂ ਬਿਨਾਂ ਹੋਰ ਕੁਝ ਨਹੀਂ ਪੈਂਦਾ। ਇਸ ਤਰ੍ਹਾਂ ਖਜਲ ਖੁਆਰ ਹੋਣ ਤੋਂ ਮਗਰੋਂ ਜੇ ਅਸੀਂ ਪੂਰੇ ਗੁਰੂ (ਗੁਰਬਾਣੀ) ਦੀ ਸਰਨ ਵਿਚ ਆ ਜਾਈਏ, ਤਾਂ ਉਹ ਪੂਰਾ ਗੁਰੂ (ਗੁਰਬਾਣੀ), ਸਾਡੇ ਹਿਰਦੇ ਵਿਚ ਹੀ ਬੈਠੇ ਸਬਦੁ ਗੁਰੂ ਨਾਲ ਮਿਲਾਪ ਕਰਵਾ ਕੇ ਨਿਸਤਾਰਾ ਕਰਵਾਉਣ ਦੇ ਸਮਰਥ ਹੈ। ਬਾਣੀ ਗੁਰੂ (ਅਕਾਲ ਪੁਰਖ) ਹੈ, ਤੇ ਆਪ-ਅਕਾਲ ਪੁਰਖ ਹੀ ਬਾਣੀ ਹੈ। ਬਾਣੀ ਤੇ ਅਕਾਲ



Digitized by Panjab Digital Library | www.panjabdigilib.org

ਪੁਰਖ ਇਕੋ ਹਨ। ਸਾਰੀ ਦੀ ਸਾਰੀ ਬਾਣੀ ਵਿਚ ਅੰਮ੍ਰਿਤੁ* (ਪ੍ਰਭੂ) ਸਮਾਇਆ ਹੋਇਆ ਹੈ। ਜੇ ਸੇਵਕ ਜਨ ਗੁਰਬਾਣੀ ਦੇ ਹੁਕਮਾਂ ਨੂੰ ਮੰਨ ਕੇ ਉਸਦੀ ਕਮਾਈ ਕਰੇ, ਤਾਂ ਗੁਰਬਾਣੀ, ਜੋ ਅਕਾਲ ਪੁਰਖ ਦਾ ਪਰਤੱਖ ਸਰੂਪ ਹੈ, ਉਸ ਦਾ ਨਿਸਤਾਰਾ ਕਰਨ ਦੇ ਸਮਰੱਥ ਹੈ।

ਗੁਰਬਾਣੀ ਦੇ ਉਪਦੇਸ਼ ਤੇ ਚਲ ਕੇ ਹੀ ਸਬਦੁ ਸੁਰਤਿ ਦਾ ਮਿਲਾਪ ਹੋ ਸਕਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸਾਰੀ ਦੀ ਸਾਰੀ ਬਾਣੀ ਗੁਰੂ ਹੈ।

ਕੁਝ ਸਜਣ ਇਹ ਇਤਰਾਜ਼ ਕਰਨਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੋਤਿ ਤੋਂ ਬਿਨਾ ਭਗਤਾਂ ਤੇ ਭਟਾਂ ਆਦਿ ਦੀ ਬਾਣੀ ਵੀ ਮੌਜੂਦ ਹੈ ਉਸ ਬਾਣੀ ਨੂੰ ਅਸੀਂ ਕਿਸ ਤਰ੍ਹਾਂ ਗੁਰੂ ਮੰਨੀਏ।

ਉਸ ਦਾ ਜਵਾਬ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਜਾਂ ਭਟਾਂ ਦੀ ਬਾਣੀ ਦਰਜ ਹੈ ਉਨ੍ਹਾਂ ਸਭ ਦਾ ਸਬਦੁ ਸੁਰਤਿ ਦਾ ਮਿਲਾਪ ਹੋਇਆ ਹੋਇਆ ਸੀ, ਉਹ ਸੁਹਾਗਣਾ ਸਨ। ਅਕਾਲ ਪੁਰਖ ਦੀ ਬਾਣੀ ਉਨ੍ਹਾਂ ਭਗਤਾਂ ਦੇ ਹਿਰਦੇ ਤੇ ਉਤਰੀ ਜੋ ਇੱਨ ਬਿੱਨ ਲਿਖਤ ਵਿਚ ਲੈ ਆਂਦੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਕਾਲ ਪੁਰਖ ਦਾ ਪਰਤਖ ਸਰੂਪ ਹੈ ਤੇ ਉਹ ਅਪਨੇ ਭਗਤਾਂ ਤੋਂ ਬਿਨਾ ਕਿਸ ਤਰ੍ਹਾਂ ਸ਼ੋਭਾ ਦੇ ਸਕਦੀ ਹੈ। ਕੋਈ ਵੀ ਬਾਦਸ਼ਾਹ ਇਕੱਲਾ ਅਪਨੇ ਦਰਬਾਰੀਆਂ ਤੋਂ ਬਿਨਾ ਸ਼ੋਭਾ ਨਹੀਂ ਦੇਂਦਾ।

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥ ੧ ॥

ਸਲੋਕ ਮਹਲਾ ੫ ॥ ਪੰਨਾ-੧੪੨੯

ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਦੀ ਸਾਰੀ ਬਾਣੀ ਦਰਜ

---

*ਅੰਮ੍ਰਿਤੁ ਕੇਵਲ ਅਕਾਲ ਪੁਰਖ ਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਅੰਮ੍ਰਿਤੁ ਨਹੀਂ। ਵਿਚਾਰ ਅੱਗੇ ਗੁਰਬਾਣੀ ਰਹਸ ਵਿਚ ਆਵੇਗੀ।



Digitized by Panjab Digital Library | www.panjabdigilib.org

ਕਰਨ ਲਗਿਆਂ ਗੁਰੂ ਦੀ ਮਿਹਰ ਮੰਗੀ ਤੇ ਸਭ ਤੋ ਪਹਿਲਾਂ ਮੂਲ ਮੰਤਰ ਨਾਲ ਅਰੰਭ ਕੀਤਾ। ਜਦ ਗੁਰੂ ਮਿਹਰ ਸਦਕਾ ਸਾਰਾ ਕਾਰਜ ਨਿਰਵਿਘਨ ਸੰਪੂਰਨ ਹੋ ਗਿਆ ਤਾਂ ਮਹਾਰਾਜ ਨੇ ਸ਼ੁਕਰਾਨੇ ਲਈਬੇਨਤੀ ਕੀਤੀ ਤਾਂ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਉਪਰ ਦਿਤਾ ਸਬਦ ਸਲੋਕ ਮਹਲਾ ੫॥ ਮਹਾਰਾਜ ਕੋਲੋਂ ਉਚਾਰਣ ਕਰਵਾਇਆ। ਇਸ ਸਬਦ ਵਿਚ ਪੰਚਮ ਪਾਤਸ਼ਾਹ ਵਲੋਂ ਅਕਾਲ ਪੁਰਖ ਦਾ ਸ਼ੁਰਰਾਨਾ ਹੈ, ਕਿ ਹੇ ਮਹਾਰਾਜ ! ਮੈਂ ਨਿਰਗੁਣਿਆਰੇ ਵਿਚ ਕੋਈ ਗੁਣ ਨਹੀਂ। ਆਪ ਜੀ ਨੇ ਤਰਸ ਖਾ ਕੇ ਮੈਨੂੰ ਇਸ ਜੋਗ ਕੀਤਾ ਹੈ। ਇਕ ਬੀੜ ਵਿਚ ਸਾਰੀ ਬਾਣੀ ਇਕੱਤਰ ਕਰਨ ਦਾ ਕੰਮ ਆਪ ਜੀ ਨੇ ਹੀ ਕਰਵਾਇਆ ਹੈ। ਮੇਰੀ ਅਲਪ ਬੁੱਧੀ ਆਪ ਜੀ ਦੀ ਬਖਸ਼ਿਸ਼ ਦਾ ਅੰਦਾਜ਼ਾ ਨਹੀਂ ਜਾਣ ਸਕਦੀ। ਆਪ ਜੀ ਨੇ ਮਿਹਰ ਕੀਤੀ ਹੈ ਤੇ ਇਸ ਪੋਥੀ ਸਾਹਿਬ ਦੇ ਰੂਪ ਵਿਚ ਸਾਨੂੰ ਸਤਿਗੁਰੁ ਸੱਜਣ ਦਾ ਮਿਲਾਪ ਬਖਸ਼ਿਆ ਹੈ। ਇਸ ਸਤਿਗੁਰ ਸੱਜਣੁ ਦੁਆਰਾ ਸਾਨੂੰ ਨਾਮੁ (ਹਰੀ) ਦੀ ਪ੍ਰਾਪਤੀ ਹੋ ਸਕਦੀ ਹੈ। ਨਾਮੁ ਦਾ ਮਿਲਾਪ ਹੀ ਸਾਡੀ ਜ਼ਿੰਦਗੀ ਹੈ। ਜਿਸ ਨਾਲ ਸਾਡਾ ਤਨ ਤੇ ਮਨ ਦੋਨੋਂ ਹੀ ਹਰੇ ਰਹਿੰਦੇ ਹਨ।

ਸਾਡੀ ਵਿਚਾਰ ਇਸ ਸਿੱਟੇ ਤੇ ਪਹੁੰਚ ਗਈ ਹੈ ਕਿ ਪੰਚਮ ਪਾਤਸ਼ਾਹ ਵੇਲੇ ਹੀ ਇਹ ਐਲਾਨ ਹੋ ਗਿਆ ਸੀ ਕਿ ਪੋਥੀ ਸਾਹਿਬ (ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ) ਹੀ ਸਤਿਗੁਰੂ ਸਜਣੁ ਹਨ ਤੇ ਜਿੰਨੀ ਦੇਰ, ਸਿੱਖੀ ਦਾ ਬੂਟਾ, ਜੋ ਪਹਿਲੇ ਜਾਮੇਂ ਵਿਚ ਲਾਇਆ ਗਿਆ ਸ਼ੀ, ਪੂਰੀ ਤਰ੍ਹਾ ਫਲ ਦੇਣ ਵਾਲਾ ਦਰਖ਼ਤ ਨਹੀਂ ਬਣ ਜਾਂਦਾ, ਉੱਨੀ ਦੇਰ ਹੀ ਗੁਰੂ ਜੋਤਿ ਦੇਹ ਵਿਚ ਰਹੇਗੀ। ਉਸ ਤੋਂ ਮਗਰੋਂ ਗੁਰੂ ਜੋਤਿ ਸਤਿਗੁਰ ਸਜਣੁ ਵਿਚ ਓਤ ਪੋਤ ਹੋ ਜਾਵੇਗੀ ਤੇ ਆਪਣੇ ਆਪ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ" ਅਖਵਾਏਗੀ। ਫਿਰ ਇਕ ਕਦਮ ਹੋਰ ਅੱਗੇ ਪੁਟਿਆ ਗਿਆ। ਉਹ ਸਮਾਂ ਵਿਸਾਖੀ ਸੰਨ ੧੬੯੯ ਵਾਲੇ ਦਿਨ ਆ ਗਿਆ ਜਦੋਂ ਦਸਮ ਪਾਤਸ਼ਾਹ ਨੇ ਗੁਰਮੰਤਰ ਦੇਣ ਦਾ ਹੱਕ, ਜੋ ਗੁਰੂ ਜੋਤਿ ਨੂੰ ਅਕਾਲ ਪੁਰਖ ਵਲੋਂ ਮਿਲਿਆ ਹੋਇਆ ਸੀ, ਅਕਾਲ ਪੁਰਖ ਦੇ ਹੁਕਮ ਅਨੁਸਾਰ ਉਸ ਹੱਕ ਨੂੰ ਗੁਰੂ ਦੀ ਤਾਬਿਆ ਪੰਜਾਂ ਪਿਆਰਿਆਂ ਨੂੰ ਸੌਂਪ ਦਿਤਾ। ਉਨ੍ਹਾ ਹੁਕਮ ਕੀਤਾ ਕਿ ਹੁਣ ਤੋਂ ਪੰਜ ਪਿਆਰੇ ਹੀ ਗੁਰੂ ਦੀ ਤਾਬਿਆ ਗੁਰ ਮੰਤਰ ਦੇਣ ਦੇ ਅਧਿਕਾਰੀ ਹਨ।



Digitized by Panjab Digital Library | www.panjabdigilib.org

ਮਹਾਰਾਜ ਨੇ ਉਸ ਤੋਂ ਮਗਰੋਂ ਆਪ ਇਕਲਿਆਂ ਕਿਸੇ ਨੂੰ ਵੀ ਗੁਰਮੰਤਰ ਨਹੀਂ ਦਿਤਾ। ਇਸ ਤਰ੍ਹਾਂ ਮਹਾਰਾਜ ਨੇ ਅਪਨੀ ਦੇਹ ਤਿਆਗਨ ਤੋਂ ੯-੧੦ ਸਾਲ ਪਹਿਲੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦਾ ਅਕਾਲ ਪੁਰਖ ਦਾ ਹੁਕਮ ਸੰਗਤਾਂ ਨੂੰ ਦਸ ਦਿਤਾ।

ਹੁਣ ਵਿਚਾਰਨਾ ਇਹ ਹੈ ਕਿ ਸਬਦੁ ਗੁਰੂ, ਦੇਹ ਧਾਰੀ ਗੁਰੂ ਦੇ ਟਾਕਰੇ ਤੇ, ਕਿਉਂ ਤੇ ਕਿਸ ਤਰ੍ਹਾਂ ਉੱਤਮ ਹੈ। ਅਸੀਂ ਸਭ ਜਾਣਦੇ ਹਾਂ ਕਿ ਕੇਵਲ ਸਤਿਜੁਗ ਵਿਚ ਹੀ ਪਾਖੰਡ ਨਹੀਂ ਸੀ, ਪਰ ਤ੍ਰੇਤੇ ਜੁਗ ਤੋਂ ਹੀ ਪਾਖੰਡ ਸ਼ੁਰੂ ਹੋ ਗਿਆ। ਹਉਂ ਦੇ ਵਧਣ ਨਾਲ, ਲੋਕ-ਦਿਖਾਵੇ ਵਲ ਲੋਕਾਂ ਦਾ ਰੁਖ਼ ਹੋ ਗਿਆ। ਪ੍ਰਭੂ ਦਾ ਪ੍ਰੇਮ ਘਟ ਗਿਆ ਤੇ ਦ੍ਰਿਸ਼ਟਮਾਨ ਨਾਲ ਮੋਹ ਵਧ ਗਿਆ। ਰਾਜ ਭਾਗ ਤੇ ਪ੍ਰਭੁਤਾ ਲੈਣ ਲਈ ਜਪ ਤਪ ਸ਼ੁਰੂ ਹੋ ਗਏ ਤੇ ਲੋਕ ਰਿਧੀਆਂ ਸਿਧਿਆਂ ਵਾਲੇ ਪਾਸੇ ਚਲੇ ਗਏ। ਰਿਧੀਆਂ ਸਿਧੀਆਂ ਪਾ ਕੇ ਧਾਰਮਕ ਆਗੂਆਂ ਨੇ ਆਪਣੀ ਮਾਨਤਾ ਕਰਵਾਉਨੀ ਸ਼ੁਰੂ ਕਰ ਦਿਤੀ। ਉਨ੍ਹਾਂ ਨੇ ਭੋਲੇ ਭਾਲੇ ਲੋਕਾਂ ਨੂੰ ਭੁਲੇਖਿਆਂ ਵਿਚ ਪਾ ਕੇ ਲੁਟਨਾ ਸ਼ੁਰੂ ਕਰ ਦਿਤਾ। ਆਪਣੀ ਮਾਨਤਾ ਕਰਵਾਉਨ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਪਾਖੰਡ ਰਚਨੇ ਪੈਂਦੇ ਤੇ ਇਹ ਪਾਖੰਡ ਗੁਰੂ ਜੋਤ ਦੇ ਪ੍ਰਕਾਸ਼ ਸਮੇਂ ਆਪਨੇ ਸਿਖਰ ਤੇ ਸਨ। ਗੁਰੂ ਜੋਤਿ ਦਾ ਪ੍ਰਕਾਸ਼ ਕੇਵਲ ਸਤਿਗੁਰ ਮਤਿ ਦੇ ਪਰਚਾਰ ਤੇ ਦੇਹ ਵਾਦ ਦੇ ਖੰਡਨ ਲਈ ਸੀ। ਇਸ ਲਈ ਸਤਿਗੁਰਾਂ ਦਾ ਟਾਕਰਾ ਦੇਹ ਧਾਰੀਆਂ ਨਾਲ ਹੁੰਦਾ ਰਿਹਾ ਤੇ ਉਹ ਲੋਕਾਂ ਨੂੰ ਦੇਹ ਧਾਰੀਆਂ ਦੇ ਫੰਦੇ ਵਿਚੋਂ ਛੁਡਾਂਦੇ ਰਹੇ।

ਅਜ ਕਲ ਜੋ ਸਮਾਂ ਬੀਤ ਰਿਹਾ ਹੈ, ਉਹ ਹੋਰ ਵੀ ਬੜਾ ਭਿਆਨਕ ਹੈ। ਕੋਈ ਵੀ ਚੀਜ਼ ਖ਼ਾਲਸ ਨਹੀਂ। ਲੋਕ ਕਹਿੰਦੇ ਨੇ ਕਿ ਜੇ ਕੋਈ ਆਤਮ ਘਾਤ ਕਰਨਾ ਚਾਹੇ ਤਾਂ ਉਸ ਨੂੰ ਜ਼ਹਿਰ ਵੀ ਖ਼ਾਲਸ ਨਹੀਂ ਮਿਲ ਸਕਦੀ। ਐਸੇ ਜ਼ਮਾਨੇ ਵਿਚ ਕੀ ਸਾਨੂੰ ਐਸਾ ਗੁਰੂ ਮਿਲ ਸਕਦਾ ਹੈ, ਜੋ ਦੇਹ ਧਾਰੀ ਵੀ ਹੋਵੇ ਤੇ ਨਕਲੀ ਵੀ ਨਾ ਹੋਵੇ। ਕੇਵਲ ਹਿੰਦੁਸਤਾਨ ਵਿਚ ਹੀ ਕਈ ਦਰਜਨ ਵਿਅਕਤੀ ਐਸੇ ਹਨ ਜੋ ਆਪਣੇ ਆਪ ਨੂੰ ਰੱਬ ਦਾ ਸਾਖਸ਼ਾਤ ਅਵਤਾਰ ਅਖਵਾਉਂਦੇ ਹਨ ਤੇ ਉਹ ਸਾਰੇ ਦੇ ਸਾਰੇ ਹੀ ਇਕ ਦੂਜੇ ਦੇ ਵਿਰੋਧੀ ਹਨ। ਇਹ ਆਪਣੇ ਆਪ ਨੂੰ ਰੱਬ ਆਖਣ ਵਾਲੇ ਲੋਕ ਬੜੇ ਰਸੂਖ ਵਾਲੇ ਹਨ ਤੇ



Digitized by Panjab Digital Library | www.panjabdigilib.org

ਹਾਕਮਾਂ ਤਕ ਇਨ੍ਹਾਂ ਦੀ ਪਹੁੰਚ ਹੈ। ਇਨ੍ਹਾਂ ਦੇ ਚੇਲਿਆਂ ਦੀ ਗਿਣਤੀ ਲੱਖਾਂ ਵਿਚ ਹੈ। ਇਨ੍ਹਾਂ ਤੋਂ ਬਿਨਾਂ ਕਈ ਹੋਰ ਵੀ ਰਬ ਦਾ ਅਵਤਾਰ ਹਨ, ਪਰ ਉਨ੍ਹਾਂ ਦੇ ਪ੍ਰਚਾਰ ਦੇ ਸਾਧਨ ਤੇ ਏਜੰਟਾਂ ਦੀ ਕਮੀ ਕਾਰਨ ਅਖਬਾਰਾਂ ਵਾਲੇ ਉਨ੍ਹਾਂ ਨੂੰ ਮਾਨਤਾ ਨਹੀਂ ਦੇਂਦੇ। ਇਨ੍ਹਾਂ ਤੋਂ ਬਿਨਾਂ ਹੋਰ ਗੁਰੂਆਂ ਸਾਧੂਆਂ ਤੇ ਸੰਤਾਂ ਦੀ ਕਮੀ ਨਹੀਂ ਜੋ ਕਈ ਹਜ਼ਾਰਾਂ ਵਿਚ ਹਨ। ਇਨ੍ਹਾਂ ਵਿਚ ਜੇ ਉਨ੍ਹਾਂ ਨੂੰ ਵੀ ਰਲਾ ਲਈਏ ਜਿਹੜੇ ਯੋਗ ਆਸ਼੍ਰਮਾਂ ਵਿਚ ਝੂਠੇ ਜੋਗੀ ਬਣੇ ਬੈਠੇ ਨੇ ਤਾਂ ਇਹ ਗਿਣਤੀ ਕਿਥੇ ਜਾ ਪਹੁੰਚੇਗੀ। ਮਿਲਾਵਟੀ ਚੀਜ਼ਾਂ ਵਸਤਾਂ ਚੈਕ ਕਰਨ ਦਾ ਯਤਨ ਤਾਂ ਸਾਡੀ ਸਰਕਾਰ ਕਰ ਰਹੀ ਹੈ, ਪਰ ਮਿਲਾਵਟੀ ਸਾਧੂਆਂ ਸੰਤਾਂ ਨੂੰ ਚੈਕ ਕਰਨ ਦਾ ਯਤਨ ਕੋਈ ਨਹੀਂ ਕਰ ਰਿਹਾ। ਮੈਂ ਇਹ ਨਹੀਂ ਕਹਿੰਦਾ ਕਿ ਇਨ੍ਹਾਂ ਲੱਖਾਂ ਸੰਤਾਂ ਵਿਚੋਂ ਕੋਈ ਵੀ ਚੰਗਾ ਨਹੀਂ। ਚੰਗੇ ਜ਼ਰੂਰ ਨੇ, ਪਰ ਉਹ ਥੋੜੇ ਨੇ ਤੇ ਉਨ੍ਹਾਂ ਦੀ ਨਿਸ਼ਾਨੀ ਇਹ ਹੈ ਕਿ ਨਾ ਤਾਂ ਉਨ੍ਹਾਂ ਨੇ ਕੋਈ ਏਜੰਟ ਰੱਖਿਆ ਹੋਇਆ ਹੋਵੇਗਾ ਤੇ ਨਾ ਹੀ ਢੰਡੋਰਚੀ। ਨਾ ਹੀ ਉਹ ਆਪਣੀ ਇਸ਼ਤਿਹਾਰ ਬਾਜ਼ੀ ਕਰਦੇ ਹੋਣਗੇ ਤੇ ਨਾ ਹੀ ਉਹ ਸਰਕਾਰ ਦੇ ਝੋਲੀ ਚੁੱਕ ਹੋਣਗੇ। ਉਹ ਤਾਂ ਰਾਮ ਦੇ ਰੰਗ ਵਿਚ ਮਸਤ ਰਹਿੰਦੇ ਹੋਣਗੇ। ਐਸੇ ਸਜੱਣਾਂ ਦੇ ਸ਼ਰਧਾਲੂਆਂ ਦੀ ਗਿਣਤੀ ਵੀ ਘੱਟ ਹੁੰਦੀ ਹੈ।

ਸਤਿਗੁਰਾਂ ਦੀ ਹਜ਼ੂਰੀ ਵਿਚ ਭਿਖਾ ਭਟ ਨੇ, ਜੋ ਕਾਸ਼ੀ ਦਾ ਇਕ ਭਾਰੀ ਵਿਦਵਾਨ ਸੀ, ਆਪਣੀ ਵਿਥਿਆ ਇਸ ਤਰ੍ਹਾਂ ਦਸੀ :

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ
ਰਹਉ ॥ ੨ ॥ ੨੦ ਸਵਈਏ ਮਹਲੇ ਤੀਜੇ ਕੇ ੩ ॥

ਪੰਨਾ–੧੩੯੫-੯੬

ਭਿਖਾ ਜੀ ਦਸਦੇ ਨੇ ਕਿ ਮੈਂ ਇਕ ਸਾਲ ਭਰ ਗੁਰੂ ਦੀ ਭਾਲ ਵਿਚ ਫਿਰਦਾ



Digitized by Panjab Digital Library | www.panjabdigilib.org

ਰਿਹਾ। ਕਈ ਸਾਧੂ, ਸਨਿਆਸੀ, ਤਪਸਵੀ ਆਦਿ ਦੇਖੇ ਪਰ ਕਿਸੇ ਤੋਂ ਵੀ ਮੇਰਾ ਮਨ ਨਹੀਂ ਪਰਚਿਆ। ਉਹ ਲੋਗ ਮੂੰਹ ਤੋਂ ਬੜੇ ਮਿੱਠੇ ਸਨ। ਪਰ ਉਹ ਕੇਵਲ ਮੁਖਿ ਗਿਆਨੀ ਹੀ ਸਨ। ਗਿਆਨ ਦੀਆਂ ਗੱਲਾਂ ਕਰਕੇ ਮਨ ਮੋਹ ਲੈਂਦੇ ਸਨ, ਪਰ ਉਨ੍ਹਾਂ ਦੀ ਆਪਣੀ ਰਹਿਤ ਕੋਈ ਨਹੀਂ ਸੀ। ਜਿਸ ਗਿਆਨ ਦਾ ਉਪਦੇਸ਼ ਉਹ ਕਰਦੇ ਸਨ, ਉਸ ਉਪਰ ਆਪ ਅਮਲ ਨਹੀਂ ਸਨ ਕਰਦੇ। ਉਹ ਲੋਗ ਉਪਰੋਂ ਤਾਂ ਨਾਮ ਸਿਮਰਨ ਵਾਲੇ ਦਿਸਦੇ ਸਨ, ਪਰ ਉਨ੍ਹਾਂ ਦਾ ਮਨ ਮਾਇਆ ਵਿਚ ਫਸਿਆ ਹੋਇਆ ਸੀ। ਮੈਂ ਉਨ੍ਹਾਂ ਦੇ ਗੁਣ ਹੋਰ ਕੀ ਦਸਾਂ ? ਹੁਣ ਹਰੀ ਨੇ ਭਿੱਖਾ ਭੱਟ ਨੂੰ ਗੁਰੂ ਦਾ ਮਿਲਾਪ ਬਖਸ਼ ਦਿਤਾ ਹੈ। ਹੇ ਸਤਿਗੁਰੂ, ਹੁਣ ਮੈਂ ਤੇਰੇ ਭਾਣੇ ਵਿਚ ਰਹਾਂਗਾ।

ਇਹ ਵਿਥਿਆ ਹੈ ਭਿੱਖਾ ਭੱਟ ਦੀ, ਜੋ ਬਹੁਤ ਭਾਰੀ ਵਿਦਵਾਨ ਸੀ ਤੇ ਵਿਵੇਕ ਬੁੱਧੀ ਦਾ ਮਾਲਕ ਸੀ। ਉਸ ਦੇਹ ਧਾਰੀਆਂ ਦੇ ਜਾਲ ਵਿਚ ਨਹੀਂ ਫਸ ਸਕਿਆ। ਪਰ ਆਮ ਲੋਕ ਜੋ ਨਾ ਹੀ ਵਿਦਵਾਨ ਹੁੰਦੇ ਹਨ ਤੇ ਨਾ ਹੀ ਵਿਵੇਕੀ ਹੁੰਦੇ ਹਨ, ਉਹ ਏਜੰਟਾਂ ਦੇ ਚਕਮੇਂ ਵਿਚ ਆ ਜਾਂਦੇ ਹਨ। ਇਕ ਤਾਂ ਉਹ ਆਪਣੇ ਧਨ ਤੋਂ ਹੱਥ ਧੋ ਲੈਂਦੇ ਹਨ ਤੇ ਦੂਜਾ ਇਹ ਮਨੁਖਾ ਜਨਮ, ਜੋ ਕਈਆਂ ਜੂਨਾਂ ਵਿਚ ਭਟਕਨ ਮਗਰੋਂ ਮਿਲਿਆ ਹੈ, ਬਿਰਥਾ ਗਵਾ ਕੇ ਮੁੜ ਜੂਨਾਂ ਭੁਗਤਨ ਦਾ ਸਾਮਾਨ ਬਨ੍ਹ ਲੈਂਦੇ ਹਨ।

ਹੁਣ ਅਸੀਂ ਏਹ ਵੇਖਣਾ ਹੈ ਕਿ ਉਹ ਸਾਧੂ ਸੰਤ ਜੋ ਚੰਗਿਆਂ ਦੀ ਸੂਚੀ ਵਿਚ ਆਉਂਦੇ ਨੇ, ਉਨ੍ਹਾਂ ਦੀ ਸਮਰਥਾ ਕੀ ਹੈ ? ਅਸੀਂ ਇਹ ਜਾਣਦੇ ਹੀ ਹਾਂ ਕਿ ਮਾਇਆ ਸਾਡੇ ਮਨ ਨੂੰ ੨੪ ਘੰਟੇ ਮੈਲਾ ਕਰਦੀ ਰਹਿੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਹਰ ਵਕਤ ਸਾਡੇ ਤੇ ਗ਼ਲਬਾ ਪਾਈ ਰਖਦੇ ਹਨ। ਇਸ ਦੇ ਟਾਕਰੇ ਤੇ ਜੇ ਅਸੀਂ ਕਿਸੇ ਸ਼ਰੀਫ਼ ਸਾਧੂ ਨੂੰ ਗੁਰੂ ਧਾਰ ਕੇ ਉਸਦੀ ਸੰਗਤ ਕਰ ਵੀ ਲਈਏ ਤਾਂ ਕਿੰਨੀ ਦੇਰ ਕਰ ਸਕਦੇ ਹਾਂ। ਫਿਰ ਉਸਦੀ ਸੰਗਤ ਉਹੀ ਕਰ ਸਕਦਾ ਹੈ, ਜੋ ਉਸੇ ਸ਼ਹਿਰ ਵਿਚ ਰਹਿੰਦਾ ਹੋਵੇ। ਉਸ ਸ਼ਹਿਰ ਤੋਂ ਬਾਹਰ ਰਹਿਣ ਵਾਲਾ ਹਰ ਰੋਜ਼ ਉਸਦੀ ਸੰਗਤ ਨਹੀਂ ਕਰ ਸਕਦਾ। ਜੇ ਉਹ ਕਦੀ ਸਾਲ ਦੋ ਸਾਲਾਂ ਮਗਰੋਂ ਆਵੇ ਵੀ ਤਾਂ ਦੋ ਚਾਰ ਦਿਨ ਸੰਗਤ ਕਰ ਸਕਦਾ ਹੈ। ਜਿਹੜਾ ਉਸ ਸ਼ਹਿਰ ਵਿਚ ਰਹਿੰਦਾ ਹੋਵੇ, ਉਹ ਵੀ ਘੰਟਾਂ ਦੋ ਘੰਟੇ ਤੋਂ



Digitized by Panjab Digital Library | www.panjabdigilib.org

ਵਧ ਸੰਗਤ ਨਹੀਂ ਕਰ ਸਕਦਾ। ਕਿਉਂ ਜੋ ਗੁਰੂ ਜੀ ਨੇ ਹੋਰ ਵੀ ਕਈਆਂ ਨੂੰ ਮਿਲਨਾ ਹੁੰਦਾ ਹੈ। ਇਸ ਲਈ ਜਦੋਂ ਚੇਲਾ ਸੰਗਤ ਕਰਕੇ ਬਾਹਰ ਨਿਕਲੇਗਾ ਤਾਂ ਉਸੇ ਵੇਲੇ ਮਾਇਆ ਉਸ ਨੂੰ ਆਪਣੇ ਸ਼ਿੰਕਜੇ ਵਿਚ ਕਸ ਲਵੇਗੀ ਤੇ ਮਨ ਨੂੰ ਮੈਲਾ ਕਰਨਾ ਸ਼ੁਰੂ ਕਰ ਦੇਵੇਗੀ।

ਜਿਨ੍ਹਾਂ ਗੁਰੂਆ ਦੇ ਚੇਲਿਆਂ ਦੀ ਗਿਣਤੀ ਘਟ ਹੈ ਉਹ ਤਾਂ ਅਪਨੇ ਚੇਲਿਆਂ ਲਈ ਥੋੜਾ ਬਹੁਤ ਸਮਾਂ ਕਢ ਸਕਦੇ ਹਨ। ਪਰ ਜਿਨ੍ਹਾ ਦੇ ਚੇਲਿਆਂ ਦੀ ਗਿਣਤੀ ਲਖਾਂ ਵਿਚ ਹੈ ਉਹ ਅਪਨੇ ਚੇਲਿਆਂ ਨਾਲ ਇਕ ਮਿਨਟ ਵੀ ਗਲ ਨਹੀਂ ਕਰ ਸਕਦੇਂ। ਐਸੇ ਗੁਰੂਆਂ ਦਾ ਕਿਸੇ ਵੀ ਚੇਲੇ ਨੂੰ ਕੋਈ ਲਾਭ ਨਹੀਂ ਹੋ ਸਕਦਾ।

ਗੁਰੂ ਜੋਤਿ ਜਦ ਦੇਹ ਵਿਚ ਸੀ ਤਾਂ ਸਤਿਗੁਰਾਂ ਦਾ ਇਹੀ ਉਪਦੇਸ਼ ਸੀ ਕਿ ਭਾਈ ਸਾਡੀ ਦੇਹ ਤੇ ਪਰਤੀਤ ਨਾ ਲਿਆਉ। ਬਾਣੀ ਦਾ ਪਾਠ ਭਾਵ ਅਰਥਾਂ ਵਿਚ ਮਨ ਜੋੜ ਕੇ ਕਰੋ। ਜਿਸ ਨਾਲ ਤੁਹਾਨੂੰ ਗਿਆਨ ਤੇ ਵਿਵੇਕ ਦੀ ਪ੍ਰਾਪਤੀ ਹੋਵੇਗੀ ਤੇ ਇਸਦੇ ਨਾਲ ਹੀ ਤੁਹਾਡਾ ਮਨ ਜੋ ਮਾਇਆ ਦੇ ਅਧੀਨ ਰਹਿੰਦਾ ਹੈ, ਉਸ ਨੂੰ ਨਿਰਮਲ ਕਰਨ ਵਿਚ ਸਹਾਇਤਾ ਮਿਲੇਗੀ। ਦੂਜੇ ਬਨੇਂ ਨਾਮ ਸਿਮਰਨ ਵਿਚ ਮਨ ਜੋੜੋ ਤੇ ਸੁਰਤਿ ਨੂੰ ਗੁਰ ਮੰਤਰ ਵਿਚ ਲੀਨ ਕਰੋ, ਜਿਸ ਨਾਲ ਸੁਰਤਿ ਨਿਰਮਲ ਹੋਵੇਗੀ। ਗੁਰ ਪ੍ਰਸਾਦ ਲਈ ਯਾਚਨਾ ਕਰੋ। ਇਨ੍ਹਾਂ ਕੰਮਾਂ ਵਿਚ ਕਿਸੇ ਦੇਹ ਧਾਰੀ ਦੀ ਸਹਾਇਤਾ ਦੀ ਲੋੜ ਨਹੀਂ। ਇਸ ਤਰ੍ਹਾਂ ਕਰਨ ਨਾਲ ਸਬਦੁ ਸੁਰਤਿ ਦਾ ਮਿਲਾਪ ਗੁਰੂ ਮਿਹਰ ਦੁਆਰਾ ਹੋ ਸਕਦਾ ਹੈ।

ਕੇਵਲ ਸਬਦੁ ਗੁਰੂ ਹੀ ੨੪ ਘੰਟੇ ਸੁਰਤਿ ਨੂੰ ਆਪਣਾ ਉਪਦੇਸ਼ ਸੁਣਾ ਸਕਦਾ ਹੈ। ਜਦੋਂ ਸੁਰਤਿ ਅਨਹਦ ਬਾਣੀ ਵਿਚ ਲੀਨ ਹੋ ਜਾਂਦੀ ਹੈ ਤਾਂ ਮਨ ਦਾ ਭਟਕਨਾ ਬੰਦ ਹੋ ਜਾਂਦਾ ਹੈ। ਮਾਇਆ ਉਥੋਂ ਤਕ ਪਹੁੰਚ ਹੀ ਨਹੀਂ ਸਕਦੀ। ਸਬਦੁ ਤੇ ਸੁਰਤਿ ਦੋਨੋਂ ਹੀ ਅਰੂਪ ਹਨ। ਨਾ ਇਨ੍ਹਾਂ ਨੂੰ ਨੀਂਦ ਆਉਂਦੀ ਹੈ ਤੇ ਨਾ ਹੀ ਭੁੱਖ ਲਗਦੀ ਹੈ। ਸਬਦੁ ਗੁਰੂ ਨਾਮੁ ਦ੍ਰਿੜ ਕਰਵਾ ਕੇ ਹਉਮੈਂ ਦੀ ਕੰਧ ਤੋੜ ਦੇਂਦਾ ਹੈ ਤੇ ਭਵਜਲ ਤੋਂ ਪਾਰ ਕਰ ਸਕਦਾ ਹੈ। ਇਸ ਲਈ ਜੇ ਅਸੀਂ ਭਵਜਲ ਪਾਰ ਕਰਨਾ ਚਾਹੁੰਦੇ ਹਾਂ ਤਾਂ ਇਕੋ ਇਕ ਤਰੀਕਾ ਹੈ। ਦੇਹ ਧਾਰੀਆਂ ਦੇ ਚੱਕਰ ਵਿਚ ਨਾ ਫਸੀਏ ਤੇ ਸਬਦੁ ਸੁਰਤਿ ਦੇ ਸਿਧਾਂਤ ਤੇ


Digitized by Panjab Digital Library | www.panjabdigilib.org

ਚਲਦਿਆਂ ਹੋਇਆਂ ਅਪਨੇ ਆਪ ਨੂੰ ਜੋਤਿ ਸਰੂਪ ਸਮਝੀਏ। ਸਬਦੁ ਗੁਰੂ ਦੇ ਮਿਲਾਪ ਲਈ ਗੁਰਬਾਣੀ ਵਿਚ ਜੋ ਉਪਦੇਸ਼ ਨੇ, ਉਨ੍ਹਾਂ ਨੂੰ ਕਮਾਈਏ। ਸਬਦੁ ਸੁਰਤਿ ਦੇ ਮਿਲਾਪ ਲਈ ਸੁਰਤਿ ਨੂੰ ਜਗਾਨਾ ਪਵੇਗਾ, ਜੋ ਨਾਮੁ ਸਿਮਰਨ ਦੁਆਰਾ ਹੀ ਸੰਭਵ ਹੈ, ਇਸ ਲਈ ਸਾਨੂੰ ਨਾਮੁ ਸਿਮਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

—o—



Digitized by Panjab Digital Library | www.panjabdigilib.org

# ਗੁਰਮਤਿ ਨਾਮੁ

ਸਤਿਗੁਰ ਮਤਿ ਵਿਚ ਨਾਮੁ ਸਿਮਰਨ ਦੋ ਤਰ੍ਹਾਂ ਦਾ ਮੰਨਿਆ ਗਿਆ ਹੈ । ਇਕ ਤਾਂ ਗੁਰਮਤਿ ਨਾਮੁ ਹੈ ਤੇ ਦੂਜਾ "ਮਨਮਤਿ ਜਾਂ ਮਨਹਠ ਕਰਮ ।" ਸਿਮਰਨ ਦਾ ਮਤਲਬ ਹੈ ਯਾਦ । ਜਿਸ ਵੇਲੇ ਨਾਮੁ ਜਾਂ ਪ੍ਰਭੂ ਯਾਦ ਵਿਚ ਵਸ ਜਾਵੇ ਤਦ ਉਸਨੂੰ ਨਾਮ ਸਿਮਰਨ ਕਹਿੰਦੇ ਹਨ । ਪਰ ਯਾਦ ਵਿਚ ਵਸਾਉਣ ਤੋਂ ਪਹਿਲਾਂ ਜਪੁ ਸ਼ੁਰੂ ਹੁੰਦਾ ਹੈ । ਕਿਸੇ ਅੱਖਰ ਦਾ ਮੁੜ ਮੁੜ ਉਚਾਰਨ ਕਰਨਾ, ਇਹ ਜਪੁ ਹੈ । ਜਿਸ ਵੇਲੇ ਜਪੁ ਪੱਕਾ ਹੋ ਜਾਵੇ ਤਾਂ ਉਹ ਸਿਮਰਨ ਬਣ ਜਾਂਦਾ ਹੈ । ਇਸੇ ਤਰ੍ਹਾਂ ਹੀ ਗੁਰਮਤਿ ਜਪੁ ਤੇ ਮਨਮਤ ਜਪੁ ਹੈ, ਮਨਮਤਿ ਜਪੁ ਦੀ ਮਹਾਰਾਜ ਨੇ ਨਿਖੇਧੀ ਕੀਤੀ ਹੈ ।

ਜਪੁ ਤਪੁ ਸੰਜਮੁ ਕਰਮ ਨਾ ਸਾਧਾ ॥
ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥ ਆਸਾ ਮਹਲਾ ੫, ਪੰਨਾ ੩੮੮

ਮਹਾਰਾਜ ਦਸਦੇ ਨੇ ਕਿ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਵਾਸਤੇ ਜੋ ਜਪੁ ਤਪੁ ਸੰਜਮੁ ਆਦਿ ਕੀਤੇ ਜਾਂਦੇ ਨੇ, ਅਸੀਂ ਉਸ ਪਾਸੇ ਹੀ ਨਹੀਂ ਜਾਂਦੇ । ਅਸੀਂ ਕਿਸੇ ਦੁਨਿਆਵੀ ਚੀਜ਼ ਨੂੰ ਲੈਣ ਲਈ ਜਪੁ ਨਹੀਂ ਕਰਦੇ । ਅਸੀਂ ਪ੍ਰਭੂ ਦੇ ਮਿਲਾਪ ਲਈ ਉਸ ਦਾ ਨਾਮੁ ਅਰਾਧਦੇ ਹਾਂ, ਅਸੀਂ ਉਸ ਨਾਲ ਪੂਰਨ ਪ੍ਰੇਮ ਪਾਉਂਦੇ ਹਾਂ ।

ਕਾਨੜਾ ਅਸਟਪਦੀਆਂ ਮਹਲਾ ੪ ਘਰ੧ ॥ ੧ ੴ ਸਤਿਗੁਰ ਪ੍ਰਸਾਦਿ ॥
ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥
ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ਰਹਾਉ॥
ਭਗਤ ਜਨਾ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥



Digitized by Panjab Digital Library | www.panjabdigilib.org

ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ।੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਰਾਵੈਗੋ ॥੪॥
ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮੁ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥

ਪੰਨਾ ੧੩੦੮

ਮਹਾਰਾਜ ਦਸਦੇ ਹਨ ਕਿ ਗੁਰਮਤਿ ਨਾਮ ਗੁਰੂ ਦੀ ਮੱਤ ਲੈ ਕੇ ਜਪੋ । ਹੇ ਮਨ ! ਉਸਨੂੰ ਜੋ ਰਾਮ ਹੈ, ਨਾਮੁ ਹੈ, ਜਪਨ ਨਾਲ ਤੂੰ ਸੁਖ ਪਾਵੇਂਗਾ । ਜਿਉਂ ਜਿਉਂ ਜਪੇਂਗਾ, ਤਿਵੇਂ ਤਿਵੇਂ ਸੁਖ ਪਾਵੇਂਗਾ, ਇਹੀ ਸਤਿਗੁਰ ਦੀ ਸੇਵਾ ਹੈ । ਇਸੇ ਸੇਵਾ ਦੁਆਰਾ ਸਤਿਗੁਰ ਵਿਚ ਹੀ ਸਮਾ ਜਾਈਦਾ ਹੈ । ਭਗਤ ਜਨਾਂ ਦੀ ਇਹੀ ਤਾਂਘ ਹੈ ਕਿ ਉਹ ਖਿਨ ਖਿਨ ਨਾਮੁ ਜਪ ਕੇ ਸੁਖ ਪਾਉਂਦੇ ਰਹਿਣ । ਉਨ੍ਹਾਂ ਨੇ ਦੁਨਿਆਵੀ ਪਦਾਰਥਾਂ ਦੇ ਰਸ ਮਾਨਨ ਦਾ ਖਿਆਲ ਆਪਣੇ ਦਿਲ ਵਿਚੋਂ ਕੱਢ ਦਿੱਤਾ ਹੈ ਤੇ ਨਾਮ ਤੋਂ ਬਿਨਾਂ ਉਨ੍ਹਾਂ ਨੂੰ ਕੁਝ ਵੀ ਚੰਗਾ ਨਹੀਂ ਲਗਦਾ । ਉਨ੍ਹਾਂ ਨੂੰ ਗੁਰੂ ਦੀ ਮੱਤ ਅਨੁਸਾਰ ਹਰੀ ਹਰੀ ਕਹਿਣਾ (ਨਾਮ ਸਿਮਰਨ) ਮਿੱਠਾ ਲਗਦਾ ਹੈ । ਗੁਰਮਤਿ ਨਾਮੁ ਸਿਮਰਨ ਦੁਆਰਾ ਜਿਸ ਵੇਲੇ ਸਬਦੁ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਤਦ ਗੁਰੂ ਆਪਣੇ ਮਿੱਠੇ ਬਚਨ ਉਚਾਰਦਾ ਹੈ । ਸਤਿਗੁਰੂ (ਸਬਦੁ ਗੁਰੂ) ਦੀ ਬਾਣੀ ਉਤਮ ਪੁਰਖ, ਅਕਾਲ ਪੁਰਖ ਹੈ ਤੇ ਉਸ ਬਾਣੀ ਨਾਲ ਭਗਤ ਜਨ ਚਿੱਤ ਜੋੜਦੇ ਹਨ । ਸਬਦੁ ਗੁਰੂ ਦੀ ਬਾਣੀ ਸੁਣ ਕੇ ਭਗਤ ਜਨ ਕਹਿੰਦੇ ਨੇ ਕਿ ਸਾਡਾ ਚਿਤ ਪਸੀਜ ਗਿਆ ਹੈ ਤੇ ਹਰੀ ਰਸ ਵਿਚ ਭਿੱਜਾ ਹੋਇਆ ਮਨ ਨਿਜ ਘਰ ਵਿਚ ਬੈਠ ਗਿਆ ਹੈ । ਉਸਨੇ ਦੋੜਨਾ ਭੱਜਣਾ ਬੰਦ ਕਰ ਦਿਤਾ ਹੈ । ਸਬਦੁ ਗੁਰੂ ਦੇ ਦਰਬਾਰ ਵਿਚ ਹਰ ਵੇਲੇ ਅਨਹਦ ਧੁਨੀ ਵਜਦੀ ਰਹਿੰਦੀ ਹੈ ਤੇ ਲਗਾਤਾਰ ਹਰੀ ਰਸ ਦੀ ਧਾਰ ਚੋਂਦੀ ਰਹਿੰਦੀ ਹੈ । ਮਨ ਦੇ ਇਕ ਥਾਂ ਟਿਕ ਜਾਣ ਨਾਲ ਹੁਣ ਭਗਤ



Digitized by Panjab Digital Library | www.panjabdigilib.org

ਜਨ ਰਾਮ ਨਾਮੁ ਖਿਨ ਖਿਨ ਗਾ ਰਹੇ ਹਨ । ਗੁਰੂ ਦੀ ਮਤ ਸਦਕਾ ਮਨ ਨਾਮੁ ਵਿਚ ਲੀਨ ਹੈ। ਹੁਣ ਉਹ ਨਾਮੁ ਹੀ ਸੁਣਦੇ ਨੇ ਤੇ ਨਾਮੁ ਹੀ ਉਨ੍ਹਾਂ ਦੇ ਮਨ ਨੂੰ ਚੰਗਾ ਲਗਦਾ ਹੈ । ਇਸ ਤਰ੍ਹਾਂ ਉਨ੍ਹਾਂ ਦੀ ਤ੍ਰਿਸ਼ਨਾ ਬੁਝ ਗਈ ਹੈ, ਭਾਂਤ ਭਾਂਤ ਦੇ ਕਪੜੇ, ਸੋਨਾ ਤੇ ਉਸਦੇ ਗਹਿਣੇ ਉਨ੍ਹਾਂ ਨੂੰ ਭਰਮਾ ਨਹੀਂ ਸਕਦੇ। ਉਨ੍ਹਾਂ ਨੂੰ ਪਤਾ ਹੈ ਕਿ ਨਾਮੁ ਬਿਨਾਂ ਇਹ ਸਾਰੀਆਂ ਵਸਤਾਂ ਫਿਕੀਆਂ ਨੇ ਤੇ ਜੇ ਅਸੀਂ ਇਨ੍ਹਾਂ ਵਿਚ ਮੁੜ ਫਸ ਗਏ ਤਾਂ ਜਨਮ ਮਰਨ ਦਾ ਚੱਕਰ ਚਲ ਪਵੇਗਾ ।

ਸੋ ਇਹ ਹੈ ਗੁਰਮਤਿ ਨਾਮੁ ਜਿਸ ਲਈ ਗੁਰੂ ਦਾ ਹੁਕਮ ਹੈ ।

ਨਾਮੁ ਜੋ ਅਕਾਲ ਪੁਰਖ ਹੈ, ਉਸ ਨਾਲ ਚਿਤ ਜੋੜਨਾ, ਉਸ ਨਾਲ ਪਿਆਰ ਪਾਣਾ, ਉਸ ਤੇ ਪੂਰੀ ਪਰਤੀਤ ਲਿਆਉਣੀ, ਦੂਜਾ ਭਾਉ (ਕੁਦਰਤ ਵਿਚ ਦਿਸਦੇ ਪਦਾਰਥਾਂ ਦਾ ਮੋਹ) ਮਨ ਵਿਚੋਂ ਕਢਨਾ, ਇਹ ਗੁਰਮਤਿ ਨਾਮੁ ਹੈ। ਹੁਣ ਸਬਦੁ ਸੁਰਤਿ ਦੇ ਮਿਲਾਪ ਦੇ ਕੀ ਸਾਧਨ ਨੇ। ਉਹ ਇਹ ਨੇ ਕਿ ਸਭ ਤੋਂ ਪਹਿਲੇ ਜਪ ਵੀ ਆਵੇਗਾ । ਗੁਰੂ ਕੋਲੋਂ ਨਾਮੁ (ਗੁਰਮੰਤਰ) ਲੈ ਕੇ ਉਸਦਾ ਜਪ ਕਰਨਾ । ਸਾਨੂੰ ਪਤਾ ਹੈ ਕਿ "ਵਾਹਿਗੁਰੂ" ਅੱਖਰ ਗੁਰਮੰਤਰ ਹੈ, ਜੇ ਅਸੀਂ ਗੁਰੂ ਕੋਲੋਂ ਗੁਰਮੰਤਰ ਲਏ ਬਿਨਾਂ ਹੀ ਵਾਹਿਗੁਰੂ ਅੱਖਰ ਦਾ ਜਪ ਸ਼ੁਰੂ ਕਰ ਦਿਆਂਗੇ, ਤਾਂ ਇਹ ਮਨਮਤ ਜਪੁ ਹੈ, ਸਾਡੀ ਘਾਲ ਅਨੇਕਾਂ ਗੁਣਾਂ ਵਧ ਜਾਵੇਗੀ। ਕਿਉਂ ਜੋ ਗੁਰਪ੍ਰਸਾਦਿ, ਜੋ ਗੁਰਮਤਿ ਦਾ ਮੂਲ ਸਿਧਾਂਤ ਹੈ, ਉਸ ਤੋਂ ਵਾਂਝੇ ਜਾਵਾਂਗੇ। ਗੁਰ ਪ੍ਰਸਾਦਿ ਤੋਂ ਬਿਨਾਂ ਘਾਲ ਥਾਂਇ ਨਹੀਂ ਪੈਂਦੀ ।

ਮਹਾਰਾਜ ਦਾ ਹੁਕਮ ਸਪਸ਼ਟ ਹੈ :

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹਿ ॥੩੩॥

ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੬-੧੩੫੭

ਜੋ ਮਨੁੱਖ ਗੁਰਮੰਤਰ ਹੀਣ ਹੈ । ਜਿਹੜਾ ਆਪਣੇ ਆਪ ਨੂੰ ਚਲਾਕ ਸਮਝਦਾ ਹੈ ਕਿ ਜੇ ਮੈਂ ਗੁਰੂ ਕੋਲੋਂ ਗੁਰਮੰਤਰ ਲਿਆ ਤਾਂ ਮੈਨੂੰ ਗੁਰੂ ਦੇ ਅਨੁਸ਼ਾਸਨ ਵਿਚ ਆਉਣਾ ਪਵੇਗਾ । ਮੈਨੂੰ ਪਤਾ ਤਾਂ ਹੈ ਹੀ ਕਿ ਵਾਹਿਗੁਰੂ ਅੱਖਰ ਦਾ



Digitized by Panjab Digital Library | www.panjabdigilib.org

ਜਾਪ ਕਰਨਾ ਹੈ, ਮੈਂ ਆਪੇ ਨਾਮੁ ਜਪ ਲੈਂਦਾ ਹਾਂ । ਐਸੇ ਮਨੁੱਖ ਦੀ ਬੁੱਧੀ ਭ੍ਰਿਸ਼ਟੀ ਹੋਈ ਹੈ ਤੇ ਉਸਦਾ ਜਨਮ ਧ੍ਰਿਗ ਹੈ। ਉਹ ਮੂਰਖ, ਕੁੱਤੇ, ਸੂਰ, ਕਾਂ ਤੇ ਸੱਪ ਤੁੱਲ ਹੈ।

ਸੋ ਗੁਰ ਪ੍ਰਸਾਦਿ ਲੈਣ ਲਈ ਸਾਨੂੰ ਗੁਰੂ ਨਾਲ ਗੁਰੂ ਚੇਲੇ ਵਾਲਾ ਰਿਸ਼ਤਾ ਵਿਧੀ ਪੂਰਵਕ ਸਥਾਪਤ ਕਰਨਾ ਪਵੇਗਾ । ਜਿਸ ਤਰ੍ਹਾਂ ਪਤੀ-ਪਤਨੀ ਦੇ ਰਿਸ਼ਤੇ ਨੂੰ ਉਤਨੀ ਦੇਰ ਮਾਨਤਾ ਨਹੀਂ ਮਿਲਦੀ ਜਿਨੀ ਦੇਰ ਉਹ ਲਾਵਾਂ ਨਹੀਂ ਲੈਂਦੇ ਜਾਂ ਨਿਕਾਹ ਨਹੀਂ ਪੜ੍ਹਾਂਦੇ । ਉਸੇ ਤਰ੍ਹਾਂ ਹੀ ਗੁਰ-ਦੀਖਿਆ ਦੀ ਰਸਮ ਤੋਂ ਬਿਨਾਂ ਗੁਰੂ ਚੇਲੇ ਦੇ ਰਿਸ਼ਤੇ ਨੂੰ ਮਾਨਤਾ ਨਹੀਂ ਮਿਲਦੀ ਤੇ ਰਿਸ਼ਤਾ ਪੱਕਾ ਨਹੀਂ ਹੁੰਦਾ। ਸਾਡਾ ਗੁਰੂ ਅਕਾਲ ਪੁਰਖ ਆਪ ਹੈ। ਉਸਨੇ ਬਾਬਾ ਨਾਨਕ ਨੂੰ ਗੁਰਮੰਤਰ ਬਖਸ਼ਿਆ ਤੇ ਆਪਣੀ ਗੁਰੂ ਜੋਤਿ ਬਾਬਾ ਨਾਨਕ ਦੀ ਦੇਹ ਵਿਚ ਰਖ ਕੇ ਗੁਰੂ ਜੋਤਿ ਨੂੰ ਇਹ ਅਧਿਕਾਰ ਦਿਤਾ ਕਿ ਉਹ ਅਕਾਲ ਪੁਰਖ ਦੀ ਥਾਂ ਤੇ ਗੁਰ ਮੰਤਰ ਦੀ ਦਾਤ ਲੋਕਾਂ ਵਿਚ ਵੰਡੇ। ਹੁਣ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਓਤ ਪੋਤ ਹੈ ਤੇ ਗੁਰਮੰਤਰ ਦੇਣ ਦਾ ਹੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰਿਆਂ ਨੂੰ ਹੈ । ਸ੍ਰੀ ਅਕਾਲ ਤਖਤ ਸਾਹਿਬ ਤੇ ਉਸ ਦੇ ਅਨੁਸਾਸ਼ਨ ਨੂੰ ਮੰਨਣ ਵਾਲੀਆਂ ਜਿੰਨੀਆਂ ਵੀ ਸਿੰਘ ਸਭਾਵਾਂ ਜਾਂ ਹੋਰ ਸੰਸਥਾਵਾਂ ਨੇ, ਉਹ ਉਸੀ ਵਿਧੀ ਨਾਲ ਗੁਰਮੰਤਰ ਦੇਂਦੀਆਂ ਹਨ। ਪਰ ਕੁਝ ਸਜਣ ਆਪਣੀ ਮਨਮਤਿ ਨਾਲ ਗੁਰਮੰਤਰ ਦੇ ਰਹੇ ਹਨ। ਗੁਰਮੰਤਰ ਲੈਣ ਤੋਂ ਪਹਿਲਾਂ ਪਤਾ ਕਰ ਲੈਣਾ ਚਾਹੀਦਾ ਹੈ ਕਿ ਕੀ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਨਾਲ ਹੀ ਗੁਰਮੰਤਰ ਦੇਂਦੇ ਹੋ ?

ਗੁਰ ਪ੍ਰਸਾਦਿ ਲਈ ਗੁਰੂ ਨੂੰ ਸਿਰ (ਦਿਲ ਤੇ ਦਿਮਾਗ) ਦੇਣਾ ਪਵੇਗਾ ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥ ਪਨਾ ੧੪੧੨



Digitized by Panjab Digital Library | www.panjabdigilib.org

ਗੁਰਮੰਤਰ ਦੇਣ ਲਗਿਆਂ ਗੁਰੂ ਦੀ ਇਹ ਪਹਿਲੀ ਸ਼ਰਤ ਹੈ ਕਿ ਭਾਈ ਜੇ ਤੈਨੂੰ ਪ੍ਰੇਮ ਖੇਡਣ ਦਾ ਚਾਅ ਹੈ, ਤਾਂ ਆਪਣਾ ਮਨ ਤੇ ਬੁੱਧੀ ਮੈਨੂੰ ਸੌਂਪ ਦੇ ਤੇ ਉਭੀ ਸੇਵ ਕਰ। ਇਸ ਪ੍ਰੇਮ ਵਾਲੇ ਮਾਰਗ ਤੇ ਚਲਦਿਆਂ ਤੈਨੂੰ ਦਿਲ ਤੇ ਦਿਮਾਗ ਗੁਰੂ ਅਰਪਨ ਕਰਨਾ ਹੀ ਪਵੇਗਾ, ਇਸ ਵੇਲੇ ਤੇਰਾ ਦਿਲ ਤੇ ਦਿਮਾਗ ਮਾਇਆ ਅੱਗੇ ਗਹਿਣੇ ਪਿਆ ਹੋਇਆ ਹੈ। ਤੂੰ ਇਹ ਨਾ ਸਮਝ ਕਿ ਮੈਂ ਸਿਰ ਦੇ ਕੇ ਬੜੀ ਕੁਰਬਾਨੀ ਕੀਤੀ ਹੈ। ਇਹ ਕੀਮਤ ਹੈ ਰਾਮੁ ਦੇ ਨਾਲ ਮਿਲਾਪ ਦੀ।

"ਮਨੁ ਦੇ ਰਾਮੁ ਲੀਆ ਹੈ ਮੋਲਿ ॥" ਮੁੱਲ ਤਾਰਨ ਤੋਂ ਬਿਨਾਂ ਦੁਨੀਆਂ ਵਿਚ ਕੋਈ ਵੀ ਵਸਤੂ ਨਹੀਂ ਮਿਲਦੀ।

ਹੁਣ ਅਸੀਂ ਇਹ ਵਿਚਾਰਨਾ ਹੈ ਕਿ ਗੁਰੂ ਦੀ ਉਭੀ ਸੇਵ ਕੀ ਹੈ ?

ਮਃ ੨ ॥ ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

ਸਿਰੀ ਰਾਗ ਕੀ ਵਾਰ ਮਹਲਾ ੪, ਪੰਨਾ ੮੩

ਜਿਸ ਪਿਆਰੇ ਨਾਲ ਪ੍ਰੇਮ ਹੋਵੇ ਹਮੇਸ਼ਾਂ ਉਸ ਦੇ (ਆਗੈ) ਸਨਮੁਖ ਰਹੇ, ਚਾਹੇ ਇਸ ਤਰ੍ਹਾਂ ਕਰਦਿਆਂ ਮੌਤ ਦਾ ਡਰ ਹੀ ਕਿਉਂ ਨਾ ਹੋਵੇ। ਕਿਉਂ ਜੋ ਉਸਦੇ ਪਾਛੈ (ਉਸ ਨੂੰ ਪਿੱਠ ਦੇ ਕੇ) ਜਿਊਨਾ ਧ੍ਰਿਗ ਹੈ, ਇਸ ਕੋਲੋਂ ਸਨਮੁਖ ਰਹਿ ਕੇ ਜੀਵਨਾ ਤੇ ਮੌਤ ਕੋਲੋਂ ਨਾ ਡਰਨਾਂ ਹੀ ਬਣਦਾ ਹੈ।

ਹੁਣ ਸਨਮੁਖ ਰਹਿਣਾ ਕੀ ਹੈ ? ਇਹੀ ਉਭੀ ਸੇਵ ਹੈ।

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛੋਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

ਅਨੰਦੁ ਸਾਹਿਬ, ਪੰਨਾ ੯੧੯

ਜੋ ਸਿਖ ਗੁਰੂ ਦੇ ਸਨਮੁਖ ਰਹਿੰਦਾ ਹੈ ਮਹਾਰਾਜ ਉਸ ਸਿੱਖ ਦੀ ਨਿਸ਼ਾਨੀ ਦਸਦੇ ਹਨ। ਸਨਮੁਖ ਸਿੱਖ (ਜੀਅਹੁ) ਮਨ ਬਚਨ ਤੇ ਕਰਮ ਨਾਲ ਗੁਰੂ ਦਾ



Digitized by Panjab Digital Library | www.panjabdigilib.org

ਹੁਕਮ ਮੰਨਣਾ ਆਪਣੇ ਧੰਨ ਭਾਗ ਸਮਝਦਾ ਹੈ। ਗੁਰੂ ਕੇ ਚਰਨ (ਨਾਮੁ ਸਿਮਰਨ) ਮਨ ਜੋੜ ਕੇ ਧਿਆਨ ਵਿਚ ਵਸਾਂਦਾ ਹੈ ਤੇ ਹਰੀ ਦੀ ਯਾਦ ਅੰਤਰ ਆਤਮੇ ਸਮ੍ਹਾਲ ਕੇ ਰਖਦਾ ਹੈ। ਆਪਣਾ ਸੁਆਰਥ ਤਿਆਗ ਕੇ ਸਦਾ ਗੁਰੂ ਆਸਰੇ ਰਹਿੰਦਾ ਹੈ ਤੇ ਗੁਰੂ ਤੋਂ ਬਿਨਾਂ ਕਿਸੇ ਤੇ ਵੀ ਪਰਤੀਤ ਨਹੀਂ ਲਿਆਉਂਦਾ। ਗੁਰੂ ਨਾਨਕ ਜੀ ਕਹਿੰਦੇ ਨੇ ਕਿ ਐਸੇ ਸਿੱਖ ਨੂੰ ਅਸੀਂ ਸਨਮੁਖ ਸਿੱਖ ਸਮਝਦੇ ਹਾਂ।

ਸੋ ਇਹ ਹੈ ,'ਤਿਸੁ ਆਗੈ ਮਰਿ ਚਲੀਐ" ਦਾ ਅਰਥ।

ਹੁਣ ਅਸੀਂ ਇਹ ਵਿਚਾਰ ਕਰਨੀ ਹੈ ਕਿ "ਵਾਹਿਗੁਰੂ" ਅਖਰ ਜੋ ਸਾਡਾ ਗੁਰਮੰਤਰ ਹੈ, ਉਸਦੀ ਕੀ ਮਹਾਨਤਾ ਹੈ।

ਅਕਾਲ ਪੁਰਖ ਦੇ ਅਨੇਕਾਂ ਹੀ ਨਾਮ ਮਨੁਖ ਨੇ ਆਪਣੀ ਅਕਲ ਦੇ ਮੁਤਾਬਕ ਰਖੇ ਹੋਏ ਹਨ। ਸਤਿਜੁਗ ਵਿਚ ਕਿਸੇ ਨੇ ਕਿਸੇ ਨਾਮ ਦੁਆਰਾ ਤੇ ਕਿਸੇ ਨੇ ਹੋਰ ਨਾਮ ਦੁਆਰਾ ਨਾਮ ਸਿਮਰਨ ਕਰਕੇ ਸਚੁ ਦੀ ਪ੍ਰਾਪਤੀ ਕੀਤੀ। ਤ੍ਰੇਤੇ ਤੇ ਦੁਆਪਰ ਵਿਚ ਪਾਖੰਡ ਵਧ ਗਿਆ। ਉਨ੍ਹਾਂ ਵਿਚ ਬਹੁਤੇ ਲੋਕਾਂ ਨੇ ਨਾਮੁ ਨੂੰ ਭੁੱਲ ਕੇ, ਰਾਜ ਲੈਣ ਲਈ, ਦੁਸ਼ਮਨਾਂ ਦੀ ਖੈ ਲਈ ਤੇ ਹੋਰ ਦੁਨਿਆਵੀ ਗ਼ਰਜ਼ਾਂ ਲਈ ਤਪ ਕੀਤੇ। ਦੁਨਿਆਵੀ ਪਦਾਰਥਾਂ ਲਈ ਅਕਾਲ ਪੁਰਖ ਦਾ ਸਿਮਰਨ ਨਹੀਂ ਸੀ ਹੋ ਸਕਦਾ। ਕਿਉਂ ਜੋ ਅਕਾਲ ਪੁਰਖ ਦੇ ਮਿਲਾਪ ਲਈ ਤਾਂ ਦੁਨਿਆਵੀ ਪਦਾਰਥਾਂ ਦਾ ਮੋਹ ਤੋੜਨਾ ਪੈਂਦਾ ਹੈ, ਪਰ ਉਹ ਤਾਂ ਮੰਗਦੇ ਹੀ ਪਦਾਰਥ ਸਨ। ਇਸ ਲਈ ਉਹ ਲੋਗ ਜਪ ਤਪ ਵਿਚ ਪੈ ਗਏ ਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਹੋਮ ਯੱਗ ਵਾਲੇ ਪਾਸੇ ਟੁਰ ਪਏ।

ਸਤਿਜੁਗ ਵਿਚ ਕੇਵਲ ਨਿਰਾਕਾਰ ਦੀ ਹੀ ਅਰਾਧਨਾ ਹੁੰਦੀ ਸੀ। ਉਸ ਵਕਤ ਲੋਕਾਂ ਦੇ ਦਿਲ ਸਾਫ਼ ਹੁੰਦੇ ਸਨ, ਸਚ ਬੋਲਦੇ ਸਨ ਤੇ ਭੋਲੇ ਸਨ, ਇਸ ਲਈ ਉਹ ਕੇਵਲ ਗੁਣ ਵਾਚਕ ਨਾਮ ਰਟ ਕੇ ਵੀ ਸਬਦੁ ਸੁਰਤਿ ਦਾ ਮੇਲ ਕਰ ਲੈਂਦੇ ਸਨ। ਜਪੁ ਦਾ ਅਰਥ ਹੈ ਇਕੋ ਨਾਮੁ ਨੂੰ ਬਾਰੰਬਾਰ ਮਸ਼ੀਨ ਵਾਂਗੂ ਰਟਨਾ, ਉਸ ਨਾਲ ਪ੍ਰੇਮ ਰਸ ਆਉਣ ਵਿਚ ਕਠਨਾਈ ਆਉਂਦੀ ਹੈ। ਕੇਵਲ ਇਕ ਜਾਂ ਦੋ ਅਖਰ, ਰਾਮ, ਗੋਬਿੰਦ, ਹਰੀ ਆਦਿ ਦੇ ਜਪ ਨਾਲ ਸਿਫਤੋ ਸਾਲਾਹ ਦਾ ਵਾਤਾਵਰਨ ਨਹੀਂ ਬਣਦਾ। ਬਹੁਤੀ ਵਾਰੀ ਉਸ ਨਾਲ ਮਨ ਉਚਾਟ ਹੋ ਜਾਂਦਾ ਹੈ। ਸਤਿਜੁਗ ਵਿਚ ਤਾਂ ਜਪ ਨਾਲ ਕੰਮ ਟੁਰਦਾ ਰਿਹਾ। ਪਰ ਜਦੋਂ ਪਾਖੰਡ



Digitized by Panjab Digital Library | www.panjabdigilib.org

ਵਰਤਿਆ ਤਾਂ ਲੋਕਾਂ ਨੇ ਪ੍ਰਭੂ ਪ੍ਰੇਮ ਨੂੰ ਤਿਆਗ ਕੇ ਦੁਨਿਆਵੀ ਲੋੜਾਂ ਪੂਰੀਆਂ ਕਰਨ ਲਈ ਮਾਪ ਤੋਲ ਕੇ ਜਪ ਕਰਨੇ ਸ਼ੁਰੂ ਕਰ ਦਿਤੇ । ਇਕ ਇਸ਼ਟ ਦੇ ਨਾਮ ਦੀਆਂ ੨੦ ਜਾਂ ੩੦ ਜਾਂ ੫੦ ਮਾਲਾ ੪੦ ਦਿਨ ਜਾਂ ੨੧ ਦਿਨ ਫੇਰੋ, ਫਿਰ ਛੱਡ ਦਿਉ । ਫਿਰ ਕੁਝ ਦਿਨਾਂ ਮਗਰੋਂ ਚਲੀਹਾ ਲਾ ਲਵੋ ? ਇਹ ਗਿਣਤੀ ਮਿਣਤੀ ਦੇ ਜਪੁ ਨੂੰ ਮਨਮਤਿ ਜਪ ਕਿਹਾ ਹੈ । ਸਾਨੂੰ ਤਾਂ ਹੁਕਮ ਹੈ ਕਿ ਬਿਨਾਂ ਗਿਣਤੀ ਮਿਣਤੀ ਦੇ, "ਬਾਰੰਬਾਰ ਬਾਰ ਪ੍ਰਭ ਜਪੀਐ ।" ਮਾਲਾ ਜਾਂ ਸਿਮਰਨਾ ਹਥ ਵਿਚ ਲੈ ਕੇ ਨਾਮ ਜਪਨਾ ਮਨਮਤਿ ਹੈ, ਗੁਰੂ ਹੁਕਮ ਸਪਸ਼ਟ ਹੈ ।

ਆਸਾ ਮਹਲਾ ੫॥ ਹਰਿ ਹਰਿ ਅਖਰ ਦੁਇ ਇਹ ਮਾਲਾ ॥
ਜਪਤ ਜਪਤ ਭਏ ਦੀਨ ਦਇਆਲਾ ॥੧॥
ਕਰਉ ਬੇਨਤੀ ਸਤਿਗੁਰ ਅਪੁਨੀ ॥
ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ ॥
੧॥ ਰਹਾਉ॥
ਹਰਿ ਮਾਲਾ ਉਰ ਅੰਤਰਿ ਧਾਰੈ ॥ ਜਨਮ ਮਰਣ ਕਾ ਦੂਖੁ ਨਿਵਾਰੈ ॥੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥
ਕਹੁ ਨਾਨਕ ਜੋ ਰਾਚੈ ਨਾਇ ॥
ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥ ਪੰਨਾ ੩੮੮

ਹਰਿ ਹਰਿ ਕਰਨਾ, ਜਾਂ ਮਾਲਾ ਆਦਿ ਦੀ ਸਹਾਇਤਾ ਤੋਂ ਬਿਨਾਂ ਨਾਮ ਸਿਮਰਨ ਕਰਨਾ, ਇਹੀ ਸਾਡੀ ਮਾਲਾ ਹੈ । ਕਿਉਂ ਜੋ ਮਾਲਾ ਤਾਂ ਗਿਣ ਮਿਥ ਕੇ ਰਟਨ ਲਈ ਹੁੰਦੀ ਹੈ । ਸਾਨੂੰ ਹੁਕਮ ਹੈ ਸਾਸ ਗਿਰਾਸ ਜਪਨ ਦਾ । ਮਾਲਾ ਤੋਂ ਬਿਨਾਂ ਨਾਮ ਜਪਦਿਆਂ ਪ੍ਰਭੂ ਸਾਡੇ ਦੀਨਾਂ ਤੇ ਦਿਆਲ ਹੋ ਗਏ ਹਨ । ਮੈਂ ਸਤਿਗੁਰ ਅੱਗੇ ਬੇਨਤੀ ਕਰਦਾ ਹਾਂ ਕਿ ਮੈਂ ਆਪ ਜੀ ਦੀ ਸਰਨ ਆਇਆ ਹਾਂ, ਆਪਣਾ ਆਪਾ ਸਮਰਪਨ ਕਰਦਾ ਹਾਂ, ਮੈਨੂੰ ਆਪਣੀ ਸਰਨ ਵਿਚ ਰਖੋ ਤੇ ਨਾਮ ਸਿਮਰਨ ਰੂਪੀ ਮਾਲਾ ਬਖਸ਼ੋ ਜੋ ਅਰੂਪ ਹੈ । ਜੋ ਵੀ ਨਾਮ ਸਿਮਰਨ ਵਾਲੀ ਅਰੂਪ ਮਾਲਾ ਆਪਣੇ ਹਿਰਦੇ ਵਿਚ ਧਾਰਨ ਕਰੇਗਾ, ਉਸ ਦਾ ਜਨਮ ਮਰਨ ਕਟਿਆ ਜਾਵੇਗਾ । ਜੋ ਵੀ ਨਾਮ ਸਿਮਰਨ ਨੂੰ ਹਿਰਦੇ ਵਿਚ ਸੰਭਾਲੇਗਾ ਤੇ ਮੂੰਹ



Digitized by Panjab Digital Library | www.panjabdigilib.org

ਤੋਂ ਵੀ ਹਰਿ ਹਰਿ ਬੋਲੇਗਾ, ਉਹ ਇਧਰ ਉਧਰ ਕਦੀ ਵੀ ਨਹੀਂ ਡੋਲੇਗਾ ਤੇ ਉਸਦੀ ਪੂਰਨ ਪਰਤੀਤ ਬਣੀ ਰਹੇਗੀ। ਜਿਹੜੇ ਵੀ ਨਾਮੁ ਦੇ ਪ੍ਰੇਮ ਵਿਚ ਰੰਗੇ ਹੋਏ ਨੇ, ਨਾਮ ਸਿਮਰਨ ਵਾਲੀ ਅਰੂਪ ਮਾਲਾ ਉਨ੍ਹਾਂ ਦੇ ਨਾਲ ਜਾਂਦੀ ਹੈ। ਪਰ ਕਾਠ ਦੀ ਮਾਲਾ ਤਾਂ ਇਥੇ ਹੀ ਰਹਿ ਜਾਂਦੀ ਹੈ। ਇਸ ਬਾਰੇ ਭਗਤ ਕਬੀਰ ਜੀ ਦੇ ਵਿਚਾਰ ਵੀ ਸੁਣ ਲਉ।

ਆਸਾ ॥ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।
ਗਲੀ ਜਿਨ੍ਹਾਂ ਜਪ ਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

ਰਾਗੁ ਆਸਾ ਬਾਣੀ ਕਬੀਰ ਜੀ, ਪੰਨਾ ੪੭੫-੪੭੬

ਕਬੀਰ ਜੀ ਦਸਦੇ ਨੇ ਕਿ ਜੋ ਲੋਗ ਅੰਦਰੋਂ ਬਨਾਰਸ ਦੇ ਠੱਗ ਹੁੰਦੇ ਹਨ, ਉਹ ਲੋਕਾਂ ਨੂੰ ਠਗਣ ਲਈ ਆਪਣਾ ਅਸਲੀ ਰੂਪ ਲੁਕਾ ਲੈਂਦੇ ਹਨ। ਸਾਢੇ ਤਿੰਨ ਗਜੀਆ ਧੋਤੀਆ ਪਾ ਕੇ ਹੱਥਾਂ ਵਿਚ ਖੂਬ ਲਿਸ਼ਕਵੇਂ ਲੋਟੇ ਫੜ ਲਏ ਤਿਹਰੇ ਜਨੇਊ ਪਾ ਲਏ ਤੇ ਗਲੇ ਵਿਚ ਜਪਮਾਲਾ ਪਾ ਲਈਆਂ। ਉਹ ਲੋਗ ਲੋਕਾਂ ਨੂੰ ਭੁਲੇਖੇ ਵਿਚ ਪਾਉਂਦੇ ਹਨ, ਕਿ ਅਸੀਂ ਤਾਂ ਸੰਤ ਹਾਂ, ਸੋ ਜੋ ਲੋਗ ਮਨ ਦੇ ਖੋਟੇ ਹੁੰਦੇ ਨੇ, ਉਹ ਦਿਖਾਵੇ ਲਈ ਹੀ ਹੱਥ ਵਿਚ ਮਾਲਾ ਜਾ ਸਿਮਰਨਾ ਰਖਦੇ ਹਨ। ਅਨੇਕਾਂ ਲੋਗ ਉਨ੍ਹਾਂ ਦੇ ਝਾਂਸੇ ਵਿਚ ਆ ਜਾਂਦੇ ਹਨ। ਭਗਤ ਜੀ ਹੋਰ ਦਸਦੇ ਹਨ ਕਿ :

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥

ਪੰਨਾ ੧੧੫੮

ਜਿਨ੍ਹਾਂ ਲੋਕਾਂ ਨੇ ਕਿਸੇ ਪੂਰੇ ਮੁਰਸ਼ਦ ਕੋਲੋਂ ਨਾਮ ਸਿਮਰਨ ਦੀ ਜਾਚ ਨਹੀਂ ਸਿੱਖੀ। ਉਹ ਵਿਚਾਰੇ ਰਾਮ ਨੂੰ ਖਡੌਣਾ ਸਮਝਦੇ ਹਨ। ਮਥੇ ਤਿਲਕ ਲਾ ਲਿਆ, ਹਥ ਵਿਚ ਮਾਲਾ ਫੜ ਲਈ ਤੇ ਸਮਝ ਲਿਆ ਕਿ ਅਸਾਂ ਸਾਧੂਆਂ ਵਾਲਾ ਭੇਸ ਬਣਾ ਲਿਆ ਹੈ।

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥

ਪੰਨਾ ੧੩੬੮



Digitized by Panjab Digital Library | www.panjabdigilib.org

ਕਬੀਰ ਜੀ ਦਸਦੇ ਹਨ ਕਿ ਭਾਈ ! ਤੂੰ ਕਾਠ ਦੀ ਜਪਨੀ ਲੋਕਾਂ ਦੇ ਦਿਖਾਵੇ ਲਈ ਫੜੀ ਹੋਈ ਹੈ । ਤੇਰਾ ਹਿਰਦਾ ਤਾਂ ਹਰ ਵੇਲੇ ਇਹੀ ਤਾਂਘਦਾ ਰਹਿੰਦਾ ਹੈ ਕਿ ਲੋਕੀਂ ਇਸ ਜਪਨੀ ਨੂੰ ਮੇਰੇ ਹਥ ਵਿਚ ਦੇਖ ਕੇ ਮੈਨੂੰ ਭਗਤ ਸਮਝਣ । ਤੇਰੇ ਹਿਰਦੇ ਵਿਚ ਰਾਮ ਦੀ ਭਗਤੀ ਲਈ ਕੋਈ ਥਾਂ ਨਹੀਂ । ਕੇਵਲ ਦਿਖਾਵਾ ਹੀ ਦਿਖਾਵਾ ਹੈ ।

ਸੋ ਗੁਰਮਤਿ ਵਿਚ ਮਾਪ ਤੋਲ ਕੇ, ਜਾਂ ਕੇਵਲ ਰਟਨ ਮਾਤਰ, ਜਾਂ ਦਿਖਾਵੇ ਲਈ, ਨਾਮੁ ਜਪਨਾ, ਜਿਸ ਦੁਆਰਾ ਪ੍ਰੇਮ ਨਹੀਂ ਉਪਜਦਾ ਉਸ ਨੂੰ ਮਨਮਤਿ ਜਾਂ ਮਨਹਠ ਕਰਮ ਕਿਹਾ ਗਿਆ ਹੈ । ਸਾਨੂੰ ਹੁਕਮ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ (ਜਪੁ ਸਾਹਿਬ)

ਪੁਨਾ : ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥
(ਸੁਖਮਨੀ ਸਾਹਿਬ) ਪੰਨਾ ੨੯੫

ਜੇ ਅਸੀਂ ਆਪਣੇ ਆਪ ਨੂੰ ਪ੍ਰਭੂ ਦੇ ਪੂਰਨ ਪ੍ਰੇਮ ਤੇ ਪੂਰਨ ਪਰਤੀਤ ਨਾਲ ਸਜਾਨਾ ਹੈ ਤਾਂ ਪ੍ਰਭੂ ਦੀ ਉਸਤਤ ਵਾਲਾ ਰਸਤਾ ਫੜਨਾ ਪਵੇਗਾ । ਸਾਵਧਾਨ ਹੋ ਕੇ ਮਨ ਜੋੜ ਕੇ ਸਿਫਤੋਂ ਸਾਲਾਹ ਵਿਚ ਜੁੜਨਾ ਪਵੇਗਾ । ਕੇਵਲ ਰਟਨ ਮਾਤਰ ਨਾਲ ਜਾਂ ਗਿਣ ਮਿਥ ਕੇ ਕੰਮ ਨਹੀਂ ਚਲੇਗਾ । ਇਸੇ ਲਈ ਮਹਾਰਾਜ ਨੇ ਸਾਨੂੰ "ਵਾਹਿਗੁਰੂ" ਗੁਰਮੰਤਰ ਦਾਤ ਵਜੋਂ ਬਖਸ਼ਿਆ ਹੈ ।

ਵਾਹਿਗੁਰੂ ਦਾ ਜੋੜ ਹੈ, ਵਾਹਿ+ਗੁਰੂ=ਹੇ ਗੁਰੂ ਤੂੰ ਧੰਨ ਹੈ ।

ਜਿਸ ਵੇਲੇ ਅਸੀਂ ਬਾਰੰਬਾਰ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹਾਂ ਤਾਂ ਉਹ ਧਨਵਾਦ ਬਣ ਜਾਂਦਾ ਹੈ । ਹੇ ਗੁਰੂ ਤੂੰ ਧਨ ਹੈ, ਮੈਂ ਤੇਰਾ ਬਾਰੰਬਾਰ ਧਨਵਾਦ ਕਰਦਾ ਹਾਂ । ਫਿਰ ਇਹ ਰਟਨ ਮਾਤਰ ਨਹੀਂ ਰਹਿੰਦਾ, ਇਹ ਵਡਿਆਈ ਜਾਂ ਉਸਤਤ ਬਣ ਜਾਂਦਾ ਹੈ । ਜਿਸ ਨਾਲ ਪੂਰਨ ਪ੍ਰੇਮ ਤੇ ਪੂਰਨ ਪਰਤੀਤ ਨਾਲ ਸਜਨ ਵਿਚ ਮਦਦ ਮਿਲਦੀ ਹੈ । ਵਾਹੁ ਵਾਹੁ ਕਰਨ ਨਾਲ ਮਨ ਨਿਰਮਲ ਹੁੰਦਾ ਹੈ ਤੇ ਹਉਮੈ ਦੀ ਮੈਲ ਮਨ ਤੋਂ ਉਤਰਦੀ ਹੈ ।

ਵਾਹੁ ਵਾਹੁ ਕਰਤਿਆਂ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ
ਸੋ ਮਨਿ ਚਿੰਦਿਆ ਫਲੁ ਪਾਇ ॥ ਪੰਨਾ ੫੧੫



Digitized by Panjab Digital Library | www.panjabdigilib.org

ਵਾਹੁ ਵਾਹੁ ਸਿਫ਼ਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ। ਪੰਨਾ ੫੧੪

ਗੁਰੂ ਦੀ ਵਾਹੁ ਵਾਹੁ ਕਰਨੀ ਇਹੀ ਸਿਫਤ ਸਲਾਹ ਹੈ ਤੇ ਗੁਰੂ ਦੀ ਮਤ ਲੈ ਕੇ ਕੋਈ ਹੀ ਇਸ ਗੱਲ ਨੂੰ ਸਮਝਦਾ ਹੈ।

ਸਾਡਾ ਨਿਸ਼ਾਨਾ ਇਹ ਹੈ ਕਿ ਅਸੀਂ ਅਕਾਲ ਪੁਰਖ ਦੇ ਉਸ ਸਰੂਪ ਨੂੰ, ਜੋ ਸਬਦੁ ਗੁਰੂ ਹੈ, ਭੇਟ ਕੇ, ਗੁਰਪ੍ਰਸਾਦਿ ਦੁਆਰਾ, ਅਕਾਲ ਪੁਰਖ ਦੇ ਉਸ ਸਰੂਪ ਨੂੰ, ਜੋ ਨਾਮੁ ਨਿਰੰਜਨ ਹੈ, ਪਾਈਏ। ਸੋ ਜਿਸ ਇਸ਼ਟ ਨੂੰ ਸਾਕਾਰ ਕਰਨਾ ਹੁੰਦਾ ਹੈ, ਉਸੇ ਦੀ ਵਾਹੁ ਵਾਹੁ ਕਰਨੀ ਬਣਦੀ ਹੈ। ਸਬਦੁ ਗੁਰੂ ਜੋ ਸਾਡੇ ਹਿਰਦੇ ਵਿਚ ਬੈਠਾ ਹੈ, ਉਸੇ ਦੀ ਵਾਹੁ ਵਾਹੁ ਦੁਆਰਾ, ਆਪਣੇ ਮਨ ਨੂੰ ਨਿਰਮਲ ਕਰਕੇ, ਅਸੀਂ ਉਸ ਤਕ ਪਹੁੰਚ ਸਕਦੇ ਹਾਂ। ਇਸ ਲਈ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਅਖਰ ਐਸਾ ਨਹੀਂ ਜਿਸ ਨਾਲ ਸਾਡਾ ਕੰਮ ਸਰ ਸਕਦਾ ਹੋਵੇ। ਅਕਾਲ ਪੁਰਖ ਦੇ ਹੋਰ ਜਿੰਨੇ ਵੀ ਨਾਮ ਹਨ, ਉਹ ਵਡਿਆਈ ਵਾਚਕ ਨਹੀਂ, ਉਹ ਗੁਣ ਵਾਚਕ ਹਨ, ਉਨ੍ਹਾਂ ਦੇ ਰਟਨ ਨਾਲ ਪ੍ਰੇਮ ਨਹੀਂ ਉਪਜ ਸਕਦਾ, ਜਿੰਨੀ ਦੇਰ ਕਿ ਵਡਿਆਈ ਦੇ ਘਰ ਵਿਚ ਨਾ ਆਈਏ। ਸਤਿਗੁਰੂ ਦੀ ਵਾਹੁ ਵਾਹੁ ਕਿਉਂ ਕਰਨੀ ਹੈ? ਇਸ ਲਈ ਕਿ ਕੇਵਲ ਸਤਿਗੁਰੂ ਹੀ ਸਾਨੂੰ ਆਪਣੇ ਨਾਮੁ ਸਰੂਪ ਨਾਲ ਮਿਲਾ ਸਕਦਾ ਹੈ। ਗੁਰਵਾਕ ਹੈ :

ਵਡਭਾਗੀਆ ਸੋਹਾਗਣੀ ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥
ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿਪੁਰਖੁ ਹੈ ਜਿਸਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥

ਸਲੋਕ ਮਹਲਾ ੪ ਪੰਨਾ ੧੪੨੧



Digitized by Panjab Digital Library | www.panjabdigilib.org

ਉਹ ਸੁਹਾਗਣੀਆਂ ਵਡੇ ਭਾਗਾਂ ਵਾਲੀਆਂ ਨੇ ਜਿਨ੍ਹਾਂ ਨੂੰ ਗੁਰਮੁਖਿ (ਸਬਦੁ ਗੁਰੂ) ਦੁਆਰਾ ਹਰੀ ਰਾਇ ਦੀ ਪ੍ਰਾਪਤੀ ਹੋਈ ਹੈ। ਉਨ੍ਹਾਂ ਦੇ ਅੰਦਰ ਹਰੀ ਦੀ ਜੋਤਿ ਦਾ ਪ੍ਰਕਾਸ਼ ਹੋ ਗਿਆ ਹੈ ਤੇ ਉਹ ਨਾਮੁ ਨਿਰੰਜਨ ਵਿਚ ਸਮਾਂ ਗਈਆਂ ਹਨ।

ਐਸਾ ਸਤਿਗੁਰੂ ਪੁਰਖ (ਸਬਦੁ ਗੁਰੂ) ਜਿਸ ਦੁਆਰਾ ਹਰੀ ਦੀ ਪ੍ਰਾਪਤੀ ਹੁੰਦੀ ਹੈ ਤੇ ਜਿਸ ਦੀ (ਸਚੁ) ਹਰੀ ਨਾਲ ਜਾਣ ਪਛਾਣ ਹੈ, ਉਸ ਨੂੰ ਵਾਹੁ ਵਾਹੁ ਕਹਿਣੀ ਹੀ ਬਣਦੀ ਹੈ। ਹੇ ਗੁਰੂ ਤੂੰ ਧਨ ਹੈਂ, ਜਿਸਦੇ ਮਿਲਾਪ ਨਾਲ ਤ੍ਰਿਸ਼ਨਾ ਮੁਕ ਗਈ ਤੇ ਤਨ ਮਨ ਨੂੰ ਠੰਡ ਪੈ ਗਈ। ਹੇ ਸਤਿਪੁਰਖ ਸਤਿਗੁਰੂ ਤੂੰ ਧਨ ਹੈਂ, ਜਿਸ ਨੂੰ ਹਰ ਤਰ੍ਹਾਂ ਦੀ ਸੁਮੱਤ ਹੈ। ਹੇ ਸਤਿਗੁਰੂ ਤੂੰ ਧੰਨ ਹੈਂ, ਕਿਉਂ ਜੋ ਤੂੰ ਨਿਰਵੈਰ ਹੈਂ। ਤੇਰੇ ਲਈ ਨਿੰਦਾਂ ਤੇ ਉਸਤਤ ਇਕ ਬਰਾਬਰ ਹੈ। ਹੇ ਸਤਿਗੁਰੂ ਤੂੰ ਧੰਨ ਧੰਨ ਹੈਂ ਤੂੰ ਇਤਨਾ ਸਿਆਣਾ ਹੈਂ ਕਿ ਤੇਰੇ ਅੰਦਰ ਅਕਾਲ ਪੁਰਖ ਦਾ ਪੂਰਨ ਗਿਆਨ ਹੈ। ਹੇ ਸਤਿਗੁਰੂ ਤੂੰ ਧੰਨ ਧੰਨ ਹੈਂ, ਤੂੰ ਸਤਿਗੁਰੂ ਵੀ ਹੈਂ ਤੇ ਨਿਰੰਕਾਰ ਵੀ ਹੈਂ, ਤੇਰਾ ਅੰਤ ਜਾਂ ਪਾਰਾਵਾਰਾ ਕੋਈ ਪਾ ਨਹੀਂ ਸਕਦਾ ਤੇ ਨਾਂ ਹੀ ਤੇਰੇ ਟਾਕਰੇ ਤੇ ਕੋਈ ਹੋਰ ਗੁਰੂ ਟਿਕ ਸਕਦਾ ਹੈ। ਹੇ ਸਤਿਗੁਰੂ ਤੂੰ ਧੰਨ ਧੰਨ ਹੈਂ, ਤੂੰ ਹੀ ਸੱਚਾ ਗੁਰੂ ਹੈਂ ਕਿਉਂ ਜੋ ਤੂੰ ਜੁਗਾਂ ਜੁਗਾਂ ਤੋਂ ਹੈਂ ਤੇ ਸਦਾ ਥਿਰ ਹਸਤੀ ਹੈਂ। ਕੇਵਲ ਤੂੰ ਹੀ (ਸਚੁ) ਨਾਮੁ ਨੂੰ ਦ੍ਰਿੜ ਕਰਵਾ ਸਕਦਾ ਹੈਂ। ਮਹਾਰਾਜ ਫਰਮਾਉਂਦੇ ਨੇ ਕਿ ਐਸੇ ਸਤਿਗੁਰੂ ਨੂੰ ਵਾਹੁ ਵਾਹੁ ਕਹਿਣੀ ਹੀ ਬਣਦੀ ਹੈ, ਜਿਸ ਦੀ ਮਿਹਰ ਦੁਆਰਾ ਨਾਮੁ ਨਿਰੰਜਨ ਦੀ ਪ੍ਰਾਪਤੀ ਹੁੰਦੀ ਹੈ।

ਸਾਡਾ ਗੁਰੂ ਜੋ ਅਰੂਪ ਹੈ, ਉਸ ਤਕ ਸਾਡੇ ਕਿਸੇ ਗਿਆਨ ਇੰਦਰੇ ਦੀ ਜਾਂ ਮਨ ਬੁੱਧੀ ਦੀ ਪਹੁੰਚ ਨਹੀਂ। ਕੇਵਲ ਸੁਰਤਿ ਹੀ ਜੋ ਦੋ ਭਾਸ਼ੀਆ ਹੈ, ਉਸ ਤਕ ਪਹੁੰਚ ਸਕਦੀ ਹੈ। ਇਸ ਲਈ ਸੁਤੀ ਹੋਈ ਸੁਰਤਿ ਨੂੰ ਜਗਾਨਾ ਪਵੇਗਾ। ਇਹ ਤਦ ਹੋ ਸਕਦਾ ਹੈ ਜਦ ਅਸੀਂ ਮਨ ਜੋੜਕੇ ਨਾਮ ਦਾ ਉਚਾਰਨ ਕਰੀਏ ਤੇ ਸੁਰਤਿ ਨੂੰ ਨਾਮ ਵਿਚ ਲੀਨ ਕਰਨ ਦਾ ਯਤਨ ਕਰੀਏ। ਅਸੀਂ ਇਸ ਤਰ੍ਹਾਂ ਸਮਝ ਲਈਏ ਕਿ ਸੁਰਤਿ ਇਕ ਮੈਲਾ ਭਾਂਡਾ ਹੈ ਤੇ ਨਾਮੁ ਨਾਲ ਸੁਰਤਿ ਨੂੰ ਮਾਂਜਨਾ ਹੈ। ਜਿਤਨੀ ਦੇਰ ਘਸ ਘਸ ਕੇ ਮੰਜਾਈ ਨਹੀਂ ਹੋਵੇਗੀ ਉਤਨੀ ਦੇਰ ਮੈਲ ਨਹੀਂ ਉਤਰੇਗੀ। ਇਸ ਲਈ ਸੁਰਤਿ ਨੂੰ ਨਾਮੁ ਵਿਚ ਲੀਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ।



Digitized by Panjab Digital Library | www.panjabdigilib.org

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸੀਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥

ਸਲੋਕ ਮਹਲਾ ੩ ਪੰਨਾ ੬੫੧

ਇਸ ਮਨ ਨੂੰ ਕਈਆਂ ਜਨਮਾਂ ਤੋਂ ਪਾਪ ਕਮਾ ਕਮਾ ਕੇ ਪਾਪਾਂ ਦੀ ਮੈਲ ਲਗੀ ਹੋਈ ਹੈ। ਇਹ ਮਨ ਪੂਰੀ ਤਰ੍ਹਾਂ ਕਾਲਾ ਹੋਇਆ ਪਿਆ ਹੈ, ਜਿਸ ਤਰ੍ਹਾਂ ਉਹ ਧੋਤੀ ਜਿਸ ਨਾਲ ਤੇਲੀ ਆਪਣੇ ਕੋਹਲੂ ਨੂੰ ਸਾਫ ਕਰਦਾ ਹੈ। ਉਹ ਧੋਤੀ ਜੋ ਕਦੇ ਵੀ ਸਾਫ ਨਹੀਂ ਹੁੰਦੀ ਤੇ ਨਾ ਹੀ ਉਸਨੂੰ ਸਾਫ ਕਰਨ ਦਾ ਕੋਈ ਯਤਨ ਕਰਦਾ ਹੈ, ਉਸਨੂੰ ਜਿੰਨਾ ਜੀ ਚਾਹੇ ਧੋਵੋ, ਉਹ ਸਾਫ਼ ਨਹੀਂ ਹੁੰਦੀ, ਇਸ ਤਰ੍ਹਾਂ ਹੀ ਸਾਡਾ ਮਨ ਹੈ। ਪਰ ਜੇ ਨਾਮੁ ਸਿਮਰਨ ਸੁਰਤਿ ਜੋੜ ਕੇ ਕੀਤਾ ਜਾਵੇ ਤਾਂ ਮਨ ਸਾਫ਼ ਹੋਣਾ ਸ਼ੁਰੂ ਹੋ ਜਾਂਦਾ ਹੈ । ਜੇ ਸਬਦੁ ਗੁਰੂ ਦੀ ਮਿਹਰ ਦੁਆਰਾ (ਜੀਵਤ ਮਰੇ) ਪਦਾਰਥਾਂ ਤੋਂ ਮੋਹ ਤੋੜ ਕੇ ਆਪਣਾ ਆਪਾ ਗੁਰੂ ਨੂੰ ਸਮਰਪਨ ਕਰੇ, ਤਦ ਗੁਰੂ ਨਾਮ ਦ੍ਰਿੜ ਕਰਵਾ ਦੇਂਦਾ ਹੈ। ਫਿਰ ਕਦੀ ਵੀ ਮਨ ਜਾਂ ਸੁਰਤਿ ਨੂੰ ਮੈਲ ਨਹੀਂ ਲਗਦੀ ਤੇ ਨਾ ਹੀ ਜੂਨਾਂ ਵਿਚ ਭਟਕਨਾ ਪੈਂਦਾ ਹੈ।

ਸੋ ਸਿਮਰਨ ਵੇਲੇ ਨਾਮੁ ਵਿਚ ਸੁਰਤਿ ਜੋੜਨ ਨਾਲ ਇਕ ਤਾਂ ਸੁਰਤਿ ਨਿਰਮਲ ਹੋਵੇਗੀ ਤੇ ਦੂਜੇ ਬਨੇ ਨਾਮ ਦਾ ਜਾਪ ਸੂਖਸ਼ਮ ਹੋਣ ਵਾਲੇ ਪਾਸੇ ਕਦਮ ਪੁਟੇਗਾ। ਗੁਰੂ ਜੋ ਸਾਡੇ ਹਿਰਦੇ ਵਿਚ ਬੈਠਾ ਹੈ, ਉਹ ਸੂਖਸ਼ਮ ਹੈ, ਉਸ ਤਕ ਸੂਖਸ਼ਮ ਹੋਈ ਬਾਣੀ ਹੀ ਪਹੁੰਚ ਸਕਦੀ ਹੈ । ਇਹ ਜੋ "ਵਾਹਿਗੁਰੂ" ਦਾ ਉਚਾਰਨ ਕਰਦੇ ਹਾਂ, ਇਹ ਉਚਾਰਨ ਅਸਥੂਲ ਹੈ, ਜਾਂ ਬੈਖ਼ਰੀ ਬਾਣੀ ਹੈ। ਇਸ ਨੂੰ ਬਾਰੰਬਾਰ ਸੁਰਤਿ ਜੋੜ ਕੇ ਉਚਾਰਨ ਕਰਨ ਨਾਲ ਇਹ ਮਧਮਾ ਬਾਣੀ ਬਣ ਸਕਦੀ ਹੈ। ਜੋ ਨਾ ਤੇ ਸੂਖਸ਼ਮ ਹੈ ਤੇ ਨਾ ਅਸਥੂਲ। ਇਥੇ ਜਪ ਸਿਮਰਨ ਬਣ ਜਾਂਦਾ ਹੈ। ਸਿਮਰਨ ਵਾਲੀ ਅਵਸਥਾ ਵਿਚ ਉਸਦੀ ਯਾਦ ਘੜੀ ਘੜੀ ਆਉਂਦੀ ਹੈ। ਉਸ ਤੋਂ ਅਗੇ ਇਹ ਸਿਮਰਨ ਚਿਤ ਵਿਚ ਵਸ ਸਕਦਾ ਹੈ। ਤਦ ਸੁਰਤਿ ਹੋਰ ਨਿਰਮਲ ਹੋ ਜਾਂਦੀ ਹੈ ਤੇ ਜਪ ਪਸ਼ਯੰਤੀ ਬਣ ਜਾਂਦਾ ਹੈ। ਇਸੇ ਨੂੰ ਹੀ ਬਾਣੀ ਵਿਚ ਕਰਮ ਖੰਡ ਕਿਹਾ ਹੈ। ਜਿਥੇ ਸਬਦੁ ਗੁਰੂ ਦਾ ਮਿਲਾਪ



Digitized by Panjab Digital Library | www.panjabdigilib.org

ਹੈ। ਉਸ ਤੋਂ ਮਗਰੋਂ ਗੁਰੂ ਮਿਹਰ ਨਾਲ ਇਹ ਸਿਮਰਨ ਪਰਾ ਬਾਣੀ ਬਣ ਜਾਂਦਾ ਹੈ। ਜਿਸ ਨੂੰ ਨਾਮੁ ਧਿਆਇਆ ਅਵਸਥਾ ਜਾਂ ਸਚਖੰਡ ਅਵਸਥਾ ਕਹਿੰਦੇ ਹਨ। ਇਥੇ ਨਾਮੁ ਨਿਰੰਜਨੁ ਨਾਲ ਮਿਲਾਪ ਹੈ । ਇਹ ਸਾਰੀਆਂ ਅਵਸਥਾਵਾਂ ਗੁਰੂ ਮਿਹਰ ਨਾਲ ਹੀ ਪਾਈਆਂ ਜਾ ਸਕਦੀਆਂ ਹਨ। ਗੁਰੂ ਮਿਹਰ ਕਿਸ ਤਰ੍ਹਾਂ ਪਰਾਪਤ ਕਰਨੀ ਹੈ। ਇਸ ਦਾ ਸਾਰਾ ਵੇਰਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤਾ ਹੋਇਆ ਹੈ। ਆਪ ਮਨ ਜੋੜ ਕੇ ਪਾਠ ਕਰੋ ਆਪ ਸਮਝ ਜਾਉਗੇ। ਸਭ ਤੋਂ ਜਰੂਰੀ ਉਸ ਅਗੇ, ਗੁਰ ਪ੍ਰਸਾਦਿ ਲਈ, ਅਰਦਾਸ ਕਰਦੇ ਰਹਿਣਾ ਤੇ ਹਮੇਸ਼ਾ ਸ਼ੁਕਰਾਨੇ ਵਿਚ ਰਹਿਣਾ ਹੈ।

ਜਦ ਤੋਂ ਸ੍ਰਿਸ਼ਟੀ ਬਣੀ ਹੈ ਅਸੀਂ ਕਈ ਵਾਰੀ ਨਾਮੁ ਜਪ ਕੇ ਉਸ ਦੇ ਨੇੜੇ ਹੋਏ ਤੇ ਕਈ ਵਾਰੀ ਮਾਇਆ ਦੇ ਭੁਲੇਖੇ ਵਿਚ ਪੈ ਕੇ ਦੂਰ ਹੋ ਗਏ। ਹੁਣ ਸਾਨੂੰ ਪਤਾ ਨਹੀਂ ਕਿ ਸਾਡਾ ਮਨ ਕਿੰਨਾ ਕੁ ਮੈਲਾ ਹੈ, ਜਾਂ ਕਿੰਨਾ ਕੂ ਨਿਰਮਲ ਹੈ, ਤੇ ਅਸੀਂ ਕਿਸ ਅਵਸਥਾ ਵਿਚ ਵਿਚਰ ਰਹੇ ਹਾਂ ! ਨਾ ਹੀ ਸਾਨੂੰ ਪਤਾ ਕਰਨ ਦੀ ਲੋੜ ਹੈ। ਸਾਨੂੰ ਤਾਂ ਸਿਮਰਨ ਵਾਲੇ ਪਾਸੇ ਲਗ ਜਾਣਾ ਚਾਹੀਦਾ ਹੈ। ਅੱਗੋਂ ਜੋ ਗੁਰੂ ਨੂੰ ਭਾਵੇਂ, ਇਸ ਜਨਮ ਨਹੀਂ ਅਗਲੇ ਜਨਮ ਸਹੀ। ਪਰ ਜੇ ਅਸੀਂ ਉਸ ਰਸਤੇ ਤੇ ਚਲ ਪਈਏ ਤਾਂ ਚਲਦੇ ਚਲਦੇ ਕੁਝ ਨਾ ਕੁਝ ਪੈਂਡਾ ਮੁਕਾ ਹੀ ਲਵਾਂਗੇ। ਤੇ ਕੁਝ ਨਾ ਕੁਝ ਉਸਦੇ ਨੇੜੇ ਹੋ ਹੀ ਜਾਵਾਂਗੇ। ਇਸ ਲਈ ਉਤਾਵਲੇ ਹੋਣ ਦੀ ਲੋੜ ਨਹੀਂ, ਸਾਨੂੰ ਤਾਂ ਆਪਣਾ ਆਪਾ ਉਸ ਅਗੇ ਸਮਰਪਨ ਕਰਨਾ ਚਾਹੀਦਾ ਹੈ। ਅਗੋਂ ਉਹ ਜਾਣੇ। ਕਦੀ ਤਾਂ ਬਖਸ਼ਿਸ਼ ਦੇ ਘਰ ਵਿਚ ਆਵੇਗਾ, ਇਹ ਉਸਦਾ ਬਿਰਦ ਹੈ।

ਹੁਣ ਜੋ ਨਾਮੁ ਸਿਮਰਨਾ ਹੈ ਇਸ ਦਾ ਮਨੋਰਥ ਅਸਥੂਲ ਨਾਮ ਨੂੰ ਸੂਖਸ਼ਮ ਕਰਨਾ ਹੈ। ਇਸ ਲਈ ਇਸਦਾ ਉਚਾਰਨ ਰਸਨਾ ਨਾਲ ਕਰਨਾ ਹੈ। ਗੁਰੂ ਦਾ ਹੁਕਮ ਹੈ "ਊਠਤ ਬੈਠਤ ਸੋਵਤ ਨਾਮ," ਨਾਮ ਨੂੰ ਕਿਸੇ ਵੇਲੇ ਵੀ ਵਿਸਾਰਨਾ ਨਹੀਂ। ਕੰਮ ਕਰਦਿਆਂ ਟੁਰਦਿਆਂ ਫਿਰਦਿਆਂ ਜਪ ਜਾਰੀ ਰਹਿਣਾ ਚਾਹੀਦਾ ਹੈ। ਪਰ ਕੁਝ ਸਮਾਂ ਇਕਾਂਤ ਵਿਚ ਬੈਠ ਕੇ ਸਿਮਰਨ ਲਈ ਵੀ ਕਢਨਾ ਚਾਹੀਦਾ ਹੈ। ਉਸ ਵੇਲੇ ਪੂਰੀ ਤਰ੍ਹਾਂ ਇਕਾਗਰ ਚਿੱਤ ਹੋ ਕੇ ਤੇ ਅੱਖਾਂ ਬੰਦ ਕਰਕੇ ਜਪਨਾ ਚਾਹੀਦਾ ਹੈ। ਅੱਖਾਂ ਬੰਦ ਕਰਨੀਆਂ ਇਸ ਲਈ ਜ਼ਰੂਰੀ ਹਨ



Digitized by Panjab Digital Library | www.panjabdigilib.org

ਕਿ ਜੇ ਅੱਖਾਂ ਖੁਲ੍ਹੀਆਂ ਹੋਣ ਤਾਂ ਉਹ ਕੁਝ ਨਾ ਕੁਝ ਦੇਖਦੀਆਂ ਹਨ। ਜੋ ਕੁਝ ਵੀ ਦੇਖਦੀਆਂ ਹਨ, ਉਸ ਬਾਰੇ ਮਨ ਸੋਚਣ ਲਗ ਜਾਂਦਾ ਹੈ ਤੇ ਅਸੀਂ ਇਕਾਗਰਤਾ ਤੋਂ ਦੂਰ ਚਲੇ ਜਾਂਦੇ ਹਾਂ। ਇਕਾਂਤ ਦੇ ਸਮੇਂ ਵਿਚ ਹੀ ਸੁਰਤਿ ਸਬਦੁ ਵਿਚ ਲੀਨ ਹੋ ਸਕਦੀ ਹੈ। ਇਸ ਲਈ ਯਤਨ ਇਹੀ ਕਰਨਾ ਚਾਹੀਦਾ ਹੈ ਕਿ ਇਕਾਂਤ ਦਾ ਸਮਾਂ ਵਧ ਤੋਂ ਵਧ ਕਢ ਸਕੀਏ।

ਰਸਨਾ ਨਾਲ ਨਾਮ ਜਪਦਿਆਂ ਉਚਾਰਨ ਇਤਨਾ ਉਚਾ ਨ ਹੋਵੇ ਜਿਸ ਨੂੰ ਕੰਨ ਸੁਣ ਸਕਣ। ਨਾਮ ਜਪੁ ਕੇਵਲ ਸੁਰਤਿ ਹੀ ਆਪਣੇ ਅਨੁਭਵ ਨਾਲ ਸੁਣੇਗੀ। ਰਸਨਾ ਨਾਲ ਅਸੀਂ ਇਸ ਲਈ ਜਪਨਾ ਹੈ ਕਿ ਨਾਮੁ ਦਾ ਉਚਾਰਨ ਬਿਲਕੁਲ ਉਸੇ ਤਰ੍ਹਾਂ ਹੀ ਕਰਨਾ ਹੈ, ਜਿਸ ਤਰ੍ਹਾਂ ਅਸੀਂ ਮੂੰਹ ਵਿਚ ਗੱਲਾਂ ਕਰਦੇ ਹਾਂ। ਇਸ ਤਰ੍ਹਾਂ ਹਵਾ ਦੀਆਂ ਨਾਲੀਆਂ ਵਿਚੋਂ ਹਵਾ ਉਤਨੀ ਹੀ ਨਿਕਲਦੀ ਹੈ ਜਿੰਨੀ ਕਿ ਗੱਲਾਂ ਕਰਦਿਆਂ ਨਿਕਲਦੀ ਹੈ। ਜੇ ਅਸੀਂ ਮੂੰਹ ਬੰਦ ਕਰਕੇ ਨਾਮ ਉਚਾਰਨ ਕੀਤਾ ਤਾਂ ਸਾਡਾ ਸਾਹ ਤੂਲ ਜਾਵੇਗਾ ਤੇ ਦਿਲ ਤੇ ਬੋਝ ਪਵੇਗਾ ਜੋ ਹਾਨੀਕਾਰਕ ਸਿੱਧ ਹੋ ਸਕਦਾ ਹੈ। ਇਸ ਲਈ ਨਾਮੁ ਉਚਾਰਨ ਵੇਲੇ ਥੋੜਾ ਜਿਹਾ ਮੂੰਹ ਖੁਲ੍ਹਾ ਰਖਣਾ ਚਾਹੀਦਾ ਹੈ ਤਾਂ ਜੋ ਹਵਾ ਨਿਕਲਨ ਵਿਚ ਰੋਕ ਨਾ ਪਵੇ। ਫਿਰ ਜਦੋਂ ਇਹ ਜਪ ਮਧਮਾ ਬਾਣੀ ਵਿਚ ਬਦਲ ਜਾਂਦਾ ਹੈ, ਉਸ ਵੇਲੇ ਮੂੰਹ ਆਪਨੇ ਆਪ ਹੀ ਬੰਦ ਹੋ ਜਾਂਦਾ ਹੈ। ਉਸ ਵੇਲੇ ਕੇਵਲ ਸੁਰਤਿ ਹੀ ਨਾਮੁ ਜਪਦੀ ਹੈ। ਸਰੀਰ ਦਾ ਕੋਈ ਅੰਗ ਹਰਕਤ ਨਹੀਂ ਕਰਦਾ ਤੇ ਸਭ ਕੁਝ ਆਪਣੇ ਆਪ ਹੀ ਹੁੰਦਾ ਹੈ।

ਕੁਝ ਲੋਕ ਮੂੰਹ ਬੰਦ ਕਰਕੇ ਸੁਆਸਾਂ ਰਾਹੀਂ ਨਾਮ ਜਪਦੇ ਹਨ। ਜਾਂ ਸੁਆਸ ਰੋਕ ਕੇ ਕਿਸੇ ਨਾਸ਼ਮਾਨ ਦੇਹ ਦਾ ਧਿਆਨ ਧਰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਕੋਈ ਨਾ ਕੋਈ ਦਿਲ ਦੀ ਬੀਮਾਰੀ ਲਗ ਸਕਦੀ ਹੈ। ਕਿਉਂ ਜੋ ਹਵਾ ਨੂੰ ਨਿਕਲਨ ਲਈ ਥਾਂ ਘਟ ਜਾਂਦੀ ਹੈ। ਕਈ ਲੋਗ ਸਾਧੂਆਂ, ਸੰਤਾਂ ਦੇ ਟੇਟੇ ਚੜ੍ਹ ਕੇ ਪ੍ਰਾਣਾਂਯਾਮ ਜਾਂ ਇੜਾ ਪਿੰਗਲਾ ਵਾਲੇ ਪਾਸੇ ਜਾਂਦੇ ਹਨ, ਉਹ ਮਨਮਤਿ ਜਪ ਹੈ। ਅਸੀਂ ਤਾਂ ਆਪਣੀ ਸੁਰਤਿ ਨੂੰ ਸੁਧ ਕਰਨਾ ਹੈ। ਇੜਾ ਪਿੰਗਲਾ ਸਾਨੂੰ ਹਰੀ ਤੋਂ ਦੂਰ ਕਰ ਦੇਂਦਾ ਹੈ। ਇਨ੍ਹਾਂ ਤਰੀਕਿਆਂ ਨਾਲ ਮਨ ਜਾਂ ਸੁਰਤਿ ਨਿਰਮਲ ਨਹੀਂ ਹੋ ਸਕਦੀ। ਇਹ ਰਿਧੀਆਂ ਸਿਧੀਆਂ ਵਾਲਾ ਪਾਸਾ ਹੈ।



Digitized by Panjab Digital Library | www.panjabdigilib.org

ਕੁਝ ਲੋਗ ਜੋ ਨਾਮੁ ਨੂੰ ਖਡੌਣਾ ਸਮਝਦੇ ਨੇ। ਉਨ੍ਹਾਂ ਨੇ ਇਕ ਨਵੀਂ ਕਾਢ ਕਢੀ ਹੈ। ਉਹ ਕੀਰਤਨ ਕਰਦਿਆਂ ਕਰਦਿਆਂ ਕੀਰਤਨ ਨੂੰ ਵਿਚੇ ਛੱਡ ਕੇ ਵਾਹਿਗੁਰੂ ਵਾਹਿਗੁਰੂ ਦਾ ਉਚਾਰਨ ਸ਼ੁਰੂ ਕਰ ਦੇਂਦੇ ਹਨ, ਤੇ ਸਮਝਦੇ ਹਨ ਕਿ ਅਸੀਂ ਕੀਰਤਨ ਦੇ ਨਾਲ ਨਾਲ ਨਾਮੁ ਵੀ ਜਪ ਲਿਆ ਹੈ। ਅਸੀਂ ਤਾਂ ਨਾਮ ਨੂੰ ਮੂੰਹ ਵਿਚ ਜਪ ਜਪ ਕੇ ਸੂਖਸ਼ਮ ਬਣਾਨਾ ਹੈ ਉਹ ਅਸਥੂਲ ਬਣਾਨ ਵਾਲੇ ਪਾਸੇ ਟੁਰ ਪੈਂਦੇ ਹਨ। ਉਹ ਸਮਝਦੇ ਨੇ ਕਿ ਅਸੀਂ ਘੰਟੇ ਡੇਢ ਘੰਟੇ ਵਿਚ ਕੀਰਤਨ ਵੀ ਸੁਣ ਆਏ ਹਾਂ। ਕਥਾ ਵੀ ਸੁਨ ਆਏ ਹਾਂ ਤੇ ਨਾਮੁ ਵੀ ਜਪ ਆਏ ਹਾਂ। ਹੁਣ ਸਾਰਾ ਦਿਨ ਜੋ ਜੀਅ ਚਾਹੇ ਕਰੀਏ । ਪਰ ਜੇ ਅਸੀਂ ਆਪਣੇ ਮਨ ਬੁਧੀ ਨੂੰ ਸਾਫ ਕਰਨਾ ਹੈ ਤਾਂ ਇਨ੍ਹਾਂ ਉਪਰਾਲਿਆਂ ਨਾਲ ਕੁਝ ਨਹੀਂ ਬਣੇਗਾ। ਜਿਸ ਤਰ੍ਹਾਂ ਅਸੀਂ ਜਿੰਨਾਂ ਵੀ ਵੱਧ ਤੋਂ ਵੱਧ ਧਨ ਕਮਾ ਲਈਏ ਤ੍ਰਿਸ਼ਨਾ ਕਹਿੰਦੀ ਹੈ ਅਜੇ ਵੀ ਥੋੜਾ ਹੈ, ਇਸੇ ਤਰ੍ਹਾਂ ਹੀ ਤ੍ਰਿਸ਼ਨਾ ਨੂੰ ਪਦਾਰਥਾਂ ਵਲੋਂ ਮੋੜ ਕੇ ਹਰੀ ਦੇ ਪ੍ਰੇਮ ਵਲ ਲਾਉਣਾ ਹੈ। ਚਾਹੇ ਅਸੀਂ ਸਾਰਾ ਦਿਨ ਨਾਮੁ ਜਪਦੇ ਰਹੀਏ ਤ੍ਰਿਸ਼ਨਾ ਕਹੇ ਅਜੇ ਤਾਂ ਕੁਝ ਵੀ ਨਹੀਂ ਜਪਿਆ। ਸਾਨੂੰ ਹੁਕਮ ਹੈ :

ਕਾਨੜਾ ਮਹਲਾ ੪॥ ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥

ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ।੧।ਰਹਾਉ।

ਪੰਨਾ ੧੩੦੯

ਹੇ ਮਹਾਰਾਜ ਮੇਰੀ ਬੇਨਤੀ ਹੈ ਕਿ ਮੈਂ ਗੁਰੂ ਦੇ ਦਸੇ ਤਰੀਕੇ ਨਾਲ ਰਸ ਲੈ ਲੈ ਕੇ ਆਪ ਜੀ ਦੇ ਗੁਣ ਗਾਵਾਂ। ਮੇਰੀ ਇਕ ਜੀਭ ਦੀਆਂ ਲਖਾਂ ਕਰੋੜਾਂ ਜੀਭਾਂ ਹੋ ਜਾਵਨ ਤੇ ਉਨ੍ਹਾਂ ਲੱਖਾਂ ਕਰੋੜਾਂ ਜੀਭਾਂ ਨਾਲ ਮੈਂ ਧਿਆਨ ਲਾ ਕੇ ਸਿਮਰਨ ਕਰਾਂ ।

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥

ਸੂਹੀ ਮਹਲਾ ੫ ॥ ਪੰਨਾ ੭੮੦

ਹੇ ਮੇਰੇ ਪਿਆਰੇ ਸੁਆਮੀ। ਤੂੰ ਐਸੀ ਕਿਰਪਾ ਕਰ ਕਿ ਮੇਰੇ ਨੇਤਰ ਹਰ ਜਗ੍ਹਾਂ ਤੈਨੂੰ ਹੀ ਰਵ ਰਹਿਆ ਦੇਖਣ, ਹਰ ਜਗ੍ਹਾ ਤੇਰਾ ਹੀ ਜਲਵਾ ਦਿਸੇ। ਹੇ ਮਹਾਰਾਜ ਇਕ ਜੀਭ ਨਾਲ ਨਾਮੁ ਸਿਮਰਨ ਵਿਚ ਇਤਨਾ ਰਸ ਆਉਂਦਾ



Digitized by Panjab Digital Library | www.panjabdigilib.org

ਹੈ, ਜੇ ਤੂੰ ਮੈਨੂੰ ਲਖਾਂ ਜੀਭਾਂ ਦੇ ਦੇਵੇਂ ਤਾਂ ਉਨ੍ਹਾਂ ਲਖਾਂ ਜੀਭਾਂ ਨਾਲ ਤੈਨੂੰ ਅਰਾਧਾਂ, ਤੇ ਮੇਰੀ ਤ੍ਰਿਸ਼ਨਾ ਫਿਰ ਵੀ ਨਾ ਭਰੇ।

ਮਹਾਰਾਜ ਨੇ ਮਨਮਤਿ-ਜਪ ਦੇ ਨਾਲ ਹੀ ਤਪ ਦਾ ਵੀ ਖੰਡਣ ਕੀਤਾ ਹੈ। ਤਪ ਉਹ ਹੈ ਜੋ ਸਹਜ ਅਵਸਥਾ ਤੋਂ ਸਾਨੂੰ ਦੂਰ ਲੈ ਜਾਵੇ। ਅਸੀਂ ਤਾਂ ਸਿਮਰਨ ਦੁਆਰਾ ਸਹਜ ਅਵਸਥਾ ਦੀ ਪ੍ਰਾਪਤੀ ਕਰਨੀ ਹੈ। ਪਰ ਤਪ, ਲੋਕ ਦਿਖਾਵੇ ਵੱਲ ਲੈ ਜਾਂਦਾ ਹੈ, ਜੋ ਪਾਖੰਡ ਹੈ। ਦੇਖੋ ਜੀ ਫ਼ਲਾਣਾ ਸਾਧੂ ਸਰਦੀਆਂ ਵਿਚ ਬਰਫ ਤੇ ਬੈਠਾ ਹੈ, ਜਾਂ ਗਰਮੀਆਂ ਵਿਚ ਅੱਗ ਬਾਲ ਕੇ ਧੂਣੀ ਰਮਾਈ ਬੈਠਾ ਹੈ, ਉਸ ਨੇ ਕਈ ਮਹੀਨਿਆਂ ਤੋਂ ਅੰਨ ਨਹੀਂ ਖਾਧਾ ਆਦਿ। ਅਸੀਂ ਕੁਦਰਤ ਦੇ ਕਿਸੇ ਨੇਮ ਨੂੰ ਵੀ ਨਹੀਂ ਤੋੜਨਾ, ਸਗੋਂ ਹੁਕਮ ਰਜਾਈ ਚਲਣਾ ਹੈ। ਸਹਜ ਅਵਸਥਾ ਮਨ ਦੀ ਅਵਸਥਾ ਹੈ। ਜਦੋਂ ਮਨ ਸਹਜ ਵਿਚ ਟਿਕ ਜਾਵੇ ਤਾਂ ਉਸਦਾ ਦੌੜਨਾ ਭਜਨਾ ਬੰਦ ਹੋ ਜਾਂਦਾ ਹੈ ਤੇ ਉਸਦੀ ਨਿਸ਼ਾਨੀ ਬਾਹਰ ਸਰੀਰ ਤੇ ਵੀ ਆ ਜਾਂਦੀ ਹੈ। ਸਰੀਰ ਵੀ ਅਡੋਲ ਟਿਕ ਜਾਂਦਾ ਹੈ ਹਿਲਦਾ ਨਹੀਂ। ਕਈ ਸੱਜਨ ਨਾਮੁ ਸਿਮਰਨ ਵੇਲੇ ਹਿਲਦੇ ਨੇ ਜਾਂ ਕੀਰਤਨ ਵੇਲੇ ਹਿਲਦੇ ਨੇਂ, ਓਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਉਨ੍ਹਾਂ ਦੇ ਮਨ ਦੇ ਬੇਕਾਬੂ ਹੋਣ ਦੀ ਨਿਸ਼ਾਨੀ ਹੈ।

ਹੁਣ ਅਸੀਂ ਇਹ ਦੇਖਣਾ ਹੈ ਕਿ ਕੀ ਅਸੀਂ ਸਚਮੁਚ ਨਾਮੁ ਸਿਮਰਨ ਵਾਲੇ ਪਾਸੇ ਲਗੇ ਹੋਏ ਹਾਂ ਜਾਂ ਦਿਖਾਵੇ ਵਾਲੇ ਪਾਸੇ। ਇਹ ਸਾਡੇ ਗੁਣਾਂ ਤੋਂ ਪਤਾ ਲਗੇਗਾ। ਅਸੀਂ ਆਪਣੇ ਆਪ ਤੇ ਪਹਿਰਾ ਦੇਣਾ ਹੈ। ਕਿ ਕੀ ਸਾਡੇ ਅਵਗੁਣ ਘਟੇ ਨੇ, ਕੀ ਸਾਡੇ ਵਿਚ ਗੁਣਾਂ ਨੇ ਪਰਵੇਸ਼ ਕਰਨਾ ਸ਼ੁਰੂ ਕੀਤਾ ਹੈ। ਜੇ ਨਹੀਂ ਤਾਂ ਅਸੀਂ ਗੁਰਮਤਿ ਨਾਮੁ ਨਹੀਂ ਜਪ ਰਹੇ। ਮਨਮਤਿ ਵਿਚ ਪਏ ਹੋਏ ਹਾਂ। ਇਸ ਲਈ ਸਾਨੂੰ ਅੰਦਰ ਝਾਤੀ ਮਾਰ ਕੇ ਆਪਣੀਆਂ ਉਨਤਾਈਆਂ ਨੂੰ ਸੁਧਾਰਨਾ ਪਵੇਗਾ। ਇਸ ਕੰਮ ਵਿਚ ਸਾਡਾ ਇਕੋ ਇਕ ਮਿਤਰ ਗੁਰਬਾਣੀ ਹੈ।

ਬਾਣੀ ਸਾਨੂੰ ਬਾਰੰਬਾਰ ਵੰਗਾਰਦੀ ਹੈ ਕਿ :

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ<br>
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥<br>
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥



Digitized by Panjab Digital Library | www.panjabdigilib.org

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ।੧।
ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥
ਜਗ ਜੀਵਨ ਦਾਤਾ ਜਨ ਸੇਵਕ ਤੇਰੇ ਤਿਨ ਕੇ ਤੈ ਦੂਖ ਨਿਵਾਰੇ ।
॥੧॥ ਰਹਾਉ ॥
ਬਿਲਾਵਲ ਮਹਲਾ ੩ ਘਰ ੧॥ ਪੰਨਾ ੭੯੬

ਮਹਾਰਾਜ ਉਪਦੇਸ਼ ਕਰਦੇ ਹਨ ਕਿ ਜੋ ਲੋਗ ਰਬ ਨੂੰ ਭੁਲ ਕੇ, ਚੰਗੇ ਕਪੜੇ ਤੇ ਆਰਾਮ ਕਰਨ ਵਿਚ ਆਪਣੀ ਬਿਰਤੀ ਜੋੜੀ ਰਖਦੇ ਨੇ, ਐਸੇ ਆਦਮੀਆਂ ਨੂੰ ਲਾਅਨਤ ਹੈ। ਉਨ੍ਹਾਂ ਦਾ ਜੀਵਨ ਧ੍ਰਿਗ ਹੈ। ਕੁਟੰਬ ਦੇ ਮੋਹ ਵਿਚ ਤੇ ਆਪਣੇ ਸਰੀਰ ਦੇ ਪਾਲਣ ਪੋਸਣ ਵਿਚ ਲਗੇ ਰਹਿਣਾ ਧ੍ਰਿਗ ਹੈ। ਇਨ੍ਹਾਂ ਪਦਾਰਥਾਂ ਦੇ ਮੋਹ ਵਿਚ ਫਸਨ ਨਾਲ ਤੁਸੀਂ ਹੁਣ (ਇਸੇ ਜਨਮ ਵਿਚ) ਖਸਮ ਨੂੰ ਨਹੀਂ ਪਾ ਸਕੋਗੇ । ਇਸ ਵਾਰੀ ਜੇ ਤੁਸੀਂ ਇਹ ਮਨੁੱਖਾ ਜਨਮ ਪਦਾਰਥਾਂ ਦੇ ਮੋਹ ਵਿਚ ਫਸ ਕੇ ਗੁਆ ਲਿਆ, ਤਾਂ ਮੁੜ ਇਹ ਵੇਲਾ ਹਥ ਨਹੀਂ ਆਵੇਗਾ ਤੇ ਤੁਸੀਂ ਮਨੁਖਾ ਜਨਮ ਨਿਸਫਲ ਗੁਆ ਕੇ ਇਸ ਜਹਾਨ ਤੋਂ ਚਲੇ ਜਾਉਗੇ । ਇਹ ਪਦਾਰਥਾਂ ਦਾ ਮੋਹ ਦੂਜਾ ਭਾਉ ਹੈ ਤੇ ਇਹ ਦੂਜਾ ਭਾਉ ਰਬ ਨਾਲ ਲਿਵ ਨਹੀਂ ਜੁੜਨ ਦੇਂਦਾ । ਇਸ ਨਾਲ ਰਬ ਵਿਸਰ ਜਾਂਦਾ ਹੈ ਤੇ ਪਦਾਰਥਾਂ ਨਾਲ ਪ੍ਰੀਤ ਵਧਦੀ ਹੈ।

ਪਰ ਦੂਜੇ ਬੰਨੇ, ਹੈ ਸਾਰੇ ਜਗਤ ਦੇ ਜੀਵਨ ਦਾਤਾ ! ਜੋ ਤੇਰੇ ਸੇਵਕ ਨੇ ਤੇ ਨਾਮੁ ਸਿਮਰਨ ਵਿਚ ਮਸਤ ਨੇ, ਉਨ੍ਹਾਂ ਦੇ ਤੂੰ ਸਾਰੇ ਦੁਖ ਦੂਰ ਕਰ ਦੇਂਦਾ ਹੈਂ।

ਸੋ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਨਿਰਾ ਨਾਮ ਸਿਮਰਨ ਨਹੀਂ ਚਲ ਸਕਦਾ। ਨਾਮ ਸਿਮਰਨ ਤੇ ਗੁਰ ਉਪਦੇਸ਼ ਨੂੰ ਕਮਾਣਾ, ਇਹ ਇਕ ਗਡੀ ਦੇ ਦੋ ਪਹੀਏ ਹਨ, ਦੋਨੋਂ ਇਕਠੇ ਹੀ ਚਲਦੇ ਹਨ। ਇਸ ਲਈ ਗੁਰਬਾਣੀ ਦੇ ਭਾਵ ਅਰਥਾਂ ਵਿਚ ਮਨ ਜੋੜ ਕੇ ਪਾਠ ਕਰਨਾ, ਗੁਰ ਉਪਦੇਸ਼ ਨੂੰ ਸਮਝਕੇ ਮਨ ਵਿਚ ਵਸਾਨਾ, ਉਸ ਤੇ ਅਮਲ ਕਰਨਾ ਇਹ ਨਾਮੁ ਸਿਮਰਨ ਦਾ ਇਕ ਜ਼ਰੂਰੀ ਅੰਗ ਹੈ।

ਕਈ ਸੱਜਣ ਇਹ ਪੁਛਦੇ ਨੇ ਕਿ ਨਾਮੁ ਸਿਮਰਨ ਵੇਲੇ ਧਿਆਨ ਕਿਸ ਦਾ ਧਰਨਾ ਚਾਹੀਦਾ ਹੈ। ਉਸ ਲਈ ਮਹਾਰਾਜ ਦਾ ਹੁਕਮ ਸਪਸ਼ਟ ਹੈ :



Digitized by Panjab Digital Library | www.panjabdigilib.org

ਗੋਂਡ ਮਹਲਾ ੫ ॥
ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥ ਪੰਨਾ ੮੬੪

ਪੁਨਾ : ਬਿਲਾਵਲ ਮਹਲਾ ੫ ॥
ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ।
ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ
ਤਾ ਕਾ ਹਿਰਦੈ ਧਰਿ ਮਨ ਧਿਆਨੁ ॥੧॥ ਰਹਾਉ ॥ ਪੰਨਾ ੮੨੭

ਪਿਛਲੇ ਜ਼ਮਾਨੇ ਵਿਚ ਕਈ ਗੁਰੂ ਆਪਣੇ ਚੇਲਿਆਂ ਕੋਲੋਂ ਸਮਾਧੀ ਲਗਵਾਕੇ ਆਪਣੀ ਨਾਸ਼ਮਾਨ ਸੂਰਤ ਦਾ ਧਿਆਨ ਲਗਵਾਉਂਦੇ ਸਨ । ਇਸ ਲਈ ਗੁਰੂ ਮਹਾਰਾਜ ਨੇ ਇਸ ਮਨਮਤਿ ਦਾ ਖੰਡਨ ਕੀਤਾ ਹੈ । ਮਹਾਰਾਜ ਦਸਦੇ ਨੇ ਕਿ ਸਾਡਾ ਗੁਰੂ ਤਾਂ ਨਿਰਾਕਾਰ ਹੈ । ਉਸਦੀ ਮੂਰਤਿ ਦਾ ਧਿਆਨ ਜੇ ਧਰਨਾ ਜੇ ਤਾਂ ਗੁਰੂ ਦੇ ਸਬਦਿ (ਉਪਦੇਸ਼) ਨੂੰ ਮੰਤਰ ਦੀ ਨਿਆਈ ਪੂਰੀ ਤਰ੍ਹਾਂ ਮਨ ਵਿਚ ਮਨੱਨ ਕਰੋ ਤਾਂ ਜੋ ਉਹ ਤੁਹਾਨੂੰ ਕਦੀ ਨਾ ਭੁੱਲੇ । ਗੁਰੂ ਕੇ ਚਰਨ (ਦਾਸ ਭਾਵ ਨਾਲ ਸਿਮਰਨ ਕਰਨਾ) ਆਪਣੇ ਹਿਰਦੇ ਵਿਕ ਧਾਰਨ ਕਰੋ । ਸਾਡਾ ਗੁਰੂ ਪਾਰਬ੍ਰਹਮ ਤੋਂ ਬਿਨਾਂ ਹੋਰ ਕੋਈ ਨਹੀਂ ਉਸ ਨੂੰ ਸਦਾ ਹੀ ਨਮਸਕਾਰ ਕਰੋ, ਉਸਦੇ ਸ਼ੁਕਰਾਨੇ ਵਿਚ ਰਹੋ । ਹੇ ਦੁਨੀਆਂ ਦੇ ਲੋਕੋ ਆਪਣੇ ਮਨ ਵਿਚੋਂ ਭੁਲੇਖਾ ਕਢ ਦਿਉ । ਸਬਦੁ ਗੁਰੂ ਨੂੰ ਭੇਟਨ ਤੋਂ ਬਿਨਾਂ ਕੋਈ ਵੀ ਭਵਸਾਗਰ ਨੂੰ ਪਾਰ ਨਹੀਂ ਕਰ ਸਕਦਾ ।

ਮਹਾਰਾਜ ਬਿਲਾਵਲ ਰਾਗ ਵਿਚ ਦਸਦੇ ਨੇ ਕਿ ਹਰੀ ਦੇ ਚਰਨਾਂ ਨੂੰ ਜਪ ਜਪ ਕੇ ਮੈਂ ਕੁਰਬਾਨ ਹੋ ਰਿਹਾ ਹਾਂ । ਜਿਸਦਾ ਭਾਵ ਇਹ ਹੈ ਕਿ ਹਰੀ ਜੋ ਨਿਰਾਕਾਰ ਹੈ, ਚਰਨ ਰਹਿਤ ਹੈ, ਉਸਦੇ ਚਰਨ ਜਪਨ ਦਾ ਮਤਲਬ ਦਾਸ ਭਾਵ ਨਾਲ ਨਾਮੁ ਸਿਮਰਨ ਕਰਨਾ ਹੈ । ਅੱਗੇ ਦਸਦੇ ਨੇ ਕਿ ਮੇਰਾ ਗੁਰੂ



Digitized by Panjab Digital Library | www.panjabdigilib.org

ਪਾਰਬ੍ਰਹਮ ਪਰਮੇਸ਼ਵਰ ਹੈ, ਹੇ ਮਨਾਂ ਤੂੰ ਉਸਦਾ ਹੀ ਧਿਆਨ ਧਰ, ਅਪਨੇ ਧਿਆਨ ਨੂੰ ਨਾਮੁ ਵਿਚ ਲੀਨ ਕਰ ।

ਸੋ ਅਸੀਂ ਆਪ ਵੀ ਜੋਤਿ ਸਰੂਪ ਹਾਂ ਸਾਡਾ ਗੁਰੂ ਵੀ ਜੋਤਿ ਸਰੂਪ ਹੈ, ਕਿਸੇ ਬਿਨਸਨ ਹਾਰ ਦਾ ਧਿਆਨ ਧਰ ਕੇ ਖਜਲ ਖੁਆਰੀ ਹੀ ਪੱਲੇ ਪਵੇਗੀ। ਸਤਿਗੁਰ ਮਤਿ ਦਾ ਸਿਧਾਂਤ ਤਾਂ ਇਹੀ ਹੈ ਕਿ ਨਾਮੁ ਵਿਚ ਆਪਣੀ ਸੁਰਤਿ ਲੀਨ ਕਰ ਦਿਉ । ਮਨ ਨੂੰ ਪਹਿਰੇਦਾਰ ਬਨਾਓ, ਉਹ ਨਿਗਾਹ ਰਖੇ ਕਿ ਅਸੀਂ ਨਾਮ ਜਪ ਰਹੇ ਹਾਂ ਕਿ ਨਹੀਂ ਜਪ ਰਹੇ। ਸੰਕਲਪ ਵਿਕਲਪਾਂ ਦੇ ਹੜ੍ਹ ਵਿਚ ਜੇ ਸੁਰਤਿ ਰੁੜ੍ਹ ਗਈ ਹੈ ਤਾਂ ਫਿਰ ਉਸਨੂੰ ਮੋੜ ਕੇ ਵਾਪਸ ਲਿਆਓ । ਇਸੇ ਤਰ੍ਹਾਂ ਕਰਦਿਆਂ ਕੋਈ ਵਕਤ ਆ ਜਾਵੇਗਾ ਜਦੋਂ ਨਾਮੁ ਸਿਮਰਨ ਮਿੱਠਾ ਲੱਗਣ ਲਗ ਜਾਵੇਗਾ । ਇਹ ਸਭ ਗੁਰੂ ਮਿਹਰ ਨਾਲ ਹੋਵੇਗਾ । ਗੁਰੂ ਮਿਹਰ ਲਈ ਯਾਚਨਾ ਕਰਦੇ ਰਹਿਣਾ ਚਾਹੀਦਾ ਹੈ। ਇਸ ਗੱਲ ਦੀ ਜਲਦੀ ਨ ਕਰੋ ਕਿ ਮੈਨੂੰ ਜਲਦੀ ਤੋਂ ਜਲਦੀ ਮਨ ਦੀ ਇਕਾਗਰਤਾ ਮਿਲ ਜਾਵੇ। ਜਿੰਨੀ ਦੇਰ ਦੂਜਾ ਭਾਉ ਜ਼ੋਰ ਵਿਚ ਹੈ, ਸੰਕਲਪ ਵਿਕਲਪ ਨਾਮੁ ਸਿਮਰਨ ਵਿਚ ਰੁਕਾਵਟ ਪਾਉਂਦੇ ਰਹਿਣਗੇ। ਜਦੋਂ ਗੁਰੂ ਮਿਹਰ ਹੋਵੇਗੀ, ਮਾਇਆ ਦਾ ਮੋਹ ਟੁਟ ਜਾਵੇਗਾ ਤੇ ਨਾਮੁ ਵਿਚ ਰਸ ਆਉਣਾ ਸ਼ੁਰੂ ਹੋ ਜਾਵੇਗਾ ।



Digitized by Panjab Digital Library | www.panjabdigilib.org

# ਗੁਰਬਾਣੀ ਰਹਸ

ਇਹ ਇਲਾਹੀ ਬਾਣੀ, ਜੋ ਸਤਿਗੁਰਾਂ ਨੇ ਸਾਡੇ ਉੱਧਾਰ ਲਈ ਸਾਨੂੰ ਬਖਸ਼ੀ ਹੈ, ਰਹਸ ਭਰਪੂਰ ਹੈ। ਕਈ ਸੱਜਣ ਜੋ ਇਸਦੇ ਰਹਸ ਨੂੰ ਨਹੀਂ ਸਮਝ ਸਕਦੇ, ਉਹ ਇਸਨੂੰ ਤੁਕ ਬੰਦੀ ਸਮਝਕੇ ਅਰਥ ਕਰਦੇ ਹਨ, ਤੇ ਭੁਲੇਖੇ ਵਿਚ ਪੈ ਜਾਂਦੇ ਹਨ। ਜਿਸ ਸਮੇਂ ਇਹ ਬਾਣੀ ਉਚਾਰੀ ਗਈ, ਉਸ ਸਮੇਂ ਜੋ ਮੁਹਾਵਰੇ ਪ੍ਰਚਲਤ ਸਨ, ਉਨ੍ਹਾਂ ਨੂੰ ਮਹਾਰਾਜ ਨੇ ਵੀ ਵਰਤਿਆ ਤਾਂ ਜੋ ਉਨ੍ਹਾਂ ਲੋਕਾਂ ਨੂੰ ਉਸੇ ਬੋਲੀ ਵਿਚ ਤੇ ਉਨ੍ਹਾਂ ਪ੍ਰਮਾਣਾਂ ਦੁਆਰਾ ਸਮਝਾਇਆ ਜਾਵੇ, ਜਿਨ੍ਹਾਂ ਦੀ ਵਰਤੋਂ ਉਹ ਆਮ ਕਰਦੇ ਸਨ। ਮਿਸਾਲ ਵਜੋਂ ਪਾਰਸ ਤੇ ਲੋਹੇ ਵਾਲਾ ਮੁਹਾਵਰਾ ਵੇਦ ਕਾਲ ਤੋਂ ਹੀ ਚਲਿਆ ਆ ਰਿਹਾ ਹੈ । ਲੋਕ ਗੁਰੂ ਨੂੰ ਪਾਰਸ ਤੇ ਚੇਲੇ ਨੂੰ ਲੋਹੇ ਨਾਲ ਤੁਲਣਾ ਦੇਂਦੇ ਸਨ । ਪਰ ਸਾਰੀ ਦੁਨੀਆਂ ਵਿਚ ਇਕ ਵੀ ਪਾਰਸ ਨਹੀਂ। ਜੇ ਇਕ ਵੀ ਪਾਰਸ ਇਸ ਦੁਨੀਆਂ ਵਿਚ ਹੋਵੇ ਤਾਂ ਉਥੋਂ ਦੀ ਸਰਕਾਰ ਝੱਟ ਉਸ ਤੇ ਕਬਜ਼ਾ ਕਰ ਲਵੇ ਤੇ ਲੋਹੇ ਤੋਂ ਸੋਨਾ ਬਣਾਉਣਾ ਸ਼ੁਰੂ ਕਰ ਦੇਵੇ । ਇਸੇ ਤਰ੍ਹਾਂ ਹੀ ਹੰਸ ਤੇ ਮਾਨਸਰੋਵਰ ਵਾਲਾ ਮੁਹਾਵਰਾ ਹੈ। ਕਹਿੰਦੇ ਨੇ ਕਿ ਹੰਸ ਮਾਨਸਰੋਵਰ ਵਿਚੋਂ ਮੋਤੀ ਚੁਗ ਕੇ ਖਾਂਦੇ ਹਨ ।ਮਾਨ ਸਰੋਵਰ ਤਿੱਬਤ ਵਿਚ ਹੈ, ਪਰ ਉਥੇ ਇਕ ਵੀ ਮੋਤੀ ਨਹੀਂ ਤੇ ਨਾ ਹੀ ਕੋਈ ਹੰਸ ਹੈ, ਇਹ ਕੇਵਲ ਮੁਹਾਵਰਾ ਹੀ ਹੈ। ਇਹ ਮੁਹਾਵਰੇ ਵੇਦ ਕਾਲ ਤੋਂ ਹੀ ਪ੍ਰਚਲਤ ਸਨ। ਐਸੇ ਤੇ ਇਸ ਤਰ੍ਹਾਂ ਦੇ ਹੋਰ ਕਈ ਮੁਹਾਵਰੇ ਜੋ ਉਸ ਸਮੇਂ ਪ੍ਰਚਲਤ ਸਨ ਉਨ੍ਹਾਂ ਦੀ ਯੋਗ ਵਰਤੋਂ ਬਾਣੀ ਵਿਚ ਵੀ ਕੀਤੀ ਗਈ। ਜਿਸ ਤਰ੍ਹਾਂ ਚਰਨ ਕਮਲ, ਚਰਨ ਧੂੜ, ਚਰਨਾਰਬਿੰਦ ਆਦਿ। ਇਹ ਕੇਵਲ ਦਾਸ ਭਾਵ ਜਤਾਉਣ ਲਈ ਜਾਂ ਸਤਿਸੰਗ ਲਈ ਵਰਤੇ ਜਾਂਦੇ ਸਨ । ਮੁਖਾਰਬਿੰਦ, ਗੁਰਮੁਖਿ ਆਦਿ ਇਹ ਗੁਰ ਉਪਦੇਸ਼ ਲਈ ਵਰਤੇ ਜਾਂਦੇ ਸਨ। ਮਿਸਾਲ ਵਜੋਂ ਅਸੀਂ ਬਾਣੀ ਵਿਚੋਂ ਕੁਝ ਤੁਕਾਂ ਦੀ ਵਿਚਾਰ ਕਰਦੇ ਹਾਂ।



Digitized by Panjab Digital Library | www.panjabdigilib.org

ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ ॥
ਚਰਣ ਕਮਲ ਆਰਾਧਿ ਹਿਰਦੈ ਏਕੁ ਸਿਉ ਲਿਵ ਲਾਉ ॥੩॥

ਪੰਨਾ ੫੦੧

ਉਹ ਮਾਲਕ (ਹਰੀ) ਜੋ ਅਬਨਾਸੀ ਹੈ, ਜਿਸਨੂੰ ਕੋਈ ਭੱਨ ਜਾਂ ਵਿਨ੍ਹ ਨਹੀਂ ਸਕਦਾ, ਉਸਦੀ ਸ਼ਰਨ ਆ ਜਾਉ, ਉਸਨੂੰ ਆਪਾ ਸਮਰਪਨ ਕਰ ਦਿਉ। ਇਹ ਤਦ ਹੀ ਹੋਵੇਗਾ ਜੇ ਅਸੀਂ ਉਸਦੇ ਚਰਨ ਕਮਲ ਅਰਾਧ ਕੇ ਹਿਰਦੇ ਵਿਚ ਵਸਾ ਲਵਾਂਗੇ ਤੇ ਇਸ ਤਰ੍ਹਾਂ ਕਰਨ ਨਾਲ ਹਰੀ ਨਾਲ ਲਿਵ ਜੁੜ ਜਾਏਗੀ। ਇਥੇ ਦੇਖਣਾ ਇਹ ਹੈ ਕਿ ਹਰੀ ਅਰੂਪ ਹੈ ਉਸਦੇ ਚਰਨ ਕਮਲ ਹੀ ਨਹੀਂ। ਕੋਈ ਆਦਮੀ ਕਿਸੇ ਮਨੁਖ ਦੇ ਚਰਨ ਵੀ ਹਿਰਦੇ ਵਿਚ ਰਖ ਨਹੀਂ ਸਕਦਾ । ਇਸ ਤੁਕ ਦਾ ਅਰਥ ਇਹੀ ਬਣਦਾ ਹੈ ਕਿ ਦਾਸ ਭਾਵ ਵਿਚ ਆਕੇ ਨਾਮੁ ਸਿਮਰਨ ਕਰੋ। ਏਕੁ ਨਾਲ ਲਿਵ ਜੋੜੋ।

੧. ਤੁਧੁ ਵਿਣੁ ਨਾਹੀ ਕੋਈ ਮੇਰਾ ॥ ਗੁਰ ਪਕੜਾਏ ਪ੍ਰਭ ਤੇ ਪੈਰਾ ॥
ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ ॥

ਪੰਨਾ ੧੦੮੫

੨. ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥
ਗੁਰਿ ਪਕਰਾਏ ਹਰਿ ਕੇ ਚਰਨਾ ॥ ਪੰਨਾ ੮੮੭

ਇਥੇ ਗੁਰ ਪਕਰਾਏ ਪ੍ਰਭ ਕੇ ਚਰਨ ਜਾਂ ਪੈਰ ਹੈ। ਪ੍ਰਭੂ ਵੀ ਨਿਰਾਕਰ ਹੈ ਤੇ ਗੁਰੂ ਵੀ ਨਿਰਾਕਾਰ ਹੈ । ਉਸਦੇ ਪੈਰ ਹੀ ਨਹੀਂ। ਇਹੀ ਰਹਸ ਹੈ, ਜਿਸ ਦਾ ਭਾਵ ਹੈ ਕਿ ਦਾਸ ਹਮੇਸ਼ਾ ਮਾਲਕ ਦੇ ਚਰਨਾਂ ਵਲ ਹੀ ਦੇਖਦੇ ਹਨ, ਮੂੰਹ ਵਲ ਨਹੀਂ। ਸੋ ਗੁਰੂ ਨੇ ਮੈਨੂੰ ਪ੍ਰਭੂ ਦੀ ਦਾਸੀ ਬਣਾ ਦਿਤਾ ਹੈ।

੧. ਰੇ ਚਿਤ ਚਰਣ ਕਮਲ ਅਰਾਧਿ ॥
ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ ॥ ਪੰਨਾ ੫੦੧

੨. ਦਾਝਿ ਗਏ ਤ੍ਰਿਣ ਪਾਪ ਸੁਮੇਰ ॥
ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ ॥ ਪੰਨਾ ੮੯੯

ਨਾਮੁ ਜਪਨਾ ਹੀ ਪ੍ਰਭੂ ਦੇ ਪੈਰ ਪੂਜਨੇ ਨੇ । ਚਰਨ ਕਮਲ ਅਰਾਧ ਦਾ ਮਤਲਬ ਵੀ ਨਾਮੁ ਜਪਨਾ ਹੀ ਬਣਦਾ ਹੈ । ਨਿਰਾਕਾਰ ਦੇ ਸਾਡੇ ਵਰਗੇ ਪੈਰ



Digitized by Panjab Digital Library | www.panjabdigilib.org

ਨਹੀਂ ਇਹ ਕੇਵਲ ਅਲੰਕਾਰ ਹੀ ਵਰਤਿਆ ਹੈ।

੧. ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥ ਪੰਨਾ ੭੪੦

ਮੈਂ ਉਸ (ਹਰੀ) ਦਾ ਬਾਰੰਬਾਰ ਸਿਮਰਨ ਕਰਦਾ ਹਾਂ। ਮੇਰੇ ਲਈ ਇਹੀ ਉਸਦੇ ਚਰਨ ਧੋ ਧੋ ਕੇ ਪੀਣੇ ਹਨ।

੨. ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥
ਗੁਰ ਪਰਸਾਦੀ ਹਰਿ ਨਾਮੁ ਧਿਆਇਓ
ਹਮ ਸਤਿਗੁਰ ਚਰਨ ਪਖੇ ॥੧॥ ਰਹਾਉ ॥ ਪੰਨਾ ੯੭੬

ਗੁਰਪਰਸਾਦੀ ਹਰਿ ਨਾਮ ਧਿਆਉਣਾ ਹੀ ਸਤਿਗੁਰੂ ਦੇ ਚਰਨ ਪਖਾਲਨੇ ਹਨ। ਕਿਉਂ ਜੋ ਸਾਡਾ ਗੁਰੂ ਅਰੂਪ ਹੈ ਉਸਦੇ ਚਰਨ ਹੀ ਨਹੀਂ ਇਹ ਕੇਵਲ ਅਲੰਕਾਰ ਵਰਤੇ ਗਏ ਹਨ।

ਸਤਿਗੁਰੁ ਅਪਨਾ ਸਦ ਸਦਾ ਸਮਾਰੇ ॥
ਗੁਰ ਕੇ ਚਰਨ ਕੇਸ ਸੰਗਿ ਝਾਰੇ ॥੧॥ ਪੰਨਾ ੩੮੭

ਆਪਣੇ ਅਰੂਪ ਸਤਿਗੁਰੂ ਨੂੰ ਨਾਮ ਸਿਮਰਨ ਦੁਆਰਾ ਸਦਾ ਸ਼ਮ੍ਹਾਲੀ ਰਖਨਾ ਇਹੀ ਗੁਰੂ ਕੇ ਚਰਨ ਕੇਸਾਂ ਨਾਲ ਝਾੜਨਾ ਹੈ। ਕੋਈ ਵੀ ਆਦਮੀ ਆਪਣੇ ਕੇਸਾਂ ਨਾਲ ਕਿਸੇ ਦੂਸਰੇ ਦੇ ਪੈਰ ਨਹੀਂ ਝਾੜ ਸਕਦਾ। ਗੁਰੂ ਨੂੰ ਇਸ ਤਰ੍ਹਾਂ ਕਰਵਾਉਣ ਦਾਂ ਕੋਈ ਲਾਭ ਨਹੀਂ।

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥
ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥੧॥ਰਹਾਉ॥
ਪੰਨਾ ੮੧੦

ਮਹਾਰਾਜ ਦਸਦੇ ਨੇ ਕਿ ਦੇਹ ਧਾਰੀ ਗੁਰੂ ਆਪਣੇ ਚੇਲਿਆ ਕੋਲੋਂ ਵਾਲਾਂ ਨਾਲ ਪੈਰ ਪਏ ਝੜਵਾਨ। ਅਸੀਂ ਅਲੰਕਾਰ ਇਹੀ ਵਰਤਿਆ ਹੈ ਪਰ ਇਸ ਦਾ ਮਦਲਬ ਇਹ ਹੈ ਕਿ ਸਬਦੁ ਗੁਰੂ ਅੱਗੇ ਮਸਤਕ ਭੇਟਨਾ, ਦਿਲ ਤੇ ਦਿਮਾਗ ਗੁਰੂ ਨੂੰ ਅਰਪਨ ਕਰਨਾ, ਗੁਰੂ ਦੀ ਸੰਗਤ ਕਰ ਕੇ ਉਸ ਰਸਾਲ ਪ੍ਰਭੂ ਦੇ ਗੁਣ ਸੁਨਣਾ।



Digitized by Panjab Digital Library | www.panjabdigilib.org

ਭੈਰਉ ਮਹਲਾ ੧ ॥

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥੧॥
ਸੋ ਜਨੁ ਐਸਾ ਮੈ ਮਨਿ ਭਾਵੈ ॥
ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥੧॥ਰਹਾਉ॥
ਪੰਨਾ ੧੧੨੬-੧੧੨੭

ਗੁਰੂ ਕੀ ਕਾਰ ਕਮਾਣੀ ਕੀ ਹੈ ? ਗੁਰੂ ਕੀ ਕਾਰ ਪਾਣੀ, ਪੱਖਾ, ਜਾਂ ਚੱਕੀ ਪੀਸਨੀ ਨਹੀਂ ਇਹ ਕੇਵਲ ਅਲੰਕਾਰ ਨੇ। ਗੁਰੂ ਕੀ ਕਾਰ ਹੈ :

ਦਿਨ ਰਾਤ ਸਬਦੁ ਗੁਰੂ ਦੇ ਸੰਗ (ਸੰਗਤ) ਵਿਚ ਰਹੇ । ਰਸਨਾ ਰਾਮ ਦੇ ਰੰਗ ਵਿਚ ਰੰਗੀ ਹੋਈ ਹੋਵੇ । ਸਬਦੁ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਪਛਾਣੇ, ਕਿਸੇ ਤੇ ਪਰਤੀਤ ਨਾ ਲਿਆਵੇ । ਸਬਦੁ ਗੁਰੂ ਜੋ ਸਾਡੇ ਅੰਦਰ ਹੈ, ਉਸੇ ਨਾਲ ਜਾਣ-ਪਛਾਣ ਰੱਖੇ, ਉਸੇ ਤੇ ਪਰਤੀਤ ਲਿਆਵੇ। ਮਹਾਰਾਜ ਕਹਿੰਦੇ ਹਨ ਕਿ ਐਸਾ ਜਨ ਮੈਨੂੰ ਚੰਗਾ ਲਗਦਾ ਹੈ, ਜੋ ਆਪਣੇ ਮਨ ਨੂੰ ਵਿਕਾਰਾਂ ਵਲੋਂ ਮਾਰ ਕੇ ਅਪਰੰਪਰ (ਹਰੀ) ਦੇ ਰੰਗ ਵਿਚ ਰੰਗਿਆ ਰਹੇ। ਇਹੀ ਗੁਰੂ ਦੀ ਸੇਵਾ ਕਮਾਣੀ ਹੈ। ਇਸ ਤੋਂ ਬਿਨਾਂ ਹੋਰ ਕੋਈ ਸੇਵਾ ਨਹੀਂ ।

ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥
ਪੰਨਾ ੬੬

ਹੇ ਮਨ ਜੇ ਤੂੰ ਗੁਰੂ ਦੇ ਭਾਣੇ ਵਿਚ ਚਲੈਂਗਾ ਤਾਂ ਦਿਨ ਰਾਤ ਨਾਮੁ ਰੰਗ ਵਿਚ ਰੰਗਿਆ ਰਹੇਂਗਾ। ਇਹੀ ਇਕੋ ਇਕ ਸੇਵਾ ਹੈ ਗੁਰੂ ਕੀ।

ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਪੰਨਾ ੬੬

ਹੇ ਭਾਈ ! ਨਾਮੁ ਸਿਮਰਨ ਦੁਆਰਾ ਆਪਣੇ ਵਿਚ ਨਿਮਰਤਾ ਲਿਆ। ਗੁਰੂ ਦੀ ਸੇਵਾ ਗੁਰੂ ਦੀ ਭਗਤੀ ਹੈ ਜੋ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਆਮ ਲੋਕ ਦ੍ਰਿਸ਼ਟਮਾਨ ਦੀ ਸੇਵਾ ਵਿਚ ਹੀ ਲਗੇ ਰਹਿੰਦੇ ਹਨ।

ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥ (ਸੁਖਮਨੀ ਸਾਹਿਬ) ਪੰਨਾ ੨੬੫



Digitized by Panjab Digital Library | www.panjabdigilib.org

ਸੰਤ ਗੁਰੂ ਦੀ ਸੇਵਾ ਇਕੋ ਇਕ ਹੈ, ਉਹ ਹੈ ਹਰਿ ਨਾਮੁ ਧਿਆਨ ਵਿਚ ਵਸਾਉਣਾ। ਇਹ ਸੇਵਾ ਵੱਡੇ ਭਾਗ ਨਾਲ ਮਿਲਦੀ ਹੈ।

ਸਲੋਕੁ ਮ: ੩ ॥

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨ ਮਰਹਿ ਤਾ ਸੇਵਾ ਪਵੈ ਸਭ ਥਾਇ ॥

ਪੰਨਾ ੬੪੯

ਸਤਿਗੁਰੂ ਦੀ ਸੇਵਾ ਔਖੀ ਹੈ। ਇਥੇ ਦਿਲ ਤੇ ਦਿਮਾਗ਼ ਅਰਪਨ ਕਰਨਾ ਪੈਂਦਾ ਹੈ। ਸਬਦੁ ਗੁਰੂ ਦੇ ਉਪਦੇਸ਼ ਦੁਆਰਾ ਜੋ ਲੋਗ ਮਨ ਨੂੰ ਮਾਰ (ਜਿਤ) ਲੈਂਦੇ ਹਨ, ਉਹ ਮੌਤ ਤੋਂ ਨਹੀਂ ਡਰਦੇ। ਇਹੀ ਇਕੋ ਇਕ ਸੇਵਾ ਗੁਰੂ ਕੀ ਹੈ ਜੋ ਥਾਏ ਪੈਂਦੀ ਹੈ।

ਸਾਡਾ ਗੁਰੂ ਨਿਰਾਕਾਰ ਹੈ, ਨਿਰਾਕਾਰ ਦੀ ਸੇਵਾ ਵੀ ਨਿਰਾਕਾਰ ਹੀ ਹੁੰਦੀ ਹੈ। ਉਹ ਹੈ ਨਾਮੁ ਸਿਮਰਨ। ਜੇ ਉਸਨੂੰ ਭੋਗ ਲੁਆਉਣਾ ਹੋਵੇ ਤਾਂ ਉਹ ਵੀ ਨਿਰਾਕਾਰ ਹੀ ਹੋਵੇਗਾ।

ਭਗਤ ਰਵੀਦਾਸ ਜੀ ਦਸਦੇ ਹਨ :

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ ਪੰਨਾ ੬੯੪

ਹੇ ਹਰੀ, ਤੇਰਾ ਨਾਮੁ (ਸਿਮਰਨ) ਹੀ ਤੇਰੀ ਆਰਤੀ ਉਤਾਰਨੀ ਹੈ ਤੇ ਸਤਿਨਾਮੁ (ਦਾ ਉਚਾਰਨ) ਹੀ ਤੈਨੂੰ ਭੋਗ ਲੁਆਉਣਾ ਹੈ। ਹੋਰ ਕਿਸੇ ਦਿਸਦੇ ਪਦਾਰਥ ਦਾ ਭੋਗ ਲਗਾਉਣਾ ਮਨਮਤਿ ਹੈ।

ਹੁਣ ਸ਼ੇਖ ਫਰੀਦ ਜੀ ਦਾ ਰਹਸ ਵਾਦ ਦੇਖੀਏ, ਫੁਰਮਾਉਂਦੇ ਹਨ :

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮ ॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥੨੯॥

ਪੰਨਾ ੧੩੭੯

ਸ਼ੇਖ ਸਾਹਿਬ ਦਸਦੇ ਨੇ ਕਿ ਮੇਰੀ ਖ਼ੁਰਾਕ ਕਾਠ ਦੀ ਰੋਟੀ ਹੈ ਤੇ ਸਲੂਣਾ ਮੇਰੀ ਭੁਖ ਹੀ ਹੈ। ਇਹ ਅਲੰਕਾਰ ਹੈ। ਕਾਠ ਦੀ ਰੋਟੀ ਨਾ ਕੋਈ ਖਾ ਸਕਦਾ



Digitized by Panjab Digital Library | www.panjabdigilib.org

ਹੈ ਤੇ ਨਾ ਹੀ ਉਸ ਨਾਲ ਭੁਖ ਲੱਥ ਸਕਦੀ ਹੈ । ਇਸੇ ਲਈ ਸ਼ੇਖ ਸਾਹਿਬ ਅਗਲੇ ਸਲੋਕ ਵਿਚ ਆਪ ਹੀ ਸਪਸ਼ਟ ਕਰ ਦੇਂਦੇ ਨੇ ਕਿ ਕਾਠ ਦੀ ਰੋਟੀ ਦਾ ਮਤਲਬ ਹੈ ਰੁਖੀ ਸੁਖੀ ਖਾਣਾ । ਅਸੀਂ ਖਾਣ ਪੀਣ ਦੇ ਪਦਾਰਥਾਂ ਵਲੋਂ ਆਪਣਾ ਮਨ ਚੁੱਕ ਲਿਆ ਹੈ। ਅਸੀਂ ਜੀਭ ਦੇ ਸੁਆਦ ਵਲ ਨਹੀਂ ਜਾਂਦੇ । ਜੈਸਾ ਵੀ ਭੋਜਨ ਹੋਵੇ ਖਾ ਲੈਂਦੇ ਹਾਂ । ਪੌਸ਼ਟਿਕ ਆਹਾਰ ਹੋਣਾ ਚਾਹੀਦਾ ਹੈ। ਕਿਉਂ ਜੋ ਦੇਹ ਨੂੰ ਅਰੋਗ ਰਖਣਾ ਜ਼ਰੂਰੀ ਹੈ। ਇਸਤੋਂ ਬਿਨਾਂ ਨਾਮੁ ਦੀ ਕਮਾਈ ਨਹੀਂ ਹੋ ਸਕਦੀ ।

ਨਾਮੁ ਸਿਮਰਨ ਲਈ ਬਹੁਤੇ ਅਲੰਕਾਰ ਵਰਤੇ ਗਏ ਹਨ :

ਭੈਰਉ ਮਹਲਾ ੫ ॥

ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥
ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥
ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ॥
ਨਾਮੁ ਹਮਾਰੈ ਮਜਨੁ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥
ਨਾਮੁ ਲੈਤ ਤੇ ਸਗਲ ਪਵੀਤ ॥ ਨਾਮੁ ਜਪਤ ਮੇਰੇ ਭਾਈ ਮੀਤ ॥੨॥

ਪਨਾ ੧੧੪੫

ਮਹਾਰਾਜ ਦਸਦੇ ਹਨ ਕਿ ਨਾਮ ਸਿਮਰਨ ਤੋਂ ਬਿਨਾਂ ਸਾਡਾ ਹੋਰ ਕੋਈ ਵੀ ਉਪਦੇਸ਼ ਨਹੀਂ, ਬ੍ਰਾਹਮਣਾਂ ਦੇ ਵੇਦ ਤੇ ਜੋਗੀਆਂ ਦੇ ਨਾਦ ਹੋਣਗੇ, ਪਰ ਸਾਡੇ ਲਈ ਨਾਮੁ ਸਿਮਰਨ ਹੀ ਸਭ ਕੁਝ ਹੈ। ਉਹੀ ਸਾਡੇ ਕਾਜ ਸਵਾਰਦਾ ਹੈ। ਨਾਮ ਸਿਨਰਨ ਤੋਂ ਬਿਨਾਂ ਸਾਡਾ ਕੋਈ ਇਸ਼ਟ ਜਾਂ ਦੇਵਤਾ ਨਹੀਂ, ਜਿਸ ਦੀ ਅਸੀਂ ਪੂਜਾ ਕਰੀਏ। ਗੁਰੂ ਦੀ ਸੇਵਾ ਵੀ ਨਾਮੁ ਸਿਮਰਨ ਹੀ ਹੈ। ਪੂਰੇ ਗੁਰੂ ਨੇ ਸਾਨੂੰ ਨਾਮ ਹੀ ਦ੍ਰਿੜ ਕਰਵਾਇਆ ਹੈ ਤੇ ਹਰੀ ਹਰੀ ਕਹਿਣਾ ਹੀ ਸਭ ਤੋਂ ਉਤਮ ਕੰਮ ਹੈ। ਅਸੀਂ ਕਿਸੇ ਵੀ ਤੀਰਥ ਨੂੰ ਨਹੀਂ ਮੰਨਦੇ ਤੇ ਨਾ ਕਿਸੇ ਵਿਸ਼ੇਸ਼ ਦਿਨ ਨੂੰ ਜਾਂ ਪੁਰਬ ਨੂੰ ਮੰਨਦੇ ਹਾਂ। ਨਾਮੁ ਸਿਮਰਨ ਹੀ ਸਾਡਾ ਤੀਰਥ ਇਸ਼ਨਾਨ ਤੇ ਦਾਨ ਹੈ। ਨਾਮੁ ਆਪ ਜਪਨਾ ਤੇ ਅੱਗੇ ਹੋਰਨਾਂ ਨੂੰ ਉਤਸ਼ਾਹਿਤ ਕਰਨਾ ਇਹੀ ਸਾਡਾ ਦਾਨ ਹੈ। ਨਾਮੁ ਸਿਮਰਨ ਵਾਲੇ ਸਾਰੇ ਹੀ ਪਵਿੱਤਰ ਹਨ, ਉਹੀ ਮੇਰੇ ਭਰਾ ਤੇ ਮਿੱਤਰ ਹਨ।



Digitized by Panjab Digital Library | www.panjabdigilib.org

ਮ: ੫ ॥ ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥

ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾਹੂ ਬਾਹਰੇ ॥੩॥ ਪੰਨਾ ੧੦੯੮

ਮੈਂ ਆਪਣੇ ਪ੍ਰੀਤਮ ਦੇ ਬਿਸਰਾਮ ਕਰਨ ਲਈ ਮੰਜਾ ਹੋ ਜਾਵਾਂ ਤੇ ਮੇਰੇ ਨੈਨ ਬਿਸਤਰਾ ਹੋ ਜਾਨ। ਜੇ ਓਹ ਇਕ ਵਾਰੀ ਵੀ ਮਿਹਰ ਦੀ ਨਜ਼ਰ ਨਾਲ ਦੇਖੇ ਤਾਂ ਐਸਾ ਸੁਖ ਮਿਲ ਜਾਵੇਗਾ, ਜਿਸਦਾ ਮੁਲ ਹੀ ਨਹੀਂ ਪੈ ਸਕਦਾ। ਇਹ ਹੈ ਰਹਸ ਇਸ ਦਾ ਭਾਵ ਕੇਵਲ ਇਹੀ ਹੈ ਕਿ ਮੈਂ ਆਪਣਾ ਸਭ ਕੁਝ ਪ੍ਰੀਤਮ ਤੋਂ ਵਾਰਨ ਲਈ ਤਿਆਰ ਹਾਂ । ਮੈਂ ਆਪਣਾ ਆਪਾ ਸਮਰਪਨ ਕਰ ਦਿਤਾ ਹੈ।

ਮ: ੫ ॥ ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ ॥

ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰ ॥੩॥

ਪੰਨਾ ੧੦੯੫

ਮੈਂ ਕੰਤ ਲਈ ਸੇਜ ਵਿਛਾਈ ਹੈ ਤੇ ਸਭ ਸ਼ੀਗਾਰ ਕੀਤਾ ਹੈ। ਪਰ ਜੇ ਮੈਂ ਗਲ ਵਿਚ ਹਾਰ ਪਾਇਆ ਤਾਂ ਇਹ, ਮੇਰੇ ਤੇ ਪਤੀ ਵਿਚ ਵਿੱਥ ਪਾ ਦੇਵੇਗਾ ਅੰਕ ਨਾਲ ਅੰਕ ਨਹੀਂ ਸਮਾਨ ਦੇਵੇਗਾ ।

ਇਥੇ ਹਾਰ ਦਾ ਮਤਲਬ ਹੈ ਦੂਜਾ ਭਾਉ। ਜੇ ਅਸੀਂ ਕਿਸੇ ਵੀ ਦੇਹ ਉਤੇ ਪਰਤੀਤ ਲਿਆਵਾਂਗੇ ਤਾਂ ਉਤਨੀ ਹੀ ਪਰਤੀਤ ਸਾਡੀ ਪ੍ਰਭੂ ਨਾਲ ਘਟ ਜਾਵੇਗੀ।

ਪੰਨਾ ੧੪੯ ਤੇ ਅੰਮ੍ਰਿਤੁ ਦੇ ਅਰਥ ਕਰਦਿਆਂ ਵਿਚਾਰ ਇਹ ਹੋਈ ਸੀ ਕਿ ਕੇਵਲ ਅਕਾਲ ਪੁਰਖ ਹੀ ਅੰਮ੍ਰਿਤੁ ਹੈ। ਹੁਣ ਇਸ ਤੇ ਵੇਰਵੇ ਸਹਿਤ ਵਿਚਾਰ ਕਰਦੇ ਹਾਂ।

ਸਲੋਕ ਮਹਲਾ ੨॥ ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥

ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥

ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥

ਪੰਨਾ ੧੨੩੮

ਮਹਾਰਾਜ ਦਸਦੇ ਹਨ ਕਿ ਜਿਨ੍ਹਾਂ ਨੂੰ ਧੁਰੋਂ ਹੀ ਤੇਰੇ ਨਾਮੁ ਸਿਮਰਨ ਦੀ ਵਡਿਆਈ ਮਿਲੀ ਹੋਈ ਹੈ, ਉਨ੍ਹਾਂ ਦੇ ਮਨ ਨਾਮੁ ਸਿਮਰਨ ਵਾਲੇ ਰੰਗ ਵਿਚ



Digitized by Panjab Digital Library | www.panjabdigilib.org

ਰੰਗੇ ਰਹਿੰਦੇ ਹਨ। ਕੇਵਲ ਏਕੁ (ਅਕਾਲ ਪੁਰਖ) ਹੀ ਅੰਮ੍ਰਿਤੁ ਹੈ। ਇਸ ਤੋਂ ਬਿਨਾਂ (ਦੂਜਾ=ਦੂਈ ਕੁਦਰਤ) ਸਾਰੀ ਸ੍ਰਿਸ਼ਟੀ ਵਿਚ ਕਿਧਰੇ ਵੀ ਕੋਈ ਅੰਮ੍ਰਿਤੁ ਨਹੀਂ। ਉਹ ਅੰਮ੍ਰਿਤੁ (ਨਾਮੁ ਨਿਰੰਜਨੁ) ਹਿਰਦੇ ਵਿਚ ਹੀ ਹੈ ਤੇ ਗੁਰੂ ਦੀ ਮਿਹਰ ਦੁਆਰਾ ਪਾਇਆ ਜਾ ਸਕਦਾ ਹੈ। ਜਿਨਾਂ ਨੂੰ ਧੁਰੋਂ ਲਿਖਿਆ ਹੋਇਆ ਹੈ ਉਹੀ ਇਸ ਅੰਮ੍ਰਿਤੁ ਨੂੰ ਰਸ ਲੈ ਲੈ ਕੇ ਪੀਂਦੇ ਹਨ।

ਮ: ੩॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥ ਪੰਨਾ ੬੪੪

ਅੰਮ੍ਰਿਤੁ (ਅਕਾਲ ਪੁਰਖ) ਹਿਰਦੇ ਵਿਚ ਹੀ ਭਰਪੂਰ ਹੈ, ਪਰ ਮਨਮੁਖਾਂ ਨੂੰ ਉਸ ਦਾ ਸੁਆਦ ਨਹੀਂ ਆ ਸਕਦਾ। ਜਿਸ ਤਰ੍ਹਾਂ ਜਿਸ ਮਿਰਗ ਦੇ ਆਪਣੇ ਅੰਦਰ ਹੀ ਕਸਤੂਰੀ ਹੋਵੇ ਤੇ ਉਹ ਸਮਝੇ ਕਿ ਇਹ ਖੁਸ਼ਬੋ ਬਾਹਰੋਂ ਆ ਰਹੀ ਹੈ। ਉਹ ਭਟਕ ਭਟਕ ਕੇ ਥਕ ਜਾਵੇਗਾ ਤੇ ਉਸਦੇ ਪੱਲੇ ਕੁਝ ਨਹੀਂ ਪਵੇਗਾ। ਇਸੇ ਤਰ੍ਹਾਂ ਸਬਦੁ ਗੁਰੂ ਤਾਂ ਮਨੁੱਖ ਦੇ ਅੰਦਰ ਹੈ, ਪਰ ਭਾਗ ਹੀਣ ਲੋਕ ਬਾਹਰ ਕਿਸੇ ਮਨੁੱਖ ਦੇ ਟੇਟੇ ਚੜ੍ਹ ਜਾਂਦੇ ਹਨ। ਉਨ੍ਹਾਂ ਦੇ ਪੱਲੇ ਅੰਮ੍ਰਿਤੁ ਤਾਂ ਪੈ ਨਹੀਂ ਸਕਦਾ, ਪਰ ਬਿਖ (ਜ਼ਹਿਰ) ਪੈ ਜਾਂਦੀ ਹੈ। ਇਹ ਸਭ ਉਸ ਕਰਤੇ ਦੇ ਹੁਕਮ ਵਿਚ ਹੁੰਦਾ ਹੈ। ਜਿਨ੍ਹਾਂ ਨੇ ਪਿਛਲੇ ਜਨਮ ਵਿਚ ਬਿਖ ਬੀਜੀ ਹੈ, ਉਨ੍ਹਾਂ ਦੇ ਪੱਲੇ ਬਿਖ ਹੀ ਪਵੇਗੀ। ਗੁਰੂ ਦੀ ਬਖਸ਼ਿਸ਼ ਨਾਲ ਕਿਸੇ ਵਿਰਲੇ ਨੂੰ ਹੀ ਇਸ ਗਲ ਦੀ ਸੋਝੀ ਪੈਂਦੀ ਹੈ ਤੇ ਉਨ੍ਹਾਂ ਨੂੰ ਅਪਨੇ ਅੰਦਰ ਹੀ ਬ੍ਰਹਮ ਦੇ ਦਰਸ਼ਨ ਹੋ ਜਾਂਦੇ ਹਨ। ਉਨ੍ਹਾ ਦਾ ਤਨ ਤੇ ਮਨ ਠੰਡਾਂ ਤੇ ਨਿਰਮਲ ਹੋ ਜਾਂਦਾ ਹੈ ਤੇ ਜੀਭ ਨੂੰ ਹਰੀ ਰਸ ਆਉਂਦਾ ਹੈ। ਸਬਦੁ ਗੁਰੂ ਦੀ ਮਿਹਰ ਨਾਲ ਹੀ ਨਾਮੁ ਦਾ ਬੀਜ ਪ੍ਰਫੁਲਤ ਹੁੰਦਾ ਹੈ ਤੇ ਨਾਮੁ ਨਿਰੰਜਨ ਨਾਲ ਮਿਲਾਪ ਹੁੰਦਾ ਹੈ। ਸਬਦੁ ਗੁਰੂ ਦੇ ਮਿਲਾਪ


Digitized by Panjab Digital Library | www.panjabdigilib.org

ਤੋਂ ਬਿਨਾਂ ਸਾਰਾ ਜਗਤ ਝੱਲਾ ਹੋਇਆ ਫਿਰਦਾ ਹੈ ਤੇ ਉਨ੍ਹਾਂ ਦਾ ਜਨਮ ਬਿਰਥਾ ਜਾ ਰਿਹਾ ਹੈ। ਮਹਾਰਾਜ ਦਸਦੇ ਹਨ ਕਿ ਭਾਈ ! ਅੰਮ੍ਰਿਤੁ ਏਕੋ (ਹਰੀ) ਜੋ ਸਬਦੁ ਰੂਪ ਹੈ, ਉਹੀ ਹੈ। ਉਹ ਗੁਰੂ ਦੀ ਮਿਹਰ ਦੁਆਰਾ ਹੀ ਮਿਲਦਾ ਹੈ।

ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥ ਪੰਨਾ ੬੬

ਏਕੁ ਜੋ ਹਰੀ ਹੈ ਉਹੀ ਅੰਮ੍ਰਿਤ ਫਲ ਹੈ ਤੇ ਜਿਸ ਤੇ ਉਸਦੀ ਮਿਹਰ ਹੋਵੇ ਉਸ ਨੂੰ ਖੁਆਉਂਦਾ ਹੈ।

ਸਤਿਗੁਰੁ ਪੁਰਖੁ ਅੰਮ੍ਰਿਤਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥
ਸਿਰੀ ਰਾਗ ਮਹਲਾ ੪॥ ਪੰਨਾ ੪੦

ਸਤਿਗੁਰ ਪੁਰਖ (ਸਬਦੁ ਗੁਰੂ) ਹੀ ਅੰਮ੍ਰਿਤਸਰ ਹੈ। ਤੇ ਵਡੇ ਭਾਗਾਂ ਵਾਲੇ ਹੀ ਉਸ ਨੂੰ ਭੇਟ ਕੇ ਉਸਦੇ ਉਪਦੇਸ਼ ਦੁਆਰਾ ਇਸ਼ਨਾਨ ਕਰਦੇ ਹਨ। ਸਬਦੁ ਗੁਰੂ ਜਨਮਾਂ ਜਨਮਾਂ ਦੀ ਮੈਲ ਉਤਾਰ ਕੇ ਨਾਮੁ ਦ੍ਰਿੜ ਕਰਵਾ ਦੇਂਦਾ ਹੈ। ਜਿਨ੍ਹਾਂ ਨੇ ਵੀ ਸਤਿਗੁਰੂ ਦੇ ਚਰਨ ਕਮਲਾਂ ਨਾਲ ਲਿਵ ਜੋੜੀ ਹੈ, (ਨਾਮ ਸਿਮਰਨ ਕੀਤਾ ਹੈ), ਉਨ੍ਹਾਂ ਨੇ ਉਤਮ ਪਦਵੀ ਪਾਈ ਹੈ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥
ਅਨੰਦੁ ਸਾਹਿਬ ਪੰਨਾ ੯੧੮

ਸੁਰਿ ਨਰ ਮੁਨਿ ਜਨ ਸਾਰੇ ਹੀ ਅੰਮ੍ਰਿਤੁ (ਨਾਮੁ ਨਿਰੰਜਨੁ) ਦੀ ਖੋਜ ਵਿਚ ਹਨ। ਪਰ ਉਹ ਅੰਮ੍ਰਿਤੁ (ਨਾਮੁ ਨਿਰੰਜਨ) ਕੇਵਲ ਸਬਦੁ ਗੁਰੂ ਦੀ ਮਿਹਰ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜਿਸ ਤੇ ਸਬਦੁ ਗੁਰੂ ਕਿਰਪਾ ਕਰ ਦੇਵੇ, ਉਸ ਦੇ ਹਿਰਦੇ ਵਿਚ ਉਹ ਸੱਚਾ (ਨਾਮੁ) ਨੂੰ ਦ੍ਰਿੜ ਕਰਵਾ ਦੇਂਦਾ ਹੈ ਤੇ ਨਾਮੁ ਹਿਰਦੇ ਵਿਚ ਵਸ ਜਾਂਦਾ ਹੈ। ਇਹੀ ਇਕੋ ਇਕ ਤਰੀਕਾ ਹੈ ਅੰਮ੍ਰਿਤੁ (ਹਰੀ) ਨੂੰ ਪਾਣ ਦਾ।

ਨਟ ਮਹਲਾ ੪॥ ਰਾਮ ਹਰਿ ਅੰਮ੍ਰਿਤਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ
॥੧॥ ਰਹਾਉ॥ ਪੰਨਾ ੯੮੧



Digitized by Panjab Digital Library | www.panjabdigilib.org

ਸਤਿਗੁਰੂ ਦੇ ਗਿਆਨ ਵਿਚ ਇਸ਼ਨਾਨ ਕਰਨ ਨਾਲ ਮੇਰੇ ਸਾਰੇ ਪਾਪ ਉਤਰ ਗਏ। ਇਹੀ ਅੰਮ੍ਰਿਤਸਰ ਹੈ ਜਿਸ ਵਿਚ ਮੈਨੂੰ ਹਰੀ ਨੇ ਇਸ਼ਨਾਨ ਕਰਵਾਇਆ ਹੈ।

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਪੰਨਾ ੧੪੧੨

ਗੁਰੂ ਨਾਨਕ ਦੇਵ ਜਦ ਲਾਹੌਰ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਸ਼ਹਿਰ ਵਾਸੀਆਂ ਤੇ ਜ਼ਹਰ (ਬਿਖ=ਮਾਇਆ) ਦਾ ਕਹਰ (ਪ੍ਰਕੋਪ) ਐਸਾ ਹੈ ਕਿ ਉਹ ਰੱਬ ਨੂੰ ਭੁਲੀ ਬੈਠੇ ਹਨ। ਤੇ ਸਵਾ ਪਹਿਰ ਰਾਤ ਰਹਿੰਦੇ, ਅੰਮ੍ਰਿਤ ਵੇਲਾ ਸੰਭਾਲਨਾ ਉਨ੍ਹਾਂ ਨੂੰ ਚੇਤੇ ਹੀ ਨਹੀਂ। ਤਦ ਆਪ ਨੇ ਇਹ ਸਲੋਕ ਉਚਾਰਿਆ।

ਲਾਹੌਰ ਵਾਲਿਆਂ ਦੀ ਇਹ ਹਾਲਤ ਦੇਖ ਕੇ ਮਹਾਰਾਜ ਨੇ ਉਥੇ ਸਾਧ-ਸੰਗਤ ਸਥਾਪਤ ਕੀਤੀ ਤੇ ਅੰਮ੍ਰਿਤ ਵੇਲਾ ਸੰਭਾਲਣ ਦੀ ਜਾਚ ਲੋਕਾਂ ਨੂੰ ਦਸੀ।

ਮਹਲਾ ੩॥ ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ ॥ ਪੰਨਾ ੧੪੧੨

ਫਿਰ ਮਹਾਰਾਜ ਨੇ ਆਪਣੇ ਤੀਜੇ ਜਾਮੇਂ ਵਿਚ ਸਪਸ਼ਟ ਕੀਤਾ ਹੈ ਕਿ ਲਾਹੌਰ ਸ਼ਹਿਰ ਦੇ ਵਾਸੀ ਮਾਇਆ ਦੇ ਅਧੀਨ ਜ਼ਰੂਰ ਨੇ, ਪਰ ਉਥੇ ਅੰਮ੍ਰਿਤਸਰ ਵੀ ਹੈ, ਜਿਥੇ ਸਾਧ ਸੰਗਤ ਜੁੜਦੀ ਹੈ ਤੇ ਹਰੀ ਦੀ ਸਿਫਤੋਂ ਸਾਲਾਹ ਹੁੰਦੀ ਹੈ। ਹਰੀ ਦੀ ਵਡਿਆਈ ਕਰਨੀ ਇਹ ਅੰਮ੍ਰਿਤਸਰ ਹੈ।

ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥
ਰਹਾਉ ॥ ਪੰਨਾ ੯੯੩

ਅੰਮ੍ਰਿਤ (ਨਾਮ ਸਿਮਰਨ ਵਿਚ ਰਸ ਆਉਣਾ) ਦੀ ਸਾਰ ਉਹੀ ਜਾਣਦਾ ਹੈ, ਜੋ ਅੰਮ੍ਰਿਤ ਦਾ ਵਪਾਰੀ ਹੋਵੇ ਤੇ ਗੁਰੂ ਦੀ ਮਤ ਲੈ ਕੇ ਸਚੇ (ਪ੍ਰਭੂ) ਦੀ ਸਿਫਤੋਂ ਸਾਲਾਹ ਵਿਚ ਲਗ ਜਾਵੇ। ਐਸੇ ਸੱਜਣ ਵਿਰਲੇ ਹੀ ਹਨ ਜੋ ਗੁਰੂ ਉਪਦੇਸ਼ ਦੁਆਰਾ ਇਸ ਰਹਸ ਨੂੰ ਸਮਝਦੇ ਹਨ।

ਇਸ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਅੰਮ੍ਰਿਤੁ ਕੋਈ ਆਕਾਰ ਵਾਲੀ ਚੀਜ਼ ਨਹੀਂ, ਨਾ ਇਸ ਨੂੰ ਦੇਖਿਆ ਜਾ ਸਕਦਾ ਹੈ, ਨਾ ਹੀ ਇਸ ਨੂੰ ਚਖਿਆ ਜਾ ਸਕਦਾ ਹੈ ਤੇ ਨਾ ਹੀ ਇਸ ਵਿਚ ਇਸ਼ਨਾਨ ਕੀਤਾ ਜਾ ਸਕਦਾ ਹੈ, ਉਹ



Digitized by Panjab Digital Library | www.panjabdigilib.org

ਅਰੂਪ ਹੈ । ਅੰਮ੍ਰਿਤੁ ਕੇਵਲ ਇਕੋ ਇਕ ਹੈ, ਉਹ ਨਾਮੁ ਹੈ, ਅਕਾਲ ਪੁਰਖੁ ਹੈ, ਉਸਦੀ ਬਾਣੀ ਹੈ, ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ ।

ਇਸ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਅ ਹੈ ਕਿ ਜਿਸ ਅਨੰਦ ਨੂੰ ਮਾਨਣ ਲਈ ਸਾਰੀ ਦੁਨੀਆਂ ਤਰਸ ਰਹੀ ਹੈ ਤੇ ਪਦਾਰਥਾਂ ਦੇ ਭੋਗਾਂ ਵਿਚੋਂ ਸੁਖ ਲਭਣ ਦਾ ਅਸਫਲ ਯਤਨ ਕਰ ਰਹੀ ਹੈ, ਉਹ ਅਨੰਦ ਇਨ੍ਹਾਂ ਫੋਕੇ ਰਸਾਂ ਵਿਚੋਂ ਕਦੇ ਵੀ ਨਹੀਂ ਮਿਲ ਸਕਦਾ । ਸਾਰੇ ਦਾ ਸਾਰਾ ਦ੍ਰਿਸ਼ਟਮਾਨ ਰੋਗ ਗ੍ਰਸਤ ਹੈ । ਮਨੁਖ ਹਉਮੈਂ ਦੇ ਰੋਗ ਨਾਲ ਪੀੜਤ ਹੈ । ਕਿਸੇ ਮਨੁਖ ਤੇ ਆਸ ਰਖਣੀ ਕਿ ਉਹ ਸਾਨੂੰ ਅਨੰਦ ਦੀ ਪ੍ਰਾਪਤੀ ਵਾਲੇ ਪਾਸੇ ਲਿਜਾ ਸਕਦਾ ਹੈ, ਭੁਲੇਖਾ ਹੈ ਕਿਉਂ ਜੋ ਉਹ ਤਾਂ ਆਪ ਹੀ ਰੋਗੀ ਹੈ ।

ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥

ਭੈਰਉ ਮਹਲਾ ੫ ॥ ਪੰਨਾ ੧੧੪੦

ਇਸ ਲਈ ਪਦਾਰਥ ਭੋਗਣ ਨਾਲ ਰੋਗ ਹੀ ਪੱਲੇ ਪੈਣਗੇ । ਪਦਾਰਥਾਂ ਦੇ ਸੁਖ ਕੁਝ ਸਮੇਂ ਲਈ ਨਕਲੀ ਅਨੰਦ ਦਾ ਝੂਠਾ ਹੁਲਾਰਾ ਦੇ ਸਕਦੇ ਹਨ, ਪਰ ਉਸ ਦੇ ਮਗਰੋਂ ਉਹ ਨਕਲੀ ਅਨੰਦ ਰੋਗ ਵਿਚ ਬਦਲ ਜਾਂਦਾ ਹੈ ।

ਜੇ ਅਸੀਂ ਸਚ ਮੁਚ ਅਨੰਦ ਮਾਨਣਾ ਚਾਹੁੰਦੇ ਹਾਂ ਤਾਂ ਇਕੋ ਇਕ ਤਰੀਕਾ ਹੈ, ਨਾਮ ਸਿਮਰਨ ਦੁਆਰਾ, ਸਤਿਗੁਰੁ ਜੋਗੀ, ਸਬਦੁ ਗੁਰੂ ਦੀ ਪ੍ਰਾਪਤੀ । ਸਬਦੁ ਗੁਰੂ ਦ੍ਰਿਸ਼ਟਮਾਨ ਨਹੀਂ, ਅਦ੍ਰਿਸ਼ਟ ਹੈ, ਉਸ ਦੇ ਮਿਲਾਪ ਨਾਲ ਮਨ ਤੇ ਤਨ ਦੋਵੇਂ ਹੀ ਅਰੋਗ ਹੋਣਗੇ ਤੇ ਸਚੇ ਅਨੰਦ ਦੀ ਪ੍ਰਾਪਤੀ ਹੋਵੇਗੀ ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਸਬਦੁ ਗੁਰੂ ਦੇ ਮਿਲਾਪ ਲਈ ਹੁਣ ਤੋਂ ਹੀ ਨਾਮ ਦੀ ਕਮਾਈ ਸ਼ੁਰੂ ਕਰ ਦੇਈਏ । ਤਾਂ ਜੋ ਜਿੰਨੀ ਦੇਰ ਸਾਡਾ ਮਿਲਾਪ ਸਬਦੁ ਗੁਰੂ ਨਾਲ ਨਹੀਂ ਹੁੰਦਾ ਉੱਨੀ ਦੇਰ ਸਾਡਾ ਸੰਪਰਕ ਸਬਦੁ ਗੁਰੂ ਨਾਲ ਬਣਿਆ ਰਹੇ । ਜਿਸ ਵੇਲੇ ਅਸੀਂ ਧੁਪ ਵਿਚ ਜਾ ਬੈਠਦੇ ਹਾਂ ਉਸ ਵੇਲੇ ਸੂਰਜ ਨਾਲ ਸਾਡਾ ਸਿੱਧਾ ਸੰਪਰਕ ਹੋ ਜਾਂਦਾ ਹੈ ਤੇ ਉਸਦੀ ਗਰਮੀਂ ਤੋਂ ਅਸੀਂ ਲਾਭ ਉਠਾ ਸਕਦੇ ਹਾਂ । ਇਸੇ ਤਰ੍ਹਾਂ ਹੀ ਨਾਮੁ ਸਿਮਰਨ ਦੁਆਰਾ ਸਬਦੁ ਗੁਰੂ ਨਾਲ ਸਾਡਾ ਸਿੱਧਾ ਸੰਪਰਕ ਹੋ ਜਾਂਦਾ ਹੈ ਤੇ ਉਸ ਕੋਲੋਂ ਬਲ ਲੈ ਕੇ ਅਸੀਂ


Digitized by Panjab Digital Library | www.panjabdigilib.org

ਪੰਜ ਦੁਸ਼ਟਾਂ ਨਾਲ ਜੂਝ ਸਕਦੇ ਹਾਂ। ਜੂੰ ਜੂੰ ਨਾਮੁ ਸਿਮਰਨ ਦੁਆਰਾ ਸਾਡਾ ਮਨ ਨਿਰਮਲ ਹੁੰਦਾ ਜਾਵੇਗਾ, ਸਾਡਾ ਆਤਮਕ ਬਲ ਵਧਦਾ ਜਾਵੇਗਾ ਤੇ ਪੰਜ ਦੁਸ਼ਟਾਂ ਦੀ ਤਾਕਤ ਘਟਦੀ ਜਾਵੇਗੀ। ਇਸ ਦੇ ਨਾਲ ਨਾਲ ਭੈ, ਭਰਮ ਤੇ ਸਹਸਾ ਆਦਿ ਵੀ ਕਮਜ਼ੋਰ ਪੈ ਜਾਣਗੇ। ਇੰਜ ਸਾਨੂੰ ਅਕਾਲ ਪੁਰਖ ਨਾਲ ਪੂਰਨ ਪ੍ਰੇਮ ਤੇ ਉਸ ਤੇ ਪੂਰਨ ਪਰਤੀਤ ਨਾਲ ਸਜਨ ਵਿਚ ਮਦਦ ਮਿਲੇਗੀ। ਉਸ ਦੇ ਪ੍ਰਸਾਦ ਦੁਆਰਾ ਹੀ ਸਬਦੁ ਗੁਰੂ ਦਾ ਮਿਲਾਪ ਸੰਭਵ ਹੈ।

ਮੈਂ ਸਤਿਗੁਰਾਂ ਦਾ ਕੋਟਾਨ ਕੋਟ ਸ਼ੁਕਰ ਕਰਦਾ ਹਾਂ ਜਿਨ੍ਹਾਂ ਦੇ ਪ੍ਰਸਾਦਿ ਸਦਕਾ ਇਸ ਵਿਚਾਰ ਨੂੰ ਲਿਖਤੀ ਰੂਪ ਮਿਲਿਆ ਹੈ। ਮੈਂ ਕੋਈ ਵਿਦਵਾਨ ਨਹੀਂ। ਜਿਸ ਤਰ੍ਹਾਂ ਮਹਾਰਾਜ ਨੇ ਸੋਝੀ ਬਖਸ਼ੀ ਹੈ ਸਾਧਾਰਨ ਅਖਰਾਂ ਵਿਚ ਲਿਖ ਦਿਤਾ ਹੈ। ਆਸ ਹੈ ਵਿਦਵਾਨ ਸੱਜਨ ਇਸ ਲੇਖ ਦੇ ਸਾਹਿਤਕ ਪੱਖ ਵਲ ਬਹੁਤਾ ਧਿਆਨ ਨ ਦੇਂਦੇ ਹੋਏ ਸਿਧਾਂਤਕ ਪੱਖ ਬਾਰੇ ਅਪਨੇ ਵਿਚਾਰ ਦਾਸ ਨਾਲ ਸਾਂਝੇ ਕਰਨਗੇ।

ਵਾਹਿਗਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਸਲੋਕ ਮ: ੫॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥


Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਟਿਪਣੀ :

## ਪੁਸਤਕ—"ਸਤਿਗੁਰੁ ਤਿਸ ਕਾ ਨਾਉ"

ਮੇਰੀਆਂ ਨਜ਼ਰਾਂ ਵਿਚ ਇਕ ਕਿਤਾਬ 'ਸਤਿਗੁਰੁ ਤਿਸ ਕਾ ਨਾਉ' ਆਈ ਹੈ। ਜੋ ਨਾਮਧਾਰੀ ਸੰਪਰਦਾਇ ਵਲੋਂ ਛਪਵਾਈ ਗਈ ਹੈ, ਜਿਸਦੇ ਕਰਤਾ ਸ੍ਰੀ ਅਮਰ ਭਾਰਤੀ ਹਨ। ਇਸ ਕਿਤਾਬ ਵਿਚ ਸਾਰਾ ਜ਼ੋਰ ਇਸ ਗੱਲ ਤੇ ਲਾਇਆ ਗਿਆ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਦੇਹ ਧਾਰੀ ਗੁਰੂ ਦੀ ਲੋੜ ਨੂੰ ਮੰਨ ਲਿਆ ਜਾਵੇ। ਆਪਣੇ ਸਤਿਗੁਰਾਂ ਦੀ ਦੇਹ ਦੀ ਮਾਨਤਾ ਕਰਵਾਉਣ ਦਾ ਸ਼ੌਕ ਇਥੋਂ ਤਕ ਹੈ ਕਿ ਜੇ ਬਾਣੀ ਦੇ ਅਰਥ ਵੀ ਗਲਤ ਕਰਨੇ ਪੈਣ ਤਾਂ ਕੋਈ ਹਰਜ ਨਹੀਂ। ਸਤਿਗੁਰ ਮਤਿ ਵਾਲੇ ਉਪਰ ਦਿਤੇ ਲੇਖ ਵਿਚ ਦੇਹ ਧਾਰੀ ਗੁਰੂਆਂ ਬਾਰੇ ਵੇਰਵੇ ਸਹਿਤ ਵਿਚਾਰ ਹੋ ਚੁੱਕੀ ਹੈ। ਆਸ ਹੈ ਕਿ ਸ੍ਰੀ ਅਮਰ ਭਾਰਤੀ ਜੀ ਉਸ ਨੂੰ ਵਾਚ ਕੇ ਲਾਭ ਉਠਾਉਣਗੇ। ਹੁਣ ਮੁੜ ਮੁੜ ਕੇ ਉਨ੍ਹਾਂ ਵਿਚਾਰਾਂ ਨੂੰ ਦੁਹਰਾਉਣ ਦੀ ਲੋੜ ਨਹੀਂ। ਮੇਰਾ ਲੇਖ ਉਸਾਰੂ ਵਿਚਾਰਾਂ ਵਾਲਾ ਹੈ, ਜਿਸ ਵਿਚ ਵਾਦ ਵਿਵਾਦ ਲਈ ਕੋਈ ਥਾਂ ਨਹੀਂ ਤੇ ਨਾ ਹੀ ਮੈਂ ਹੁਣ ਵਾਦ ਵਿਵਾਦ ਵਿਚ ਪੈਣਾ ਚਾਹੁੰਦਾ ਹਾਂ। ਪਰ ਕੁਝ ਅਯੋਗ ਗੱਲਾਂ ਜੋ ਉਨ੍ਹਾਂ ਨੇ ਲਿਖਿਆਂ ਹਨ ਕੇਵਲ ਉਨ੍ਹਾਂ ਦਾ ਹੀ ਉਤਰ ਦਿਆਂਗਾਂ।

ਦੇਹ ਦੀ ਮਾਨਤਾ ਕਰਵਾਉਣ ਦੇ ਸ਼ੌਕ ਵਿਚ ਵਿਦਵਾਨ ਲੇਖਕ ਭੁਲ ਗਿਆ ਹੈ ਕਿ ਉਨ੍ਹਾਂ ਦੇ ਗੁਰੂ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਚਲੀ ਆ ਰਹੀ ਪੀੜ੍ਹੀ ਵਿਚੋਂ ਹੀ ਗੁਰੂ ਮੰਨਦੇ ਹਨ। ਦਸ ਪਾਤਿਸਾਹੀਆਂ ਦਾ



Digitized by Panjab Digital Library | www.panjabdigilib.org

ਉਤਨਾ ਹੀ ਮਾਨ ਤੇ ਇਜ਼ਤ ਕਰਦੇ ਹਨ ਜਿੰਨਾ ਕਿ ਕੋਈ ਆਪਣੇ ਗੁਰੂਆਂ ਦਾ ਕਰ ਸਕਦਾ ਹੈ। ਗੁਰਬਾਣੀ ਨੂੰ ਰਬੀ ਬਾਣੀ ਮੰਨਦੇ ਹਨ ਤੇ ਕੇਵਲ ਗੁਰਬਾਣੀ ਨੂੰ ਹੀ ਪ੍ਰਮਾਣ ਮੰਨਦੇ ਹਨ। ਇਹ ਸਭ ਕੁਝ ਮੰਨਦਿਆਂ ਹੋਇਆਂ ਦੇਹ ਦੀ ਮਾਨਤਾ ਕਰਵਾਉਣ ਦਾ ਸ਼ੌਕ ਕਿਸੇ ਮਨੁੱਖ ਕੋਲੋਂ ਕੀ ਕੁਝ ਨਹੀਂ ਕਰਵਾ ਸਕਦਾ। ਇਸ ਦਾ ਨਮੂਨਾ ਆਪ ਜੀ ਅੱਗੇ ਰਖਦਾ ਹਾਂ :—

ਆਪ ਆਪਣੀ ਕਿਤਾਬ 'ਸਤਿਗੁਰੂ ਤਿਸ ਕਾ ਨਾਉ' ਪੰਨਾ–੧੬ ਤੇ ਲਿਖਦੇ ਹਨ :

"ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥
ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥ ੧੩੭ ॥

ਇਸ ਦਾ ਅਰਥ ਵਿਦਵਾਨ ਲੇਖਕ ਇਸ ਤਰ੍ਹਾਂ ਕਰਦੇ ਹਨ :—

"ਕਾਗਦ ਭਾਵ ਵੇਦ ਸ਼ਾਸਤਰ ਦੀ ਓਬਰੀ (ਕੋਠੀ) ਹੈ। ਸਿਆਹੀ ਭਾਵ ਕਰਮ ਕਾਂਡ ਦੇ ਤਖਤੇ ਲੱਗੇ ਹਨ। ਪੱਥਰ ਅਰਥਾਤ ਮੂਰਤੀ ਪੂਜਕਾਂ ਨੇ ਧਰਤੀ ਡੋਬੀ ਹੈ ਅਤੇ ਵੇਦ ਸ਼ਾਸਤਰ ਰੂਪੀ ਕਾਗਜ਼ ਜਾਂ ਗ੍ਰੰਥਾਂ ਦੇ ਆਸਰੇ ਪੰਡਤ ਪੁਰੋਹਿਤ ਧਾੜਵੀਂ ਬਣ ਕੇ ਰਾਹ ਵਿਚ ਖਲੋਤੇ ਲੁਟ ਰਹੇ ਹਨ।"

ਵਿਦਵਾਨ ਲੇਖਕ ਨੇ ਕਾਗਦ ਦਾ ਅਰਥ ਝਟ ਵੇਦ ਸ਼ਾਸਤਰ ਕਰ ਦਿਤਾ ਹੈ। ਜੋ ਬਿਲਕੁਲ ਅਨਉਚਿਤ ਹੈ। ਕਾਗਦ ਦਾ ਅਰਥ ਹੈ ਉਹ ਵਿਦਿਆ ਜੋ ਹਰੀ ਦੇ ਮਿਲਾਪ ਵਲ ਨ ਲੈ ਜਾਵੇ ਤੇ ਵਾਦ ਵਿਵਾਦ ਵਲ ਪ੍ਰੇਰੇ। ਕਿਉਂ ਜੋ ਉਨ੍ਹਾਂ ਨੇ ਜੋ ਅਗਲਾ ਸਲੋਕ ਪ੍ਰਮਾਣ ਵਜੋਂ ਲਿਖਿਆ ਹੈ, ਉਹ ਸਪਸ਼ਟ ਕਰਦਾ ਹੈ, ਉਹ ਇਹ ਹੈ :

ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥
ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ ॥ ੧੭੩ ॥

(ਆਦਿ ਗ੍ਰੰਥ ਪੰਨਾ–੧੩੭੩)

ਇਸ ਸਲੋਕ ਦਾ ਅਰਥ ਭਾਰਤੀ ਜੀ ਇਸ ਤਰ੍ਹਾਂ ਕਰਦੇ ਹਨ :—

"ਅਰਥਾਤ :–ਵੇਦ ਸ਼ਾਸਤਰ ਰੂਪੀ ਗ੍ਰੰਥ ਦੇ ਬਵੰਜਾਂ ਅਖਰਾਂ ਦਾ ਸਾਰ ਜਾਣ ਕੇ (ਜਿਸ ਵਿਚ ਹਰੀ ਦੇ ਚਰਨੀ ਲਗਣ ਦੀ ਗੱਲ ਆਖੀ ਗਈ ਹੈ)



Digitized by Panjab Digital Library | www.panjabdigilib.org

ਹਰੀ ਚਰਨਾਂ ਵਿਚ ਚਿੱਤ ਲਾ ਲੈ ਅਤੇ ਕਾਗਦ ਅਰਥਾਤ ਵੇਦ ਸ਼ਾਸਤਰ ਰੂਪੀ ਗ੍ਰੰਥ ਨੂੰ ਬਿਨਾਂ ਸੰਸੇ ਤੋਂ ਰੋਹੜ ਦੇ। ਕਬੀਰ ਜੀ ਨੇ ਇਨ੍ਹਾਂ ਤੁਕਾਂ ਵਿਚ ਬਾਣੀ ਦੇ ਸਚ ਨੂੰ ਪੂਰੀ ਤਰ੍ਹਾਂ ਮਾਨਤਾ ਦਿਤੀ ਹੈ, ਪਰ ਕਾਗਜ ਦੇ ਗ੍ਰੰਥ ਪ੍ਰਤੀ ਜਾਂ ਪਥਰ ਦੀ ਮੂਰਤੀ ਪ੍ਰਤੀ ਪਰਮੇਸ਼ਵਰ ਭਾਵ ਬਾਰੇ ਆਪਣੀ ਅਨਾਸਥਾ ਹੀ ਦਰਸਾਈ ਹੈ। ਅਤੇ ਇਹੋ ਹੀ ਗੁਰਮਤਿ ਦਰਸ਼ਨ ਹੈ ਇਹੋ ਹੀ ਗੁਰਸਿੱਖੀ ਦਾ ਵਿਧਾਨ ਹੈ।"

ਮੇਰੇ ਵਿਚਾਰ ਅਨੁਸਾਰ ਅਰਥ ਇਸ ਤਰ੍ਹਾਂ ਹਨ :

ਕਬੀਰ ਜੀ ਦਸਦੇ ਹਨ ਕਿ ਹੇ ਭਾਈ ! ਉਹ ਵਿਦਿਆ (ਕਾਗਦ) ਜਿਸਦੇ ਪੜ੍ਹਣ ਨਾਲ ਸੰਸਾ ਉਪਜੇ (ਰਬ ਤੋਂ ਬੇ ਪਰਤੀਤੀ ਆਵੇ) ਆਪਣੀ ਦੇਹ ਦੀ ਮਾਨਤਾ ਕਰਵਾਉਣ ਲਈ ਵਾਦ ਵਿਵਾਦ ਵਿਚ ਪੈਣਾ ਪਵੇ, ਉਸ ਦੇ ਪੜ੍ਹਣ ਦਾ ਕੀ ਲਾਭ ਹੈ ਐਸੀ ਵਿਦਿਆ ਨੂੰ ਭੁਲ ਜਾਣਾ (ਰੋੜ ਦੇਣਾ) ਚਾਹੀਦਾ ਹੈ। ਆਪ ਮੁੜ ਕੇ ਬਾਵਨ ਅਖਰ ਸੋਧੋ, ਐਸੀ ਵਿਦਿਆ ਪੜ੍ਹੋ ਜਿਹੜੀ ਤੁਹਾਨੂੰ ਹਰੀ ਦੇ ਚਰਨਾਂ ਨਾਲ ਚਿਤ ਜੋੜਨ ਵਿਚ ਸਹਾਈ ਹੋਵੇ। ਬਾਵਨ ਅਖਰਾਂ ਦਾ ਅਰਥ ਹੈ (literacy) ਬਾਵਨ ਅੱਖਰਾਂ ਦਾ ਅਰਥ ਵੇਦ ਸ਼ਾਸਤਰ ਕਿਸੇ ਸੂਰਤ ਹੋ ਹੀ ਨਹੀਂ ਸਕਦਾ, ਪਰ ਜਿਸ ਨੇ ਵੇਦ ਸ਼ਾਸਤਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੋੜ੍ਹਣ ਦੀ ਗੱਲ ਕਰਨੀ ਹੋਵੇ ਉਸ ਨੂੰ ਜੇ ਸ਼ਿਸ਼ਟਾਚਾਰ ਤੋਂ ਵੀ ਹਥ ਧੋਣੇ ਪੈਨ ਤਾਂ ਕੋਈ ਪਰਵਾਹ ਨਹੀਂ। ਉਹ ਦੇਹ ਦੀ ਮਾਨਤਾ ਕਰਵਾਉਣ ਦੇ ਰਸਤੇ ਵਿਚ ਸਭ ਤੋਂ ਵਡੀ ਰੁਕਾਵਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਦੇ ਹਨ ਤੇ ਇਸ ਲਈ ਉਸ ਨੂੰ ਰੋੜ੍ਹਣਾ ਚਾਹੁੰਦੇ ਹਨ, ਇਸੇ ਲਈ ਆਪ ਨੇ ਲਿਖਿਆ ਹੈ ਕਿ :

"ਕਾਗਦ ਅਰਥਾਤ ਵੇਦ ਸ਼ਾਸਤਰ ਰੂਪੀ ਗੰਥ ਨੂੰ ਬਿਨਾ ਸੰਸੇ ਤੋਂ (ਬਿਹਾ) ਰੋੜ ਦਿਓ"

ਉਨ੍ਹਾਂ ਨੇ ਆਪਣੇ ਮਨ ਦੀ ਗੱਲ ਪੂਰੀ ਤਰ੍ਹਾਂ ਸਪਸ਼ਟ ਕਰ ਦਿਤੀ ਹੈ ਕਿ ਉਸ ਗ੍ਰੰਥ ਨੂੰ ਜੋ ਵੇਦ ਸ਼ਾਸਤਰ ਰੂਪੀ ਹੈ ਤੇ ਕਾਗਦ ਦਾ ਹੈ, ਬਹਾ ਦਿਓ ਤਾਂ ਜੋ ਸਾਡਾ ਰਸਤਾ ਸਾਫ ਹੋ ਜਾਵੇ। ਸੋ ਆਪ ਜੀ ਨੇ ਦੇਖ ਹੀ ਲਿਆ ਹੈ ਕਿ ਮਨੁਖ ਆਪਣਾ ਸੁਆਰਥ ਸਿਧ ਕਰਨ ਲਈ ਕਿਡਾ ਕੁ ਨੀਵਾਂ ਜਾ ਸਕਦਾ ਹੈ। ਕਬੀਰ ਜੀ ਨੇ ਆਪਣੇ ਇਨ੍ਹਾਂ ਸਲੋਕਾਂ ਵਿਚ ਵੇਦ ਸ਼ਾਸਤਰਾਂ ਦਾ ਕਿਧਰੇ ਨਾਂ ਤਕ ਨਹੀਂ ਲਿਆ। ਕਾਗਦ ਜਿਸਦਾ ਅਰਥ ਵਿਦਿਆ ਹੁੰਦਾ ਹੈ, ਉਸਨੂੰ ਜੇ ਕੋਈ



Digitized by Panjab Digital Library | www.panjabdigilib.org

ਕਿਸੇ ਧਰਮ ਗ੍ਰੰਥ ਨਾਲ ਤੁਲਨਾ ਦੇਵੇ ਤਾਂ ਉਸਦੀ ਨੀਅਤ ਬਾਰੇ ਕੀ ਸੋਚਣਾ ਚਾਹੀਦਾ ਹੈ। ਐਸੀਆਂ ਗੱਲਾਂ ਉਨ੍ਹਾਂ ਲੋਕਾਂ ਦੇ ਮੂੰਹੋਂ ਸ਼ੋਭਾ ਨਹੀਂ ਦੇਂਦੀਆਂ ਜਿਹੜੇ ਆਪ ਮੰਨਦੇ ਹੋਣ ਕਿ ਉਨ੍ਹਾਂ ਦੇ ਵੱਡੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਇਤਨੀ ਇਜ਼ੱਤ ਕਰਦੇ ਸਨ ਕਿ ਬਿਸਰਾਮ ਵੇਲੇ ਆਪ ਜ਼ਮੀਨ ਤੇ ਸੌਣਾ ਤੇ ਸਤਿਗੁਰ ਸੱਜਣੁ ਦਾ ਸੁਖ ਆਸਣ ਪਲੰਘ ਉਤੇ ਕਰਨਾ। ਇਸ ਲਈ ਮੈਂ ਉਨ੍ਹਾਂ ਅੱਗੇ ਬੇਨਤੀ ਕਰਾਂਗਾ ਕਿ ਆਪਣੇ ਵਡਿਆ ਦੇ ਪਾਏ ਪੂਰਨਿਆਂ ਤੇ ਚਲਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਜਿਸ ਨੂੰ ਉਹ ਆਦਿ ਗ੍ਰੰਥ ਮੰਨਦੇ ਨੇ, ਉਤਨੀ ਹੀ ਇਜ਼ਤ ਕਰਨ ਜਿੰਨੀ ਕਿ ਉਨ੍ਹਾਂ ਦੇ ਵੱਡੇ ਵਡੇਰੇ ਕਰਦੇ ਸਨ।

ਕਬੀਰ ਜੀ ਨੇ ਵੇਦ ਸ਼ਾਸਤਰਾਂ ਨੂੰ ਰੋਹੜਨ ਦਾ ਕਦੀ ਸੁਪਨਾ ਭੀ ਨਹੀਂ ਲਿਆ, ਲੇਖਕ ਨੇ ਆਪਣੀ ਪੁਸਤਕ ਦੇ ਪੰਨਾ-੧੫ ਤੇ ਮੰਨਿਆ ਹੈ ਤੇ ਕਬੀਰ ਜੀ ਦਾ ਇਹ ਸਬਦੁ ਦਿਤਾ ਹੈ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥
(ਪ੍ਰਭਾਤੀ ਕਬੀਰ ਜੀ, ਆਦਿ ਗ੍ਰੰਥ ਪੰਨ-੧੩੫੦)

ਫਿਰ ਉਹ ਇਹ ਵੀ ਮੰਨਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਵੇਦ ਨੂੰ ਨਾਮ ਦ੍ਰਿੜ੍ਹਾਉਣ ਵਾਲਾ ਫੁਰਮਾਇਆ ਹੈ। ਆਪਣੀ ਪੁਸਤਕ ਦੇ ੧੫ ਵੇਂ ਸਫੇ ਉਤੇ ਇਹ ਵਿਚਾਰ ਹਨ ਤੇ ੧੬ ਵੇਂ ਸਫੇ ਤੇ ਆਪਣੇ ਵਿਚਾਰ ਬਦਲ ਕੇ ਰੋੜ੍ਹਨ ਵਾਲੇ ਪਾਸੇ ਟੁਰ ਪਏ ਹਨ। ਉਹ ਕਿਉਂ ? ਕਬੀਰ ਜੀ ਦੇ ਉਸੇ ਸਲੋਕ ਦੀ ਵਿਆਖਿਆ ਕਰਦਿਆਂ ਅੱਗੇ ਦਸਦੇ ਹਨ ਕਿ "ਕਬੀਰ ਜੀ ਨੇ ਇਨ੍ਹਾਂ ਤੁਕਾਂ ਵਿਚ ਬਾਣੀ ਦੇ ਸਚ ਨੂੰ ਪੂਰੀ ਮਾਨਤਾ ਦਿਤੀ ਹੈ, ਪਰ ਕਾਗਦ ਦੇ ਗ੍ਰੰਥ ਪ੍ਰਤੀ ਜਾ ਪਥਰ ਦੀ ਮੂਰਤੀ ਪ੍ਰਤੀ ਆਪਣੀ ਅਨਾਸਥਾ ਹੀ ਦਰਸਾਈ ਹੈ ਅਤੇ ਇਹੋ ਹੀ ਗੁਰਮਤ ਦਰਸ਼ਨ ਹੈ। ਇਹੋ ਹੀ ਗੁਰਸਿੱਖੀ ਦਾ ਵਿਧਾਨ ਹੈ।" ਲੇਖਕ ਆਪਣੇ ਮਨ ਦੇ ਮਨੋਰਥ ਨੂੰ ਪੂਰੀ ਤਰ੍ਹਾਂ ਸਪਸ਼ਟ ਕਰਦੇ ਹਨ ਤੇ ਕਹਿਦੇ ਹਨ ਕਿ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਉਸ ਦੀ ਸਚਾਈ ਨੂੰ ਅਸੀਂ ਪੂਰੀ ਮਾਨਤਾ ਦੇਂਦੇ ਹਾਂ, ਪਰ ਉਹ ਬੀੜ ਜਿਸ ਵਿਚ ਇਹ ਬਾਣੀ ਦਰਜ ਹੈ, ਉਸ ਲਈ



Digitized by Panjab Digital Library | www.panjabdigilib.org

ਸਾਡੀ ਅਨਾਸਥਾ ਹੈ ਕਿਉਂ ਜੋ ਉਸ ਬੀੜ ਦੇ ਕਾਰਨ ਸਾਡੀ ਦੁਕਾਨ ਨਹੀਂ ਚਲ ਰਹੀ । ਇਸ ਬਾਰੇ ਭਗਤ ਰਵਿਦਾਸ ਜੀ ਦੇ ਵਿਚਾਰ ਆਪ ਜੀ ਅੱਗੇ ਰਖਦਾ ਹਾਂ ।

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ੨ ॥
ਮਲਾਰ ਬਾਣੀ ਭਗਤ ਰਵਿਦਾਸ ਜੀ ਕੀ ਪੰਨਾ-੧੨੯੩

ਭਗਤ ਰਵਿਦਾਸ ਜੀ ਦਸਦੇ ਹਨ ਕਿ ਜਿਸ ਤਰ੍ਹਾਂ ਲੋਕ ਤਾਰ ਦੇ ਦਰਖਤ ਨੂੰ ਅਪਵਿਤਰ ਮੰਨਦੇ ਹਨ । ਪਰ ਜਦ ਤਾਰ ਦੇ ਦਰਖਤ ਤੋਂ ਕਾਗ਼ਦ ਬਣਾਇਆ ਜਾਂਦਾ ਹੈ ਤੇ ਉਹ ਦਰਖਤ ਕਾਗਦ ਦੇ ਰੂਪ ਵਿਚ ਵਟ ਜਾਂਦਾ ਹੈ, ਉਸ ਕਾਗਦ ਦੇ ਉਤੇ ਹਰੀ ਦੀ ਭਗਤੀ ਜਾਂ ਉਸਤਤ ਲਿਖੀ ਜਾਂਦੀ ਹੈ ਤਾਂ ਲੋਗ ਉਸ ਨੂੰ ਨਮਸਕਾਰ ਕਰਦੇ ਹਨ । ਲੋਗ ਨਮਸਕਾਰ ਤਾਂ ਹਰੀ ਦੀ ਉਸਤਤ ਜਾਂ ਭਗਤੀ ਨੂੰ ਕਰਦੇ ਹਨ, ਪਰ ਉਹ ਲਿਖੀ ਹੋਈ ਹੁੰਦੀ ਹੈ ਕਾਗਦ ਉਤੇ, ਇਸ ਲਈ ਕਾਗਦ ਨੂੰ ਵੀ ਨਮਸਕਾਰ ਆਪਣੇ ਆਪ ਹੀ ਹੋ ਜਾਂਦੀ ਹੈ । ਹੁਣ ਦਸੋ ਕਾਗਦ ਨੂੰ ਰੋੜ੍ਹਿਆਂ ਜਾਵੇ ਜਾਂ ਨਹੀਂ । ਪਰ ਜੇ ਕੋਈ ਟਟਹਨਾ ਇਹ ਸਮਝੇ ਕਿ ਸੂਰਜ ਹੀ ਮੇਰੀ ਸੌਕਣ ਹੈ, ਜੇ ਸੂਰਜ ਨੂੰ ਰੋੜ੍ਹ ਦਿਤਾ ਜਾਵੇ ਤਾਂ ਲੋਕ ਮੇਰੀ ਰੌਸ਼ਨੀ ਉਤੇ ਨਿਰਭਰ ਕਰਨਗੇ । ਇਹ ਉਸ ਦਾ ਭੁਲੇਖਾ ਹੈ ਕਿਉਂ ਜੋ ਉਸ ਵਿਚ ਜਿੰਨੀ ਵੀ ਰੌਸ਼ਨੀ ਹੈ, ਉਹ ਸੂਰਜ ਦੇ ਕਾਰਨ ਹੈ । ਸੂਰਜ ਦੀ ਅਣਹੋਂਦ ਤੇ, ਉਸਦੀ ਰੌਸ਼ਨੀ ਵੀ ਜਾਂਦੀ ਰਹੇਗੀ । ਕਾਗਦ ਨੂੰ ਰੋੜਹਨ ਦਾ ਵਿਚਾਰ ਮਨੋਂ ਕਢ ਦਿਉ । ਕਿਉਂ ਜੋ :

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥


Digitized by Panjab Digital Library | www.panjabdigilib.org

ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥

ਸਾਰਗ ਮਹਲਾ ੫ ॥ ਪੰਨਾ-੧੨੦੪

ਇਹ ਜੋ ਸਾਧ ਗੁਰੂ (ਅਕਾਲ ਪੁਰਖ) ਦੇ ਬਚਨ ਹਨ ਇਹ ਅਟਲ ਹਨ, ਇਹ ਨਿਹਚਲ ਹਨ ਤੇ ਇਹ ਅਗਾਧ ਹਨ। ਮਹਾਰਾਜ ਦਸਦੇ ਹਨ ਕਿ ਜਦੋਂ ਸਾਰਾ ਦ੍ਰਿਸ਼ਟਮਾਨ ਬਿਨਸ ਜਾਵੇਗਾ ਤਦ ਵੀ ਸਾਧ ਬਾਣੀ ਜੋ ਅਗਾਧ ਹੈ, ਉਹ ਅਟਲ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਘਟਾਨ ਲਈ ਨਾਮਧਾਰੀ ਸੰਪ੍ਰਦਾਇ ਵਲੋਂ ਅੱਗੇ ਵੀ ਕਈ ਯਤਨ ਹੋ ਚੁੱਕੇ ਹਨ। ਅਜੇ ਪਿੱਛੇ ਜਹੇ ਹੀ ਪਤਰਾ ਪਾਠ ਦੇ ਬਹਾਨੇ ਇਕ ਨਵੀਂ ਕੋਸ਼ਿਸ਼ ਕੀਤੀ ਗਈ ਸੀ, ਪਰ ਗੁਰੂ ਮਿਹਰ ਨਾਲ ਉਹ ਵੀ ਸਫਲ ਨਹੀਂ ਹੋ ਸਕੀ। ਮੈਂ ਬੇਨਤੀ ਕਰਾਂਗਾ ਕਿ ਜਿੰਨਾ ਬਲ ਇਸ ਸੰਪ੍ਰਦਾਇ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਘਟਾਨ ਤੇ ਲਗ ਰਿਹਾ ਹੈ, ਜੇ ਉਤਨਾ ਉਤਸ਼ਾਹ ਧਰਮ ਪਰਚਾਰ ਲਈ ਦਿਖਾਉਨ ਤਾਂ ਸਭ ਦਾ ਫਾਇਦਾ ਹੋਵੇਗਾ।

ਅੱਗੇ ਸਬਦੁ ਗੁਰੂ ਦੇ ਸਿਰਲੇਖ ਹੇਠ ਲੇਖਕ ਨੇ ਆਪਣਾ ਦੇਹ ਧਾਰੀ ਗੁਰੂ ਵਾਲਾ ਮਤ ਫਿਰ ਦੁਹਰਾਇਆ ਹੈ, ਇਸ ਦੀ ਵਿਚਾਰ ਮੂਲ ਲੇਖ ਵਿਚ ਪੂਰੀ ਤਰ੍ਹਾਂ ਹੋ ਚੁੱਕੀ ਹੈ। ਇਕ ਗੱਲ ਜਿਸਦੇ ਅਸੀਂ ਨੇੜੇ ਹਾਂ, ਉਹ ਇਹ ਹੈ ਕਿ ਵਿਦਵਾਨ ਲੇਖਕ ਵੀ ਅਕਾਲ ਪੁਰਖ ਦੇ ਸਬਦੁ ਰੂਪ ਨੂੰ ਗੁਰੂ ਮੰਨਦੇ ਹਨ, ਆਪ ਆਪਣੀ ਪੁਸਤਕ ਦੇ ਪੰਨਾ ੩੧ ਤੇ ਲਿਖਦੇ ਹਨ ਕਿ 'ਸ਼ਬਦ' ਹੀ ਓਅੰਕਾਰ ਹੈ ਤੇ ਓਅੰਕਾਰ ਹੀ ਸਬਦੁ ਹੈ।

ਫਿਰ ਪੰਨਾ ੩੮ ਤੇ ਲਿਖਦੇ ਹਨ ਕਿ "ਸੋ ਸਤਿਗੁਰ ਨਾਨਕ ਨੇ ਏਸੇ ਗੁਰੂਆਂ ਦੇ ਗੁਰੂ ਨੂੰ ਸਬਦੁ ਗੁਰੂ ਆਖਿਆ ਹੈ, ਪਰ ਉਸ ਸਬਦੁ ਗੁਰੂ ਨੂੰ ਮਿਲਾਣ ਲਈ ਫਿਰ ਇਕ ਇਹੋ ਜਹੇ ਗੁਰੂ ਦੀ ਲੋੜ ਦਸੀ ਹੈ-ਜਿਹੜਾ ਸੀਮਤ ਤੇ ਅਸੀਮ ਦੇ ਵਿਚਕਾਰ ਵਿਚੋਲਾ ਬਣੇ।"

ਸੋ ਲੇਖਕ ਇਸ "ਸਬਦੁ ਗੁਰੂ" ਦੇ ਸਿਧਾਂਤ ਨੂੰ ਮੰਨਦੇ ਹਨ, ਪਰ ਅਜੇ ਉਨ੍ਹਾਂ ਨੂੰ ਇਹ ਸਪਸ਼ਟ ਨਹੀਂ ਕਿ ਸਬਦੁ ਗੁਰੂ ਹਿਰਦੇ ਵਿਚ ਹੀ ਬੈਠਾ ਹੈ।



Digitized by Panjab Digital Library | www.panjabdigilib.org

ਫਿਰ ਦਸਦੇ ਹਨ ਕਿ ਸਬਦੁ ਗੁਰੂ ਨੂੰ ਮਿਲਾਣ ਲਈ ਤਾਂ ਦੇਹ ਧਾਰੀ ਦੀ ਲੋੜ ਹੈ। ਆਸ ਹੈ ਸਤਿਗੁਰ ਮਤਿ ਵਾਲਾ ਪੂਰਾ ਲੇਖ ਪੜ੍ਹਨ ਉਪਰੰਤ ਸ਼ਾਇਦ ਉਨ੍ਹਾਂ ਦੇ ਵਿਚਾਰ ਕੁਝ ਬਦਲ ਜਾਣਗੇ।

ਫਿਰ "ਬਾਣੀ ਗੁਰੂ, ਗੁਰੂ ਹੈ ਬਾਣੀ" ਦੇ ਸਿਰਲੇਖ ਹੇਠ ਇਸੇ ਤੁਕ ਦੀ ਵਿਆਖਿਆ ਕਰਦਿਆਂ ਜ਼ੋਰ ਦੇਂਦੇ ਹਨ ਕਿ ਸਾਰੇ ਸਬਦੁ ਦੀ ਵਿਆਖਿਆ ਕਰਨੀ ਚਾਹੀਦੀ ਹੈ। ਸਾਰਾ ਸਬਦੁ ਉਨ੍ਹਾਂ ਨੇ ਲਿਖ ਜ਼ਰੂਰ ਦਿਤਾ ਹੈ, ਪਰ ਵਿਆਖਿਆ ਉਨ੍ਹਾਂ ਦੋਹਾਂ ਤੁਕਾਂ ਦੀ ਹੀ ਕੀਤੀ ਹੈ, ਜਿਹੜੀਆਂ ਤੁਕਾਂ ਦੀ ਵਿਚਾਰ ਸਾਡੇ ਮੂਲ ਲੇਖ ਵਿਚ ਹੋ ਚੁੱਕੀ ਹੈ। ਉਸ ਲੇਖ ਵਿਚ ਅਸੀਂ ਪੂਰੀ ਵਿਆਖਿਆ ਕਰ ਚੁੱਕੇ ਹਾਂ, ਇਸ ਲਈ ਇਥੇ ਮੁੜ ਵਿਆਖਿਆ ਕਰਨ ਦੀ ਲੋੜ ਨਹੀਂ।

ਉਹ ਕਹਿੰਦੇ ਹਨ ਕਿ ਸਤਿਗੁਰਾਂ ਨੇ ਸਬਦੁ ਦੇ ਅਰੰਭ ਵਿਚ ਹੀ ਫਰਮਾਇਆ ਹੈ:

ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥
ਜਿਉ ਕੁੰਚਰ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ ॥

ਪਰ ਇਹ ਤੁਕ ਲਿਖਣ ਤੋਂ ਮਗਰੋਂ ਬਾਣੀ ਦੇ ਅਰਥ ਕਰਨ ਦੀ ਥਾਵੇਂ ਇਕ ਪੌਰਾਣਿਕ ਕਥਾ ਦਾ ਹਵਾਲਾ ਦੇ ਦਿਤਾ ਹੈ।

ਇਸ ਤੁਕ ਦਾ ਭਾਵ ਹੈ ਕਿ ਹੇ ਰਾਮ ਗੁਰੂ, ਅਕਾਲ ਪੁਰਖ ਦੇ ਗੁਰੂ ਸਰੂਪ (ਸਬਦੁ ਗੁਰੂ), ਮੈਂ ਇਹ ਜਾਣ ਕੇ ਆਪ ਦੀ ਸਰਨ ਆਇਆ ਹਾਂ ਕਿ ਆਪ ਰਖਵਾਰੇ (ਰਖਸ਼ਾ ਕਰਨ ਵਾਲੇ) ਹੋ। ਜਿਸ ਤਰ੍ਹਾਂ ਹਾਥੀ ਨੂੰ ਤੰਦੂਏ ਨੇ ਆਪਣੀਆਂ ਤੰਦਾਂ ਦੇ ਜਾਲ ਵਿਚ ਫਸਾ ਲਿਆ ਸੀ ਤੇ ਆਪ ਨੇ ਉਸਦੀ ਬੇਨਤੀ ਸੁਣ ਕੇ ਉਸਦੀ ਰਖਿਆ ਕੀਤੀ ਸੀ, ਇਸ ਤਰ੍ਹਾਂ ਆਪ ਮੇਰੀ ਰਖਿਆ ਵੀ ਇਸ ਮਾਇਆ ਦੇ ਜਾਲ ਤੋਂ ਕਰੋ। ਇਸ ਤੁਕ ਵਿਚ ਗੁਰੂ ਅਕਾਲ ਪੁਰਖ (ਰਾਮ ਗੁਰ) ਆਖਿਆ ਗਿਆ ਹੈ, ਕਿਸੇ ਦੇਹ ਧਾਰੀ ਗੁਰੂ ਨੂੰ ਨਹੀਂ, ਇਸ ਲਈ ਇਸ ਤੁਕ ਦਾ ਹਵਾਲਾ ਦੇਣਾ, ਉਨ੍ਹਾਂ ਲਈ ਲਾਭਦਾਇਕ ਨਹੀਂ, ਇਸ ਬਾਰੇ ਪੂਰੀ ਵਿਚਾਰ ਮੂਲ ਲੇਖ ਵਿਚ ਹੋ ਚੁੱਕੀ ਹੈ।

ਫਿਰ ਲੇਖਕ ਦੂਜੇ ਪਾਸੇ ਟੁਰ ਪਏ ਹਨ, ਕਹਿੰਦੇ ਹਨ" ਕਿ ਗੁਰੂ ਰਾਮ ਦਾਸ



Digitized by Panjab Digital Library | www.panjabdigilib.org

ਜੀ ਦਾ ਇਹ ਕਹਿਣਾ ਕਿ ਠੀਕ ਉਸੇ ਕਸਤੂਰੀ ਮ੍ਰਿਗ ਵਾਂਗ ਅਸੀਂ ਵੀ ਹਰੀ ਦੀ ਖੋਜ ਵਿਚ ਜੰਗਲ ਜੰਗਲ ਭਟਕਦੇ ਪਏ ਸਾਂ ਕਿ ਪੂਰੇ ਗੁਰੂ ਨੇ (ਗੁਰੂ ਅਮਰਦਾਸ ਨੇ) ਘਰ ਵਿਚ ਹੀ-ਸਾਡੇ ਅੰਤਹਕਰਨ ਵਿਚ ਹੀ-ਉਸ ਦਾ ਸਾਖਿਆਤ ਕਰਵਾ ਕੇ ਸਾਡਾ ਨਿਸਤਾਰਾ ਕਰ ਦਿੱਤਾ।"

ਇਸ ਤੁਕ ਦੀ ਪੂਰੀ ਵਿਚਾਰ ਮੂਲ ਲੇਖ ਵਿਚ ਆ ਚੁੱਕੀ ਹੈ। ਜਿਸ ਤਰ੍ਹਾਂ ਜੰਗਲ ਜੰਗਲ ਮਿਰਗ ਭਟਕਦਾ ਹੈ, ਉਸੇ ਤਰ੍ਹਾਂ ਮਨੁਖ ਦੇਹ ਧਾਰੀ ਗੁਰੂਆਂ ਪਿੱਛੇ ਭਟਕਦਾ ਹੈ। ਜਦ ਕਿ ਸਬਦੁ ਗੁਰੂ ਸਾਡੇ ਅੰਦਰ ਹੈ।

ਇਹ ਸਾਰੀ ਦੀ ਸਾਰੀ ਬਾਣੀ ਅਕਾਲ ਪੁਰਖ ਦਾ ਗਿਆਨ ਹੈ। ਕਿਸੇ ਦਾ ਆਪਣਾ ਤਜਰਬਾ ਨਹੀਂ। ਇਹ ਬਾਣੀ ਕੇਵਲ ਗੁਰੂ ਰਾਮ ਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਹੋਈ ਹੈ। ਬਾਣੀ ਦਾ ਕਰਤਾ ਅਕਾਲ ਪੁਰਖ ਆਪ ਹੈ। ਇਹ ਉਪਦੇਸ਼ ਸਭ ਲਈ ਸਾਂਝਾਂ ਹੈ ਤੇ ਇਸ ਉਪਦੇਸ਼ ਨੂੰ ਕਿਸੇ ਵਿਅਕਤੀ ਨਾਲ ਜੋੜ ਕੇ ਕਹਾਣੀਆਂ ਘੜਨੀਆਂ ਤੇ ਉਸ ਤੋਂ ਗਲਤ ਅਰਥ ਕੱਢਣ ਦੀ ਕੋਸ਼ਿਸ਼ ਕਰਨੀ ਠੀਕ ਨਹੀਂ।

ਪੰਨਾ-੪੮ ਤੇ ਆਪ ਨੇ ਇਹ ਮੰਨਿਆ ਹੈ ਕਿ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥

(ਗਉੜੀ ਵਾਰ, ਸਲੋਕ ਮਹਲਾ ੪ ਆਦਿ ਗ੍ਰੰਥ ਪੰਨਾ-੩੦੮)

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ। ਸਤਿ ਦਾ ਅਰਥ ਹੈ ਜੋ ਤਿਨਾਂ ਕਾਲਾਂ ਵਿਚ ਥਿਰ ਹੋਵੇ, ਨਾਸ ਰਹਿਤ ਹੋਵੇ। ਸਤਿ ਅਕਾਲ ਪੁਰਖ ਆਪ ਹੈ ਜੋ ਆਦਿ ਤੋਂ ਹੀ ਗੁਰੂ ਹੈ। ਇਹ ਬਾਣੀ ਅਕਾਲ ਪੁਰਖ ਦੀ ਹੈ ਕਿਸੇ ਵਿਅਕਤੀ ਦੀ ਨਹੀਂ। ਕਿਸੇ ਗ੍ਰੰਥੀ ਦੀ ਅਰਦਾਸ ਦਾ ਜ਼ਿਕਰ ਕਰਕੇ ਇਨ੍ਹਾਂ ਅਰਥਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਫਿਰ ਆਪ ਦਸਦੇ ਹਨ "ਕਿ ਸ਼ਬਦਾਰਥ ਵਿਚ ਬਾਣੀ ਗੁਰੂ ਗੁਰੂ ਹੈ ਬਾਣੀ ਦੇ ਅਰਥ ਨਹੀਂ ਦਿਤੇ ਗਏ, ਕਿਉਂ ਜੋ ਉਹ ਠੀਕ ਅਰਥ ਜੋ ਬਣਦੇ ਹਨ,



Digitized by Panjab Digital Library | www.panjabdigilib.org

ਉਹ ਕਰਨਾ ਨਹੀਂ ਸਨ ਚਾਹੁੰਦੇ।" ਸ਼ਾਇਦ ਆਪ ਭੁਲ ਗਏ ਹਨ ਕਿ ਸ਼ਬਦਾਰਥ ਵਿਚ ਕਿਸੇ ਕਿਸੇ ਤੁਕ ਦੇ ਅਰਥ ਹੀ ਦਿਤੇ ਗਏ ਹਨ ਸਾਰੀਆਂ ਤੁਕਾਂ ਦੇ ਨਹੀਂ। ਉਥੇ ਕੇਵਲ ਔਖੇ ਅੱਖਰਾਂ ਦੇ ਹੀ ਅਰਥ ਹਨ ਇਹ ਤੁਕ ਇਤਨੀ ਸਪਸ਼ਟ ਹੈ ਕਿ ਇਸ ਦੇ ਅਰਥ ਹਰ ਆਦਮੀ ਸਮਝ ਸਕਦਾ ਹੈ, ਇਸ ਲਈ ਨਹੀਂ ਦਿਤੇ ਗਏ।

ਲੇਖਕ ਸਫ਼ਾ ੬੮ ਤੇ ਲਿਖਦੇ ਹਨ ਕਿ "ਸਤਿਗੁਰੂ ਰਾਮਦਾਸ ਜੀ ਮਹਾਰਾਜ ਨੇ ਦੇਹਧਾਰੀ ਗੁਰੂ ਦੀ ਲੋੜ ਨੂੰ ਜ਼ਰੂਰੀ ਦਸਦਿਆਂ ਉਹ ਦਲੀਲ ਦਿਤੀ ਹੈ, ਜਿਸ ਤੋਂ ਅੱਗੇ ਹੋਰ ਕੋਈ ਦਲੀਲ ਚਲ ਹੀ ਨਹੀਂ ਸਕਦੀ। ਆਪ ਨੇ ਫੁਰਮਾਇਆ ਹੈ:"

"ਗੁਰ ਸੇਵਾ ਆਪਿ ਹਰਿ ਭਾਵੈ ॥
ਕ੍ਰਿਸਨ ਬਲਭਦ੍ਰ ਗੁਰਪਗ ਲਗਿ ਧਿਆਵੈ ॥

ਇਸ ਤੁਕ ਦੇ ਅਰਥ ਲੇਖਕ ਇਸ ਤਰ੍ਹਾਂ ਕਰਦੇ ਹਨ।

ਜਿਹੜਾ ਕ੍ਰਿਸਣ ਆਪ ਹਰੀ ਹੈ, ਜਿਸਨੇ ਭਗਵਾਨ-ਗੁਰੂ ਦੇਹਧਾਰੀ ਰੂਪ ਵਿਚ ਜਨਮ ਲਿਆ ਹੈ, ਉਹ ਖੁਦ ਮਿਸਾਲ ਕਾਇਮ ਕਰਦਾ ਹੈ। "ਦੇਹ ਧਾਰੀ ਗੁਰੂ ਧਾਰਨ ਦੀ।"

ਕਿਸੇ ਇਕ ਤੁਕ ਨੂੰ ਸਾਰੇ ਸਬਦੁ ਨਾਲੋਂ ਵਖ ਕਰਕੇ ਅਰਥ ਕਰਨ ਨਾਲੋਂ ਜੇ ਸਾਰੇ ਸਬਦੁ ਦੀ ਵਿਚਾਰ ਕਰੀਏ ਤਾਂ ਅਸੀਂ ਕਿਸੇ ਨਤੀਜੇ ਤੇ ਪਹੁੰਚ ਸਕਦੇ ਹਾਂ। ਪੂਰਾ ਸਬਦੁ ਇਸ ਪਰਕਾਰ ਹੈ।

ਸਤਿਗੁਰ ਸੇਵਾ ਸਫਲ ਹੈ ਬਣੀ ॥
ਜਿਤੁ ਮਿਲਿ ਹਰਿਨਾਮੁ ਧਿਆਇਆ ਹਰਿ ਧਣੀ ॥
ਜਿਨ ਹਰਿ ਜਪਿਆ ਤਿਨ ਪੀਛੈ ਛੁਟੀ ਘਣੀ ॥ ੧ ॥
ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥
ਹਰਿ ਬੋਲਤ ਸਭ ਪਾਪ ਲਹਿ ਜਾਈ ॥ ੧ ॥ ਰਹਾਉ ॥
ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥
ਧਾਵਤ ਪੰਚ ਰਹੇ ਹਰਿ ਧਿਆਇਆ ॥
ਅਨਦਿਨੁ ਨਗਰੀ ਹਰਿਗੁਣ ਗਾਇਆ ॥ ੨ ॥


Digitized by Panjab Digital Library | www.panjabdigilib.org

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥ ੩ ॥
ਗੁਰ ਸੇਵਾ ਆਪਿ ਹਰਿ ਭਾਵੈ ॥
ਕ੍ਰਿਸਨੁ ਬਲਭਦ੍ਰੁ ਗੁਰਪਗ ਲਗਿ ਧਿਆਵੈ ॥
ਨਾਨਕ ਗੁਰਮੁਖਿ ਹਰਿ ਆਪ ਤਰਾਵੈ ॥ ੪ ॥ ੫ ॥ ੪੩ ॥
ਗਉੜੀ ਗੁਆਰੇਰੀ ਮਹਲਾ ੪ ॥ ਪੰਨਾ-੧੬੫

ਸਤਿਗੁਰੂ ਇਕ ਸੁਹਾਗਣ ਦੀ ਅਵਸਥਾ ਦਸਦਿਆਂ ਹੋਇਆਂ ਫਰਮਾਉਂਦੇ ਹਨ। ਉਹ ਸੁਹਾਗਣ ਕਹਿੰਦੀ ਹੈ, ਕਿ ਮੇਰੇ ਲਈ ਸਤਿਗੁਰੂ (ਸਬਦੁ ਗੁਰੂ) ਦੀ ਸੇਵਾ ਬਹੁਤ ਸਫਲ ਬਣ ਰਹੀ ਹੈ। ਸਬਦੁ ਗੁਰੂ ਦੇ ਮਿਲਾਪ ਦਾ ਫਲ ਇਹ ਹੋਇਆ ਹੈ ਕਿ ਹਰਿ ਧਨੀ, ਅਕਾਲ ਪੁਰਖ, ਜੋ ਸਾਡਾ ਪਤੀ ਹੈ, ਦੀ ਭਗਤੀ ਮੈਨੂੰ ਗੁਰੂ ਨੇ ਕਰਵਾ ਕੇ ਹਰੀ ਨਾਮ ਧਿਆਨ ਵਿਚ ਵਸਾ ਦਿਤਾ ਹੈ। ਕਿਉਂ ਜੋ ਸਬਦੁ ਗੁਰੂ ਦੇ ਮਿਲਾਪ ਮਗਰੋਂ ਸੁਰਤਿ ਚੌਵੀ ਘੰਟੇ ਸਬਦੁ ਗੁਰੂ ਦੀ ਹੀ ਸੰਗਤ ਕਰਦੀ ਹੈ। ਜਿਨ੍ਹਾਂ ਨੇ ਵੀ ਸਬਦੁ ਗੁਰੂ ਦਾ ਮਿਲਾਪ ਕਰਕੇ ਹਰੀ ਜਪਿਆ ਹੈ, ਉਨ੍ਹਾਂ ਪਿੱਛੇ ਹੋਰ ਕਈ, ਮਾਇਆ ਦੀ ਗੁਲਾਮੀ ਤੋਂ, ਆਜ਼ਾਦ ਹੋ ਗਏ ਹਨ। ਹੇ ਮੇਰੇ ਵੀਰ ਗੁਰਸਿੱਖੋ ਤੁਸੀਂ ਵੀ ਹਰੀ ਹਰੀ ਬੋਲੋ ਤਾਂ ਜੋ ਤੁਹਾਡੇ ਪਾਪ ਵੀ ਉਤਰ ਜਾਣ। ਉਹ ਸੁਹਾਗਣ ਵਿਸਥਾਰ ਨਾਲ ਦਸਦੀ ਏ ਕਿ ਜਦੋਂ ਮੈਨੂੰ ਸਬਦੁ ਗੁਰੂ ਦਾ ਮਿਲਾਪ ਹੋਇਆ ਤਾਂ ਮੇਰਾ ਮਨ ਜੋ ਭਟਕਦਾ ਰਹਿੰਦਾ ਸੀ, ਉਹ ਵਸ ਵਿਚ ਆ ਗਿਆ। ਮੇਰਾ ਮਨ ਪੰਜਾਂ ਦੁਸ਼ਟਾਂ ਦੇ ਅਧੀਨ ਭਟਕਦਾ ਸੀ। ਹੁਣ ਉਨ੍ਹਾਂ ਦੀ ਦੌੜ ਮੁੱਕ ਗਈ ਹੈ ਤੇ ਹੁਣ ਹਰੀ ਧਿਆਨ ਵਿਚ ਵਸ ਗਿਆ।

ਇਹ ਸਿੱਟਾ ਹੈ, ਸਬਦੁ ਗੁਰੂ ਦੇ ਮਿਲਾਪ ਦਾ। ਕੀ ਨਾਮਧਾਰੀ ਸੰਪਰਦਾਏ ਵਿਚ ਇਕ ਵੀ ਸਿੱਖ ਐਸਾ ਹੈ, ਜੋ ਇਹ ਕਹਿ ਸਕੇ ਕਿ ਜਦੋਂ ਮੈਂ ਆਪਣੇ ਦੇਹਧਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ, ਕਰਦਿਆਂ ਸਾਰ ਹੀ ਮਨ ਦਾ ਭਟਕਨਾ ਬੰਦ ਹੋ ਗਿਆ, ਪੰਜ ਦੁਸ਼ਟ ਨੱਸ ਗਏ ਤੇ ਹਰੀ ਧਿਆਨ ਵਿਚ ਵਸ ਗਿਆ।

ਉਹ ਸੁਹਾਗਣ ਕਹਿੰਦੀ ਹੈ ਕਿ ਜਿਨ੍ਹਾਂ ਨੇ ਵੀ ਸਬਦੁ ਗੁਰੂ ਨੂੰ ਭੇਟ ਕੇ ਉਸ



Digitized by Panjab Digital Library | www.panjabdigilib.org

ਦੀ ਧੂੜ ਮਸਤਕ ਤੇ ਲਾਈ ਹੈ (ਸਬਦੁ ਗੁਰੂ ਅਰੂਪ ਹੈ, ਉਸਦੀ ਧੂੜ ਉਸਦੇ ਉਪਦੇਸ਼ ਨੂੰ ਸੁਣ ਕੇ ਮੰਨਣਾ ਹੈ), ਉਨ੍ਹਾਂ ਦਾ ਮੁਖ ਹਰਦਰਗਹ ਉਜਲ ਹੋਵੇਗਾ। ਸਬਦੁ ਗੁਰੂ ਦੀ ਸੇਵਾ (ਨਾਮ ਦਾ ਮਨ ਵਿਚ ਦ੍ਰਿੜ ਕਰਨਾ) ਇਹ ਹਰੀ ਨੂੰ ਭਾਉਂਦੀ ਹੈ। ਕ੍ਰਿਸ਼ਨ ਤੇ ਬਲਭਦ੍ਰ ਜੀ ਨੇ ਵੀ ਸਬਦੁ ਗੁਰੂ ਦੀ ਇਹੀ ਸੇਵਾ ਕਰਕੇ ਹਰੀ ਨਾਮ ਧਿਆਨ ਵਿਚ ਵਸਾ ਲਿਆ। ਮਹਾਰਾਜ ਦਸਦੇ ਹਨ ਕਿ ਗੁਰਮੁਖਿ (ਸਬਦੁ ਗੁਰੂ) ਦੇ ਪ੍ਰਸਾਦਿ ਦੁਆਰਾ, ਹਰੀ ਨੇ ਇਨ੍ਹਾਂ ਨੂੰ ਭਵਸਾਗਰ ਤੋਂ ਪਾਰ ਕਰ ਦਿਤਾ।

ਸੋ ਇਹ ਹੈ ਪੂਰੇ ਸਬਦੁ ਦੀ ਵਿਚਾਰ ਜਿਸ ਬਾਰੇ ਲੇਖਕ ਨੇ ਲਿਖਿਆ ਹੈ "ਇਹ ਉਹ ਦਲੀਲ ਹੈ ਜਿਸ ਤੋਂ ਅੱਗੇ ਹੋਰ ਕੋਈ ਦਲੀਲ ਚਲ ਹੀ ਨਹੀਂ ਸਕਦੀ।"

ਉਹ ਪੰਨਾ-੬੮ ਤੇ ਹੀ ਲਿਖਦੇ ਹਨ :-

"ਗੁਰ ਸੇਵਾ ਜੁਗ ਚਾਰੇ ਹੋਈ ॥
ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥
ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥
ਏ ਮਨ ਮੇਰੇ ਭਰਮੁ ਨ ਕੀਜੈ ॥
ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥

(ਗਉੜੀ ਗੁਆਰੇਰੀ ਮਹਲਾ ੩ ਆਦਿ ਗ੍ਰੰਥ) ਪੰਨਾ-੧੬੧

ਉਨ੍ਹਾਂ ਨੇ ਅਰਥ ਇਸ ਤਰ੍ਹਾਂ ਕੀਤੇ ਹਨ।

"ਗੁਰੂ ਕੀ ਸੇਵਾ ਚਹੁੰ ਜੁਗਾਂ ਵਿਚ ਹੀ ਹੋਈ ਹੈ। ਕੋਈ ਭੁਲੇਖਾ ਨਹੀਂ। ਇਹ ਗੁਰ ਸੇਵਾ ਵਾਲੀ ਕਾਰ ਉਹੋ ਹੀ ਕਮਾ ਸਕਦਾ ਹੈ, ਜਿਹੜਾ ਹਰੀ ਨੂੰ ਪੂਰੀ ਤਰ੍ਹਾਂ ਸਮਰਪਤ ਹੈ, ਉਸਦਾ "ਜਨੁ" ਹੈ ਤੇ ਜੇ ਇਹ ਕਾਰ ਕਮਾ ਲਵੇ ਤਾਂ ਐਥੇ-ਇਸ ਜਗਤ ਵਿਚ-ਸੁਖ ਮਿਲਦਾ ਹੈ ਤੇ ਹਰੀ ਦਰ ਤੇ ਗਿਆਂ ਸੋਭਾ ਮਿਲਦੀ ਹੈ।"

ਲੇਖਕ ਨੇ ਗੁਰ ਸੇਵਾ ਦੇਹ ਧਾਰੀ ਦੀ ਸੇਵਾ ਨੂੰ ਕਿਹਾ ਹੈ ਤੇ ਬਾਣੀ ਦੇ ਅਰਥ ਕਰਨ ਦੀ ਲੋੜ ਨਹੀਂ ਸਮਝੀ। ਅਰਥ ਇਸ ਤਰ੍ਹਾਂ ਬਣਦੇ ਹਨ।



Digitized by Panjab Digital Library | www.panjabdigilib.org

ਸਬਦੁ ਗੁਰੁ ਜੋ ਜੁਗਾਂ ਜੁਗਾਂ ਤੋਂ ਹੈ, ਉਸ ਦੀ ਸੇਵਾ ਚਾਰੇ ਜੁਗਾਂ ਤੋਂ ਹੀ ਹੋ ਰਹੀ ਹੈ । ਤੇ ਕੋਈ ਪੂਰਾ ਜਨੁ ਹੀ ਸਬਦੁ ਗੁਰੂ ਨੂੰ ਭੇਟ ਕੇ ਉਸਦੀ ਕਾਰ ਕਮਾ ਸਕਦਾ ਹੈ । ਉਹ ਕਾਰ ਕੀ ਹੈ ? ਨਾਮ ਦਾ ਧਿਆਨ ਵਿਚ ਵਸਾਨਾ । ਐਸੇ ਸੇਵਕ ਨੂੰ ਸਬਦੁ ਗੁਰੂ ਦੀ ਮਿਹਰ ਦੁਆਰਾ ਨਾਮ ਧਨ ਦੇ ਅਖੁਟ ਖਜ਼ਾਨੇ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦੀ ਕਦੀ ਤੋਟ ਹੀ ਨਾ ਆਵੇ । ਨਤੀਜੇ ਵਜੋਂ ਇਸ ਜਹਾਨ ਵਿਚ ਵੀ ਸੁਖ ਤੇ ਅੱਗੇ ਵੀ ਸ਼ੋਭਾ ਹੁੰਦੀ ਹੈ । ਹੇ ਮੇਰੇ ਮਨਾਂ ਤੂੰ ਵੀ ਭਰਮ ਨਾ ਕਰ, ਤੂੰ ਵੀ ਸਬਦੁ ਗੁਰੂ ਦੀ ਸੇਵਾ ਕਰ, ਉਹ ਕੀ ਹੈ ? ਅੰਮ੍ਰਿਤ ਰਸੁ (ਨਾਮੁ ਰਸ) ਪੀ ।

ਲੇਖਕ ਨੇ ਜਿਥੇ ਬਾਣੀ ਨੂੰ ਗੁਰੂ ਤੋਂ ਛੋਟਾ ਦਸਣਾ ਹੁੰਦਾ ਹੈ, ਉਥੇ ਕਹਿੰਦੇ ਹਨ "ਗੁਰੂ ਪਾਰਬ੍ਰਹਮ ਹੈ-ਇਸ ਲਈ ਉਹ ਅਪਨੀ ਰਚਨਾ ਤੋਂ ਉਪਰ ਹੈ । ਰਚਨਾ ਉਸਦੇ ਤੁਲ ਨਹੀ ।" ਪੰਨਾ ੭੦

ਉਸ ਵੇਲੇ ਉਹ ਭੁਲ ਜਾਂਦੇ ਹਨ ਕਿ ਮੈਂ ਤਾਂ ਦੇਹਧਾਰੀ ਗੁਰੂ ਦਾ ਪ੍ਰਚਾਰ ਕਰ ਰਿਹਾ ਹਾਂ, ਪਾਰਬ੍ਰਹਮ ਤਾਂ ਦੇਹ ਧਾਰੀ ਨਹੀ ।

ਸਫ਼ਾ ੭੪ ਤੇ ਉਹ ਇਸ ਤਰ੍ਹਾਂ ਲਿਖਦੇ ਹਨ :

"ਗੁਰਬਾਣੀ ਵਿਚ ਜਿਥੇ ਗੁਰੂ ਨੂੰ ਹਥਾਂ ਪੈਰਾਂ ਤੇ ਨਕ ਮੂੰਹ ਵਾਲਾ ਬਿਆਨ ਕੀਤਾ ਹੈ-ਉਥੇ ਹਰੀ ਨੂੰ ਵੀ ਇਨ੍ਹਾਂ ਸਾਰਿਆਂ ਅੰਗਾਂ ਵਾਲਾ ਹੀ ਦਸਿਆ ਹੈ—

ਕਿਉਂਕਿ ਦੇਹਧਾਰੀ ਗੁਰੂ ਨਿਰੰਕਾਰ ਹਰੀ ਦਾ ਸਾਕਾਰ ਰੂਪ ਹੈ । ਉਸਦਾ ਨਿਰੰਕਾਰ ਰੂਪ"—

"ਅਰਬਦ ਨਰਬਦ ਧੁੰਧੂਕਾਰਾ" ਵਾਲੇ ਸਬਦੁ ਵਿਚ ਤੇ ਹੋਰ ਵੀ ਅਨੇਕਾਂ ਸਬਦਾਂ ਵਿਚ ਦਸਿਆ ਹੈ—"

"ਸਤਿਗੁਰੂ ਨਾਨਕ ਦੇਵ ਜੀ ਨੇ ਰਾਗ ਵੰਡਹਸ ਵਿਚ ਇਹ ਬਾਣੀ ਉਚਾਰੀ ਹੈ :-"

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਵਾਲਾ ॥
ਕੰਚਨ ਕਾਇਆ ਸੋਇਨੇ ਕੀ ਢਾਲਾ ॥



Digitized by Panjab Digital Library | www.panjabdigilib.org

"ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫਰਮਾਉਂਦੇ ਹਨ :

"ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥"

ਉਹ ਦਸਦੇ ਹਨ ਕਿ "ਉਪਰ ਦਿਤੇ ਸਬਦਾਂ ਨੂੰ ਕੇਵਲ ਉਹੋ ਹੀ ਕੋਈ ਸਮਝ ਸਕਦਾ ਹੈ, ਜਿਸ ਨੇ ਹਰੀ ਗੁਰੂ ਦਾ ਕ੍ਰਿਪਾ ਕਟਾਖ ਵੇਖਿਆ ਹੋਵੇ। ਜਿਸਨੇ ਉਨ੍ਹਾਂ ਬੰਕੇ ਲੋਇਨਾ, ਰੀਸਾਲੇ ਦੰਦਾਂ, ਸੋਹਣੇ ਨਕ ਦੇ ਦਰਸ਼ਨ ਕੀਤੇ ਹੋਣ। ਅਤੇ ਉਹ ਵਡਭਾਗੇ ਓਹੋ ਹੀ ਹੋ ਸਕਦੇ ਹਨ-ਜਿਹੜੇ ਆਪਣੇ ਹਰੀ ਗੁਰੂ ਨੂੰ ਦੇਹ ਰੂਪ ਵਿਚ ਵੇਖਣ।"

ਲੇਖਕ ਇਹ ਤਾਂ ਮੰਨੇ ਹਨ ਕਿ ਹਰੀ ਜੋ ਨਿਰਾਕਾਰ ਹੈ ਜਿਸਦੇ ਸਾਡੇ ਵਰਗੇ ਅੰਗ ਨਹੀਂ, ਉਸ ਲਈ ਵੀ ਬਾਣੀ ਵਿਚ ਬੰਕੇ ਲੋਇਨ, ਰਸੀਲੇ ਦੰਦ; ਸੋਹਣੇ ਨਕ ਆਦਿ ਅਲੰਕਾਰ ਵਰਤੇ ਗਏ ਹਨ। ਪਰ ਜਿਸ ਵੇਲੇ ਸਬਦੁ ਗੁਰੂ ਲਈ ਇਹੀ ਅਲੰਕਾਰ ਵਰਤੇ ਜਾਂਦੇ ਹਨ, ਤਾਂ ਉਥੇ ਉਹ ਹਠ ਕਰ ਲੈਂਦੇ ਹਨ ਕਿ ਇਹ ਤਾਂ ਦੇਹ ਧਾਰੀ ਲਈ ਹੀ ਵਰਤੇ ਗਏ ਹਨ। ਗੁਰਬਾਣੀ ਕਿਸੇ ਵੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਦੀ। ਸਾਡਾ ਗੁਰੂ ਕੇਵਲ ਨਿਰਾਕਾਰ ਹੈ :

"ਸਬਦੁ ਗੁਰੂ ਜੋ ਸਾਡੇ ਹਿਰਦੇ ਵਿਚ ਹੈ, ਗੁਰੂ ਜੋਤਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।"

ਇਸੇ ਹਠ ਦੇ ਕਾਰਨ ਉਨ੍ਹਾਂ ਨੇ ਆਪਣੀ ਪੁਸਤਕ ਦਾ ਨਾਮ "ਸਤਿਗੁਰੁ ਤਿਸ ਕਾ ਨਾਉ" ਰਖਿਆ ਤੇ ਸੁਖਮਨੀ ਸਾਹਿਬ ਦੀ ਅਠਾਰਵੀਂ ਅਸਟਪਦੀ ਤੇ ਸਲੋਕ ਦਾ ਆਸਰਾ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ :—

"ਜ਼ਾਹਿਰ ਹੈ ਕਿ ਸਤਿਪੁਰਖ ਨੂੰ ਜਾਣਨ ਵਾਲਾ ਅਤੇ ਜੀਅ ਨਾਲ (ਦਿਲੀ ਪਿਆਰ ਨਾਲ ਸੰਭਾਲਣ ਵਾਲਾ) ਸਮਾਰਨ ਵਾਲਾ ਸਤਿਗੁਰੂ ਉਹੋ ਹੀ ਹੋ ਸਕਦਾ ਹੈ ਜਿਸ ਵਿਚ ਜੀਅ ਹੈ। ਅਤੇ ਜੀਅ ਪੰਜ ਭੂਤਕ ਦੇਹ ਵਿਚ ਹੀ ਹੋ ਸਕਦਾ ਹੈ।"

ਪੰਨਾ-੪੦

ਜੇ ਆਪ ਇਹ ਮੰਨਦੇ ਹਨ ਕਿ ਮਹਾਰਾਜ ਨੇ ਅਕਾਲ ਪੁਰਖ ਲਈ ਜਿਸਦੇ ਮਨੁਖਾਂ ਵਰਗੇ ਅੰਗ ਨਹੀਂ ਹਨ, ਸੋਹਣੇ ਵਾਲ ਤੇ ਲੰਮੇ ਨਕ ਵਾਲੇ ਅਲੰਕਾਰ ਵਰਤੇ ਹਨ ਤਾਂ ਸਬਦੁ ਗੁਰੂ ਲਈ ਕਿਉਂ ਨਹੀਂ ਵਰਤ ਸਕਦੇ। ਇਸ ਵਿਸ਼ੇ



Digitized by Panjab Digital Library | www.panjabdigilib.org

ਉਤੇ ਪੂਰੇ ਵਿਸਥਾਰ ਨਾਲ ਵਿਚਾਰ ਮੂਲ ਲੇਖ ਵਿਚ ਹੋ ਚੁਕੀ ਹੈ, ਇਸ ਵੇਲੇ ਕੇਵਲ ਇਕ ਗੱਲ ਪੁਛਾਂਗਾ ਕਿ ਕੀ ਦੇਹ ਧਾਰੀ ਗੁਰੂ ਨਿਰਾਹਾਰ ਹੁੰਦਾ ਹੈ। ਮਹਾਰਾਜ ਨੇ ਉਸੇ ਅਸਟਪਦੀ ਵਿਚ ਗੁਰੂ ਦੇ ਗੁਣ ਦਸਦਿਆਂ ਕਿਹਾ ਹੈ ਕਿ : "ਨਿਰਾਹਾਰ ਨਿਰਵੈਰ ਸੁਖਦਾਈ। ਤਾਕੀ ਕੀਮਤਿ ਕਿਨੈ ਨ ਪਾਈ।" ਜੇ ਕੋਈ ਵੀ ਦੇਹ ਧਾਰੀ ਆਹਾਰ ਕੀਤੇ ਬਿਨਾਂ ਨਹੀਂ ਰਹਿ ਸਕਦਾ ਤਾਂ ਆਪ ਦੀ ਪੁਸਤਕ ਦਾ ਜੋ ਸਿਰਲੇਖ ਹੈ, ਉਸ ਨੂੰ ਬਦਲਨਾ ਪਵੇਗਾ।

ਇਸ ਪੁਸਤਕ ਨੂੰ ਪੜ੍ਹ ਕੇ ਪਾਠਕ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਆਪ ਜੋ ਵੀ ਪ੍ਰਮਾਣ ਦੇਂਦੇ ਹਨ, ਅਗਲੇ ਸਫੇ ਤੇ ਜਾ ਕੇ ਕੋਈ ਹੋਰ ਗੱਲ ਸਿਧ ਕਰਨ ਲਈ ਉਸ ਦੇ ਉਲਟ ਪ੍ਰਮਾਣ ਦੇਣ ਲਗ ਪੈਂਦੇ ਹਨ। ਐਸਾ ਜਾਪਦਾ ਹੈ ਕਿ ਸਾਰੇ ਪ੍ਰਮਾਣ ਪਰਸਪਰ ਵਿਰੋਧੀ (self contradictory) ਹਨ।

ਲੇਖਕ ਨੇ ਪੰਨਾ-੫੧ ਉਤੇ ਜੋ ਵਿਆਖਿਆ :

"ਹਰਿ ਜੁਗਹ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲਦੀ" ਦੀ ਕੀਤੀ ਹੈ ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਇਹ ਦੇਹ ਧਾਰੀ ਗੁਰੂਆਂ ਦੀ ਪੀੜੀ ਹੈ। ਕਿਸੇ ਇਕ ਤੁਕ ਨੂੰ ਸਾਰੇ ਸਬਦੁ ਨਾਲੋਂ ਵੱਖ ਕਰ ਕੇ ਤੇ ਸਾਰੇ ਸਬਦੁ ਵਿਚ ਜੋ ਸਿਧਾਂਤ ਮਹਾਰਾਜ ਨੇ ਦਸਿਆ ਹੈ ਉਸ ਨੂੰ ਅੱਖੋਂ ਉਹਲੇ ਕਰਕੇ ਅਰਥ ਨਹੀਂ ਹੋ ਸਕਦੇ। ਇਸ ਸਾਰੇ ਸਬਦੁ ਦੇ ਅਰਥ ਮੂਲ ਲੇਖ ਵਿਚ ਦਿਤੇ ਹਨ। ਆਸ ਹੈ ਲੇਖਕ ਕੀਤੇ ਅਰਥਾਂ ਨੂੰ ਸੋਧ ਲੈਣਗੇ।

ਪੰਨਾ-੮੬ ਤੇ ਆਪ ਲਿਖਦੇ ਹਨ ਕਿ :—

"ਸਤਿਗੁਰੂ ਜੇ ਦੇਹ ਵਾਲਾ ਹੈ ਤਦ ਹੀ ਤਾਂ ਉਹ ਆਪਣੇ ਸਿਖ ਨੂੰ ਆਪਣਾ ਰੂਪ ਬਣਾ ਸਕੇਗਾ। ਸਿਖ ਵੀ ਤਾਂ ਅੰਤ ਨੂੰ ਹਥਾਂ ਪੈਰਾਂ ਵਾਲਾ ਹੀ ਹੈ। ਸਤਿਗੁਰੂ ਦਾ ਇਹ ਧਰਮ ਹੈ ਕਿ ਉਹ ਸਿਖ ਨੂੰ ਆਪਣੇ ਜਿਹਾ ਬਣਾ ਲਵੇ। ਸਤਿਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ।"

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥

(ਆਸਾ ਮਹਲਾ ੪, ਆਦਿ ਗ੍ਰੰਥ ਪੰਨਾ-੪੪੪)

ਗੁਰਬਾਣੀ ਤਾਂ ਇਹ ਦਸਦੀ ਹੈ ਕਿ ਗੁਰੂ ਵੀ ਅਰੂਪ ਹੈ ਤੇ ਸਿਖ ਵੀ ਅਰੂਪ



Digitized by Panjab Digital Library | www.panjabdigilib.org

ਹੈ । ਜਿਤਨੀ ਦੇਰ ਅਸੀਂ ਦ੍ਰਿਸ਼ਟਮਾਨ ਦੇ ਭੁਲੇਖੇ ਵਿਚੋਂ ਨਾ ਨਿਕਲਾਂਗੇ ਹਰੀ ਦਾ ਮਿਲਾਪ ਨਹੀਂ ਹੋ ਸਕਦਾ । ਹਰੀ ਦੇ ਮਿਲਾਪ ਲਈ ਸਬਦੁ ਗੁਰੂ ਨੂੰ ਭੇਟ ਕੇ ਹੀ ਗੁਰੂ ਸਿਖ ਤੇ ਸਿਖ ਗੁਰੂ ਹੋ ਸਕਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਤਰੀਕਾ ਨਹੀਂ । ਜਾਂ ਆਪ ਦਸੋ ਆਪ ਜੀ ਦੇ ਸਤਿਗੁਰਾਂ ਕਿਤਨੇ ਸਿਖਾਂ ਨੂੰ ਗੁਰੂ ਜਿਹਾ ਕੀਤਾ ਹੈ ।

ਲੇਖਕ ਪੰਨਾ-੮੮ ਤੇ ਲਿਖਦੇ ਹਨ :-

"ਇਹ ਗੱਲ ਗਿਆਨੀ ਜੀ ਨੇ ਸਚ ਲਿਖੀ ਹੈ ਕਿ ਸ੍ਰੀ ਆਦਿ ਗ੍ਰੰਥ ਵਿਚ ਗ੍ਰੰਥ ਦੇ ਗੁਰੂ ਹੋਣ ਦੀ ਗੱਲ ਸਤਿਗੁਰਾਂ ਨੇ ਨਹੀਂ ਲਿਖੀ । ਉਹ ਲਿਖ ਵੀ ਕਿਸ ਤਰ੍ਹਾਂ ਸਕਦੇ ਸਨ ? ਉਨ੍ਹਾਂ ਲਈ ਸਤਿਗੁਰੂ ਕੇਵਲ ਇਤਿਹਾਸ ਦਾ ਪ੍ਰਾਣੀ ਤਾਂ ਹੈ ਨਹੀਂ, ਉਨ੍ਹਾਂ ਲਈ ਤਾਂ ਉਹ ਪਰਤਖ ਹਰੀ ਆਪਿ ਬ੍ਰਹਮ-ਜੋਤ ਸਰੂਪ ਹੈ ।"

ਮੇਰੇ ਵਿਚਾਰ ਵਿਚ ਆਪ ਦੋਹਾਂ ਨੇ ਹੀ ਸਲੋਕ ਮਹਲਾ ੫ ॥ "ਤੇਰਾ ਕੀਤਾ ਜਾਤੋ ਨਾਹੀ" ਦੇ ਅਰਥ ਧਿਆਨ ਨਾਲ ਵਾਚਨ ਦੀ ਖੇਚਲ ਨਹੀਂ ਕੀਤਾ । ਉਥੇ ਸਾਫ਼ ਲਿਖਿਆ ਹੈ "ਸਤਿਗੁਰ ਸਜਣੁ ਮਿਲਿਆ" ਇਸ ਪੋਥੀ ਸਾਹਿਬ ਦੇ ਰੂਪ ਵਿਚ ਸਾਨੂੰ ਸਤਿਗੁਰ ਸਜਣੁ ਦੀ ਪ੍ਰਾਪਤੀ ਹੋਈ ਹੈ । ਇਸ ਸਾਰੇ ਸਲੋਕ ਦੀ ਵਿਚਾਰ ਮੂਲ ਲੇਖ ਵਿਚ ਹੋ ਚੁਕੀ ਹੈ । ਉਸ ਤੋਂ ਮਗਰੋਂ ਸੰਨ ੧੬੯੯ ਦੀ ਦੀ ਵਿਸਾਖੀ ਵਾਲੇ ਦਿਹਾੜੇ ਕਲਗੀਧਰ ਪਾਤਿਸ਼ਾਹ ਨੇ ਗੁਰਮੰਤਰ ਦੇਣ ਦਾ ਅਧਿਕਾਰ, ਜੋ ਕੇਵਲ ਗੁਰੂ ਜੋਤ ਨੂੰ ਹੀ ਸੀ, ਗੁਰੂ (ਗੁਰੂ ਜੋਤਿ) ਦੀ ਤਾਬਿਆ ਪੰਜ ਪਿਆਰਿਆਂ ਨੂੰ ਦੇ ਕੇ ਇਸ ਗੱਲ ਦੀ ਮੁੜ ਪੁਸ਼ਟੀ ਕੀਤੀ ਕਿ ਗੁਰੂ ਜੋਤ ਹੁਣ ਦੇਹ ਵਿਚ ਨਹੀਂ ਰਹੇਗੀ ਤੇ ਉਹ ਸ੍ਰੀ ਗ੍ਰੰਥ ਸਾਹਿਬ ਵਿਚ ਓਤ ਪੋਤ ਹੋ ਜਾਵੇਗੀ । ਆਸ ਹੈ ਆਪ ਮੂਲ ਲੇਖ ਨੂੰ ਚੰਗੀ ਤਰ੍ਹਾਂ ਵਾਚ ਲੈਣਗੇ ।

ਗੁਰੂ ਕੇ ਚਰਨ ਤੇ ਗੁਰੂ ਕੀ ਮੂਰਤਿ ਵਾਲੇ ਵਿਚਾਰਾਂ ਦੇ ਬਾਰੇ ਮੈਂ ਜਿਸ ਤਰ੍ਹਾਂ ਗੁਰੂਮਤਿ ਨੂੰ ਸਮਝਿਆ ਹੈ ਉਹ ਮੂਲ ਲੇਖ ਵਿਚ ਲਿਖੇ ਹਨ । ਦੇਹ ਧਾਰੀ ਗੁਰੂਆਂ ਦੇ ਹਕ ਵਿਚ ਜਿੰਨੀਆ ਵੀ ਦਲੀਲਾਂ ਆਪ ਨੇ ਦਿਤੀਆਂ ਹਨ, ਉਨ੍ਹਾਂ ਦਾ ਉਤਰ ਮੂਲ ਲੇਖ ਵਿਚ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਇਸ ਲਈ ਇਥੇ ਮੁੜ ਉਨ੍ਹਾਂ ਨੂੰ ਦੁਹਰਾਉਣਾ ਵਾਜਬ ਨਹੀਂ ।



Digitized by Panjab Digital Library | www.panjabdigilib.org

ਪੰਨਾ ੧੦੫ ਉਤੇ ਲੇਖਕ ਲਿਖਦੇ ਹਨ :

"ਪਰ ਜਿਹੜੀ ਗੱਲ ਸਿਧਾਂਤਕ ਹੈ-ਦਸ ਗੁਰੂ ਸਾਹਿਬਾਨ ਦੀ ਅਪਣੀ ਦੇਹ ਨਾਲ ਜਿਸਦਾ ਸੰਬੰਧ ਹੈ-ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਦਾ ਹਰ ਸਬਦੁ ਜਿਸ ਗੱਲ ਦੀ ਗਵਾਹੀ ਭਰਦਾ ਹੈ-ਉਹ ਹੈ-ਦੇਹ ਧਾਰੀ ਗੁਰੂ ਦੀ ਹੋਂਦ-ਇਸ ਸਿਧਾਂਤਕ ਹਕੀਕਤ ਤੋਂ ਇਨਕਾਰੀ ਹੋ ਧੇ ਜੇ ਕੋਈ ਗਲ ਆਖੇ ਤਾਂ ਗੁਰੂ ਦਾ ਸਿਖ ਉਸ ਨੂੰ ਕਿਵੇਂ ਪਰਵਾਨ ਕਰ ਲਏਗਾ ? ਭਾਵੇਂ ਦੁਨੀਆਂ ਭਰ ਦੇ ਇਤਿਹਾਸ ਦੀਆਂ ਕਿਤਾਬਾਂ ਇਹ ਆਖੀ ਜਾਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ "ਗ੍ਰੰਥ" ਨੂੰ ਦੇ ਦਿਤੀ-ਕੋਈ ਗੁਰੂ ਕਾ ਸਿਖ ਕਿਵੇਂ ਮੰਨੇਗਾ ? ਕਿਉਂਕਿ ਇਹ ਸਿਖਾਂ ਦੀ ਅਪਨੀ ਉਸ ਹੋਂਦ ਦਾ ਸਵਾਲ ਹੈ-ਜਿਹੜੀ ਹੋਂਦ "ਕਰਤਾ ਗੁਰੂ" ਦੀ ਹੋਂਦ ਵਿਚੋਂ ਜਨਮ ਲੈਂਦੀ ਹੈ।"

"ਗੁਰੂ ਕੌਣ ਹੋਵੇ-ਇਸ ਸਬੰਧੀ ਗੁਰੂ ਹੀ ਗੁਰੂ ਦੇ ਲਛਣ ਦਸਦਾ ਹੈ—ਇਤਿਹਾਸਕਾਰ ਨਹੀਂ। ਅਤੇ ਕੋਈ ਗੁਰੂ ਜਿਹੜਾਂ ਆਪ ਦੇਹ ਵਿਚ ਆਇਆ ਹੈ—ਸਰਗੁਣ ਜਗਤ ਦੇ ਰੂਪ ਵਿਚ ਦੇਹ ਧਾਰੀ ਅਕਾਲ ਪੁਰਖ, ਮਨੁਖ ਦੇ ਰੂਪ ਵਿਚ ਦੇਹ ਧਾਰੀ ਸਤਿਗੁਰੂ-ਹਰੀ ਦੀ ਬਜਾਇ ਗੁਰੂ ਦਾ ਸਿਖ ਕਿਸੇ ਹੋਰ ਤਰ੍ਹਾਂ ਸਤਿਗੁਰੂ ਦੀ ਕਲਪਨਾ ਵੀ ਨਹੀਂ ਕਰ ਸਕਦਾ।"

ਇਹ ਬਚਨ ਉਨ੍ਹਾਂ ਨੇ ਤਦ ਉਚਾਰੇ ਹਨ ਜਦੋਂ ੮੭ ਪੰਨੇ ਤੋਂ ੧੦੫ ਪੰਨੇ ਤਕ (ਪੂਰੇ ੧੮ ਪੰਨੇ) ਇਤਿਹਾਸ ਦੇ ਪੱਖ ਤੋਂ ਇਹ ਸਿੱਧ ਕਰਨ ਦਾ ਯਤਨ ਕਰਦਿਆਂ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਹੀਂ ਥਾਪਿਆ, ਉਨ੍ਹਾਂ ਨੂੰ ਇਹ ਯਕੀਨ ਹੋ ਗਿਆ ਕਿ ਉਨ੍ਹਾਂ ਦੇ ਤੱਥਾਂ ਨੂੰ ਬੜੀ ਆਸਾਨੀ ਨਾਲ ਕਟਿਆ ਜਾ ਸਕਦਾ ਹੈ। ਇਸ ਡਰ ਦੇ ਕਾਰਨ ਉਨ੍ਹਾਂ ਨੇ ਮੰਨਿਆ ਹੈ ਕਿ ਅਸੀਂ 'ਇਤਿਹਾਸ ਨੂੰ ਨਹੀਂ ਮੰਨਦੇ, ਬਾਣੀ ਨੂੰ ਹੀ ਪ੍ਰਮਾਣ ਮੰਨਦੇ ਹਾਂ, ਤੇ ਨਾਲ ਇਹ ਵੀ ਆਖਦੇ ਹਨ ਕਿ "ਭਾਵੇਂ ਦੁਨੀਆਂ ਭਰ ਦੇ ਇਤਿਹਾਸ ਦੀਆਂ ਕਿਤਾਬਾਂ ਇਹ ਆਖੀ ਜਾਣ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗ੍ਰੰਥ ਨੂੰ ਦੇ ਦਿਤੀ-ਕੋਈ ਗੁਰੂ ਕਾ ਸਿੱਖ ਕਿਵੇਂ ਮੰਨੇਗਾ ?"

ਮੈਂ ਵਿਦਵਾਨ ਲੇਖਕ ਕੋਲੋਂ ਇਹ ਪੁੱਛਦਾ ਹਾਂ ਕਿ :

ਕੀ ਗੁਰੂ ਕੇ ਸਿੱਖ ਇਹ ਗੱਲ ਮੰਨ ਜਾਣਗੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਪੂਰੇ ੧੨੫ ਸਾਲ ਦੁਨੀਆਂ ਦੀਆਂ ਨਜ਼ਰਾਂ ਤੋਂ ਬਚ ਕੇ ਆਪਣਾ ਜੀਵਨ ਬਿਤਾਂਦੇ



Digitized by Panjab Digital Library | www.panjabdigilib.org

ਰਹੇ ? ਜਦ ਸਿੱਖਾਂ ਤੇ ਇਤਨੀਆਂ ਭੀੜਾਂ ਬਣਦੀਆਂ ਰਹੀਆਂ, ਉਨ੍ਹਾਂ ਦੇ ਸਿਰਾਂ ਦਾ ਮੁਲ ਪੈਂਦਾ ਰਿਹਾ, ਕੀ ਉਸ ਵਕਤ ਉਨ੍ਹਾਂ ਦੀ ਅਣਖ ਨੇ ਜੋਸ਼ ਨਹੀਂ ਖਾਧਾ ਕਿ ਮੈਂ ਆਪਣੇ ਪਿਆਰੇ ਪੰਥ ਦੀ ਸਹਾਇਤਾ ਕਰਾਂ । ਜਦ ਸਾਰਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦਾ ਸੀ, ਉਸ ਵਕਤ ਉਨ੍ਹਾਂ ਨੇ ਪਰਗਟ ਹੋਕੇ ਇਸ ਗਲ ਦਾ ਖੰਡਨ ਕਿਉਂ ਨਹੀਂ ਕੀਤਾ । ਜਦ ਸਿੱਖ ਰਾਜ ਸਥਾਪਤ ਹੋਇਆ, ਉਹ ਇਕ ਸਿੱਖ ਰਾਜੇ ਦੀ ਰਿਆਸਤ ਵਿਚ ਰਈਅਤ ਬਣਕੇ ਰਹਿੰਦੇ ਰਹੇ, ਉਸ ਵਕਤ ਵੀ ਉਨ੍ਹਾਂ ਨੇ ਆਪਣਾ ਆਪਾ ਕਿਉਂ ਪਰਗਟ ਨਾ ਕੀਤਾ ।

ਜੇ ਕੋਈ ਗੁਰੂ ਕਾ ਸਿੱਖ ਇਹ ਸਾਰੀਆਂ ਗੱਲਾਂ ਹਜ਼ਮ ਕਰ ਸਕਦਾ ਹੈ, ਤਾਂ ਮੈਂ ਇਹੀ ਕਹਾਂਗਾਂ ਕਿ ਉਸ ਨੇ ਗੁਰੂ ਨੂੰ ਨਹੀਂ ਸਮਝਿਆ ।

ਲੇਖਕ ਦੇ ਦੁਬਿਧਾਪਨ ਨੇ ਉਸ ਨੂੰ ਫਿਰ ਭੁਲਾ ਦਿਤਾ । ਉਸ ਨੇ ੮੭ ਪੰਨੇ ਤੋਂ ੧੦੫ ਪੰਨੇ ਤਕ ਇਤਿਹਾਸ ਦੀ ਵਿਚਾਰ ਕਰ ਕੇ ਇਹ ਕਿਹਾ ਕਿ ਮੈਂ ਇਤਿਹਾਸ ਨੂੰ ਨਹੀਂ ਬਲਕਿ ਗੁਰਬਾਣੀ ਨੂੰ ਹੀ ਪ੍ਰਮਾਣ ਮੰਨਦਾ ਹਾਂ, ਪਰ ਫਿਰ ਆਪਣੀ ਪੁਸਤਕ ਦੀ ਸਮਾਪਤੀ ਤਕ ਇਤਿਹਾਸ ਨੂੰ ਹੀ ਵਿਚਾਰਦੇ ਰਹੇ ਪਤਾ ਨਹੀਂ ਕਿਉਂ ।

ਪੰਨਾ-੧੦੮ ਤੇ ਉਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੇ ਕੁਝ ਲੇਖ ਜੋ ਖਾਲਸਾ ਸਮਾਚਾਰ ਸੰਨ ੧੯੦੬ ਈ: ਵਿਚ ਛਪੇ, ਜਿੰਨ੍ਹਾਂ ਵਿਚ ਉਨ੍ਹਾਂ ਨੇ ਚੰਗੇ ਗ੍ਰੰਥੀਆਂ ਦੀ ਅਣਹੋਂਦ ਕਾਰਨ ਪ੍ਰਚਾਰ ਦੀ ਘਾਟ ਦਾ ਜ਼ਿਕਰ ਕੀਤਾ ਹੈ, ਉਸਦਾ ਮਖੌਲ ਉਡਾਇਆ ਹੈ ਤੇ ਕਿਹਾ ਹੈ ਕਿ ਉਨ੍ਹਾਂ ਦੇ ਮਾਨਸਕ ਕਸ਼ਟ ਦਾ ਇਕੋ ਇਕ ਇਲਾਜ ਹੈ, ਦੇਹ ਧਾਰੀ ਗੁਰੂ । ਲੇਖਕ ਇਹ ਭੁਲ ਗਏ ਹਨ ਕਿ ਧੰਨ ਨੇ ਉਹ ਲੋਗ ਜਿਹੜੇ ਆਪਣੀਆਂ ਊਨਤਾਈਆਂ ਵਲ ਦੇਖ ਕੇ ਉਨ੍ਹਾਂ ਦਾ ਇਲਾਜ ਲਭ ਲੈਂਦੇ ਹਨ । ਜਿਹੜੇ ਲੋਗ ਸਭ ਕੁਝ ਠੀਕ ਹੈ ਹੀ ਸਮਝਦੇ ਰਹਿੰਦੇ ਹਨ, ਉਹ ਆਪਣਾ ਸਭ ਕੁਝ ਗਵਾ ਕੇ ਪਿੱਛੋਂ ਪਛਤਾਉਂਦੇ ਹਨ । ਦੁਨੀਆਂ ਗਵਾਹ ਹੈ ਕਿ ਉਨ੍ਹਾਂ ਲੋਕਾਂ ਦਾ ਸਦਕਾ, ਜਿੰਨ੍ਹਾਂ ਨੇ ਪੰਥ ਵਿਚ ਆ ਰਹੀਆਂ ਦਰਾੜਾਂ ਨੂੰ ਵੇਲੇ ਸਿਰ ਤਾੜ ਲਿਆ ਤੇ ਉਸਦਾ ਮੁਨਾਸਬ ਪ੍ਰਬੰਧ ਕਰ ਲਿਆ, ਕੁਝ ਸਾਲਾਂ ਮਗਰੋਂ ਹੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸਥਾਪਤ ਹੋ ਗਿਆ ਉਸ ਤੋਂ ਮਗਰੋਂ ਕਈ ਮਿਸ਼ਨਰੀ ਕਾਲਜ ਖੁਲ੍ਹੇ ਜਿੰਨ੍ਹਾਂ ਤੇ ਸਾਰੇ ਪੰਥ ਨੂੰ ਗੌਰਵ ਹੈ ।



Digitized by Panjab Digital Library | www.panjabdigilib.org

ਲੇਖਕ ਦੇ ਕਹਿਣ ਤੇ ਕਿ ਉਹ ਇਤਿਾਸ ਨੂੰ ਨਹੀ ਕੇਵਲ ਬਾਣੀ ਨੂੰ ਹੀ ਪ੍ਰਮਾਣ ਮੰਨਦੇ ਨੇ, ਮੈਂ ਇਤਿਹਾਸ ਬਾਰੇ ਕੋਈ ਟਿਪਣੀ ਨਹੀਂ ਕੀਤੀ। ਕਿਉਂ ਜੋ ਪਾਣੀ ਰਿੜਕਣ ਦਾ ਕੋਈ ਲਾਭ ਨਹੀਂ।

ਇਸ ਸਾਰੇ ਵਿਚਾਰ ਦਾ ਨਤੀਜਾ ਇਹ ਨਿਕਲਿਆ ਹੈ ਕਿ ਅਸੀਂ ਸਿਧਾਂਤਕ ਤੌਰ ਤੇ ਇਕ ਦੂਜੇ ਦੇ ਬੜੇ ਹੀ ਨੇੜੇ ਹਾਂ, ਕੇਵਲ ਇਕ ਬਾਰੀਕ ਜਿਹਾ ਪੜਦਾ ਸਾਡੇ ਇਕ ਦੂਜੇ ਨਾਲ ਸਹਿਮਤ ਹੋਣ ਵਿਚ ਰੋੜਾ ਅਟਕਾ ਰਿਹਾ ਹੈ।

ਸਾਡੀ ਸਹਿਮਤੀ ਇਨ੍ਹਾਂ ਗੱਲਾਂ ਤੇ ਹੈ।

(੧) ਆਪ ਓਅੰਕਾਰ (ਅਕਾਲ ਪੁਰਖ) ਨੂੰ ਹੀ ਸਬਦੁ ਮੰਨਦੇ ਹਨ, ਤੇ ਸਤਿਗੁਰ ਮਤਿ ਵੀ ਇਹੀ ਮੰਨਦਾ ਹੈ।

(੨) ਆਪ ਅਕਾਲ ਪੁਰਖ ਨੂੰ ਹੀ ਗੁਰੂਆਂ ਦਾ ਗੁਰ, ਮਹਾਨ ਗੁਰੂ ਮੰਨਦੇ ਹਨ। ਤੇ ਸਤਿਗੁਰ ਮਤਿ ਵੀ ਇਹੀ ਮੰਨਦਾ।

(੩) ਆਪ ਅਕਾਲ ਪੁਰਖ ਨੂੰ ਹੀ ਘਟ ਘਟ ਅੰਤਰ ਸਰਬ ਨਿਰੰਤਰ ਮੰਨਦੇ ਹਨ, ਤੇ ਸਤਿਗੁਰ ਮਤਿ ਵੀ ਇਹੀ ਮੰਨਦਾ ਹੈ।

ਇਸ ਦਾ ਮਤਲਬ ਇਹ ਹੈ ਕਿ ਓਅੰਕਾਰ, ਅਕਾਲ ਪੁਰਖ ਜਿਸਦਾ ਸਰੂਪ ਸਬਦੁ ਹੈ, ਉਹ ਘਟ ਘਟ ਅੰਤਰ ਬਿਰਾਜਮਾਨ ਹੈ ਤੇ ਉਹ ਸਬਦੁ ਰੂਪ ਵਿਚ ਸਾਡਾ ਗੁਰੂ ਹੈ।

ਮੈਨੂੰ ਆਸ ਹੈ ਕਿ ਆਪ ਜੀ ਮੇਰਾ ਮੂਲ ਲੇਖ ਪੜ੍ਹ ਕੇ ਇਸ ਗੱਲ ਤੇ ਜ਼ਰੂਰ ਸਹਿਮਤ ਹੋ ਜਾਨਗੇ। ਜੇ ਕਿਸੇ ਸਪਸ਼ਟੀ ਕਰਨ ਦੀ ਲੋੜ ਹੋਵੇ, ਉਸ ਤੇ ਵਿਚਾਰ ਹੋ ਸਕਦੀ ਹੈ।

ਮੈ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ "ਗ੍ਰੰਥ ਸਾਹਿਬ" ਦਾ ਮਾਨ ਤੇ ਸਤਿਕਾਰ ਕਰਦੇ ਸਨ, ਭਾਵੇਂ ਗੁਰੂ ਜੋਤਿ ਗੁਰੂ ਅਰਜਨ ਦੇਵ ਜੀ ਦੀ ਦੇਹ ਵਿਚ ਸੀ, ਤਦ ਵੀ ਪੂਰਾ ਮਾਨ ਸਤਿਕਾਰ "ਗ੍ਰੰਥ ਸਾਹਿਬ" ਨੂੰ ਦੇਂਦੇ ਸਨ। ਆਪ ਵੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜਿਨ੍ਹਾਂ ਨੂੰ ਆਪ ਗੁਰੂ ਕਰ ਕੇ ਮੰਨਦੇ ਹੋ, ਦੇ ਪਾਏ ਪੂਰਨਿਆਂ ਤੇ ਚਲੋਗੇ। ਜਿਸ ਤਰ੍ਹਾਂ ਗੁਰੂ ਮਹਾਰਾਜ ਸਿਖ ਸੰਗਤਾਂ ਨੂੰ ਸਬਦੁ ਗੁਰੂ ਨਾਲ ਜੋੜਦੇ ਸਨ, ਆਪ ਵੀ ਐਸਾ ਹੀ ਕਰੋਗੇ।



Digitized by Panjab Digital Library | www.panjabdigilib.org

ਇਸ ਸਾਰੇ ਕੰਮ ਵਿਚ ਕੇਵਲ ਇਕੋ ਇਕ ਬਾਰੀਕ ਜਿਹਾ ਪੜਦਾ ਜੇ ਤੁਸੀਂ ਤੋੜ ਦੇਵੋ, ਉਹ ਇਹ ਹੈ ਕਿ ਸਬਦੁ ਗੁਰੂ ਦਾ ਪ੍ਰਚਾਰ ਕਰਦਿਆਂ ਕਿਧਰੇ ਆਪ ਦੇ ਸਤਿਗੁਰਾਂ ਦੀ ਦੇਹ ਦੀ ਮਾਨਤਾ ਨਾ ਘਟ ਜਾਵੇ। ਮੈਨੂੰ ਆਸ ਹੈ ਉਹ ਨਹੀਂ ਘਟੇਗੀ, ਬਲਕਿ ਵਧੇਗੀ। ਉਨ੍ਹਾਂ ਦੀ ਮਾਨਤਾ ਗੁਰੂ ਰੂਪ ਵਿਚ ਨਹੀਂ ਬਲਕਿ ਇਕ ਮਹਾਨ ਪੁਰਖ ਦੇ ਰੂਪ ਵਿਚ ਹੋਵੇਗੀ ਤੇ ਸਾਰਾ ਪੰਥ ਉਨ੍ਹਾਂ ਦਾ ਸਨਮਾਨ ਕਰੇਗਾ, ਕਿਉਂ ਜੋ ਉਹ ਪੰਥ ਦੇ ਪੂਰੀ ਤਰ੍ਹਾਂ ਨੇੜੇ ਆ ਜਾਨਗੇ। ਇਹ ਫ਼ੈਸਲਾ ਹੁਣ ਆਪ ਜੀ ਦੇ ਹੱਥ ਹੈ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Nanakshahi

Book - 0505

Digitized by Panjab Digital Library | www.panjabdigilib.org

Digitized by Panjab Digital Library | www.panjabdigilib.org